






Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 18, May 2, 2015 20451 N Plum Grove Rd., Palatine, IL 60074 Ph:847-359-0746, Fax:847-705-9388

# ਨੇਪਾਲ ਦੁਖਾਂਤ: ਹੁਣ ਜਿਊਂਦੇ ਬਚਿਆਂ ਲਈ ਸੰਘਰਸ਼

## ਵਾਰ ਵਾਰ ਆ ਰਹੇ ਝਟਕਿਆਂ ਨੇ ਦਹਿਸ਼ਤ ਵਧਾਈ

**ਕਾਠਮੰਡੂ:** ਨੇਪਾਲ ਵਿਚ ਭੂਚਾਲ ਕਾਰਨ ਹੋਈ ਤਬਾਹੀ ਪਿੱਛੋਂ ਹੁਣ ਹਾਲਾਤ ਹੋਰ ਗੰਭੀਰ ਹੋ ਗਏ ਹਨ। ਜਿਊਂਦੇ ਬਚੇ ਲੋਕਾਂ ਨੂੰ ਹੁਣ ਸਿਰ ਢੱਕਣ ਤੇ ਖਾਣ-ਪੀਣ ਦੇ ਸਾਮਾਨ ਵਰਗੀਆਂ ਬੁਨਿਆਦੀ ਲੋੜਾਂ ਲਈ ਜੂਝਣਾ ਪੈ ਰਿਹਾ ਹੈ। ਨੇਪਾਲ ਦੇ ਦੂਰ-ਦੁਰਾਡੇ ਇਲਾਕਿਆਂ ਤੱਕ ਪੁੱਜਣ ਲਈ ਰਾਹਤ ਕਰਮੀਆਂ ਤੇ ਕੌਮਾਂਤਰੀ ਮਦਦਗਾਰਾਂ ਨੂੰ ਕਾਫੀ ਮੁਸ਼ੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਦਰਤੀ ਆਫ਼ਤ ਕਾਰਨ ਦੇਸ਼ ਦੀਆਂ ਸੜਕਾਂ ਵਿਚ ਤਰੇੜਾਂ ਪੈ ਗਈਆਂ ਤੇ ਇਮਾਰਤਾਂ ਦਾ ਨਾਮੋ-ਨਿਸ਼ਾਨ ਮਿਟ ਗਿਆ ਜਿਸ ਕਾਰਨ ਲੋਕ ਠੰਢੀਆਂ ਰਾਤਾਂ ਖੁੱਲ੍ਹੇ ਆਸਮਾਨ ਹੇਠ ਬਿਤਾਉਣ ਲਈ ਮਜਬੂਰ ਹਨ। ਨੈਸ਼ਨਲ ਜੀਓਫਿਜ਼ੀਕਲ ਰਿਸਰਚ ਇੰਸਟੀਚਿਊਟ (ਐਨ.ਜੀ.ਆਰ.ਆਈ.) ਮੁਤਾਬਕ ਨੇਪਾਲ ਤੇ ਭਾਰਤ ਦੇ ਕਈ ਹਿੱਸਿਆਂ ਨੂੰ ਹਿਲਾ ਕੇ ਰੱਖ ਦੇਣ ਵਾਲੇ ਭੂਚਾਲ ਦੇ ਝਟਕੇ ਅਗਲੇ 10-15 ਦਿਨਾਂ ਤੱਕ ਮਹਿਸੂਸ ਕੀਤੇ ਜਾਣਗੇ। ਮੁੜ ਭੂਚਾਲ ਆਉਣ ਦੇ ਡਰ ਕਾਰਨ ਹਜ਼ਾਰਾਂ ਲੋਕ ਆਸਮਾਨ ਹੇਠ ਰਹਿ ਰਹੇ ਹਨ। ਨੇਪਾਲ ਨੇ ਅੰਤਰਰਾਸ਼ਟਰੀ ਭਾਈਚਾਰੇ ਕੋਲ ਮਦਦ ਦੀ ਗੁਹਾਰ ਲਗਾਈ ਹੈ।

ਦੇਸ਼ ਵਿਚ ਭੂਚਾਲ ਕਾਰਨ 80 ਹਜ਼ਾਰ ਲੋਕ ਪ੍ਰਭਾਵਿਤ ਹੋਏ ਹਨ। 14 ਲੱਖ ਲੋਕ ਰੋਟੀ ਨੂੰ ਤਰਸ ਰਹੇ ਹਨ। ਰਾਜਧਾਨੀ ਕਾਠਮੰਡੂ ਤੇ ਦੂਰ ਦੇ ਇਲਾਕਿਆਂ ਵਿਚ ਹਾਲੇ ਵੀ ਸੈਂਕੜੇ ਲੋਕ ਮਲਬੇ ਹੇਠ ਦੱਬੇ ਹੋਏ ਹਨ। ਭੂਚਾਲ ਮਗਰੋਂ ਹੁਣ ਤੱਕ 4352 ਲਾਸ਼ਾਂ ਮਿਲ ਚੁੱਕੀਆਂ ਹਨ ਤੇ 8063 ਲੋਕ ਜ਼ਖ਼ਮੀ ਹੋਏ ਹਨ। ਤਕਰੀਬਨ 50 ਹਜ਼ਾਰ ਗਰਭਵਤੀ ਔਰਤਾਂ ਦੇ ਪ੍ਰਭਾਵਿਤ ਹੋਣ ਦਾ ਅਨੁਮਾਨ ਹੈ। ਜ਼ਖ਼ਮੀ ਹੋਏ ਲੋਕ ਇੰਨੇ ਡਰੇ ਹੋਏ

(ਬਾਕੀ ਸਫਾ 6 'ਤੇ)



ਮਲਬੇ ਹੇਠੋਂ ਇਸ ਸ਼ਖਸ ਨੂੰ ਬਚਾ ਲਿਆ ਗਿਆ।

## ਅਮਰੀਕਾ ਵੱਲੋਂ ਭਾਰਤ ਦੀ ਤਾਰੀਫ

**ਨਵੀਂ ਦਿੱਲੀ:** ਅਮਰੀਕਾ ਨੇ ਭੂਚਾਲ ਗ੍ਰਸਤ ਨੇਪਾਲ ਦੀ ਮਦਦ ਕਰਨ ਵਿਚ ਭਾਰਤ ਵੱਲੋਂ ਨਿਭਾਈ ਜਾ ਰਹੀ ਮੋਹਰੀ ਭੂਮਿਕਾ ਦੀ ਪ੍ਰਸ਼ੰਸਾ ਕੀਤੀ ਹੈ। ਭਾਰਤ ਨੇ ਪਹਿਲਾਂ ਯਮਨ ਵਿਚ ਆਪਣੇ ਤੇ ਵਿਦੇਸ਼ੀ ਨਾਗਰਿਕਾਂ ਨੂੰ ਬਚਾਇਆ ਅਤੇ ਹੁਣ ਨੇਪਾਲ ਵਿਚ ਵੀ ਇਹ ਕਾਰਜ ਜਾਰੀ ਹੈ। ਭੂਚਾਲ ਮਗਰੋਂ ਨੇਪਾਲ ਦਾ ਆਪਣਾ ਪ੍ਰਸ਼ਾਸਨਿਕ ਤੰਤਰ ਤਕਰੀਬਨ ਠੱਪ ਹੋ ਗਿਆ ਸੀ, ਪਰ ਇਸ ਮੌਕੇ ਭਾਰਤ ਦੇ ਕੌਮੀ ਆਫ਼ਤ ਪ੍ਰਬੰਧਨ ਦਲ ਦੇ ਦਸਤੇ ਤੇ ਹਵਾਈ ਸੈਨਾ ਦੇ ਜਹਾਜ਼ ਉੱਥੇ ਪਹੁੰਚਣੇ ਸ਼ੁਰੂ ਹੋ ਗਏ ਤੇ ਆਫ਼ਤ ਪ੍ਰਬੰਧਨ ਦੀ ਵਾਗਡੋਰ ਸੰਭਾਲਣ ਤੋਂ ਇਲਾਵਾ ਉੱਥੇ ਫਸੇ ਭਾਰਤੀ ਤੇ ਵਿਦੇਸ਼ੀ ਨਾਗਰਿਕਾਂ ਨੂੰ ਭਾਰਤ ਪਰਤਾਉਣ ਦਾ ਸਿਲਸਿਲਾ ਆਰੰਭ ਕਰ ਦਿੱਤਾ।

# ਕੁਦਰਤ ਤੇ ਸਰਕਾਰਾਂ ਨੇ ਬੇਵੱਸ ਕੀਤੇ ਕਿਸਾਨ

**ਚੰਡੀਗੜ੍ਹ:** ਬੇਮੌਸਮੇ ਮੀਂਹ ਕਾਰਨ ਹੋਏ ਨੁਕਸਾਨ ਪਿੱਛੋਂ ਹੁਣ ਮੰਡੀਆਂ ਵਿਚ ਸਰਕਾਰ ਦੀ ਬੇਰੁਖ਼ੀ ਨੇ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਤੋਰ ਦਿੱਤਾ ਹੈ। ਫਸਲਾਂ ਦੀ ਬੇਕਦਰੀ ਨਾ ਸਹਾਰਦੇ ਹੋਏ ਪਿਛਲੇ ਤਿੰਨ ਹਫਤਿਆਂ ਦੌਰਾਨ ਹਰਿਆਣਾ ਤੇ ਪੰਜਾਬ ਵਿਚ ਵਿਚ ਤਕਰੀਬਨ 45 ਕਿਸਾਨਾਂ ਨੇ ਖੁਦਕੁਸ਼ੀ ਕਰ ਲਈ ਅਤੇ ਇਹ ਸਿਲਸਿਲਾ ਅਜੇ ਵੀ ਜਾਰੀ ਹੈ। ਰਾਜਸਥਾਨ ਦੇ ਕਿਸਾਨ ਗਜੇਂਦਰ ਸਿੰਘ ਵੱਲੋਂ ਦਿੱਲੀ ਵਿਚ ਖੁਦਕੁਸ਼ੀ ਕਰਨ ਤੋਂ ਬਾਅਦ ਭਾਵੇਂ ਇਹ ਮੁੱਦਾ ਪਹਿਲੀ ਵਾਰ ਕੌਮੀ ਮੁੱਦੇ ਵਜੋਂ ਉੱਭਰਿਆ ਹੈ ਪਰ ਸਰਕਾਰੀ ਨੀਤੀਆਂ ਅਜੇ ਵੀ ਕਿਾਸਨ ਦੇ ਪੱਖ ਵਿਚ ਨਹੀਂ।

ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਉਤੇ ਬਹੁਤ ਹੀ ਘੱਟ ਮਾਤਰਾ ਵਿਚ ਕਣਕ ਖਰੀਦੀ ਜਾ ਰਹੀ ਹੈ। ਭਾਰਤੀ ਖੁਰਾਕ ਨਿਗਮ ਸਮੇਤ ਪੰਜਾਬ ਦੀਆਂ ਕੁਝ ਏਜੰਸੀਆਂ ਦੇ ਜ਼ਿੰਮੇ ਕਣਕ ਦੀ ਖਰੀਦ ਕਰਨਾ ਹੈ ਪਰ ਕਣਕ ਦੇ ਦਾਣੇ ਨੁਕਸਾਨੇ ਜਾਣ ਤੇ ਕੇਂਦਰ ਵੱਲੋਂ ਸਪਸ਼ਟ ਹਦਾਇਤਾਂ ਨਾ ਦੇਣ ਕਾਰਨ ਇਹ ਅੰਬਾਰ ਵੱਡੇ ਹੁੰਦੇ ਜਾ ਰਹੇ ਹਨ। ਤੰਗ ਆ ਕੇ ਕਿਸਾਨਾਂ ਨੂੰ ਮੁਜ਼ਾਹਰੇ ਕਰਨੇ ਤੇ ਧਰਨੇ ਲਗਾਉਣੇ ਪੈ ਰਹੇ ਹਨ। ਸਰਕਾਰ ਵੱਲੋਂ ਮੁਆਵਜ਼ੇ ਦੇ ਦਾਅਵੇ ਵੀ ਨੁਕਸਾਨ ਦੀ ਭਰਪਾਈ ਨਹੀਂ ਕਰ ਰਹੇ। ਕੇਂਦਰ ਸਰਕਾਰ ਕਿਸਾਨਾਂ ਨੂੰ ਰਾਹਤ ਦੀ ਥਾਂ ਆਪਣੀ ਜ਼ਿੰਮੇਵਾਰੀ ਤੋਂ ਭੱਜਦੀ ਨਜ਼ਰ ਆ ਰਹੀ ਹੈ। ਸਰਕਾਰ ਵੱਲੋਂ ਕਾਰਪੋਰੇਟ ਨੂੰ ਤਾਂ ਪਿਛਲੇ ਦਸ ਸਾਲਾਂ ਵਿਚ 42 ਲੱਖ ਕਰੋੜ ਰੁਪਏ ਨਿਵੇਸ਼ ਦੇ ਨਾਮ 'ਤੇ ਸਬਸਿਡੀ ਦਿੱਤੀ ਜਾ ਚੁੱਕੀ ਹੈ ਪਰ ਕਿਸਾਨਾਂ ਬਾਰੇ ਅਜਿਹੀ ਪਹਿਲ ਤੋਂ ਪਾਸਾ ਵੱਟਿਆ ਜਾ ਰਿਹਾ ਹੈ।

ਦੇਸ਼ ਵਿਚ 1995 ਤੋਂ ਬਾਅਦ ਦੋ ਲੱਖ 97 ਹਜ਼ਾਰ ਕਿਸਾਨ ਖ਼ੁਦਕੁਸ਼ੀਆਂ ਕਰ ਚੁੱਕੇ ਹਨ ਪਰ ਇਸ ਸਮੱਸਿਆ ਦੇ ਹੱਲ ਲਈ ਅੱਜ ਵੀ ਕੋਈ ਢੁਕਵੀਂ ਨੀਤੀ ਨਹੀਂ ਬਣਾਈ ਗਈ। ਪੰਜਾਬ ਸਰਕਾਰ ਨੇ ਘੱਟੋ ਘੱਟ ਸਮਰਥਨ ਮੁੱਲ ਵਿਚ ਕਟੌਤੀ ਦੀ ਭਰਪਾਈ ਦਾ ਐਲਾਨ ਤਾਂ ਕਰ ਦਿੱਤਾ ਪਰ ਅਜੇ ਤੱਕ ਕੋਈ ਫਾਰਮੂਲਾ ਤੈਅ ਨਹੀਂ ਕੀਤਾ, ਜਿਸ ਕਾਰਨ ਖਰੀਦੀ ਕਣਕ ਦੀ ਅਦਾਇਗੀ ਦਾ ਵੀ ਸੰਕਟ ਪੈਦਾ ਹੋ ਗਿਆ ਹੈ। ਅਦਾਇਗੀ ਬਾਰੇ ਵੀ ਅਜੇ ਤੱਕ ਇਹ ਫੈਸਲਾ ਨਹੀਂ ਹੋ ਸਕਿਆ ਕਿ ਕਣਕ ਦਾ ਚੈੱਕ ਕੀ 1439 ਰੁਪਏ ਦੇ ਹਿਸਾਬ ਨਾਲ ਕੱਟਿਆ ਜਾਵੇ ਜਾਂ ਘੱਟੋ ਘੱਟ ਸਮਰਥਨ ਮੁੱਲ ਦੇ ਮੁਤਾਬਕ 1450 ਰੁਪਏ ਦੇ ਚੈੱਕ ਹੀ ਦਿੱਤੇ ਜਾਣ। ਕਿਸਾਨ ਨੂੰ ਇਸ ਘਾਟੇ ਦੀ ਭਰਪਾਈ ਦਾ ਫਾਰਮੂਲਾ ਬਣਾਉਣ ਤੋਂ ਪਹਿਲਾਂ ਹੀ ਕੀਤਾ ਐਲਾਨ ਸਰਕਾਰ ਦੇ ਗਲੇ ਦੀ ਹੱਡੀ ਬਣਦਾ ਜਾ ਰਿਹਾ ਹੈ।

ਪੰਜਾਬ ਵਿਚ ਕਣਕ ਦਾ ਝਾੜ ਘਟਣ ਕਾਰਨ ਕਿਸਾਨਾਂ ਨੂੰ ਅੰਦਾਜ਼ਨ 3.5 ਹਜ਼ਾਰ ਕਰੋੜ ਰੁਪਏ ਦਾ ਘਾਟਾ ਝੱਲਣਾ ਪਵੇਗਾ। ਫ਼ਸਲ ਦਾ ਝਾੜ ਪਿਛਲੇ ਸਾਲ ਦੇ ਮੁਕਾਬਲੇ 20 ਫ਼ੀਸਦੀ ਤੋਂ ਜ਼ਿਆਦਾ ਘਟਣ ਦੇ ਸੰਕੇਤ ਮਿਲੇ ਹਨ। ਖੇਤੀ ਮਾਹਰਾਂ ਮੁਤਾਬਕ ਸੂਬੇ ਵਿਚ ਐਤਕੀਂ ਕਣਕ ਦਾ ਉਤਪਾਦਨ 150 ਲੱਖ ਮੀਟ੍ਰਿਕ ਟਨ ਦੇ ਨੇੜੇ ਰਹਿਣ ਦੀ ਸੰਭਾਵਨਾ ਹੈ। ਬੀਤੇ ਸਾਲ ਇਸ ਫ਼ਸਲ ਦਾ ਉਤਪਾਦਨ 175 ਲੱਖ ਮੀਟ੍ਰਿਕ ਟਨ ਤੋਂ ਜ਼ਿਆਦਾ ਰਿਹਾ ਸੀ।

(ਬਾਕੀ ਸਫਾ 6 'ਤੇ)







## ਸ਼ਹੀਦੀ ਨਗਰ ਕੀਰਤਨ ਵਿਚ ਹੁੰਮ ਹੁਮਾ ਕੇ ਪੁੱਜਣ ਦੀ ਅਪੀਲ

**ਸੈਨ ਫਰਾਂਸਿਸਕੋ (ਬਿਊਰੋ):** ਇਥੇ ਆਉਂਦੀ 7 ਜੂਨ, ਐਤਵਾਰ ਨੂੰ ਸਜਾਏ ਜਾ ਰਹੇ ਸ਼ਹੀਦੀ ਨਗਰ ਕੀਰਤਨ ਬਾਰੇ ਅਮਰੀਕੀ ਸਿੱਖ ਨੌਜਵਾਨਾਂ ਦੀ ਇਕ ਖਾਸ ਮੀਟਿੰਗ ਹੋਈ ਜਿਸ ਵਿਚ ਪਿਛਲੇ ਵਰ੍ਹੇ ਦੇ ਪਹਿਲੇ ਸ਼ਹੀਦੀ ਨਗਰ ਕੀਰਤਨ ਦੀ ਸਫਲਤਾ ਦਾ ਲੇਖਾ ਜੋਖਾ ਕਰਦਿਆਂ ਨਗਰ ਕੀਰਤਨ ਦੀਆਂ ਸਰਬ ਪੱਖੀ ਤਿਆਰੀਆਂ ਲਈ ਵਿਚਾਰ ਵਟਾਂਦਰਾ ਕੀਤਾ ਗਿਆ।

ਯੂਨੀਵਰਸਿਟੀਆਂ, ਕਾਲਜਾਂ ਤੇ ਹਾਈ ਸਕੂਲਾਂ ਦੇ ਵਿਦਿਆਰਥੀ ਨੌਜਵਾਨਾਂ ਨੇ ਇਸ ਗੱਲ ਉਤੇ ਜ਼ੋਰ ਦਿਤਾ ਕਿ ਇਸ ਵਾਰ ਆਪਣੇ ਮਾਪਿਆਂ, ਬਜ਼ੁਰਗਾਂ, ਭੈਣਾਂ ਭਰਾਵਾਂ, ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਤੇ ਭਾਈਚਾਰੇ ਦੀ ਭਰਵੀਂ ਹਾਜ਼ਰੀ ਯਕੀਨੀ ਬਣਾਉਣ ਤੋਂ ਇਲਾਵਾ ਨਵੀਨ ਟੈਕਨਾਲੋਜੀ ਦੀ ਵਰਤੋਂ ਕਰਦਿਆਂ ਦੂਰ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਤੱਕ ਸੰਪਰਕ ਕੀਤਾ ਜਾਵੇ।




## ਰਾਹੁਲ ਨੇ ਤੂਫ਼ਾਨੀ ਦੌਰੇ ਦੌਰਾਨ ਸੁਣੇ ਕਿਸਾਨਾਂ ਦੇ ਦੁਖੜੇ

**ਸਰਹਿੰਦ:** ਪਹਿਲਾਂ ਕੁਦਰਤ ਦੀ ਕਰੋਪੀ ਕਾਰਨ ਬੇਮੌਸਮੀ ਬਾਰਸ਼ ਨਾਲ ਕਣਕ ਦੀ ਫ਼ਸਲ ਦੀ ਹੋਈ ਬਰਬਾਦੀ ਅਤੇ ਫਿਰ ਮੰਡੀਆਂ ਵਿਚ ਜਿਣਸ ਦੀ ਬੇਕਦਰੀ ਤੋਂ ਦੁਖੀ ਕਿਸਾਨਾਂ ਨੂੰ ਮਿਲ ਕੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਉਨ੍ਹਾਂ ਦੇ ਜ਼ਖ਼ਮਾਂ ਉਤੇ ਮੱਲ੍ਹਮ ਲਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਦੇ ਮੁੱਦੇ ਸੰਸਦ ਅਤੇ ਹੋਰਨਾਂ ਮੰਚਾਂ ਉਤੇ ਉਠਾ ਕੇ ਹੱਲ ਕਰਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ। ਉਹ ਮੰਡੀਆਂ ਵਿਚ ਕਣਕ ਦੀ ਖ਼ਰੀਦ ਅਤੇ ਚੁਕਾਈ ਨਾ ਹੋਣ ਅਤੇ ਕਿਸਾਨਾਂ ਦੀਆਂ ਸਮੱਸਿਆਂ ਬਾਰੇ ਜਾਨਣ ਲਈ ਪੰਜਾਬ ਦੀਆਂ ਮੁੱਖ ਮੰਡੀਆਂ ਜਿਵੇਂ ਸਰਹਿੰਦ, ਖੰਨਾ ਤੇ ਮੰਡੀ ਗੋਬਿੰਦਗੜ੍ਹ ਆਦਿ ਦੇ ਤੂਫ਼ਾਨੀ ਦੌਰੇ ਉਤੇ ਪੁੱਜੇ ਸਨ। ਉਨ੍ਹਾਂ ਦੀ ਇਸ ਫੇਰੀ ਨੂੰ ਕਿਸਾਨ ਭਾਈਚਾਰੇ ਨੇ ਭਰਵਾਂ ਹੁੰਗਾਰਾ ਦਿੱਤਾ ਤੇ ਮੰਡੀਆਂ ਵਿਚ ਕਿਸਾਨਾਂ ਨੇ ਆਪਣੇ ਦੁਖ-ਤਕਲੀਫ਼ਾਂ ਦੱਸਣ ਲਈ ਇਕ ਤਰ੍ਹਾਂ ਘੇਰ ਹੀ ਲਿਆ। ਸਰਹਿੰਦ ਮੰਡੀ ਵਿਚ ਜਿਉਂ ਹੀ ਲੰਬੇ ਸਮੇਂ ਤੋਂ। ਉਨ੍ਹਾਂ ਦੀ ਉਡੀਕ ਕਰ ਰਹੇ ਕਿਸਾਨਾਂ ਦਾ ਇਕ ਟੋਲਾ ਉਨ੍ਹਾਂ ਨੂੰ ਆਪਣੇ ਦੁਖੜੇ ਦੱਸਣ ਲਈ ਪੁੱਜਿਆ ਤਾਂ ਸ੍ਰੀ ਰਾਹੁਲ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਆਪਣੀ ਗੱਲ ਤਫ਼ਸੀਲ ਨਾਲ ਕਹਿਣ।

ਆਪਣੀ ਫੇਰੀ ਦੌਰਾਨ ਸ੍ਰੀ ਗਾਂਧੀ ਨੇ ਕਿਸਾਨਾਂ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ। ਇਸ ਮੌਕੇ ਉਨ੍ਹਾਂ ਆਪਣਾ ਸਾਰਾ ਧਿਆਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਉਤੇ ਹੀ ਕੇਂਦਰਿਤ ਰੱਖਿਆ ਅਤੇ। ਉਨ੍ਹਾਂ ਨਾਲ ਹੀ ਗੱਲਬਾਤ ਕੀਤੀ। ਉਨ੍ਹਾਂ ਆਪਣੇ ਸੁਰੱਖਿਆ ਘੇਰੇ ਦੀ ਵੀ ਪ੍ਰਵਾਹ ਨਾ ਕੀਤੀ। ਉਨ੍ਹਾਂ ਮੀਡੀਆ ਦੇ ਸਵਾਲਾਂ ਨੂੰ ਵੀ ਕੋਈ ਤਵੱਜੋ ਨਾ ਦਿੱਤੀ ਅਤੇ ਪੱਤਰਕਾਰਾਂ ਨੂੰ ਵਾਰ-ਵਾਰ ਸਾਫ਼ ਤੌਰ 'ਤੇ ਕਿਹਾ ਕਿ ਉਹ ਤਾਂ ਸਿਰਫ ਕਿਸਾਨਾਂ ਨਾਲ ਗੱਲ ਕਰਨ ਅਤੇ ਹਾਲਤ ਦਾ ਜਾਇਜ਼ਾ ਲੈਣ ਆਇਆ ਹੈ

ਇਸੇ ਦੌਰਾਨ ਅਨਾਜ ਮੰਡੀ ਖੰਨਾ ਵਿਖੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਕਿਸਾਨਾਂ ਦੀਆਂ ਮੁਸ਼ਕਿਲਾਂ ਸੁਣਨ ਲਈ ਪੁੱਜੇ, ਪਰ ਉਥੇ ਲੋੜੋਂ ਵੱਧ ਭੀੜ ਹੋਣ ਕਾਰਨ ਉਹ ਸਹੀ ਤਰੀਕੇ ਨਾਲ ਲੋਕਾਂ ਵਿਚ ਨਾ ਜਾ ਸਕੇ। ਲੋਕਾਂ ਦੀ ਭੀੜ ਪੁਲਿਸ ਦੇ ਕਾਬੂ ਤੋਂ ਬਾਹਰ ਹੋ ਗਈ ਤੇ ਇਸ ਮੌਕੇ ਹੋਏ ਧੱਕਾ-ਮੁੱਕੀ ਕਾਰਨ ਬਹੁਤ ਸਾਰੇ ਲੋਕਾਂ ਦੀਆਂ ਪੱਗਾਂ ਲਹਿ ਗਈਆਂ।



# ਪਰਮਾਣੂ ਹਥਿਆਰ ਦੇ ਖ਼ਾਤਮੇ ਲਈ ਆਵਾਜ਼ ਬੁਲੰਦ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਪਰਮਾਣੂ ਹਥਿਆਰਾਂ ਨੂੰ ਖ਼ਤਮ ਕਰਨ ਲਈ ਵਿਸ਼ਵ ਤਾਕਤਾਂ ਦੀ ਮੀਟਿੰਗ ਤੋਂ ਪਹਿਲਾਂ ਕਾਰਕੁਨਾਂ ਨੇ 80 ਲੱਖ ਪੱਤਰ ਇਕੱਠੇ ਕਰ ਕੇ ਸੰਯੁਕਤ ਰਾਸ਼ਟਰ ਨਿਸ਼ਸਤਰੀਕਰਨ ਮੁਖੀ ਨੂੰ ਭੇਟ ਕੀਤੇ ਹਨ ਤਾਂ ਜੋ ਦੁਨੀਆਂ ਨੂੰ ਪਰਮਾਣੂ ਹਥਿਆਰ ਮੁਕਤ ਕੀਤਾ ਜਾ ਸਕੇ।

ਅਮਰੀਕੀ ਵਿਦੇਸ਼ ਮੰਤਰੀ ਜੌਹਨ ਕੈਰੀ ਅਤੇ ਇਰਾਨ ਦੇ ਹਮਰੁਤਬਾ ਵੱਲੋਂ ਇਸ ਕਾਨਫਰੰਸ ਨੂੰ ਸੰਬੋਧਨ ਕੀਤਾ ਜਾਣਾ ਹੈ। ਪਰਮਾਣੂ ਨਿਸ਼ਸਤਰੀਕਰਨ ਸੰਧੀ ਰਿਵੀਊ ਕਾਨਫਰੰਸ ਪੰਜ ਸਾਲਾਂ ਬਾਅਦ ਹੁੰਦੀ ਹੈ ਅਤੇ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵਾਰ ਅੱਗੇ ਵਧਣ ਦੀ ਘੱਟ ਸੰਭਾਵਨਾ ਹੈ ਕਿਉਂਕਿ ਦੋ ਵੱਡੀਆਂ ਪਰਮਾਣੂ ਤਾਕਤਾਂ ਰੂਸ ਅਤੇ ਅਮਰੀਕਾ ਵਿਚਕਾਰ ਰਿਸ਼ਤੇ ਤਣਾਅ ਵਾਲੇ ਬਣੇ ਹੋਏ ਹਨ।

ਉਧਰ ਹਜ਼ਾਰ ਤੋਂ ਵੱਧ ਪ੍ਰਦਰਸ਼ਨਕਾਰੀਆਂ ਨੇ ਦੁਨੀਆਂ ਦੇ 9 ਪਰਮਾਣੂ ਸਮਰੱਥ ਮੁਲਕਾਂ ਤੋਂ ਮੰਗ ਕੀਤੀ ਹੈ ਕਿ ਉਹ ਖ਼ਤਰਨਾਕ ਹਥਿਆਰਾਂ ਦੇ ਖ਼ਾਤਮੇ ਲਈ ਵੱਡੀ ਪਹਿਲਕਦਮੀ ਕਰਨ। ਜ਼ਿਆਦਾਤਰ ਪ੍ਰਦਰਸ਼ਨਕਾਰੀ ਜਪਾਨ ਤੋਂ ਸਨ ਜਿਸ ਦੇ ਦੋ ਸ਼ਹਿਰਾਂ ਉਤੇ ਐਟਮ ਬੰਬ ਸੁੱਟੇ ਗਏ ਸਨ। ਕਰੀਬ 70 ਸਾਲ ਪਹਿਲਾਂ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਹੋਏ ਅਮਰੀਕੀ ਹਮਲਿਆਂ ਦੌਰਾਨ ਬਚੇ ਲੋਕ ਵ੍ਹੀਲਚੇਅਰਾਂ 'ਤੇ ਪ੍ਰਦਰਸ਼ਨ 'ਚ ਸ਼ਾਮਲ ਹੋਏ।

ਸੰਯੁਕਤ ਰਾਸ਼ਟਰ ਨਿਸ਼ਸਤਰੀਕਰਨ ਮੁਖੀ ਐਂਜਿਲਾ ਕੇਨ ਨੇ ਪ੍ਰਦਰਸ਼ਨਕਾਰੀਆਂ ਨੂੰ ਦੱਸਿਆ ਕਿ ਲੱਖਾਂ ਲੋਕਾਂ ਵੱਲੋਂ ਮਿਲੀਆਂ ਪਟੀਸ਼ਨਾਂ ਭਾਵੁਕ ਕਰਨ ਵਾਲੀਆਂ ਹਨ। ਉਨ੍ਹਾਂ ਦੱਸਿਆ ਕਿ ਜਦੋਂ ਉਹ ਜਪਾਨ 'ਚ ਸਨ ਤਾਂ ਖੁਦ ਉਨ੍ਹਾਂ ਵੀ ਇਕ ਪਟੀਸ਼ਨ 'ਤੇ ਦਸਤਖਤ ਕੀਤੇ ਸਨ। ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਵੀ ਪਰਮਾਣੂ ਹਥਿਆਰਾਂ ਦੇ ਖ਼ਾਤਮੇ ਲਈ ਵਚਨਬੱਧ ਹਨ ਅਤੇ ਉਹ ਲੋਕਾਂ ਦੇ ਨਾਲ ਖੜ੍ਹੇ ਹਨ।

## ਗੁਰਦੁਆਰਾ ਸੈਨ ਹੋਜ਼ੇ ਸਿਹਤ ਕੈਂਪ 3 ਨੂੰ

**ਸੈਨ ਹੋਜ਼ੇ (ਬਿਊਰੋ):** ਇਕ ਸਥਾਨਕ ਹਸਪਤਾਲ ਵਿਚ ਕੰਮ ਕਰਦੇ ਡਾ. ਬਿੰਦਰਾ ਅਤੇ ਡਾ. ਸਕਾਟ ਦਿਲ ਦੇ ਰੋਗਾਂ ਤੋਂ ਬਚਣ ਲਈ ਸਿਹਤਮੰਦ ਖੁਰਾਕ ਬਾਰੇ ਐਤਵਾਰ 3 ਮਈ 1 ਵਜੇ ਵਿਸ਼ੇਸ਼ ਟੇਬਲ ਲਗਾ ਕੇ ਸੰਗਤਾਂ ਨੂੰ ਸਲਾਹ-ਮਸ਼ਵਰਾ ਅਤੇ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣਗੇ।

ਸੰਗਤ ਦੇ ਜਿਹੜੇ ਮੈਂਬਰ ਇਨ੍ਹਾਂ ਡਾਕਟਰਾਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੁੰਦੇ ਹਨ, ਉਹ ਸਮੇਂ ਸਿਰ ਜਰੂਰ ਪਹੁੰਚ ਜਾਣ। ਹੋਰ ਜਾਣਕਾਰੀ ਲਈ ਸੁਰਜੀਤ ਸਿੰਘ ਬੈਂਸ ਫੋਨ 408-394-3595 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਦਿੱਲੀ ਦੇ ਕਾਨੂੰਨ ਮੰਤਰੀ ਨੂੰ ਕਾਨੂੰਨੀ ਸ਼ਿਕੰਜਾ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਤਿਮਾਰਪੁਰ ਤੋਂ ਵਿਧਾਇਕ ਤੇ ਦਿੱਲੀ ਦੇ ਕਾਨੂੰਨ ਮੰਤਰੀ ਜਤਿੰਦਰ ਸਿੰਘ ਤੋਮਰ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਭ੍ਰਿਸ਼ਟਾਚਾਰ ਦੇ ਖਾਤਮੇ ਅਤੇ ਪਾਰਦਰਸ਼ਤਾ ਲਿਆਉਣ ਵਰਗੇ ਮੁੱਦਿਆਂ 'ਤੇ ਚੋਣਾਂ ਜਿੱਤਣ ਵਾਲੀ 'ਆਪ' ਦੀ ਸਰਕਾਰ ਦੇ ਇਸ ਮੰਤਰੀ ਦੀ ਡਿਗਰੀ ਜਾਅਲੀ ਹੋਣ ਦਾ ਹਾਈ ਕੋਰਟ ਵਿਚ ਖੁਲਾਸਾ ਕੀਤੇ ਜਾਣ ਪਿੱਛੋਂ ਕਾਂਗਰਸ ਤੇ ਭਾਜਪਾ ਨੇ 'ਆਪ' ਨੂੰ ਨਿਸ਼ਾਨੇ 'ਤੇ ਲਿਆ ਹੈ।

ਯੂਥ ਕਾਂਗਰਸ ਵੱਲੋਂ ਸਿਵਲ ਲਾਈਨਜ਼ ਵਿਖੇ ਮੁੱਖ ਮੰਤਰੀ ਦੇ ਨਿਵਾਸ ਵੱਲ ਮਾਰਚ ਕੀਤਾ ਗਿਆ ਅਤੇ ਮੰਤਰੀ ਦੇ ਅਸਤੀਫ਼ੇ ਦੀ ਮੰਗ ਕੀਤੀ ਗਈ। ਯੂਥ ਆਗੂ ਰੋਹਿਤ ਸ਼ਰਮਾ ਨੇ ਕਿਹਾ ਕਿ 'ਆਪ' ਨੇ ਦੇਸ਼ ਅੰਦਰ ਵੱਖਰੀ ਤਰ੍ਹਾਂ ਦੀ ਇਮਾਨਦਾਰ ਰਾਜਨੀਤੀ ਕਰਨ ਦਾ ਐਲਾਨ ਕੀਤਾ ਸੀ ਪਰ ਉਸ ਪਾਰਟੀ ਦੇ ਇੱਕ ਮੰਤਰੀ ਦੀ ਵਿਦਿਅਕ ਯੋਗਤਾ ਹੀ ਜਾਅਲੀ ਹੈ ਜਿਸ ਕਰ ਕੇ ਇਸ ਪਾਰਟੀ ਤੋਂ ਲੋਕਾਂ ਦੇ ਭਲੇ ਦੀ ਹੋਰ ਕੀ ਉਮੀਦ ਕੀਤੀ ਜਾ ਸਕਦੀ ਹੈ? ਭਾਜਪਾ ਵੱਲੋਂ ਵੀ ਇਸ ਮੁੱਦੇ 'ਤੇ 'ਆਪ' ਨੂੰ ਨਿੰਦਿਆ ਜਾ ਰਿਹਾ ਹੈ ਕਿ ਸੱਚਾਈ ਸਾਹਮਣੇ ਆਉਣ ਲੱਗੀ ਹੈ। ਯਾਦ ਰਹੇ ਕਿ ਬੀਤੇ ਦਿਨ ਦਿੱਲੀ ਹਾਈ ਕੋਰਟ ਅੰਦਰ ਹਲਫ਼ਨਾਮਾ ਦਾਖ਼ਲ ਕਰ ਕੇ ਤਿਲਕਾ ਮਾਂਝੀ ਭਾਗਲਪੁਰ ਯੂਨੀਵਰਸਿਟੀ ਨੇ ਦੱਸਿਆ ਕਿ ਤੋਮਰ ਵੱਲੋਂ ਐਲ.ਐਲ.ਬੀ. ਦੀ ਡਿਗਰੀ ਲਈ ਦਾਖ਼ਲਾ ਲੈਣ ਲਈ ਦਿੱਤਾ ਸਰਟੀਫਿਕੇਟ ਜਾਅਲੀ ਹੈ।

# ਸੈਰ-ਸਪਾਟੇ ਤੋਂ 3.22 ਲੱਖ ਕਰੋੜ ਦੀ ਕਮਾਈ


**ਨਵੀਂ ਦਿੱਲੀ:** ਭਾਰਤ ਨੇ ਪਿਛਲੇ ਤਿੰਨ ਸਾਲਾਂ ਵਿਚ ਸੈਰ-ਸਪਾਟੇ ਰਾਹੀਂ 3.22 ਲੱਖ ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਕਮਾਈ ਹੈ। ਸੈਰ-ਸਪਾਟਾ ਰਾਜ ਮੰਤਰੀ ਮਹੇਸ਼ ਸ਼ਰਮਾ ਨੇ ਲੋਕ ਸਭਾ ਵਿਚ ਪ੍ਰਸ਼ਨ ਕਾਲ ਦੌਰਾਨ ਦੱਸਿਆ ਕਿ 2012, 2013 ਤੇ 2014 ਦੌਰਾਨ ਸੈਰ ਸਪਾਟੇ ਰਾਹੀਂ ਦੇਸ਼ ਨੂੰ ਕੁੱਲ ਵਿਦੇਸ਼ੀ ਮੁਦਰਾ ਕਮਾਈ ਕ੍ਰਮਵਾਰ 94,487 ਕਰੋੜ, 1,07671 ਕਰੋੜ ਅਤੇ 1,20,083 ਕਰੋੜ ਰੁਪਏ ਰਹੀ।

ਸੈਰ-ਸਪਾਟੇ ਨੂੰ ਉਤਸ਼ਾਹਤ ਕਰਨ ਲਈ ਮੰਤਰਾਲਾ ਵੱਡੇ ਪੱਧਰ ਉਤੇ ਮਾਲੀਆ ਜੁਟਾਉਣ ਵਾਲੇ ਪ੍ਰੋਜੈਕਟਾਂ ਤੇ ਬੁਨਿਆਦੀ ਢਾਂਚੇ ਦੇ ਵਿਕਾਸ ਵਿਚ ਸਹਿਯੋਗ ਦੇ ਰਿਹਾ ਹੈ। ਪਿਛਲੇ ਵਿੱਤੀ ਵਰ੍ਹੇ 2014-15 ਵਿਚ ਸਰਕਾਰ ਨੇ ਦੋ ਸਕੀਮਾਂ ਸਵਦੇਸ਼ ਦਰਸ਼ਨ ਅਤੇ ਸ਼ਰਧਾ ਵਾਲੀਆਂ ਥਾਂਵਾਂ ਦੀ ਕਾਇਆ ਕਲਪ ਲਈ ਕੌਮੀ ਮਿਸ਼ਨ ਸ਼ੁਰੂ ਕੀਤਾ। ਚਾਲੂ ਵਿੱਤੀ ਵਰ੍ਹੇ ਵਿਚ ਇਨ੍ਹਾਂ ਸਕੀਮਾਂ ਲਈ 700 ਕਰੋੜ ਰੁਪਏ ਦਾ ਬਜਟ ਤਜਵੀਜ਼ ਰੱਖੀ ਗਈ ਹੈ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545

For Sale Or Lease

Spiceland Truck Stop at I-70 Exit 123 and 4 other Gas Stations in Indianapolis, Indiana are for sale and lease.




ਇੰਡੀਆਨਾ ਵਿਚ ਫਰੀਵੇ 70 ਦੇ ਐਗਜ਼ਿਟ 123 ਉਤੇ ਸਪਾਈਸਲੈਂਡ ਟਰੱਕ ਸਟਾਪ ਅਤੇ ਚਾਰ ਹੋਰ ਗੈਸ ਸਟੇਸ਼ਨ ਸੇਲ ਜਾਂ ਲੀਜ਼ ਲਈ ਉਪਲਬਧ ਹਨ, ਸੰਪਰਕ ਕਰੋ

Gurinder Singh
Ph: 916-833-9218 or 317-308-1050
adhoyee@gmail.com

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਜਗਦੇਵ ਸਿੰਘ
ਫੋਨ: 510-689-4625

REALTOR®  EQUAL HOUSING OPPORTUNITY

JAGDEV SINGH
*Realtor*
CalBre #01423409
42820 Albrae, St.,
Fremont, CA 94538

# ਸਿਆਸੀ ਧਿਰਾਂ ਦੀ ਜ਼ਮੀਰ ਨੂੰ ਝੰਜੋੜ ਨਾ ਸਕੀ ਗਜੇਂਦਰ ਦੀ ਕੁਰਬਾਨੀ

**ਨਵੀਂ ਦਿੱਲੀ:** ਦਿੱਲੀ ਵਿਚ ਆਮ ਆਦਮੀ ਪਾਰਟੀ (ਆਪ) ਦੀ ਰੈਲੀ ਦੌਰਾਨ ਰਾਜਸਥਾਨ ਦੇ ਕਿਸਾਨ ਗਜੇਂਦਰ ਸਿੰਘ ਵੱਲੋਂ ਫਾਹਾ ਲਾ ਕੇ ਖ਼ੁਦਕੁਸ਼ੀ ਕਰਨ ਦੀ ਘਟਨਾ ਵੀ ਸਿਆਸੀ ਪਾਰਟੀਆਂ ਦੀ ਜ਼ਮੀਰ ਨੂੰ ਝੰਜੋੜ ਨਾ ਸਕੀ। ਇਸ ਦਰਦਨਾਕ ਘਟਨਾ ਪਿੱਛੋਂ ਸੰਸਦ ਦੇ ਦੋਹਾਂ ਸਦਨਾਂ ਵਿਚ ਸਾਰੀਆਂ ਪਾਰਟੀਆਂ ਨੇ ਕਿਸਾਨਾਂ ਦੀ ਤਰਸਯੋਗ ਹਾਲਤ ਉਤੇ ਦੁਖ ਦਾ ਪ੍ਰਗਟਾਵਾ ਕਰਕੇ ਆਪਣੀ ਜ਼ਿੰਮੇਵਾਰੀ ਮੁਕਾ ਲਈ ਹੈ ਤੇ ਇਸ ਘਟਨਾ ਦੀ ਜ਼ਿੰਮੇਵਾਰੀ ਇਕ-ਦੂਜੇ 'ਤੇ ਸੁੱਟਣ ਦਾ ਦੌਰ ਸ਼ੁਰੂ ਹੋ ਗਿਆ ਹੈ। ਕਿਸਾਨ ਗਜੇਂਦਰ ਸਿੰਘ ਵੱਲੋਂ ਫਾਹਾ ਲੈਣ ਦੇ ਬਾਵਜੂਦ ਭਾਸ਼ਣ ਜਾਰੀ ਰੱਖਣ ਲਈ ਜਿਥੇ 'ਆਪ' ਦੇ ਮੁਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਘੇਰਿਆ ਹੋਇਆ ਹੈ ਉਥੇ ਰਾਜਸਥਾਨ ਸਥਿਤ ਪੀੜਤ ਪਰਿਵਾਰ ਦੇ ਘਰ ਸਾਰੀਆਂ ਸਿਆਸੀ ਧਿਰ ਸਹਾਇਤਾ ਰਾਸ਼ੀ ਦੇ ਚੈਕ ਲੈ ਕੇ ਪੁੱਜ ਰਹੀਆਂ ਹਨ। ਇਸ ਘਟਨਾ ਦੀ ਜਾਂਚ ਨੂੰ ਲੈ ਕੇ ਵੀ ਕੇਂਦਰ ਤੇ ਸੂਬਾ ਸਰਕਾਰ ਵਿਚਾਲੇ ਵਿਵਾਦ ਖੜ੍ਹਾ ਹੋ ਗਿਆ।

ਨਵੀਂ ਦਿੱਲੀ ਦੇ ਡੀ.ਐਮ. ਸੰਜੇ ਕੁਮਾਰ ਨੇ ਦਿੱਲੀ ਪੁਲਿਸ ਦੇ ਇਤਰਾਜ਼ਾਂ ਦੇ ਬਾਵਜੂਦ ਮਾਮਲੇ ਦੀ ਮੈਜਿਸਟਰੇਟੀ ਜਾਂਚ ਸ਼ੁਰੂ ਕਰ ਦਿੱਤੀ ਪਰ ਦਿੱਲੀ ਪੁਲਿਸ ਨੇ ਮੁੜ ਉਨ੍ਹਾਂ ਨੂੰ ਘਟਨਾ ਬਾਰੇ ਜਾਣਕਾਰੀ ਦੇਣ ਤੋਂ ਨਾਂਹ ਕਰ ਦਿੱਤੀ ਹੈ। ਪੁਲਿਸ ਤਰਜਮਾਨ ਰਾਜਨ ਭਗਤ ਨੇ ਕਿਹਾ ਕਿ ਦਿੱਲੀ ਪੁਲੀਸ, ਦਿੱਲੀ ਸਰਕਾਰ ਦੇ ਮਾਤਹਿਤ ਨਹੀਂ ਹੈ। ਦਿੱਲੀ ਪੁਲਿਸ ਵੀ ਇਸ ਸੰਦਰਭ ਵਿਚ ਪਿੱਛੇ ਨਹੀਂ ਰਹੀ, ਉਸ ਵੱਲੋਂ ਜੋ ਮੁਕੱਦਮਾ ਦਰਜ ਕੀਤਾ ਗਿਆ ਹੈ, ਉਸ ਵਿਚ ਗਜੇਂਦਰ ਸਿੰਘ ਨੂੰ ਖ਼ੁਦਕੁਸ਼ੀ ਲਈ ਉਕਸਾਉਣ ਤੇ ਪੁਲਿਸ ਦੇ ਕੰਮਕਾਜ ਵਿਚ ਵਿਘਨ ਪਾਉਣ ਦੀਆਂ ਧਾਰਾਵਾਂ ਵੀ ਜੋੜੀਆਂ ਗਈਆਂ ਹਨ ਪਰ ਦਿੱਲੀ ਪੁਲਿਸ ਨੇ ਆਪਣੇ ਮੁਲਾਜ਼ਮਾਂ ਤੇ ਅਧਿਕਾਰੀਆਂ ਦੀ ਗ਼ਫ਼ਲਤ ਦਾ ਕੋਈ ਨੋਟਿਸ ਨਹੀਂ ਲਿਆ, ਜਿਹੜੇ ਉਥੇ ਮੌਜੂਦ ਹੋਣ ਦੇ ਬਾਵਜੂਦ ਹਰਕਤ ਵਿਚ ਨਹੀਂ ਆਏ ਤੇ ਉਹ ਵੀ ਹੋਰ ਤਮਾਸ਼ਬੀਨ ਲੋਕਾਂ ਵਾਂਗ ਤਮਾਸ਼ਾ ਹੀ ਦੇਖਦੇ ਰਹੇ। ਉਧਰ ਭਾਜਪਾ ਦਿੱਲੀ ਪ੍ਰਦੇਸ਼ ਦੇ ਪ੍ਰਧਾਨ ਸਤੀਸ਼ ਉਪਾਧਿਆਏ ਨੇ ਦੋਸ਼ ਲਾਇਆ ਹੈ ਕਿ 'ਆਪ' ਦੀ ਰੈਲੀ ਤੋਂ 30 ਗਜ਼ ਦੂਰੀ 'ਤੇ ਖ਼ੁਦਕੁਸ਼ੀ ਦੀ ਇਹ ਘਟਨਾ ਵਾਪਰੀ ਪਰ 'ਆਪ' ਆਗੂਆਂ ਨੇ ਰੈਲੀ ਜਾਰੀ ਰੱਖੀ। ਸਿਆਸੀ ਧਿਰਾਂ ਇਸ ਸਾਰੇ ਘਟਨਾਕ੍ਰਮ ਲਈ ਇਕ-ਦੂਜੇ ਨੂੰ ਜ਼ਿੰਮੇਵਾਰ ਠਹਿਰਾ ਕੇ ਆਪ ਬਚਣ ਦੀ ਕੋਸ਼ਿਸ਼ ਵਿਚ ਜੁਟੀਆਂ ਹਨ।

ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ 'ਆਪ' ਉਤੇ ਵਰ੍ਹਦਿਆਂ ਕਿਹਾ ਕਿ ਰੈਲੀ ਦੌਰਾਨ ਭੀੜ ਨੇ ਗਜੇਂਦਰ ਸਿੰਘ ਨੂੰ ਤਾੜੀਆਂ ਮਾਰ ਕੇ ਤੇ ਨਾਅਰੇਬਾਜ਼ੀ ਕਰਕੇ ਉਕਸਾਇਆ। ਉਨ੍ਹਾਂ ਪੁਲਿਸ ਨੂੰ ਕਲੀਨ ਚਿੱਟ ਦਿੰਦਿਆਂ ਕਿਹਾ ਕਿ ਪੁਲਿਸ ਨੇ ਗਜੇਂਦਰ ਨੂੰ ਬਚਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਸਨ ਪਰ 'ਆਪ' ਵਰਕਰਾਂ ਨੇ ਉਨ੍ਹਾਂ ਦੀ ਰਾਹ ਵਿਚ ਅੜਿੱਕੇ ਡਾਹੇ। ਕਾਂਗਰਸ ਆਗੂ ਮਲਿਕਾਅਰਜੁਨ ਖੜਗੇ ਨੇ ਗਜੇਂਦਰ ਖ਼ੁਦਕੁਸ਼ੀ ਮਾਮਲੇ ਦੀ ਜੁਡੀਸ਼ਲ ਜਾਂਚ ਮੰਗੀ ਕਿਉਂਕਿ ਦਿੱਲੀ ਪੁਲਿਸ ਖੁਦ ਕਟਹਿਰੇ ਵਿਚ ਹੈ। ਕਾਂਗਰਸ ਦੇ ਰਾਜੀਵ ਸਤਵ ਨੇ ਪੁਲਿਸ ਕਮਿਸ਼ਨਰ ਖ਼ਿਲਾਫ਼ ਜਾਂਚ ਮੰਗੀ। ਕਾਂਗਰਸ ਨੇ ਸਰਕਾਰ ਵੱਲੋਂ ਇਸ ਮਾਮਲੇ ਨੂੰ ਹਲਕੇ ਢੰਗ ਨਾਲ ਲੈਣ 'ਤੇ ਘੇਰਿਆ ਤੇ ਮੰਗ ਕੀਤੀ ਕਿ ਯੂ.ਪੀ.ਏ. ਸਰਕਾਰ ਵਾਂਗ ਮੋਦੀ ਸਰਕਾਰ ਵੀ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰੇ। 'ਆਪ' ਦੇ ਪੰਜਾਬ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਗਜੇਂਦਰ ਸਿਸਟਮ ਤੋਂ ਨਾਖੁਸ਼ ਸੀ।। ਕਾਂਗਰਸ ਦੇ ਦੀਪੇਂਦਰ ਹੁੱਡਾ, ਬੀ.ਜੇ.ਡੀ. ਦੇ ਬੀ ਮਾਹਤਾਬ ਤੇ ਸ਼ਿਵ ਸੈਨਾ ਦੇ ਅਰਵਿੰਦ ਸਾਵੰਤ ਨੇ ਮੀਡੀਆ ਨੂੰ ਵੀ ਕਰੜੇ ਹੱਥੀਂ ਲਿਆ ਤੇ ਉਨ੍ਹਾਂ ਵੱਲੋਂ ਖ਼ਬਰ ਦੀ ਕਵਰੇਜ ਤੱਕ ਭੂਮਿਕਾ ਨਿਭਾਏ ਜਾਣ ਦੀ ਨਿਖੇਧੀ ਕੀਤੀ।

ਰਾਜਧਾਨੀ ਦਿੱਲੀ ਵਿਚ ਵਾਪਰੀ ਇਸ ਘਟਨਾ ਨੇ ਇਕ ਵਾਰ ਫਿਰ ਇਸ ਗੱਲ ਦਾ ਮੁਜ਼ਾਹਰਾ ਕੀਤਾ ਹੈ ਕਿ ਦੇਸ਼ ਭਰ ਵਿਚ ਕਿਸਾਨਾਂ ਦੀ ਆਰਥਿਕ ਤੇ ਮਾਨਸਿਕ ਹਾਲਤ ਕਿੰਨੀ ਗੰਭੀਰ ਹੋ ਚੁੱਕੀ ਹੈ। ਪੰਜਾਬ, ਹਰਿਆਣਾ, ਮਹਾਰਾਸ਼ਟਰ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਆਦਿ ਰਾਜਾਂ ਤੋਂ ਲਗਾਤਾਰ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਜਾਂ ਕਿਸਾਨਾਂ ਦੀਆਂ ਅਸਾਧਾਰਨ ਢੰਗ ਨਾਲ ਦਿਲ ਦੇ ਦੌਰੇ ਪੈਣ ਨਾਲ ਮੌਤਾਂ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ। ਦੱਸਣਯੋਗ ਹੈ ਕਿ ਦਿੱਲੀ ਵਿਚ ਆਮ ਆਦਮੀ ਪਾਰਟੀ ਵੱਲੋਂ ਜਥੇਬੰਦ ਕੀਤੀ ਰੈਲੀ ਦੌਰਾਨ ਗਲ ਵਿਚ ਸਾਫਾ ਪਾ ਕੇ ਇਸ ਕਿਸਾਨ ਵੱਲੋਂ ਖ਼ੁਦਕੁਸ਼ੀ ਕਰ ਲਈ ਸੀ। ਗਜੇਂਦਰ ਸਿੰਘ ਨਾਂ ਦਾ ਇਹ ਕਿਸਾਨ ਰਾਜਸਥਾਨ ਦੇ ਦੌਸਾ ਜ਼ਿਲ੍ਹੇ ਦੇ ਪਿੰਡ ਨਾਂਗਲ ਝਾਪੜਵਾੜਾ ਦਾ ਰਹਿਣ ਵਾਲਾ ਸੀ। ਉਸ ਦੇ ਪਿਤਾ ਦੀ 19 ਵਿਘੇ ਜ਼ਮੀਨ ਦੱਸੀ ਜਾਂਦੀ ਹੈ ਤੇ ਇਸ ਪਰਿਵਾਰ ਦੀ 40 ਫ਼ੀਸਦੀ ਫਸਲ ਪਿਛਲੇ ਦਿਨੀਂ ਆਈ ਬੇਮੌਸਮੀ ਬਾਰਿਸ਼ ਕਾਰਨ ਖਰਾਬ ਹੋ ਗਈ ਸੀ ਤੇ ਉਸ ਦੇ ਆਪਣੇ ਪਿਤਾ ਨਾਲ ਵੀ ਮਤਭੇਦ ਚੱਲ ਰਹੇ ਸਨ। ਗਜੇਂਦਰ ਸਿੰਘ ਕਿਸਾਨ ਰੈਲੀ ਨੇੜੇ ਦਰਖਤ 'ਤੇ ਚੜ੍ਹ ਕੇ ਗਲ ਵਿਚ ਸਾਫਾ ਪਾ ਕੇ ਪਹਿਲਾਂ ਨਾਅਰੇਬਾਜ਼ੀ ਕਰਦਾ ਰਿਹਾ ਤੇ ਫਿਰ ਉਸ ਨੇ ਲਟਕ ਕੇ ਆਪਣੀ ਜਾਨ ਦੇ ਦਿੱਤੀ। ਅੱਠ ਮਿੰਟ ਤੱਕ ਉਸ ਦੀ ਦੇਹ ਦਰੱਖਤ ਨਾਲ ਲਟਕਦੀ ਰਹੀ।

### ਆਮ ਆਦਮੀ ਪਾਰਟੀ ਦੀ ਰੈਲੀ ਵਿਚ ਖੁਦਕੁਸ਼ੀ ਕਰਨ ਵਾਲੇ ਕਿਸਾਨ ਦੀ ਮੌਤ 'ਤੇ ਸਿਆਸਤ



### ਅਰਵਿੰਦ ਕੇਜਰੀਵਾਲ ਨੇ ਮੁਆਫੀ ਮੰਗੀ

ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਰੈਲੀ ਦੌਰਾਨ ਤਕਰੀਬਨ ਅੱਧਾ ਘੰਟਾ ਭਾਸ਼ਣ ਦੇਣਾ ਸੀ ਪਰ ਇਸ ਘਟਨਾ ਕਾਰਨ ਆਪਣੀ ਗੱਲ 10-15 ਮਿੰਟਾਂ ਵਿਚ ਖ਼ਤਮ ਕਰ ਦਿੱਤੀ। ਉਨ੍ਹਾਂ ਮੰਨਿਆ ਇਹ ਗ਼ਲਤੀ ਸੀ ਤੇ ਉਨ੍ਹਾਂ ਨੂੰ ਭਾਸ਼ਣ ਨਹੀਂ ਦੇਣਾ ਚਾਹੀਦਾ ਸੀ। ਉਨ੍ਹਾਂ ਇਸ ਘਟਨਾ 'ਤੇ ਮੁਆਫੀ ਵੀ ਮੰਗੀ।। ਸ੍ਰੀ ਕੇਜਰੀਵਾਲ ਮੁਤਾਬਕ ਜੇਕਰ ਲੋੜ ਪਈ ਤਾਂ ਉਹ ਪੁਲਿਸ ਜਾਂਚ ਵਿਚ ਸਹਿਯੋਗ ਦਿੰਦੇ ਹੋਏ ਬਿਆਨ ਵੀ ਕਲਮਬੰਦ ਕਰਵਾਉਣਗੇ। ਇਸ ਦੌਰਾਨ 'ਆਪ' ਆਗੂ ਸੰਜੇ ਸਿੰਘ ਨੇ ਰਾਜਸਥਾਨ ਪੁੱਜ ਕੇ ਪੀੜਤ ਪਰਿਵਾਰ ਨੂੰ ਮੁਆਵਜ਼ੇ ਵਜੋਂ 10 ਲੱਖ ਰੁਪਏ ਦਾ ਚੈੱਕ ਸੌਂਪਿਆ ਤੇ ਇਕ ਵੀਡੀਓ ਫ਼ਿਲਮ ਦਿਖਾਉਂਦਿਆਂ ਦਾਅਵਾ ਕੀਤਾ ਕਿ ਘਟਨਾ ਲਈ 'ਆਪ' ਆਗੂ ਜ਼ਿੰਮੇਵਾਰ ਨਹੀਂ ਹਨ।

### 'ਆਪ' ਨੇ ਗਜੇਂਦਰ ਦੇ ਪਰਿਵਾਰ ਦੀਆਂ ਮੰਗਾਂ ਮੰਨੀਆਂ

ਆਮ ਆਦਮੀ ਪਾਰਟੀ ਗਜੇਂਦਰ ਦੇ ਪਰਿਵਾਰ ਦੀਆਂ ਮੰਗਾਂ ਮੰਨ ਲਈਆਂ ਹਨ। 'ਆਪ' ਸਰਕਾਰ ਵੱਲੋਂ ਗਜੇਂਦਰ ਦੇ ਇਕ ਬੱਚੇ ਦੇ 18 ਸਾਲ ਦੇ ਹੋ ਜਾਣ ਤੋਂ ਬਾਅਦ ਉਸ ਨੂੰ ਨੌਕਰੀ ਦਿੱਤੀ ਜਾਵੇਗੀ ਤੇ ਗਜੇਂਦਰ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਮੁਆਵਜ਼ਾ ਸਕੀਮ ਨੂੰ ਕਿਸਾਨ ਦਾ ਨਾਮ ਦਿੱਤਾ ਜਾਵੇਗਾ। ਦੱਸਣਯੋਗ ਹੈ ਕਿ 'ਆਪ' ਦੇ ਸੀਨੀਅਰ ਆਗੂ ਸੰਜੈ ਸਿੰਘ ਨੇ ਗਜੇਂਦਰ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ ਸੀ।

# ਕਿਸਾਨ ਖੁਦਕੁਸ਼ੀਆਂ: ਐਲਾਨਾਂ ਨਾਲੋਂ ਨੇਕ-ਨੀਅਤ ਜ਼ਰੂਰੀ

**ਮਾਨਸਾ:** ਖੇਤੀ ਮਾਹਿਰਾਂ ਨੇ ਪੰਜਾਬ ਸਰਕਾਰ ਤੇ ਕੇਂਦਰੀ ਹਕੂਮਤ ਨੂੰ ਸਲਾਹ ਦਿੱਤੀ ਹੈ ਕਿ ਜੇਕਰ ਇਮਾਨਦਾਰੀ ਨਾਲ ਕਿਸਾਨਾਂ ਨਾਲ ਖੜ੍ਹੇ ਹੋਣ ਤਾਂ ਖ਼ੁਦਕਸ਼ੀਆਂ ਨੂੰ ਹਰ ਹਾਲਤ ਵਿਚ ਠੱਲ੍ਹ ਪੈ ਸਕਦੀ ਹੈ। ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਰੁਲਦੂ ਸਿੰਘ ਦਾ ਕਹਿਣਾ ਹੈ ਕਿ ਮਾਲਵਾ ਪੱਟੀ ਦੇ ਮਾਨਸਾ, ਸੰਗਰੂਰ, ਬਠਿੰਡਾ, ਮੁਕਤਸਰ, ਫਰੀਦਕੋਟ, ਮੋਗਾ ਤੇ ਬਰਨਾਲਾ ਜ਼ਿਲ੍ਹਿਆਂ ਦੇ ਕੁੱਲ 1871 ਵਿਚੋਂ 356 ਪਿੰਡ ਦੇ ਜੋ ਸਰਵੇ ਕੀਤੇ ਗਏ ਸਨ, ਉਨ੍ਹਾਂ ਵਿਚ 3389 ਖ਼ੁਦਕੁਸ਼ੀਆਂ ਹੋਈਆਂ ਹਨ। ਇਨ੍ਹਾਂ ਲਈ ਹਕੂਮਤ ਨੇ ਮੂੰਹ ਜ਼ੁਬਾਨੀ ਵਾਅਦੇ ਕੀਤੇ ਹਨ, ਜੋ ਪੂਰੇ ਨਹੀਂ ਹੋਏ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀਬਾਘਾ ਨੇ ਦਲੀਲਾਂ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਨੇ ਖ਼ੁਦਕਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਨੂੰ ਦੋ ਲੱਖ ਗਰਾਂਟ ਦੇ ਨਾਲ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਵਾਅਦਾ ਵੀ ਕੀਤਾ ਸੀ ਪਰ ਪੂਰੇ ਪੰਜਾਬ ਵਿਚ ਇਕਾ-ਦੁੱਕਾ ਨੂੰ ਛੱਡ ਕੇ ਹੋਰ ਕਿਸੇ ਦੇ ਪੱਲੇ ਨੌਕਰੀ ਨਹੀਂ ਪਈ। ਯੂਨੀਵਰਸਿਟੀਆਂ ਦੇ ਅਰਥ-ਸ਼ਾਸਤਰੀਆਂ ਨੇ ਸੰਗਰੂਰ ਤੇ ਬਠਿੰਡਾ ਜ਼ਿਲ੍ਹਿਆਂ ਦਾ ਸਰਵੇਖਣ ਕੀਤਾ ਸੀ, ਉਸ ਅਨੁਸਾਰ ਤਕਰੀਬਨ 2000 ਕਿਸਾਨ ਤੇ 1000 ਮਜ਼ਦੂਰ ਅਣਆਈ ਮੌਤ ਦੇ ਮੂੰਹ ਚਲੇ ਗਏ ਸਨ।



# ਹਰਿਆਣਾ ਸਰਕਾਰ ਵਲੋਂ ਪੰਜਾਬ ਦੇ ਕਿਸਾਨਾਂ ਲਈ ਦਰਵਾਜ਼ੇ ਬੰਦ

**ਬਠਿੰਡਾ:** ਪੰਜਾਬ ਦੇ ਕਿਸਾਨ ਹੁਣ ਹਰਿਆਣਾ ਵਿਚ ਕਣਕ ਨਹੀਂ ਵੇਚ ਸਕਣਗੇ। ਹਰਿਆਣਾ ਸਰਕਾਰ ਨੇ ਪੰਜਾਬ ਦੀ ਕਣਕ ਦਾ ਦਾਖ਼ਲਾ ਰੋਕਣ ਲਈ ਅੰਤਰਰਾਜੀ ਸੀਮਾ 'ਤੇ ਨਾਕੇ ਲਗਵਾ ਦਿੱਤੇ ਹਨ। ਪੰਜਾਬ ਦੇ ਜ਼ਿਲ੍ਹਾ ਬਠਿੰਡਾ, ਮਾਨਸਾ ਤੇ ਸੰਗਰੂਰ ਦੇ ਅੰਤਰਰਾਜੀ ਸੀਮਾ ਨੇੜਲੇ ਕਈ ਕਿਸਾਨਾਂ ਦੀ ਆੜ੍ਹਤ ਹਰਿਆਣਾ ਦੇ ਸ਼ਹਿਰਾਂ ਵਿਚ ਹੈ। ਇਸ ਕਰਕੇ ਉਹ ਵਰ੍ਹਿਆਂ ਤੋਂ ਹਰਿਆਣਾ ਵਿਚ ਫ਼ਸਲ ਵੇਚਦੇ ਆ ਰਹੇ ਹਨ।

ਵੇਰਵਿਆਂ ਅਨੁਸਾਰ ਜ਼ਿਲ੍ਹਾ ਸਿਰਸਾ ਦੀ ਪੁਲਿਸ ਵੱਲੋਂ ਅੰਤਰਰਾਜੀ ਸੀਮਾ 'ਤੇ ਤਕਰੀਬਨ 20 ਨਾਕੇ ਲਾਏ ਗਏ ਹਨ ਤਾਂ ਜੋ ਪੰਜਾਬ ਦੀ ਕਣਕ ਨੂੰ ਦਾਖ਼ਲ ਹੋਣ ਤੋਂ ਰੋਕਿਆ ਜਾ ਸਕੇ। ਬਠਿੰਡਾ ਦੇ ਜ਼ਿਲ੍ਹਾ ਮੰਡੀ ਅਫ਼ਸਰ ਕੁਲਦੀਪ ਸਿੰਘ ਦਾ ਕਹਿਣਾ ਸੀ ਕਿ ਦੇਸ਼ ਦੇ ਕਾਨੂੰਨ ਮੁਤਾਬਕ ਕਿਸਾਨ ਪੂਰੇ ਮੁਲਕ ਵਿਚ ਕਿਤੇ ਵੀ ਆਪਣੀ ਜਿਣਸ ਵੇਚ ਸਕਦਾ ਹੈ ਤੇ ਕੋਈ ਪਾਬੰਦੀ ਨਹੀਂ ਲਗਾਈ ਜਾ ਸਕਦੀ ਹੈ।

# ਕਾਗਜ਼ਾਂ 'ਚੋਂ ਬਾਹਰ ਨਾ ਆਈ ਪੰਜਾਬ ਸਰਕਾਰ ਦੀ ਖੁਦਕੁਸ਼ੀ ਰਾਹਤ ਸਕੀਮ

**ਚੰਡੀਗੜ੍ਹ:** ਪੰਜਾਬ ਵਿਚ ਕਿਸਾਨਾਂ ਵੱਲੋਂ ਆਏ ਦਿਨ ਖ਼ੁਦਕੁਸ਼ੀਆਂ ਕੀਤੀਆਂ ਜਾ ਰਹੀਆਂ ਹਨ ਪਰ ਸੂਬਾ ਸਰਕਾਰ ਦੀ ਖ਼ੁਦਕੁਸ਼ੀ ਰਾਹਤ ਸਕੀਮ ਨੂੰ ਅਜੇ ਤੱਕ ਮਨਜ਼ੂਰੀ ਹੀ ਨਹੀਂ ਮਿਲੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਤਿੰਨ-ਤਿੰਨ ਲੱਖ ਰੁਪਏ ਰਾਹਤ ਦੇਣ ਦਾ ਐਲਾਨ ਕੀਤਾ ਗਿਆ ਸੀ। ਇਸ ਬਾਰੇ ਕਾਗਜ਼ੀ ਕਾਰਵਾਈ ਵੀ ਸਰਕਾਰੀ ਦਫ਼ਤਰਾਂ ਦੀ ਭੇਟ ਚੜ੍ਹ ਗਈ ਹੈ। ਸ਼ਾਇਦ ਇਹ ਜੰਤਰ ਮੰਤਰ ਵਿਚ ਮੀਡੀਆ ਸਾਹਮਣੇ ਫਾਹਾ ਲੈਣ ਤੇ ਪੰਜਾਬ ਦੇ ਪਿੰਡ ਵਿਚ ਹੋਈ ਖ਼ੁਦਕੁਸ਼ੀ ਪ੍ਰਤੀ ਸਿਆਸੀ ਨਜ਼ਰੀਏ ਦਾ ਅੰਤਰ ਹੈ। ਖੇਤੀ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਕਣਕ ਖ਼ਰੀਦ ਦੇ ਸੰਕਟ ਵਿਚੋਂ ਨਿਕਲਣ ਤੋਂ ਬਾਅਦ ਇਸ ਨੀਤੀ ਨੂੰ ਤੁਰੰਤ ਲਾਗੂ ਕਰਵਾਉਣ ਦੀ ਧਰਵਾਸ ਦਿੱਤੀ ਹੈ।

ਸੂਤਰਾਂ ਅਨੁਸਾਰ ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਹਦਾਇਤ ਉਤੇ ਸੂਬਾ ਸਰਕਾਰ ਨੇ ਪੰਜਾਬ ਰਾਜ ਕਿਸਾਨ ਕਮਿਸ਼ਨ ਦੇ ਚੇਅਰਮੈਨ ਡਾ.ਜੀ.ਐਸ. ਕਾਲਕਟ ਦੀ ਅਗਵਾਈ ਵਿਚ ਇਕ ਕਮੇਟੀ ਬਣਾਈ ਸੀ। ਕਮੇਟੀ ਨੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਬਾਰੇ ਨੀਤੀ ਦਾ ਖਰੜਾ ਤਿਆਰ ਕਰਨਾ ਸੀ। ਇਹ ਖਰੜਾ ਅਗਸਤ 2014 ਵਿਚ ਪੰਜਾਬ ਸਰਕਾਰ ਨੂੰ ਸੌਂਪ ਦਿੱਤਾ ਗਿਆ। ਰਿਪੋਰਟ ਅਨੁਸਾਰ ਪੀੜਤ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਦਿੱਤੇ ਜਾਣੇ ਸਨ। ਇਸ ਵਿਚੋਂ ਪੰਜਾਹ ਹਜ਼ਾਰ ਦੀ ਰਕਮ ਤੁਰੰਤ ਤੇ ਡੇਢ ਲੱਖ ਰੁਪਏ ਬੈਂਕ ਵਿਚ ਰੱਖ ਕੇ ਇਸ ਤੋਂ ਆਇਆ ਵਿਆਜ ਪ੍ਰਤੀ ਮਹੀਨਾ ਪਰਿਵਾਰ ਦੇ ਬੱਚਿਆਂ ਦੀ ਪੜ੍ਹਾਈ ਲਈ ਦੇਣਾ ਸੀ। ਇਸ ਨੀਤੀ ਦਾ ਖਰੜਾ ਕਾਨੂੰਨੀ ਮਸ਼ੀਰ (ਲੀਗਰ ਰਿਮੈਂਬਰੈਂਸ) ਦੀ ਮਨਜ਼ੂਰੀ ਦੀ ਉਡੀਕ ਵਿਚ ਹੈ।

ਇਸੇ ਦੌਰਾਨ ਖ਼ੁਦਕੁਸ਼ੀਆਂ ਦਾ ਮਾਮਲਾ ਜ਼ਿਆਦਾ ਉਭਰਨ ਤੋਂ ਬਾਅਦ ਮੁੱਖ ਮੰਤਰੀ ਨੇ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਤਿੰਨ-ਤਿੰਨ ਲੱਖ ਰੁਪਏ ਰਾਹਤ ਰਾਸ਼ੀ ਦੇਣ ਦਾ ਐਲਾਨ ਕਰ ਦਿੱਤਾ। ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵੱਲੋਂ 2015-16 ਦੇ ਬਜਟ ਵਿਚ ਇਸ ਬਾਰੇ 20 ਕਰੋੜ ਰੁਪਏ ਰੱਖਣ ਦਾ ਐਲਾਨ ਵੀ ਕਰ ਦਿੱਤਾ ਗਿਆ ਪਰ ਇਹ ਸਾਰਾ ਕੁਝ ਅਜੇ ਕਾਗਜ਼ਾਂ ਤੱਕ ਹੀ ਸੀਮਤ ਹੈ। ਕਿਸਾਨਾਂ ਤੱਕ ਰਾਹਤ ਪੁੱਜ ਨਹੀਂ ਰਹੀ, ਕਿਉਂਕਿ ਪਹਿਲਾਂ ਦੋ ਲੱਖ ਵਾਲੀ ਨੀਤੀ ਮਨਜ਼ੂਰ ਹੀ ਨਹੀਂ ਹੋਈ ਤੇ ਹੁਣ ਤਿੰਨ ਲੱਖ ਦੇ ਆਧਾਰ ਉੱਤੇ ਇਸ ਨੂੰ ਸੋਧਿਆ ਜਾਣਾ ਹੈ।

ਸੂਤਰਾਂ ਅਨੁਸਾਰ ਇਸ ਖਰੜੇ ਵਿਚ ਨਿੱਜੀ ਸ਼ਾਹੂਕਾਰਾਂ ਦੇ ਕਰਜ਼ੇ ਨੂੰ ਨਿਯਮਤ ਕਰਨ ਦੀ ਸਿਫ਼ਾਰਸ਼ ਵੀ ਸੀ, ਜਿਸ ਨੂੰ ਪੰਜਾਬ ਸਰਕਾਰ ਦੇ ਹੁਕਮ ਅਨੁਸਾਰ ਕੱਢ ਦਿੱਤਾ ਗਿਆ ਸੀ। ਕਾਲਕਟ ਕਮੇਟੀ ਦੀ ਰਿਪੋਰਟ ਵਿਚ ਸਬੰਧਤ ਪਰਿਵਾਰਾਂ ਦੀ ਖੇਤੀ ਲਈ ਵਿਸ਼ੇਸ਼ ਮਦਦ ਕਰਨ, ਰਾਸ਼ਟਰੀ ਤੇ ਹੋਰ ਸੂਬਾਈ ਸਕੀਮਾਂ ਤਹਿਤ ਕਿਸਾਨ ਪਰਿਵਾਰ ਨੂੰ ਪਹਿਲ ਦੇ ਆਧਾਰ ਉਤੇ ਲਾਭਪਾਤਰੀ ਬਣਾਉਣ ਤੇ ਪੀੜਤ ਪਰਿਵਾਰ ਦੇ ਬੱਚਿਆਂ ਦੀ ਗ੍ਰੈਜੂਏਸ਼ਨ ਤੱਕ ਪੜ੍ਹਾਈ ਮੁਫ਼ਤ ਕਰਨ ਵਰਗੀਆਂ ਸਿਫ਼ਾਰਸ਼ਾਂ ਵੀ ਕੀਤੀਆਂ ਗਈਆਂ ਸਨ। ਇਸ ਬਾਰੇ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ। ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਰਵੇ ਵੀ 2010 ਤੱਕ ਹੀ ਹੋ ਸਕਿਆ ਹੈ। ਅਗਲਾ ਸਰਵੇ ਸਰਕਾਰੀ ਪੈਸੇ ਤੇ ਹਰੀ ਝੰਡੀ ਦੀ ਉਡੀਕ ਵਿਚ ਹੈ।

ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਹ ਚਿੰਤਾ ਦੀ ਗੱਲ ਹੈ ਕਿ ਆਏ ਦਿਨ ਖ਼ੁਦਕੁਸ਼ੀਆਂ ਹੋ ਰਹੀਆਂ ਹਨ ਤੇ ਰਾਹਤ ਸਕੀਮਾਂ ਅਜੇ ਕਾਗਜ਼ੀ ਕਾਰਵਾਈ ਵਿੱਚ ਹੀ ਉਲਝੀਆਂ ਪਈਆਂ ਹਨ। ਇਸ ਮੁੱਦੇ ਉੱਤੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

ਪੰਜਾਬ ਦੇ ਖੇਤੀ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਕਿਹਾ ਕਿ ਹਰ ਪੀੜਤ ਪਰਿਵਾਰ ਨੂੰ ਪੰਜਾਹ ਹਜ਼ਾਰ ਦੇ ਕੇ ਬਾਕੀ ਰਕਮ ਦੇ ਵਿਆਜ ਨਾਲ ਜੇਕਰ ਕਿਸਾਨ ਦੇ ਬੱਚੇ ਪੜ੍ਹ ਜਾਣ ਤਾਂ ਅੱਗੋਂ ਪਰਿਵਾਰ ਦੀ ਹਾਲਤ ਸੁਧਰ ਸਕਦੀ ਹੈ। ਭਾਰਤੀ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਖ਼ੁਦਕੁਸ਼ੀ ਕਰਨ ਦਾ ਅਸਲ ਕਾਰਨ ਕਰਜ਼ਾ ਹੁੰਦਾ ਹੈ। ਅਜਿਹੇ ਮਾਮਲਿਆਂ ਵਿਚ ਪਰਿਵਾਰ ਦਾ ਕਮਾਉਣ ਵਾਲਾ ਜੀਅ ਵੀ ਚਲਾ ਜਾਂਦਾ ਹੈ ਤੇ ਪਰਿਵਾਰ ਸਿਰ ਕਰਜ਼ਾ ਵੀ ਉਵੇਂ ਰਹਿ ਜਾਂਦਾ ਹੈ ਤਾਂ ਪਰਿਵਾਰ ਸੰਕਟ ਵਿਚੋਂ ਕਿਵੇਂ ਨਿਕਲ ਸਕਦਾ ਹੈ।



### ਕਿਸਾਨਾਂ ਦੇ 800 ਕਰੋੜ ਰੁਪਏ ਸਰਕਾਰ ਵੱਲ ਫਸੇ

**ਬਠਿੰਡਾ:** ਪੰਜਾਬ ਸਰਕਾਰ ਹੁਣ ਤੱਕ ਦੱਖਣੀ ਪੰਜਾਬ ਦੇ ਕਿਸਾਨਾਂ ਨੂੰ ਤਕਰੀਬਨ ਅੱਠ ਸੌ ਕਰੋੜ ਰੁਪਏ ਦੀ ਅਦਾਇਗੀ ਕਰਨ ਵਿਚ ਫੇਲ੍ਹ ਰਹੀ ਹੈ। ਪਹਿਲਾਂ ਕਿਸਾਨਾਂ ਨੂੰ ਜਿਣਸ ਵੇਚਣ ਵਿਚ ਮੁਸ਼ਕਲ ਆਈ ਤੇ ਹੁਣ ਵੇਚੀ ਕਣਕ ਦੀ ਅਦਾਇਗੀ ਨਹੀਂ ਹੋ ਰਹੀ ਹੈ। ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਜਿਣਸ ਵਿਕਣ ਤੋਂ 48 ਘੰਟਿਆਂ ਦੇ ਅੰਦਰ-ਅੰਦਰ ਅਦਾਇਗੀ ਕਰਨ ਦਾ ਦਾਅਵਾ ਕੀਤਾ ਸੀ ਪਰ ਮਾਲਵਾ ਖਿੱਤੇ ਵਿਚ ਕਿਸਾਨਾਂ ਨੂੰ ਜਿਣਸ ਦੀ ਪਹਿਲੀ ਅਦਾਇਗੀ ਵੀ ਹਾਲੇ ਤੱਕ ਹੋ ਨਹੀਂ ਸਕੀ ਹੈ। ਇਸ ਕਰਕੇ ਕਿਸਾਨ ਆੜ੍ਹਤੀਆਂ ਨਾਲ ਉਲਝਣ ਲੱਗੇ ਹਨ। ਬਠਿੰਡਾ ਜ਼ਿਲ੍ਹੇ ਵਿਚ 23 ਅਪਰੈਲ ਤੱਕ ਵਿਕੀ ਕਣਕ ਦੀ ਅਦਾਇਗੀ 258 ਕਰੋੜ ਰੁਪਏ ਬਣਦੀ ਹੈ ਜੋ ਕਿਸੇ ਵੀ ਖਰੀਦ ਏਜੰਸੀ ਨੇ ਆੜ੍ਹਤੀਆਂ ਨੂੰ ਨਹੀਂ ਕੀਤੀ। ਜ਼ਿਲ੍ਹਾ ਮੁਕਤਸਰ ਵਿਚ ਵੀ ਹਾਲੇ ਤੱਕ ਜਿਣਸ ਦੀ ਅਦਾਇਗੀ ਸ਼ੁਰੂ ਨਹੀਂ ਹੋਈ। ਜ਼ਿਲ੍ਹੇ ਵਿਚ ਕਿਸਾਨਾਂ ਦੀ ਵਿਕੀ ਕਣਕ ਦੀ 174.80 ਕਰੋੜ ਰੁਪਏ ਦੀ ਅਦਾਇਗੀ ਬਣਦੀ ਹੈ। ਇਸੇ ਤਰ੍ਹਾਂ ਜ਼ਿਲ੍ਹਾ ਮਾਨਸਾ ਵਿਚ ਤਕਰੀਬਨ 160 ਕਰੋੜ ਤੇ ਫਰੀਦਕੋਟ ਜ਼ਿਲ੍ਹੇ ਵਿਚ 166 ਕਰੋੜ ਰੁਪਏ ਦੀ ਅਦਾਇਗੀ ਸਰਕਾਰ ਵੱਲ ਬਕਾਇਆ ਖੜੀ ਹੈ।

# ਸਤਲੋਕ ਕੇਸ ਵਿਚ ਹਰਿਆਣਾ ਸਰਕਾਰ ਹਾਈ ਕੋਰਟ ਪੁੱਜੀ

**ਚੰਡੀਗੜ੍ਹ:** ਰਾਮਪਾਲ ਦੇ ਸਤਲੋਕ ਆਸ਼ਰਮ ਕੇਸ ਦੇ ਚਾਰ ਮੁਲਜ਼ਮਾਂ ਨੂੰ ਹਿਸਾਰ ਦੀ ਅਦਾਲਤ ਵੱਲੋਂ ਆਪਣੇ ਪਹਿਲੇ ਹੁਕਮ ਸੋਧ ਕੇ ਜ਼ਮਾਨਤ 'ਤੇ ਰਿਹਾਅ ਕਰ ਦਿੱਤੇ ਜਾਣ ਦੇ ਫ਼ੈਸਲੇ ਖ਼ਿਲਾਫ਼ ਹਰਿਆਣਾ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਅਪੀਲ ਦਾਇਰ ਕੀਤੀ ਹੈ।

ਗ਼ੌਰਤਲਬ ਹੈ ਕਿ ਮਾਮਲੇ ਦੇ ਹੋਰ 412 ਮੁਲਜ਼ਮ ਵੀ ਇਸੇ ਆਧਾਰ 'ਤੇ ਜ਼ਮਾਨਤ ਮੰਗ ਰਹੇ ਹਨ। ਅਦਾਲਤ ਨੇ ਚਾਰ ਮੁਲਜ਼ਮਾਂ ਨੂੰ ਜ਼ਮਾਨਤ ਦਿੰਦਿਆਂ ਇਨ੍ਹਾਂ ਵੱਲੋਂ ਦਾਖ਼ਲ ਅਰਜ਼ੀ ਦੇ ਆਧਾਰ 'ਤੇ ਆਪਣੇ ਪਹਿਲੇ ਹੁਕਮ ਸੋਧ ਕੇ ਇਨ੍ਹਾਂ ਨੂੰ ਰਿਹਾਈ ਲਈ ਜ਼ਮਾਨਤੀ ਪੇਸ਼ ਕਰਨ ਤੋਂ ਛੋਟ ਦੇ ਦਿੱਤੀ ਸੀ।

ਜਸਟਿਸ ਸਨੇਹ ਪ੍ਰਾਸ਼ਰ ਨੇ ਅਪੀਲ ਨੂੰ ਸੁਣਵਾਈ ਲਈ ਮਨਜ਼ੂਰ ਕਰਦਿਆਂ ਮਾਮਲੇ ਦੀ ਅਗਲੀ ਸੁਣਵਾਈ 21 ਮਈ ਨੂੰ ਮੁਕੱਰਰ ਕੀਤੀ ਹੈ ਤੇ ਹਿਸਾਰ ਦੀ ਅਦਾਲਤ ਨੂੰ ਇਸ ਸਬੰਧੀ ਕੋਈ ਫ਼ੇਸਲਾ ਇਸ ਤੋਂ ਬਾਅਦ ਹੀ ਲੈਣ ਲਈ ਕਿਹਾ ਹੈ।

# ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੀ ਅਪੀਲ ਰੱਦ

**ਸੈਨ ਹੋਜ਼ੇ (ਬਿਊਰੋ):** ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਨੂੰ ਉਸ ਸਮੇਂ ਧੱਕਾ ਲੱਗਾ ਜਦੋਂ ਮੈਂਬਰਸ਼ਿਪ ਦੀ ਜਾਣਕਾਰੀ ਕਿਸੇ ਵੀ ਹੋਰ ਧਿਰ ਨੂੰ ਨਾ ਦੇਣ ਪ੍ਰਤੀ ਇਸ ਦੀ ਤੀਸਰੀ ਅਪੀਲ ਵੀ ਕੈਲੀਫੋਰਨੀਆ ਦੀ ਛੇਵੀਂ ਅਪੀਲ ਕੋਰਟ ਨੇ ਰੱਦ ਕਰ ਦਿਤੀ।

ਅਪੀਲ ਕੋਰਟ ਦੀ ਜੱਜ ਪੈਟਰੀਸ਼ੀਆ ਬਾਮਾਤਰੇ-ਮਾਨੂਕੀਅਨ ਨੇ ਦੋ ਹੋਰ ਜੱਜਾਂ ਨੇਥਨ ਮੀਹਾਰਾ ਅਤੇ ਮਿਗਿਲ ਮਾਰਕੁਇਜ਼ ਨਾਲ ਸਲਾਹ-ਮਸ਼ਵਰੇ ਪਿਛੋਂ ਇਸ ਅਪੀਲ 'ਤੇ ਬਾਕਾਇਦਾ ਸੁਣਵਾਈ ਕੀਤੇ ਬਿਨਾ ਇਸ ਨੂੰ ਮੁੱਢੋਂ ਹੀ ਰੱਦ ਕਰਦਿਆਂ ਆਪਣੇ ਫੈਸਲੇ ਵਿਚ ਕਿਹਾ, 'ਮਨਸੂਖ ਕਰਨ, ਮਨਾਹੀ ਦੇ ਹੁਕਮ ਕਰਨ ਜਾਂ ਹੋਰ ਮੁਨਾਸਬ ਰਾਹਤ ਵਾਸਤੇ ਕੀਤੀ ਗਈ ਰਿਟ ਅਤੇ ਸਟੇਅ ਲਈ ਦਰਖਾਸਤ ਰੱਦ ਕੀਤੀ ਜਾਂਦੀ ਹੈ।'

ਜ਼ਿਕਰਯੋਗ ਹੈ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਅਤੇ ਚੋਣਾਂ ਨੂੰ ਲੈ ਕੇ ਵਿਰੋਧੀ ਧਿਰ ਗੁਰਦੁਆਰਾ ਸੁਧਾਰ ਕਮੇਟੀ ਵਲੋਂ ਕੀਤੇ ਗਏ ਕੇਸ ਦੇ ਸਿਲਸਿਲੇ ਵਿਚ ਅਦਾਲਤ ਨੇ ਮੁੱਦਈ ਧਿਰ ਨੂੰ ਮੈਂਬਰਸ਼ਿਪ ਲਿਸਟ ਦੇਣ ਦਾ ਹੁਕਮ ਦਿਤਾ ਸੀ ਪ੍ਰੰਤੂ ਪ੍ਰਾਈਵੇਸੀ ਦੇ ਨੁਕਤੇ ਉਤੇ ਇਕ ਤੀਜੀ ਧਿਰ ਵਲੋਂ ਦਾਇਰ ਕੇਸ ਕਾਰਨ ਪ੍ਰਬੰਧਕ ਕਮੇਟੀ ਨੇ ਇਹ ਲਿਸਟ ਦੇਣ ਤੋਂ ਨਾਂਹ ਕਰ ਦਿਤੀ ਸੀ ਪਰ ਬਾਅਦ ਵਿਚ ਵਿਰੋਧੀ ਧਿਰ ਕੇਸ ਜਿੱਤ ਗਈ ਸੀ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੁਧਾਰ ਕਮੇਟੀ ਨੂੰ ਮੈਂਬਰਸ਼ਿਪ ਦੀ ਮੁਕੰਮਲ ਲਿਸਟ 20 ਅਪਰੈਲ ਨੂੰ ਦਿਤੀ ਜਾ ਚੁਕੀ ਹੈ।

## ਭਾਰਤ ਵੱਲੋਂ ਅਫ਼ਗਾਨਿਸਤਾਨ ਨੂੰ ਮੱਦਦ ਦਾ ਭਰੋਸਾ

**ਨਵੀਂ ਦਿੱਲੀ (ਬਿਊਰੋ):** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਗੁਆਂਢੀ ਮੁਲਕ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਮੁਹੰਮਦ ਅਸ਼ਰਫ਼ ਗ਼ਨੀ ਨੇ ਇਥੇ ਵਿਸਥਾਰ ਨਾਲ ਗੱਲਬਾਤ ਕੀਤੀ ਜਿਸ ਦੌਰਾਨ ਭਾਰਤ ਨੇ ਆਪਣੇ ਇਸ ਜੰਗ ਮਾਰੇ ਗੁਆਂਢੀ ਨੂੰ ਰੱਖਿਆ ਸਮੇਤ ਵੱਖੋ-ਵੱਖ ਖੇਤਰਾਂ ਵਿਚ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ। ਇਸ ਦੌਰਾਨ ਦੋਵੇਂ ਆਗੂਆਂ ਨੇ ਦਹਿਸ਼ਤੀ ਨੈਟਵਰਕਾਂ ਦੇ ਖ਼ਾਤਮੇ ਲਈ ਠੋਸ ਕਦਮ ਚੁੱਕੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ।

ਭਾਰਤ ਨੇ ਅਫ਼ਗਾਨ ਵਫ਼ਦ ਨੂੰ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਵੱਲੋਂ ਆਪਣੀਆਂ ਰੱਖਿਆ ਲੋੜਾਂ ਤੋਂ ਭਾਰਤ ਨੂੰ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ।

ਗ਼ੌਰਤਲਬ ਹੈ ਕਿ ਸ੍ਰੀ ਗ਼ਨੀ ਤੋਂ ਪਹਿਲੇ ਅਫ਼ਗਾਨ ਸਦਰ ਹਾਮਿਦ ਕਰਜ਼ਈ ਵੱਲੋਂ ਭਾਰਤ ਤੋਂ ਫ਼ੌਜੀ ਸਾਜ਼ੋ-ਸਾਮਾਨ ਹਾਸਲ ਕਰਨ 'ਤੇ ਕਾਫ਼ੀ ਜ਼ੋਰ ਦਿੱਤਾ ਜਾ ਰਿਹਾ ਸੀ, ਤਾਂ ਕਿ ਅਫ਼ਗਾਨਿਸਤਾਨ ਦੀ ਸੁਰੱਖਿਆ ਸਮਰੱਥਾ ਵਿਚ ਇਜ਼ਾਫ਼ਾ ਹੋ ਸਕੇ। ਬੀਤੇ ਸਤੰਬਰ ਵਿਚ ਅਫ਼ਗਾਨਿਸਤਾਨ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਭਾਰਤ ਦੇ ਪਹਿਲੇ ਦੌਰੇ 'ਤੇ ਪੁੱਜੇ ਸ੍ਰੀ ਗ਼ਨੀ ਨੇ ਸ੍ਰੀ ਮੋਦੀ ਨਾਲ ਅਨੇਕਾਂ ਮਾਮਲਿਆਂ 'ਤੇ ਵਿਚਾਰਾਂ ਕੀਤੀਆਂ।


**Upgrade your Security Cameras to High Definition at very reasonable prices**




*For a Free Demo of our new HD Cameras Please Contact us*

Balbir S Sidhu
209-495-3905 (Cell)
www.dvrunlimited.com
Toll Free (888) 233-4566

**DVRunlimited Inc.** Installation Available



**Wanted Tanduria, Cook & Helper**

Indian Restaurant in Indianapolis, IN needs Tanduria, Cook, Waiters & Helper immediately.
Good Salary, Free accommodation
Contact: Kulwinder Singh
Ph. 317-437-0367

**ਤੰਦੂਰੀਏ, ਕੁੱਕ, ਹੈਲਪਰ ਦੀ ਲੋੜ ਹੈ**

ਇੰਡੀਅਨਐਪੋਲਿਸ ਵਿਚ ਵਧੀਆ ਚਲਦੇ ਇੰਡੀਅਨ ਰੈਸੋਟਰੈਂਟ ਲਈ ਤੰਦੂਰੀਏ, ਕੁੱਕ, ਹੈਲਪਰਾਂ ਅਤੇ ਵੇਟਰਾਂ ਦੀ ਤੁਰੰਤ ਜ਼ਰੂਰਤ ਹੈ
ਚੰਗੀ ਤਨਖਾਹ ਤੇ ਰਿਹਾਇਸ਼ ਮੁਫਤ

*ਸੰਪਰਕ ਕਰੋ: ਕੁਲਵਿੰਦਰ ਸਿੰਘ*

**ਫੋਨ: 317-437-0367**



**Pinnacle Carriers, Inc**

**Now Hiring Drivers**

**ਡਰਾਈਵਰਾਂ ਦੀ ਲੋੜ ਹੈ**



***Team or Solo***
$2000 starting to Midwest
$300 quarterly driver safety bonus
$50 dot inspection bonus
$1000 sign in bonus (1 year)

***Requirements:***
*2 year old licensee *Reefer experience
*Clean DMV printout
Year round dedicated 1 pick 1 drop
Make $6000 - $7000 per month
$70,000 to $80,000 per year
Brand new equipment

Please Contact
**Ph: (916) 833-5022**

April



*"Ask us about the...*
**AARP® Auto Insurance Program from The Hartford."**

***NOW AVAILABLE IN YOUR AREA!***

**Find out more about the Special Benefits of The Hartford's Program for AARP members and our Competitive Rates!**



*Satwant Singh*

**You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.**
*-Satwant Singh!*

Call today for your FREE, no-obligation quote:
**+1-408-771-2438**

Satwant Singh: 2774 Aborn Rd,
San Jose, CA 95121
satwant@satwantins.com
www.satwantins.com
CA License# 0H11256

AARP® | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

*107792 2nd Rev*

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018



**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu

**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678



**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਬਾਦਲ ਨੇ ਮੋਦੀ ਸਰਕਾਰ ਦੀਆਂ ਨੀਤੀਆਂ ਨੂੰ ਵੰਗਾਰਿਆ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਨਾਲ ਅਣਦੇਖੀ ਵਾਲੇ ਰਵੱਈਏ ਲਈ ਕੇਂਦਰ ਵਿਚ ਭਾਈਵਾਲਾਂ ਦੀ ਸਰਕਾਰ ਨੂੰ ਵੰਗਾਰਿਆ ਹੈ। ਨਵੀਂ ਦਿੱਲੀ ਵਿਚ ਹੋਈ ਉਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਵਿਚ ਮੁੱਖ ਮੰਤਰੀ ਨੇ ਪਹਿਲੀ ਵਾਰ ਭਾਈਵਾਲਾਂ ਨਾਲ ਸਾਰੀ ਲਿਹਾਜ਼ਦਾਰੀ ਭੁੱਲ, ਭਾਜਪਾ ਦੀ ਅਗਵਾਈ ਵਾਲੀ ਨਰੇਂਦਰ ਮੋਦੀ ਸਰਕਾਰ ਦੀਆਂ ਨੀਤੀਆਂ 'ਤੇ ਖੜਕੇ-ਦੜਕੇ ਨਾਲ ਕਿੰਤੂ-ਪ੍ਰੰਤੂ ਕੀਤਾ ਹੈ। ਇਸ ਮੀਟਿੰਗ ਤੋਂ ਅਗਲੇ ਹੀ ਦਿਨ ਸ. ਬਾਦਲ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਉਨ੍ਹਾਂ ਦੀ ਦਿੱਲੀ ਵਿਚਲੀ ਰਿਹਾਇਸ਼ 'ਤੇ ਕੀਤੀ ਮੁਲਾਕਾਤ ਨੂੰ ਵੀ ਭਾਜਪਾ ਲਈ ਸਖਤ ਸੁਨੇਹਾ ਮੰਨਿਆ ਜਾ ਰਿਹਾ ਹੈ। ਸ. ਬਾਦਲ ਨੇ ਸੂਬੇ ਦੇ ਬੁਨਿਆਦੀ ਮੁੱਦਿਆਂ ਪੰਜਾਬੀ ਬੋਲਦੇ ਇਲਾਕੇ, ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਦੇਣ ਤੇ ਪਾਣੀਆਂ ਦੀ ਵੰਡ ਸਮੇਤ ਗੁਆਂਢੀ ਸੂਬਿਆਂ ਤੋਂ ਹੁੰਦੀ ਨਸ਼ਿਆਂ ਦੀ ਸਮਗਲਿੰਗ ਬਾਰੇ ਮੋਦੀ ਸਰਕਾਰ ਦੀ ਨੀਤੀ 'ਤੇ ਖਾਸੀ ਨਰਾਜ਼ਗੀ ਜਤਾਉਂਦੇ ਹੋਏ ਕਹਿ ਦਿੱਤਾ ਕਿ ਉਹ ਇਥੇ ਲੋਕਾਂ ਦੇ 'ਮਨ ਕੀ ਬਾਤ' ਕਰਨ ਆਏ ਹਨ।

ਪਿਛਲੇ ਦਸ ਮਹੀਨਿਆਂ ਦੌਰਾਨ ਕੇਂਦਰ ਸਰਕਾਰ ਨੇ ਪੰਜਾਬ ਨੂੰ ਵਿੱਤੀ, ਧਾਰਮਿਕ, ਕਿਸਾਨੀ



ਤੇ ਹੋਰ ਕਿਸੇ ਵੀ ਪੱਖੋਂ ਪੱਲਾ ਨਹੀਂ ਫੜਾਇਆ। ਇਥੋਂ ਤੱਕ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਵਿਸ਼ੇਸ਼ ਰਾਹਤ ਪੈਕੇਜ ਦੀਆਂ ਭੇਜੀਆਂ ਤਜਵੀਜ਼ਾਂ ਨੂੰ ਬੇਰੰਗ ਮੋੜ ਦਿੱਤਾ।

ਕੇਂਦਰ ਦੇ ਇਹ ਫੈਸਲੇ ਅਕਾਲੀ ਸਰਕਾਰ ਲਈ ਨਮੋਸ਼ੀ ਬਣ ਰਹੇ ਸਨ। ਅਕਾਲੀ ਦਲ ਨੇ ਲੋਕ ਸਭਾ ਚੋਣਾਂ ਵਿਚ ਲੋਕਾਂ ਨੂੰ ਭਰੋਸਾ ਦਿੱਤਾ ਸੀ ਕਿ ਕੇਂਦਰ ਵਿਚ ਉਨ੍ਹਾਂ ਦੇ ਭਾਈਵਾਲਾਂ ਦੀ ਸਰਕਾਰ ਆਈ ਤਾਂ ਪੰਜਾਬ ਵਿਚ ਟਰੱਕ ਭਰ-ਭਰ ਪੈਸੇ ਦੇ ਆਉਣਗੇ ਪਰ ਮੋਦੀ ਸਰਕਾਰ ਨੇ ਦਸ ਮਹੀਨੇ ਬੀਤਣ ਦੇ ਬਾਅਦ ਵੀ ਸੂਬੇ ਨੂੰ ਅਣਦੇਖਾ ਕਰੀ ਰੱਖਿਆ ਹੈ। ਇਥੋਂ ਤੱਕ ਕਿ ਕੇਂਦਰ ਵੱਲੋਂ ਲਏ ਤਾਜ਼ਾ ਫੈਸਲੇ ਆਰਥਿਕ ਤੰਗੀ ਵਿਚ ਘਿਰੀ ਪੰਜਾਬ ਸਰਕਾਰ ਨੂੰ ਕਾਫੀ ਮਹਿੰਗੇ ਪੈ ਰਹੇ ਹਨ। ਕੇਂਦਰ ਸਰਕਾਰ ਨੇ ਮਾਲੀ ਤੰਗੀ ਵਾਲੇ ਵਰਗ ਵਿਚੋਂ ਪੰਜਾਬ ਨੂੰ ਬਾਹਰ ਕਰ ਕੇ ਵੱਡਾ ਧੱਕਾ ਦਿੱਤਾ ਸੀ। ਇਸ ਤੋਂ ਇਲਾਵਾ ਐਫ.ਸੀ.ਆਈ. ਵੱਲੋਂ ਸੂਬੇ ਵਿਚੋਂ ਕਣਕ ਦੀ ਖ਼ਰੀਦ 50 ਫ਼ੀਸਦੀ ਘਟਾਉਣ ਤੇ ਜ਼ਮੀਨ ਪ੍ਰਾਪਤੀ ਆਰਡੀਨੈਂਸ ਵਰਗੇ ਕੇਂਦਰੀ ਫੈਸਲਿਆਂ ਦਾ ਬਾਦਲ ਸਰਕਾਰ ਨੂੰ ਜਵਾਬ ਦੇਣਾ ਔਖਾ ਹੋਇਆ ਹੈ। ਕੇਂਦਰ ਸਰਕਾਰ ਵੱਲੋਂ ਸਟੇਟ ਤੇ ਸੈਕਟਰ ਆਧਾਰਤ ਦਿੱਤੀਆਂ ਜਾਂਦੀਆਂ ਗ੍ਰਾਂਟਾਂ ਵਿਚੋਂ ਹੀ ਪੰਜਾਬ ਨੂੰ 700 ਕਰੋੜ ਰੁਪਏ ਘੱਟ ਮਿਲਣੇ ਹਨ।

ਪੰਜਾਬ ਵੱਲੋਂ ਫਸਲੀ ਵੰਨ-ਸੁਵੰਨਤਾ ਨੂੰ ਉਤਸ਼ਾਹਿਤ ਕਰਨ ਲਈ ਪੰਜ ਸਾਲ ਲਈ ਸੱਤ ਹਜ਼ਾਰ ਕਰੋੜ ਰੁਪਏ ਦੀ ਯੋਜਨਾ ਬਣਾਉਣ ਦੀ ਮੰਗ ਵੀ ਨਜ਼ਰਅੰਦਾਜ਼ ਕਰ ਦਿੱਤੀ ਗਈ। ਬਾਦਲ ਸਰਕਾਰ ਪੰਥਕ ਮੁੱਦਿਆਂ 'ਤੇ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੂੰ ਨਿਸ਼ਾਨਾ ਬਣਾਉਂਦੀ ਰਹੀ ਸੀ ਪਰ ਭਾਈਵਾਲਾਂ ਨੇ ਵੀ ਇਨ੍ਹਾਂ ਮੁੱਦਿਆਂ ਨੂੰ ਵਿਸਾਰ ਦਿੱਤਾ। ਸ. ਬਾਦਲ ਨੇ ਮੋਦੀ ਸਰਕਾਰ ਨਾਲ ਇਹ ਗਿਲਾ ਕਰਦਿਆਂ ਆਖ ਦਿੱਤਾ ਕਿ ਸਿੱਖਾਂ ਨੂੰ ਉਨ੍ਹਾਂ ਪਾਸੋਂ ਬਹੁਤ ਵੱਡੀਆਂ ਉਮੀਦਾਂ ਹਨ, ਪਰ ਇਸ ਪਾਸੇ ਕੋਈ ਵੀ ਕਦਮ ਨਹੀਂ ਚੁੱਕਿਆ ਗਿਆ। ਉਨ੍ਹਾਂ ਇਹ ਆਖ ਭਾਜਪਾ ਲੀਡਰਸ਼ਿਪ ਅੱਗੇ ਵੱਡੀ ਚੁਣੌਤੀ ਸੁੱਟੀ ਕਿ ਸਿੱਖ ਪੰਥ ਤੇ ਕਿਸਾਨ ਨਾਲ ਹੁੰਦਾ ਵਿਤਕਰਾ ਦੂਰ ਕਰਨਾ ਕੌਮੀ ਹਿੱਤ ਵਿਚ ਵੱਡਾ ਮਸਲਾ ਹੈ।

### ਬਹੁਮਤ ਪਿੱਛੋਂ ਹੌਸਲੇ ਹੋਏ ਬੁਲੰਦ?

ਸਿਆਸੀ ਮਾਹਿਰ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਿੱਲੀ ਵਿਚ ਪਹਿਲੀ ਵਾਰ ਮੋਦੀ ਸਰਕਾਰ ਦੀਆਂ ਪੰਜਾਬ ਬਾਰੇ ਨੀਤੀਆਂ ਦੇ ਕੀਤੇ ਵਿਰੋਧ ਨੂੰ ਹਾਲ ਹੀ ਵਿਚ ਹੋਈ ਧੂਰੀ ਉਪ ਚੋਣ ਵਿਚ ਅਕਾਲੀਆਂ ਦੀ ਬਿਹਤਰ ਕਾਰਗੁਜ਼ਾਰੀ ਮੰਨ ਰਹੇ ਹਨ। ਇਨ੍ਹਾਂ ਚੋਣਾਂ ਵਿਚ ਜਿੱਤ ਨਾਲ ਅਕਾਲੀ ਦਲ ਨੇ 117 ਸੀਟਾਂ ਵਾਲੀ ਪੰਜਾਬ ਵਿਧਾਨ ਸਭਾ ਵਿਚ 59 ਸੀਟਾਂ ਨਾਲ ਬਹੁਮਤ ਹਾਸਲ ਕਰ ਲਿਆ ਹੈ ਜਦਕਿ ਇਸ ਤੋਂ ਪਹਿਲਾਂ ਅਕਾਲੀ ਦਲ ਕੋਲ 58 ਵਿਧਾਇਕ ਸਨ ਤੇ ਉਸ ਨੂੰ ਭਾਜਪਾ ਦੇ ਸਹਾਰੇ ਦੀ ਲੋੜ ਸੀ। ਇਸ ਚੋਣ ਨੇ ਅਕਾਲੀਆਂ ਨੂੰ ਭਾਜਪਾ ਦੇ ਚੁੰਗਲ ਵਿਚੋਂ ਆਜ਼ਾਦ ਕਰ ਦਿੱਤਾ ਹੈ।

### ਕਾਂਗਰਸ ਵੱਲੋਂ ਬਾਦਲ ਦੀ 'ਦਲੇਰੀ' ਪਖੰਡ ਕਰਾਰ

ਪੰਜਾਬ ਕਾਂਗਰਸ ਨੇ ਮੁੱਖ ਮੰਤਰੀ ਬਾਦਲ ਦੀਆਂ ਕੇਂਦਰ ਖਿਲਾਫ ਬੇਬਾਕ ਟਿੱਪਣੀਆਂ ਨੂੰ ਪਖੰਡ ਦੱਸਿਆ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਹੈ ਕਿ ਸ. ਬਾਦਲ ਆਪਣੀ ਬਲੈਕਮੇਲ ਵਾਲੀ ਪੁਰਾਣੀ ਸਿਆਸਤ ਵੱਲ ਮੁੜ ਪਰਤ ਆਏ ਹਨ। ਪੰਥਕ ਮੁੱਦਿਆਂ ਨੂੰ ਆਪਣੇ ਨਿੱਜੀ ਹਿੱਤਾਂ ਲਈ ਉਠਾਉਣਾ ਬਾਦਲ ਦੀ ਪੁਰਾਣੀ ਆਦਤ ਹੈ।

# ਸਬਸਿਡੀ ਦਾ ਸਹੀ ਲਾਭ ਆਮ ਲੋਕਾਂ ਤੱਕ ਨਹੀਂ ਪੁੱਜ ਰਿਹਾ: ਸੁਬਰਾਮਨੀਅਨ

**ਚੰਡੀਗੜ੍ਹ:** ਭਾਰਤ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਡਾ. ਅਰਵਿੰਦ ਸੁਬਰਾਮਨੀਅਨ ਨੇ ਸੰਕੇਤ ਦਿੱਤੇ ਕਿ ਵਿੱਤ ਕਮਿਸ਼ਨ ਵੱਲੋਂ ਭਵਿੱਖ 'ਚ ਸੂਬਿਆਂ ਦੀਆਂ ਪੰਚਾਇਤੀ ਰਾਜ ਸੰਸਥਾਵਾਂ ਅਤੇ ਨਿਗਮਾਂ ਲਈ ਜਾਰੀ ਕੀਤੇ ਜਾਂਦੇ ਕੇਂਦਰੀ ਫੰਡਾਂ 'ਚੋਂ ਰਾਜ ਸਰਕਾਰਾਂ ਦੀ ਵਿਚੋਲਗੀ ਖ਼ਤਮ ਕਰਨ ਬਾਰੇ ਸੋਚਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਰਾਜਾਂ ਨੂੰ ਪੰਚਾਇਤੀ ਰਾਜ ਸੰਸਥਾਵਾਂ ਲਈ ਫੰਡ ਮਿਲ ਤਾਂ ਰਹੇ ਹਨ, ਪ੍ਰੰਤੂ ਉਹ ਫੰਡ ਪੰਚਾਇਤੀ ਰਾਜ ਸੰਸਥਾਵਾਂ ਤੱਕ ਨਾ ਪਹੁੰਚਣ ਕਾਰਨ ਉਹ ਮਕਸਦ ਪੂਰਾ ਨਹੀਂ ਹੁੰਦਾ।

ਡਾ. ਸੁਬਰਾਮਨੀਅਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ 'ਭਾਰਤ ਦਾ ਆਰਥਿਕ ਸਰਵੇਖਣ 2014-15' ਵਿਸ਼ੇ 'ਤੇ ਬੋਲ ਰਹੇ ਸਨ। ਇਸ ਮੌਕੇ ਅਰਥ ਸ਼ਾਸਤਰੀਆਂ ਅਤੇ ਵਿਦਿਆਰਥੀਆਂ ਵੱਲੋਂ ਪੁੱਛੇ ਸੁਆਲਾਂ ਦੇ ਜਵਾਬ 'ਚ ਡਾ. ਸੁਬਰਾਮਨੀਅਨ ਨੇ ਕਿਹਾ ਕਿ ਪੰਚਾਇਤੀ ਰਾਜ ਸੰਸਥਾਵਾਂ ਲਈ ਜਾਰੀ ਹੁੰਦੇ ਕੇਂਦਰੀ ਫੰਡ ਆਪਣੇ ਮੁਕਾਮ ਤੱਕ ਪਹੁੰਚ ਸਕਣ, ਇਸ ਨੂੰ ਯਕੀਨੀ ਬਣਾਉਣ ਲਈ 14ਵੇਂ ਵਿੱਤ ਕਮਿਸ਼ਨ 'ਚ ਵੀ ਕੁੱਝ ਸਿਫਾਰਿਸ਼ਾਂ ਰੱਖੀਆਂ ਗਈਆਂ ਹਨ, ਪ੍ਰੰਤੂ ਭਵਿੱਖ 'ਚ ਪੰਚਾਇਤੀ ਸੰਸਥਾਵਾਂ ਅਤੇ ਸ਼ਹਿਰੀ ਲੋਕ ਬਾਡੀਜ਼ ਨੂੰ ਫੰਡਾਂ ਦੀ ਸਿੱਧੀ ਅਦਾਇਗੀ ਬਾਰੇ ਸੋਚਿਆ ਜਾ ਰਿਹਾ ਹੈ।

ਉਨ੍ਹਾਂ ਕੇਂਦਰ ਵੱਲੋਂ ਦਿੱਤੀਆਂ ਜਾਂਦੀਆਂ ਸਬਸਿਡੀਆਂ ਬਾਰੇ ਵੀ ਅੰਕੜੇ ਪੇਸ਼ ਕੀਤੇ। ਉਨ੍ਹਾਂ ਦੱਸਿਆ ਕਿ ਰਸੋਈ ਗੈਸ ਲਈ ਦੇਸ਼ ਵਿਚ 23 ਹਜ਼ਾਰ 746 ਕਰੋੜ ਰੁਪਏ ਦੀ ਸਬਸਿਡੀ ਰਾਸ਼ੀ ਜਾਰੀ ਹੁੰਦੀ ਹੈ ਜੋ ਘਰੇਲੂ ਵਿਕਾਸ ਦਰ (ਜੀ.ਡੀ.ਪੀ.) ਦੀ 0.26 ਫ਼ੀਸਦੀ ਬਣਦੀ ਹੈ, ਪ੍ਰੰਤੂ 46 ਫ਼ੀਸਦੀ ਗਰੀਬੀ ਰੇਖਾ ਤੋਂ ਹੇਠਲੇ ਲੋਕ ਹੀ ਇਸ ਦਾ ਲਾਭ ਉਠਾਉਂਦੇ ਹਨ, ਜਦਕਿ ਸਬਸਿਡੀ ਦਾ ਬਾਕੀ ਲਾਭ ਉਹ ਲੋਕ ਉਠਾ ਰਹੇ ਹਨ ਜੋ ਇਸ ਦਾ ਲਾਭ ਹਾਸਿਲ ਕਰਨ ਦੇ ਯੋਗ ਨਹੀਂ। ਮੁਲਕ 'ਚ ਰੇਲਵੇ, ਕੈਰੋਸੀਨ,ਰਸੋਈ ਗੈਸ, ਚੌਲ, ਕਣਕ, ਬਿਜਲੀ, ਪਾਣੀ ਅਤੇ ਚੀਨੀ ਲਈ ਕੁੱਲ 377616 ਕਰੋੜ ਦੀ ਸਬਸਿਡੀ ਦਿੱਤੀ ਜਾਂਦੀ ਹੈ, ਪ੍ਰੰਤੂ ਇਸ ਰਾਸ਼ੀ ਦਾ ਲਾਭ ਸਹੀ ਲੋਕਾਂ ਤੱਕ ਨਹੀਂ ਪੁੱਜਦਾ। ਇਸ ਮੌਕੇ ਆਈ.ਈ.ਐਸ. ਅਧਿਕਾਰੀ ਡਾ. ਰੱਜਤ ਸੱਚਰ, ਪੰਜਾਬ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਅਰੁਨ ਗਰੋਵਰ ਮੌਜੂਦ ਸਨ।

# ਕੁਦਰਤ ਤੇ ਸਰਕਾਰਾਂ ਨੇ ਬੇਵੱਸ ਕੀਤੇ ਕਿਸਾਨ

*(ਸਫਾ ਇਕ ਦੀ ਬਾਕੀ)*

ਜ਼ਿਕਰਯੋਗ ਹੈ ਕਿ ਇਕ ਸਾਲ ਦੇ ਅੰਦਰ-ਅੰਦਰ ਕਿਸਾਨਾਂ ਨੂੰ ਦੋਹਰੀ ਆਫ਼ਤ ਝੱਲਣੀ ਹੈ ਰਹੀ ਹੈ। ਇਸ ਤੋਂ ਪਹਿਲਾਂ ਘੱਟ ਬਾਰਸ਼ ਕਾਰਨ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਪਾਲਣ ਲਈ ਜ਼ਿਆਦਾ ਖ਼ਰਚ ਕਰਨਾ ਪਿਆ। ਕੇਂਦਰ ਤੇ ਰਾਜ ਸਰਕਾਰ ਨੇ ਜ਼ਿਆਦਾ ਖ਼ਰਚ ਦੀ ਭਰਪਾਈ ਨਹੀਂ ਸੀ ਕੀਤੀ। ਇਸ ਵਾਰ ਵੀ ਕੁਦਰਤੀ ਆਫ਼ਤਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਅਜੇ ਤੱਕ ਫਾਈਲਾਂ ਤੱਕ ਸੀਮਤ ਹੈ। ਬਾਰਸ਼ਾਂ ਕਾਰਨ ਤੂੜੀ ਘੱਟ ਨਿਕਲਣ ਦਾ ਵੀ ਕਿਸਾਨਾਂ ਨੂੰ ਨੁਕਸਾਨ ਝੱਲਣਾ ਪੈ ਰਿਹਾ ਹੈ। ਪੰਜਾਬ ਵਿਚ ਕਣਕ ਦਾ ਔਸਤ ਉਤਪਾਦਨ 20.4 ਕੁਇੰਟਲ ਪ੍ਰਤੀ ਏਕੜ ਮੰਨਿਆ ਜਾਂਦਾ ਹੈ। ਬੀਤੇ ਸਾਲ ਕਣਕ ਦਾ ਉਤਪਾਦਨ ਆਮ ਨਾਲੋਂ 10 ਫ਼ੀਸਦ ਜ਼ਿਆਦਾ ਰਿਹਾ ਸੀ। ਕਿਸਾਨਾਂ ਨੇ 2014 ਵਿਚ ਪ੍ਰਤੀ ਏਕੜ 22 ਕੁਇੰਟਲ ਤੋਂ ਵਧੇਰੇ ਉਤਪਾਦਨ ਕੀਤਾ ਸੀ। ਪਿਛਲੇ ਸਾਲ ਕਣਕ ਦਾ 175 ਲੱਖ ਮੀਟ੍ਰਿਕ ਟਨ ਉਤਪਾਦਨ ਹੋਇਆ ਸੀ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਣਕ ਦੀ ਤੁਲਾਈ ਹੋਣ ਤੋਂ ਬਾਅਦ ਬੜੇ ਹੈਰਾਨੀਜਨਕ ਤੱਥ ਸਾਹਮਣੇ ਆਉਣ ਲੱਗੇ ਹਨ ਤੇ ਕਣਕ ਦਾ ਉਤਪਾਦਨ 150 ਲੱਖ ਮੀਟ੍ਰਿਕ ਟਨ ਤੋਂ ਹੇਠਾਂ ਰਹਿ ਸਕਦਾ ਹੈ। ਕਣਕ ਦੇ ਉਤਪਾਦਨ ਵਿਚ ਜੇਕਰ ਇੰਨੀ ਜ਼ਿਆਦਾ ਗਿਰਾਵਟ ਆਉਂਦੀ ਹੈ ਤਾਂ ਕਿਸਾਨਾਂ ਨੂੰ 3.5 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਝੱਲਣਾ ਪਵੇਗਾ।

# ਨੇਪਾਲ ਦੁਖਾਂਤ: ਹੁਣ ਜਿਉਂਦੇ ਬਚਿਆਂ ਲਈ ਸੰਘਰਸ਼

*(ਸਫਾ ਇਕ ਦੀ ਬਾਕੀ)*

ਹਨ ਕਿ ਉਹ ਹਸਪਤਾਲਾਂ ਦੇ ਅੰਦਰ ਇਲਾਜ ਕਰਵਾਉਣ ਨਾਲੋਂ ਤੰਬੂਆਂ ਵਿਚ ਇਲਾਜ ਕਰਵਾਉਣ ਨੂੰ ਤਰਜੀਹ ਦੇ ਰਹੇ ਹਨ। ਨੇਪਾਲ ਦੇ ਪ੍ਰਧਾਨ ਮੰਤਰੀ ਸੁਸ਼ੀਲ ਕੋਇਰਾਲਾ ਨੇ ਕਿਹਾ ਹੈ ਕਿ ਇਸ ਕੁਦਰਤੀ ਆਫਤ ਵਿਚ ਦਸ ਹਜ਼ਾਰ ਲੋਕਾਂ ਦੀ ਮੌਤ ਦਾ ਖਦਸ਼ਾ ਹੈ। ਕਾਠਮੰਡੂ ਵਿਚ ਲੋਕਾਂ ਨੇ ਖੁੱਲ੍ਹੀਆਂ ਥਾਂਵਾਂ ਮੱਲੀਆਂ ਹੋਈਆਂ ਹਨ ਤੇ ਜਿਥੇ ਵੀ ਥਾਂ ਮਿਲੀ, ਉਥੇ ਹੀ ਲੋਕਾਂ ਨੇ ਟੈਂਟ ਗੱਡ ਲਏ ਹਨ। ਘਰਾਂ ਤੋਂ ਬਾਹਰ ਰਹਿ ਰਹੇ ਲੋਕਾਂ ਨੂੰ ਮੱਛਰਾਂ, ਮੀਂਹ ਤੇ ਪਾਣੀ ਦੀ ਕਿੱਲਤ ਵਰਗੀਆਂ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਇਸ ਭੁਚਾਲ ਵਿਚ ਮ੍ਰਿਤਕਾਂ ਦੀ ਗਿਣਤੀ 1934 ਵਿਚ ਆਏ ਭੁਚਾਲ ਜਿਸ ਵਿਚ 8500 ਵਿਅਕਤੀ ਮਾਰੇ ਗਏ ਸਨ, ਤੋਂ ਵੀ ਵਧ ਸਕਦੀ ਹੈ। ਵਿਦੇਸ਼ੀ ਸਹਾਇਤਾ ਲਈ ਅਪੀਲ ਕਰਦਿਆਂ ਸ੍ਰੀ ਕੋਇਰਾਲਾ ਨੇ ਕਿਹਾ ਕਿ ਨੇਪਾਲ ਨੂੰ ਤੰਬੂਆਂ ਤੇ ਦਵਾਈਆਂ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਬਹੁਤ ਸਾਰੇ ਲੋਕ ਘਰਾਂ ਤੋਂ ਬਾਹਰ ਸੌਂ ਰਹੇ ਹਨ ਕਿਉਂਕਿ ਉਨ੍ਹਾਂ ਦੇ ਘਰ ਢਹਿ ਚੁੱਕੇ ਹਨ ਜਾਂ ਉਹ ਭੁਚਾਲ ਤੋਂ ਬਾਅਦ ਆ ਰਹੇ ਝਟਕੇ ਝੱਲਣ ਦੇ ਸਮਰੱਥ ਨਹੀਂ। ਭੁਚਾਲ ਨਾਲ 7000 ਵਿਅਕਤੀ ਜ਼ਖ਼ਮੀ ਹੋਏ ਹਨ। ਉਨ੍ਹਾਂ ਦਾ ਇਲਾਜ ਤੇ ਮੁੜ ਵਸੇਬਾ ਇਕ ਵੱਡੀ ਚੁਣੌਤੀ ਹੈ। ਨੇਪਾਲ ਵਿਚ ਬਚਾਅ ਤੇ ਰਾਹਤ ਕਾਰਜਾਂ ਵਿਚ ਮਦਦ ਲਈ ਨੇਪਾਲ ਵਿਚ ਸਭ ਤੋਂ ਪਹਿਲਾਂ ਪਹੁੰਚੇ ਵਿਦੇਸ਼ੀ ਸੰਗਠਨਾਂ ਵਿਚੋਂ ਇਕ ਭਾਰਤ ਦੀ ਕੌਮੀ ਬਿਪਤਾ ਨਿਪਟਾਊ ਟੀਮ (ਐਨ.ਡੀ.ਆਰ.ਐਫ.) ਦੇ ਮੁਖੀ ਨੇ ਕਿਹਾ ਕਿ ਲਾਸ਼ਾਂ ਲੱਭਣ ਵਿਚ ਵਕਤ ਲੱਗੇਗਾ। ਕਾਠਮੰਡੂ ਦੀਆਂ ਤੰਗ ਗਲੀਆਂ ਕਾਰਨ ਭਾਰੀ ਮਸ਼ੀਨਰੀ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਸਰਕਾਰ ਨੇ 9 ਜ਼ਿਲ੍ਹਿਆਂ ਨੂੰ ਸਭ ਤੋਂ ਵੱਧ ਪ੍ਰਭਾਵਤ ਐਲਾਨਿਆਂ ਹੈ। ਸਰਕਾਰ ਦਾ ਕਹਿਣਾ ਕਿ ਕੁਲ ਮਿਲਾ ਕੇ 60 ਜ਼ਿਲ੍ਹੇ ਪ੍ਰਭਾਵਿਤ ਹੋਏ ਹਨ।

**ਕੁਦਰਤੀ ਆਫ਼ਤਾਂ ਬਾਰੇ ਠੋਸ ਪੇਸ਼ੀਨਗੋਈ ਪਹੁੰਚ ਤੋਂ ਬਾਹਰ :** ਕੁਦਰਤੀ ਆਫ਼ਤਾਂ ਦੇ ਆਉਣ ਬਾਰੇ ਪੇਸ਼ੀਨਗੋਈ ਬਾਰੇ ਪੂਰੀ ਠੋਸ ਜਾਣਕਾਰੀ ਹਾਲੇ ਵੀ ਵਿਗਿਆਨੀਆਂ ਦੀ ਪਹੁੰਚ ਤੋਂ ਬਾਹਰ ਹੈ। ਉਨ੍ਹਾਂ ਵੱਲੋਂ ਬੇਮੌਸਮੀ ਬਰਸਾਤ, ਹੜ੍ਹਾਂ, ਔੜ, ਸੁਨਾਮੀ, ਤੂਫ਼ਾਨ ਤੇ ਭੂਚਾਲਾਂ ਆਦਿ ਬਾਰੇ ਪੇਸ਼ੀਨਗੋਈਆਂ ਦੇ ਮੱਦੇਨਜ਼ਰ ਸਰਕਾਰਾਂ ਇਨ੍ਹਾਂ ਦੇ ਕਹਿਰ ਤੋਂ ਬਚਾਅ ਲਈ ਪੁਖ਼ਤਾ ਇੰਤਜ਼ਾਮ ਕਰ ਸਕਦੀਆਂ ਹਨ, ਪਰ ਬਹੁਤੀ ਵਾਰੀ ਅਵੇਸਲਾਪਣ ਹਾਵੀ ਹੋ ਜਾਂਦਾ ਹੈ। ਵਿਗਿਆਨੀਆਂ ਵੱਲੋਂ ਪਿਛਲੇ ਕਈ ਵਰ੍ਹਿਆਂ ਤੋਂ ਹਿਮਾਲਾ ਖੇਤਰ ਵਿਚ ਵਿਕਾਸ ਦੇ ਨਾਂ ਉਤੇ ਉਸਾਰੇ ਜਾ ਰਹੇ ਕੰਕਰੀਟ ਦੇ ਜੰਗਲਾਂ ਨੂੰ ਨਿਯਮਿਤ ਕਰਨ ਲਈ ਚਿਤਾਵਨੀਆਂ ਦਿੱਤੀਆਂ ਜਾ ਰਹੀਆਂ ਸਨ ਪਰ ਹਿਮਾਲਿਆਈ ਖਿੱਤੇ ਦੀਆਂ ਸਰਕਾਰਾਂ ਦੇ ਕੰਨ ਉਤੇ ਜੂੰ ਨਹੀਂ ਸਰਕ ਰਹੀ।


**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਨੇਪਾਲ ਵਿਚ ਕੁਦਰਤ ਦਾ ਕਹਿਰ




## ਮੌਤਾਂ ਦੀ ਗਿਣਤੀ ਦਸ ਹਜ਼ਾਰ ਤੋਂ ਪਾਰ ਜਾਣ ਦਾ ਖਦਸ਼ਾ

**ਕਠਮੰਡੂ:** ਨੇਪਾਲ ਵਿਚ 81 ਸਾਲਾਂ ਬਾਅਦ ਆਏ ਇੰਨੀ ਵੱਡੀ ਪੱਧਰ ਦੀ ਤੀਬਰਤਾ ਵਾਲੇ ਭੂਚਾਲ ਨੇ ਸਭ ਕੁਝ ਤਹਿਸ-ਨਹਿਸ ਕਰ ਦਿੱਤਾ ਦਿੱਤਾ ਹੈ। ਰਿਕਟਰ ਪੈਮਾਨੇ 7.9 ਦੀ ਤੀਬਰਤਾ ਨਾਲ ਆਏ ਭੂਚਾਲ ਕਾਰਨ ਭਾਰੀ ਮਾਲੀ ਨੁਕਸਾਨ ਤੋਂ ਇਲਾਵਾ ਤਕਰੀਬਨ 10,000 ਤੋਂ ਵੱਧ ਵਿਅਕਤੀਆਂ ਦੀ ਮੌਤ ਦਾ ਖਦਸ਼ਾ ਹੈ ਜਦੋਂਕਿ ਭਾਰਤ ਦੇ ਬਿਹਾਰ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ ਤੇ ਅਸਾਮ ਸੂਬਿਆਂ ਵਿਚ ਵੀ ਕਾਫ਼ੀ ਮਾਲੀ ਨੁਕਸਾਨ ਤੋਂ ਇਲਾਵਾ ਸੱਤ ਦਰਜਨ ਤੋਂ ਵੱਧ ਲੋਕਾਂ ਦੇ ਮਾਰੇ ਗਏ। ਜਿੰਨੀ ਤਬਾਹੀ ਨੇਪਾਲ ਵਿਚ ਹੋਈ ਹੈ, ਓਨੀ ਇਸ ਦੇਸ਼ ਨੇ ਪਹਿਲਾਂ ਕਿਸੇ ਵੀ ਕੁਦਰਤੀ ਆਫ਼ਤ ਸਮੇਂ ਨਹੀਂ ਦੇਖੀ।

ਨੇਪਾਲੀ ਰਾਜਧਾਨੀ ਕਾਠਮੰਡੂ, ਪੋਖਰਾ ਤੇ ਹੋਰ ਕਈ ਸ਼ਹਿਰੀ ਜਾਂ ਦਿਹਾਤੀ ਇਲਾਕਿਆਂ ਵਿਚ ਇਮਾਰਤਾਂ ਜਾਂ ਤਾਂ ਧਰਤੀ 'ਤੇ ਵਿੱਛ ਗਈਆਂ ਹਨ ਤੇ ਜਾਂ ਫਿਰ ਤਰੇੜਾਂ ਤੇ ਦਰਾੜਾਂ ਕਾਰਨ ਰਹਿਣਯੋਗ ਨਹੀਂ ਰਹੀਆਂ। ਕੌਮੀ ਵਿਰਾਸਤ ਵਜੋਂ ਜਾਣਿਆ ਜਾਂਦਾ ਧਾਰਹਾਰਾ ਮੀਨਾਰ ਬਿਲਕੁਲ ਢਹਿ-ਢੇਰੀ ਹੋ ਗਿਆ। ਸ਼ਾਹੀ ਮਹਿਲ ਦੀਆਂ ਦੀਵਾਰਾਂ ਵਿਚ ਦਰਾੜਾਂ ਦੂਰੋਂ ਨਜ਼ਰ ਆਉਂਦੀਆਂ ਹਨ। ਸੜਕਾਂ ਜਾਂ ਤਾਂ ਧਰਤੀ ਵਿਚ ਧਸ ਗਈਆਂ ਹਨ ਤੇ ਜਾਂ ਫਿਰ ਟੁੱਟ ਗਈਆਂ ਹਨ। ਮ੍ਰਿਤਕਾਂ ਦੀ ਸ਼ਨਾਖ਼ਤ ਤੇ ਜ਼ਖ਼ਮੀਆਂ ਦੀ ਸੰਭਾਲ ਵਰਗੇ ਕਾਰਜ ਅਸੰਭਵ ਹੋਏ ਜਾਪ ਰਹੇ ਹਨ। ਸਰਕਾਰੀ ਤੰਤਰ ਅਜਿਹੇ ਕਹਿਰ ਨਾਲ ਸਿੱਝਣ ਦੀ ਸਥਿਤੀ ਵਿਚ ਨਹੀਂ। ਇਹ ਸਹੀ ਹੈ ਕਿ ਭਾਰਤ ਤੇ ਹੋਰ ਦੇਸ਼ਾਂ ਨੇ ਰਾਹਤ ਸਮੱਗਰੀ ਭਰਵੀਂ ਮਿਕਦਾਰ ਵਿਚ ਭੇਜਣੀ ਸ਼ੁਰੂ ਕਰ ਦਿੱਤੀ ਹੈ, ਪਰ ਭੂਚਾਲ ਤੋਂ ਬਾਅਦ ਦੇ ਝਟਕਿਆਂ ਦਾ ਸਿਲਸਿਲਾ ਜਾਰੀ ਰਹਿਣ ਕਾਰਨ ਹਰ ਪਾਸੇ ਭੈਅ ਭਾਰੂ ਹੈ। ਭੂਚਾਲ ਦਾ ਕੇਂਦਰ ਕਾਠਮੰਡੂ ਦੇ ਉਤਰ ਪੱਛਮ ਵਿਚ 80 ਕਿਲੋਮੀਟਰ ਦੂਰ ਲਾਮਜੰਗ ਵਿਚ ਸੀ ਤੇ ਇਸ ਦੇ ਝਟਕੇ ਭਾਰਤ, ਚੀਨ, ਭੂਟਾਨ ਤੇ ਪਾਕਿਸਤਾਨ ਵਿਚ ਵੀ ਮਹਿਸੂਸ ਕੀਤੇ ਗਏ। ਅਮਰੀਕਾ ਦੇ ਜੀਓਲੌਜੀਕਲ ਸਰਵੇ ਅਨੁਸਾਰ ਇਸ ਦੀ ਤੀਬਰਤਾ 7.9 ਮਾਪੀ ਗਈ। ਫੌਜ, ਪੁਲਿਸ ਤੇ ਹੰਗਾਮੀ ਸੇਵਾਵਾਂ ਵਾਲੇ ਕਾਮਿਆਂ ਨੂੰ ਰਾਹਤ ਕਾਰਜਾਂ ਵਿਚ ਲਾਇਆ ਗਿਆ ਹੈ ਤੇ ਜ਼ਖ਼ਮੀਆਂ ਨੂੰ ਹਸਪਤਾਲਾਂ ਪਹੁੰਚਾਇਆ ਜਾ ਰਿਹਾ ਹੈ। ਨੇਪਾਲ ਵਿਚ ਬਚਾਅ ਕਾਰਜਾਂ ਵਿਚ ਲੱਗੇ ਲੋਕ ਜਿਊਂਦੇ ਬਚੇ ਲੋਕਾਂ ਨੂੰ ਬਾਹਰ ਕੱਢਣ ਲਈ ਹੱਥਾਂ ਤੇ ਭਾਰੀ ਮਸ਼ੀਨਰੀ ਨਾਲ ਇਮਾਰਤਾਂ ਦਾ ਮਲਬਾ ਹਟਾ ਰਹੇ। ਇਸ ਤੋਂ ਇਲਾਵਾ ਮਾਊਂਟ ਐਵਰੈਸਟ ਉਤੇ 22 ਵਿਅਕਤੀ ਬਰਫ ਦਾ ਤੋਦਾ ਡਿਗਣ ਨਾਲ ਮਾਰੇ ਗਏ। ਨੇਪਾਲ ਦੇ ਸ਼ਹਿਰੀ ਵਿਕਾਸ ਮੰਤਰੀ ਨਰਾਇਣ ਖਟਕਰ ਨੇ ਦੱਸਿਆ ਕਿ ਤਾਜ਼ਾ ਅੰਕੜੇ ਦੱਸਦੇ ਹਨ ਕਿ 10000 ਤੋਂ ਵੀ ਵੱਧ ਲੋਕ ਮਾਰੇ ਗਏ ਤੇ 6000 ਜ਼ਖ਼ਮੀ ਹੋਏ ਹਨ। ਭਾਰਤ ਸਮੇਤ ਅੰਤਰਰਾਸ਼ਟਰੀ ਟੀਮਾਂ ਨੇਪਾਲ ਵਿਚ ਪਹੁੰਚ ਗਈਆਂ ਹਨ ਜਿਸ ਨੇ ਵਿਨਾਸ਼ ਨੂੰ ਦੇਖਦੇ ਹੋਏ ਐਮਰਜੈਂਸੀ ਲਾਗੂ ਕਰਨ ਦਾ ਐਲਾਨ ਕੀਤਾ ਹੈ।

ਕਠਮੰਡੂ ਵਾਦੀ ਇਕੱਲੀ ਵਿਚ ਹੀ 1053 ਵਿਅਕਤੀ ਮਾਰੇ ਗਏ ਹਨ। ਅਧਿਕਾਰੀਆਂ ਨੂੰ ਖਦਸ਼ਾ ਹੈ ਕਿ ਮ੍ਰਿਤਕਾਂ ਦੀ ਗਿਣਤੀ ਵਧ ਸਕਦੀ ਹੈ ਕਿਉਂਕਿ ਅਜੇ ਵੀ ਕਾਫੀ ਲੋਕ ਮਲਬੇ ਹੇਠ ਦੱਬੇ ਹੋਏ ਹਨ ਜਿਨ੍ਹਾਂ ਦੀ ਤੇਜ਼ੀ ਨਾਲ ਭਾਲ ਕੀਤੀ ਜਾ ਰਹੀ ਹੈ। ਭੂਚਾਲ ਨਾਲ ਬਰਫ ਦੇ ਤੋਦੇ ਡਿਗਣ ਕਾਰਨ ਵਿਦੇਸ਼ੀਆਂ ਸਮੇਤ 22 ਮਾਊਂਟ ਐਵਰੈਸਟ ਪ੍ਰਬਤਾਰੋਹੀ ਮਾਰੇ ਗਏ ਹਨ। ਨੇਪਾਲ ਦੇ ਹਸਪਤਾਲਾਂ ਤੋਂ ਮਰੀਜ਼ ਸੰਭਾਲੇ ਨਹੀਂ ਜਾ ਰਹੇ। ਵਿਸ਼ਵ ਭਰ ਤੋਂ ਸਹਾਇਤਾ ਟੀਮਾਂ ਨੇਪਾਲ ਪਹੁੰਚ ਗਈਆਂ ਹਨ।

## ਪਹਿਲਾਂ ਪਈ ਭੂਚਾਲ ਦੀ ਮਾਰ

J ਸੁਮਾਟਰਾ, 2004, ਸ਼ਿੱਦਤ 9.1, ਮੌਤਾਂ 2,27,898
J ਜਪਾਨ, 2011, ਸ਼ਿੱਦਤ 9.0, ਮੌਤਾਂ 20,896
J ਬਿਹਾਰ, 1934, ਸ਼ਿੱਦਤ 8.1, ਮੌਤਾਂ 10,700
J ਤਾਜਿਕਸਤਾਨ, 1907, ਸ਼ਿੱਦਤ 8.0, ਮੌਤਾਂ 12,000
J ਚੀਨ, 1931, ਸ਼ਿੱਦਤ 8.0, ਮੌਤਾਂ 10,000
J ਮੈਕਸੀਕੋ, 1985, ਸ਼ਿੱਦਤ 8.0, ਮੌਤਾਂ 9,500
J ਜਪਾਨ, 1923, ਸ਼ਿੱਦਤ 7.9, ਮੌਤਾਂ 1,42,800
J ਚੀਨ, 2008, ਸ਼ਿੱਦਤ 7.9, ਮੌਤਾਂ 87,587
J ਪੇਰੂ, 1970, ਸ਼ਿੱਦਤ 7.9, ਮੌਤਾਂ 70,000
ਫਿਲਪੀਨਜ਼, 1976, ਸ਼ਿੱਦਤ 7.9, ਮੌਤਾਂ 8,000
J ਚੀਨ, 1920, ਸ਼ਿੱਦਤ 7.8, ਮੌਤਾਂ 2,00,000
J ਤੁਰਕੀ, 1939, ਸ਼ਿੱਦਤ 7.8, ਮੌਤਾਂ 32,700
J ਚਿੱਲੀ, 1939, ਸ਼ਿੱਦਤ 7.8, ਮੌਤਾਂ 28,000
J ਇਰਾਨ, 1978, ਸ਼ਿੱਦਤ 7.8, ਮੌਤਾਂ 15,000
J ਅਲਜੀਰੀਆ, 1980, ਸ਼ਿੱਦਤ 7.7, ਮੌਤਾਂ 5,000
J ਮਕਬੂਜ਼ਾ ਕਸ਼ਮੀਰ, 2005, ਸ਼ਿੱਦਤ 7.6, ਮੌਤਾਂ 86,000
J ਚੀਨ, 1927, ਸ਼ਿੱਦਤ 7.6, ਮੌਤਾਂ 40,900
J ਪਾਕਿਸਤਾਨ, 1935, ਸ਼ਿੱਦਤ 7.6, ਮੌਤਾਂ 30,000
J ਗੁਜਰਾਤ, 2001, ਸ਼ਿੱਦਤ 7.6, ਮੌਤਾਂ 20,085
J ਤੁਰਕੀ, 1999, ਸ਼ਿੱਦਤ 7.6, ਮੌਤਾਂ 17,118
J ਚੀਨ, 1976, ਸ਼ਿੱਦਤ 7.5, ਮੌਤਾਂ 2,42,769
J ਗੁਆਟੇਮਾਲਾ, 1976, ਸ਼ਿੱਦਤ 7.5, ਮੌਤਾਂ 23,000
J ਕਾਂਗੜਾ, 1905, ਸ਼ਿੱਦਤ 7.5, ਮੌਤਾਂ 19,000
J ਤਾਜਿਕਸਤਾਨ, 1949, ਸ਼ਿੱਦਤ 7.5, ਮੌਤਾਂ 12,000
J ਚੀਨ, 1970, ਸ਼ਿੱਦਤ 7.5, ਮੌਤਾਂ 10,000
J ਚੀਨ, 1933, ਸ਼ਿੱਦਤ 7.5, ਮੌਤਾਂ 9,300
J ਇਰਾਨ, 1990, ਸ਼ਿੱਦਤ 7.4, ਮੌਤਾਂ 50,000
J ਅਰਜਨਟੀਨਾ, 1944, ਸ਼ਿੱਦਤ 7.4, ਮੌਤਾਂ 8,000

## ਭਾਰਤ 'ਚ ਗਈਆਂ 80 ਜਾਨਾਂ

ਭਾਰਤ ਦੇ ਕਈ ਹਿੱਸਿਆਂ ਵਿਚ ਆਏ ਜ਼ਲਜ਼ਲੇ ਨੇ 80 ਜਾਨਾਂ ਲੈ ਲਈਆਂ ਹਨ। ਬਿਹਾਰ ਵਿਚ ਸਭ ਤੋਂ ਵੱਧ 56 ਮੌਤਾਂ ਹੋਈਆਂ ਹਨ ਜਦਕਿ ਉਤਰ ਪ੍ਰਦੇਸ਼ ਵਿਚ 12 ਤੇ ਪੱਛਮੀ ਬੰਗਾਲ ਵਿਚ ਤਿੰਨ ਵਿਅਕਤੀ ਮਾਰੇ ਗਏ ਤੇ 237 ਫੱਟੜ ਹੋ ਗਏ। ਕਈ ਹੋਰ ਸੂਬਿਆਂ ਵਿਚ ਇਮਾਰਤਾਂ, ਦਰਖ਼ਤ ਤੇ ਖੰਭੇ ਡਿੱਗ ਗਏ। ਸੂਬਾ ਸਰਕਾਰਾਂ ਦੇ ਨਾਲ ਕੇਂਦਰ ਸਰਕਾਰ ਵੀ ਤੁਰੰਤ ਹਰਕਤ ਵਿਚ ਆ ਗਈ ਤੇ ਬਚਾਅ ਤੇ ਰਾਹਤ ਕਾਰਜਾਂ ਲਈ ਐਨ.ਡੀ.ਆਰ.ਐਫ. ਦੀਆਂ ਟੀਮਾਂ ਪ੍ਰਭਾਵਤ ਇਲਾਕਿਆਂ ਵਿਚ ਭੇਜ ਦਿੱਤੀਆਂ। ਭੂਚਾਲ ਦੇ ਝਟਕੇ ਕੋਚੀ, ਝਾਰਖੰਡ, ਮੱਧ ਪ੍ਰਦੇਸ਼, ਰਾਜਸਥਾਨ, ਗੁਜਰਾਤ, ਮਹਾਰਾਸ਼ਟਰ, ਦਿੱਲੀ, ਚੰਡੀਗੜ੍ਹ ਤੇ ਹੋਰ ਥਾਵਾਂ 'ਤੇ ਵੀ ਮਹਿਸੂਸ ਕੀਤੇ ਗਏ। ਦੋ ਵਾਰ ਆਏ ਝਟਕਿਆਂ ਕਰਕੇ ਹਫੜਾ ਦਫੜੀ ਦਾ ਮਾਹੌਲ ਬਣ ਗਿਆ ਤੇ ਲੋਕ ਖੁਲ੍ਹੀਆਂ ਥਾਵਾਂ ਵੱਲ ਨੂੰ ਭੱਜੇ। ਬਿਹਾਰ ਵਿਚ ਭੂਚਾਲ ਨਾਲ ਸਭ ਤੋਂ ਵੱਧ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ।

## ਸਦੀਆਂ ਪੁਰਾਣੀ ਵਿਰਾਸਤ ਹੋਈ ਤਬਾਹ

**ਕਾਠਮੰਡੂ:** ਨੇਪਾਲ ਵਿਚ ਭੂਚਾਲ ਕਾਰਨ ਜਿਥੇ ਮਨੁੱਖੀ ਜਾਨਾਂ ਦਾ ਵੱਡੇ ਪੱਧਰ ਉਤੇ ਨੁਕਸਾਨ ਹੋਇਆ, ਉਥੇ ਇਸ ਕੁਦਰਤੀ ਆਫ਼ਤ ਨੇ ਦੇਸ਼ ਦੀ ਵਿਰਾਸਤ ਨੂੰ ਵੱਡੀ ਢਾਹ ਲਾਈ। ਭੂਚਾਲ ਨੇ ਜਿਥੇ ਧਰਹਰਾ ਮੀਨਾਰ ਸਣੇ ਇਮਾਰਤ ਕਲਾਂ ਦੇ ਕਈ ਰਤਨਾਂ ਨੂੰ ਨੁਕਸਾਨ ਪਹੁੰਚਾਇਆ, ਇਥੇ 1934 ਵਿਚ 10 ਹਜ਼ਾਰ ਬਾਸ਼ਿੰਦਿਆਂ ਦੀਆਂ ਜਾਨਾਂ ਲੈਣ ਵਾਲੇ ਜ਼ਲਜ਼ਲੇ ਦੀ ਭਿਆਨਕਤਾ ਦਾ ਚੇਤਾ ਵੀ ਕਰਵਾ ਦਿੱਤਾ।



ਯੂਨੈਸਕੋ ਵੱਲੋਂ ਵਿਸ਼ਵ ਵਿਰਾਸਤ ਦਾ ਦਰਜਾ ਹਾਸਲ 19ਵੀਂ ਸਦੀ ਦੀ ਨੌਂ ਮੰਜ਼ਿਲਾ ਮੀਨਾਰ, ਜੋ ਕਦੇ ਸੈਲਾਨੀਆਂ ਨੂੰ ਕਾਠਮੰਡੂ ਵਾਦੀ ਦਾ ਸੁਹਾਵਣਾ ਦ੍ਰਿਸ਼ ਦਿਖਾਉਂਦੀ ਸੀ, ਉਹ 200 ਵਿਅਕਤੀਆਂ ਲਈ ਕਬਰਿਸਤਾਨ ਬਣ ਗਈ। 1832 ਵਿਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਭੀਮਸੇਨ ਥਾਪਾ ਵੱਲੋਂ ਬਣਾਈ ਇਹ ਮੀਨਾਰ 1934 ਵਿਚ 8.3 ਦੀ ਤੀਬਰਤਾ ਵਾਲੇ ਭੂਚਾਲ ਵਿਚ ਵੀ ਤਬਾਹ ਹੋ ਗਈ ਸੀ। ਇਸ ਦਾ ਬਾਅਦ ਵਿਚ ਮੁੜ ਨਿਰਮਾਣ ਕਰਵਾਇਆ ਗਿਆ ਸੀ। ਇਸ ਕੁਦਰਤੀ ਆਫ਼ਤ ਕਾਰਨ ਪਾਟਨ ਤੇ ਭਖਤਾਪੁਰ ਦੇ ਦਰਬਾਰ ਸਕੁਏਰ, ਸਵੈਭੂ ਦੇ ਬੁੱਧ ਸਤੂਪ ਤੇ ਬੁੱਧਨਾਥ ਤੇ ਪਸ਼ੂਪਤੀ ਮੰਦਰ ਨੂੰ ਨੁਕਸਾਨ ਪੁੱਜਿਆ। 1934 ਵਿਚ ਤਬਾਹੀ ਤੋਂ ਬਾਅਦ ਬਣਾਇਆ ਇਤਿਹਾਸਕ ਘੰਟਾਘਰ ਹੁਣ ਫਿਰ ਇਤਿਹਾਸ ਦੇ ਪੰਨਿਆਂ ਵਿਚ ਗਰਕ ਗਿਆ ਹੈ। ਜ਼ਲਜ਼ਲੇ ਕਾਰਨ ਕਾਸਠਾਮੰਡਪ ਸਣੇ ਕਈ ਹਿੰਦੂ ਮੰਦਰ ਵੀ ਤਬਾਹ ਹੋ ਗਏ। ਇਨ੍ਹਾਂ ਵਿਚ ਪੰਚਤਾਲੇ ਮੰਦਰ, ਨੌਂ ਮੰਜ਼ਿਲਾ ਬਸੰਤਪੁਰ ਦਰਬਾਰ, ਦਸ ਅਵਤਾਰ ਮੰਦਰ, ਕ੍ਰਿਸ਼ਨਾ ਮੰਦਰ ਢਹਿ ਢੇਰੀ ਹੋ ਗਏ। ਕਾਸਠਾਮੰਡਪ ਤੋਂ ਹੀ ਕਾਠਮੰਡੂ ਦਾ ਨਾਂ ਪਿਆ। ਇਹ 16ਵੀਂ ਸਦੀ ਵਿਚ ਲੱਕੜੀ ਨਾਲ ਬਣਾਇਆ ਗਿਆ ਸੀ।

## ਭਾਰਤੀ ਉਪ ਮਹਾਂਦੀਪ 'ਚ ਸਭ ਤੋਂ ਵੱਧ ਖਤਰਾ

**ਨਵੀਂ ਦਿੱਲੀ:** ਨੇਪਾਲ ਤੇ ਭਾਰਤ ਵਿਚ ਆਏ ਭੂਚਾਲ ਨੂੰ ਲੈ ਕੇ ਭਾਰਤ ਦੇ ਭੂ ਵਿਗਿਆਨੀ ਲੰਮੇ ਸਮੇਂ ਤੋਂ ਸਰਗਰਮ ਸਨ। ਭਾਰਤੀ ਉਪ ਮਹਾਦੀਪ ਵਿਚ ਭੂਚਾਲ ਦਾ ਸਭ ਤੋਂ ਵੱਧ ਖ਼ਤਰਾ ਰਹਿੰਦਾ ਹੈ ਕਿਉਂਕਿ ਧਰਤੀ ਹੇਠਲੀਆਂ ਪਰਤਾਂ ਵਿਚ ਸਭ ਤੋਂ ਵੱਧ ਗੜਬੜ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਵਿਚ ਭੂਚਾਲ ਪੱਖੋਂ ਕੋਈ ਵੀ ਸੁਰੱਖਿਅਤ ਜ਼ੋਨ ਨਹੀਂ ਹੈ ਕਿਉਂਕਿ ਭੂਚਾਲ ਦੀ ਭਵਿੱਖਬਾਣੀ ਤੇ ਉਸ ਦੀ ਸਟੀਕ ਜਾਣਕਾਰੀ ਦੇਣਾ ਬਹੁਤ ਮੁਸ਼ਕਲ ਹੈ। ਭਾਰਤੀ ਮੌਸਮ ਵਿਭਾਗ ਮੁਤਾਬਕ ਦੁਨੀਆ ਵਿਚ ਕਿਤੇ ਵੀ ਅਜਿਹੀ ਕੋਈ ਵਿਗਿਆਨਕ ਤਕਨੀਕ ਨਹੀਂ ਜੋ ਭੂਚਾਲ ਦੇ ਝਟਕਿਆਂ ਬਾਰੇ ਜਾਣਕਾਰੀ ਦੇ ਸਕੇ। ਭਾਰਤ ਦੇ ਕਈ ਹਿੱਸੇ ਜ਼ੋਨ ਚਾਰ ਤੇ ਪੰਜ ਵਿਚ ਪੈਂਦੇ ਹਨ। ਉਤਰੀ ਭਾਰਤ, ਉਤਰ ਪੂਰਬ ਤੇ ਉਤਰੀ ਪਾਕਿਸਤਾਨ ਦੇ ਇਲਾਕਿਆਂ ਨੂੰ ਭੂਚਾਲ ਤੋਂ ਵੱਧ ਖ਼ਤਰਾ ਰਹਿੰਦਾ ਹੈ। ਮੌਸਮ ਵਿਭਾਗ ਅਨੁਸਾਰ ਹਿਮਾਲਿਆ ਦੇ ਖੇਤਰ ਵਿਚ ਭੂਚਾਲ ਆਉਣਾ ਯਕੀਨੀ ਸੀ ਕਿਉਂਕਿ ਧਰਤੀ ਹੇਠਾਂ ਪਰਤਾਂ ਵਿਚ ਭਾਰੀ ਬਦਲਾਅ ਹੋ ਰਿਹਾ ਸੀ। ਪਹਿਲਾਂ ਵੀ ਕਈ ਤਬਾਹੀ ਵਾਲੇ ਭੂਚਾਲ ਇਸ ਇਲਾਕੇ ਵਿਚ ਆਏ ਹਨ।

## ਬਿਪਤਾ ਮਾਰਿਆਂ ਦੀ ਮਦਦ ਲਈ ਅੱਗੇ ਆਇਆ ਸਿੱਖ ਭਾਈਚਾਰਾ

**ਅੰਮ੍ਰਿਤਸਰ:** ਨੇਪਾਲ ਵਿਚ ਕੁਦਰਤੀ ਕਹਿਰ ਕਾਰਨ ਬੇਘਰ ਹੋਏ ਲੋਕਾਂ ਦੀ ਮਦਦ ਲਈ ਸਿੱਖ ਭਾਈਚਾਰਾ ਅੱਗੇ ਆਇਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰੋਜ਼ਾਨਾ ਭੋਜਨ ਦੇ 50,000 ਪੈਕੇਟ ਹਵਾਈ ਜਹਾਜ਼ਾਂ ਰਾਹੀਂ ਨੇਪਾਲ ਵਿਚ ਭੂਚਾਲ ਪੀੜਤਾਂ ਲਈ ਭੇਜੇ ਜਾਇਆ ਕਰਨਗੇ। ਦੋਹਾਂ ਸਿਰਮੌਰ ਸੰਸਥਾਵਾਂ ਵੱਲੋਂ ਰੋਜ਼ ਭੋਜਨ ਦੇ 25-25 ਹਜ਼ਾਰ ਪੈਕੇਟ ਨੇਪਾਲ ਭੇਜੇ ਜਾਣ ਤੋਂ ਇਲਾਵਾ ਲਾਂਗਰੀਆਂ ਦੀਆਂ ਟੀਮਾਂ ਵੀ ਨੇਪਾਲ ਭੇਜੀਆਂ ਜਾ ਰਹੀਆਂ ਹਨ ਤਾਂ ਜੋ ਉਥੇ ਹੀ ਲੰਗਰ ਤਿਆਰ ਕਰਕੇ ਪੀੜਤਾਂ ਨੂੰ ਮੁਹੱਈਆ ਕਰਵਾਇਆ ਜਾ ਸਕੇ। ਇਥੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਲੰਗਰ ਦੇ 10,000 ਪੈਕੇਟ ਭੇਜੇ ਜਾਣ ਮੌਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦਿੱਲੀ ਕਮੇਟੀ ਦੀ ਇਕ ਟੀਮ ਨੇਪਾਲ ਲਈ ਰਵਾਨਾ ਹੋ ਗਈ ਹੈ ਜੋ ਉਥੇ ਲੰਗਰ ਸ਼ੁਰੂ ਕਰਨ ਲਈ ਢੁੱਕਵੀਂ ਥਾਂ ਦੀ ਚੋਣ ਕਰੇਗੀ। ਉਨ੍ਹਾਂ ਕਿਹਾ ਕਿ ਨੇਪਾਲ ਵਿਖੇ ਭੂਚਾਲ ਨਾਲ ਭਾਰੀ ਤਬਾਹੀ ਹੋਣਾ ਦੁਖਦਾਈ ਹੈ ਤੇ ਇਸ ਔਖੀ ਘੜੀ ਵਿਚ ਸਾਰਾ ਪੰਜਾਬੀ ਭਾਈਚਾਰਾ ਨੇਪਾਲੀ ਲੋਕਾਂ ਦੇ ਨਾਲ ਖੜ੍ਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਠਮੰਡੂ ਵਿਚ ਭੂਚਾਲ ਨਾਲ ਹੋਏ ਸਿੱਖ ਭਾਈਚਾਰੇ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਚਾਰ ਮੈਂਬਰੀ ਕਮੇਟੀ ਕਾਠਮੰਡੂ ਭੇਜੀ ਹੈ। ਸ਼੍ਰੋਮਣੀ ਕਮੇਟੀ ਦੇ ਪਬਲੀਸਿਟੀ ਇੰਚਾਰਜ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਕਾਠਮੰਡੂ ਵਿਚ ਸਿਖ ਭਾਈਚਾਰਾ ਕਾਫੀ ਵੱਡੀ ਗਿਣਤੀ ਵਿਚ ਰਹਿੰਦਾ ਹੈ। ਇਸੇ ਕਰਕੇ ਹੀ ਸਿੱਖ ਮਿਸ਼ਨ ਕਾਇਮ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਾਠਮੰਡੂ ਵਿਚ ਇਤਿਹਾਸਕ ਗੁਰਦੁਆਰੇ ਵੀ ਹਨ। ਇਹ ਟੀਮ ਉਥੇ ਸਿੱਖ ਭਾਈਚਾਰੇ ਦੇ ਹੋਏ ਨੁਕਸਾਨ ਦਾ



ਜਾਇਜ਼ਾ ਲਵੇਗੀ ਤੇ ਵਾਪਸ ਆ ਕੇ ਆਪਣੀ ਰਿਪੋਰਟ ਪੇਸ਼ ਕਰੇਗੀ। ਉਧਰ ਸਰਬੱਤ ਦਾ ਭਲਾ ਟਰੱਸਟ ਦੇ ਮੈਨੇਜਿੰਗ ਟਰੱਸਟੀ ਐਸ.ਪੀ. ਸਿੰਘ ਉਬਰਾਏ ਮੁਤਾਬਕ ਜਿਸ ਵਕਤ ਭੂਚਾਲ ਆਇਆ ਤੇ ਇਮਾਰਤਾਂ ਟੁੱਟੀਆਂ। ਉਸ ਵਕਤ ਕੁਪਨਟੋਲ ਦੇ ਗੁਰੂ ਘਰ ਵਿਚ 850 ਦੇ ਕਰੀਬ ਲੋਕਾਂ ਨੇ ਸ਼ਰਨ ਲਈ ਜਿਨ੍ਹਾਂ ਨੂੰ ਉੱਥੇ ਟੈਂਟ ਲਗਾ ਕੇ ਰੱਖਿਆ ਗਿਆ ਹੈ।

## ਔਖੇ ਵੇਲੇ ਗੁਆਂਢੀ ਮੁਲਕ ਨਾਲ ਖੜ੍ਹਿਆ ਭਾਰਤ

**ਨਵੀਂ ਦਿੱਲੀ:** ਨੇਪਾਲ ਵਿਚ ਆਏ ਭੂਚਾਲ ਤੋਂ ਬਾਅਦ ਗੁਆਂਢੀ ਦੇਸ਼ ਦੀ ਮਦਦ ਲਈ ਭਾਰਤ ਨੇ ਰਾਹਤ ਸਮੱਗਰੀ ਤੇ 40 ਮੈਂਬਰੀ ਰਾਹਤ ਟੀਮ ਭੇਜੀ ਹੈ। ਵਿਦੇਸ਼ ਮੰਤਰਾਲੇ ਨੇ 24 ਘੰਟੇ ਚੱਲਣ ਵਾਲਾ ਕੰਟਰੋਲ ਰੂਮ ਸਥਾਪਤ ਕੀਤਾ ਹੈ ਤਾਂ ਕਿ ਆਪਣੇ ਨਾਗਰਿਕਾਂ ਨੂੰ ਸੂਚਨਾ ਤੇ ਹੋਰ ਸਹਾਇਤਾ ਮੁਹੱਈਆ ਕਰਵਾਈ ਜਾ ਸਕੇ। ਭਾਰਤ ਦੇ ਰੱਖਿਆ ਮੰਤਰੀ ਮਨੋਹਰ ਪਰੀਕਰ ਨੇ ਕਿਹਾ ਕਿ ਸਰਕਾਰ ਦਾ ਪਹਿਲਾ ਉਦੇਸ਼ ਗੁਆਂਢੀ ਮੁਲਕ ਦੀ ਔਖੇ ਵੇਲੇ ਮਦਦ ਕਰਨਾ ਹੈ। ਉਨ੍ਹਾਂ ਕਿਹਾ ਕਿ ਭਾਰਤ ਹਮੇਸ਼ਾ ਦੂਜੇ ਦੇਸ਼ਾਂ ਦੀ ਔਖੀ ਘੜੀ ਵਿਚ ਨਾਲ ਖੜ੍ਹਾ ਹੈ ਤੇ ਹੁਣ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਇਸ ਬਾਰੇ ਹੋਰ ਮਦਦਗਾਰ ਕਦਮ ਚੁੱਕੇ ਹਨ। ਇਸ ਕੰਮ ਵਿਚ ਹਵਾਈ ਸੈਨਾ ਵੀ ਡਟੀ ਹੋਈ ਹੈ। ਭਾਰਤ ਨੇ ਕਿਹਾ ਕਿ ਉਹ ਭੂਚਾਲ ਤੋਂ ਪੀੜਤ ਨੇਪਾਲ ਦੇ ਲੋਕਾਂ ਦੇ ਹੰਝੂ ਪੂੰਝਣ ਦੀ ਕੋਸ਼ਿਸ਼ ਕਰੇਗਾ ਤੇ ਇਸ ਬਿਪਤਾ ਦੀ ਘੜੀ ਵਿਚ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਲਈ ਉਨ੍ਹਾਂ ਨਾਲ ਖੜ੍ਹਾ ਰਹੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 7ਵੀਂ ਵਾਰ ਅਕਾਸ਼ਬਾਣੀ 'ਤੇ ਦੇਸ਼ਵਾਸੀਆਂ ਨਾਲ 'ਮਨ ਕੀ ਬਾਤ' ਵਿਚ ਕਿਹਾ ਕਿ ਨੇਪਾਲ ਦੇ ਮੇਰੇ ਭੈਣੋ-ਭਰਾਵੋ ਦੁੱਖ ਦੀ ਘੜੀ ਵਿਚ ਭਾਰਤ ਤੁਹਾਡੇ ਨਾਲ ਹੈ। 125 ਕਰੋੜ ਭਾਰਤੀਆਂ ਲਈ ਨੇਪਾਲ ਉਨ੍ਹਾਂ ਦਾ ਆਪਣਾ ਹੈ। ਭਾਰਤ ਹਰੇਕ ਨੇਪਾਲੀ ਦੇ ਹੰਝੂ ਪੂੰਝਣ ਲਈ ਹਰ ਸੰਭਵ ਯਤਨ ਕਰੇਗਾ ਤੇ ਉਨ੍ਹਾਂ ਨਾਲ ਖੜ੍ਹੇਗਾ।

# ਪੰਜਾਬ ਸਰਕਾਰ ਦੀ ਅੱਖ ਹੁਣ ਪੰਚਾਇਤੀ ਜ਼ਮੀਨਾਂ ਉਤੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਨਿਵੇਸ਼ ਕਰਨ ਵਾਲੇ ਉਦਯੋਗਪਤੀਆਂ ਲਈ ਸਸਤੀ ਜ਼ਮੀਨ ਦਾ ਜੁਗਾੜ ਕਰ ਲਿਆ ਹੈ। ਸੂਬਾ ਸਰਕਾਰ ਨੇ 'ਦਿ ਵਿਲੇਜ ਕਾਮਨ ਲੈਂਡ ਰੈਗੂਲੇਸ਼ਨ' (ਰੂਲਜ਼), ਐਕਟ 1964 ਵਿਚ ਸੋਧ ਕਰਕੇ ਨਿਵੇਸ਼ ਪ੍ਰੋਜੈਕਟਾਂ ਲਈ ਠੇਕੇ ਉਤੇ ਦਿੱਤੀ ਜ਼ਮੀਨ ਦਾ 75 ਫ਼ੀਸਦੀ ਹਿੱਸਾ ਅੱਗੋਂ ਠੇਕੇ ਉੱਤੇ ਦੇਣ ਦੀ ਮਨਜ਼ੂਰੀ ਦੇ ਦਿੱਤੀ ਹੈ। ਸਰਕਾਰ ਦਾ ਮੰਨਣਾ ਹੈ ਕਿ ਪੰਜਾਬ ਵਿਚ ਜ਼ਮੀਨਾਂ ਮਹਿੰਗੀਆਂ ਹੋਣ ਕਰਕੇ ਉਦਯੋਗਪਤੀਆਂ ਨੂੰ ਨਿਵੇਸ਼ ਕਰਨ ਵਿਚ ਮੁਸ਼ਕਿਲ ਆ ਰਹੀ ਸੀ। ਹੁਣ ਪੰਚਾਇਤਾਂ ਤੋਂ ਖੇਤੀ ਲਈ ਦਿੱਤੇ ਜਾ ਰਹੇ ਠੇਕੇ ਵਾਲੀ ਰਕਮ ਉੱਤੇ ਹੀ 33 ਸਾਲਾਂ ਲਈ ਜ਼ਮੀਨ ਲੀਜ਼ ਉੱਤੇ ਲੈ ਕੇ ਅੱਗੋਂ ਵਪਾਰਕ ਰੇਟ ਉੱਤੇ 75 ਫ਼ੀਸਦੀ ਹਿੱਸਾ ਦੇਣ ਦਾ ਅਧਿਕਾਰ ਨਿਵੇਸ਼ਕਾਂ ਨੂੰ ਮਿਲ ਗਿਆ ਹੈ। ਇਹ ਫੈਸਲਾ ਉਸ ਵਕਤ ਲਿਆ ਗਿਆ ਹੈ ਜਦੋਂ ਦੇਸ਼ ਵਿਚ ਭੂਮੀ ਗ੍ਰਹਿਣ ਆਰਡੀਨੈਂਸ ਉੱਤੇ ਸਿਆਸੀ ਮਾਹੌਲ ਗਰਮਾਇਆ ਹੋਇਆ ਹੈ। ਇਸ ਵਿਰੋਧ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਆਰਡੀਨੈਂਸ ਵਿਚੋਂ ਜ਼ਮੀਨ ਲੈਣ ਵੇਲੇ 80 ਫ਼ੀਸਦੀ ਕਿਸਾਨਾਂ ਦੀ ਸਹਿਮਤੀ ਦੀ ਧਾਰਾ ਬਾਹਰ ਕੱਢ ਦਿੱਤੀ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਕਈ ਵਾਰ ਐਲਾਨ ਕਰ ਚੁੱਕੇ ਹਨ ਕਿ ਸੂਬੇ ਵਿਚ ਕਿਸਾਨਾਂ ਦੀ ਰਾਇ ਤੋਂ ਬਿਨਾਂ ਜ਼ਮੀਨ ਹਾਸਲ ਨਹੀਂ ਕੀਤੀ ਜਾਵੇਗੀ ਪਰ ਸਰਕਾਰ ਨੇ ਪੰਚਾਇਤੀ ਜ਼ਮੀਨ ਦੇ ਮਾਮਲੇ ਵਿਚ ਇਹੀ ਫਾਰਮੂਲਾ ਲਾਗੂ ਕਰਨ ਬਾਰੇ ਚੁੱਪ ਧਾਰ ਲਈ ਹੈ। ਭੂਮੀ ਗ੍ਰਹਿਣ ਕਾਨੂੰਨ ਦਾ ਇਕ ਵੱਡਾ ਪਹਿਲੂ ਇਹ ਵੀ ਹੈ ਕਿ ਦੋ ਫ਼ਸਲੀ ਜ਼ਮੀਨ ਗ੍ਰਹਿਣ ਨਹੀਂ ਕੀਤੀ ਜਾਵੇਗੀ। ਪੰਜਾਬ ਦੀਆਂ ਪੰਚਾਇਤਾਂ ਦੀ ਜ਼ਮੀਨ ਦੋ ਫ਼ਸਲੀ ਹੈ। ਗਊਸ਼ਾਲਾ ਵਾਸਤੇ ਤਾਂ ਖੇਤੀ ਵਾਲੀ ਜ਼ਮੀਨ ਦੇ ਠੇਕੇ ਦੇ ਬਰਾਬਰ ਵੀ ਰੇਟ ਨਹੀਂ ਦਿੱਤਾ ਜਾ ਰਿਹਾ ਹੈ।



ਪੰਚਾਇਤ ਦੀ ਜ਼ਮੀਨ ਮੂਲ ਰੂਪ ਵਿਚ ਮਾਲੀਆ ਇਕੱਠਾ ਕਰਕੇ ਪਿੰਡ ਦੀ ਭਲਾਈ ਲਈ ਵਰਤੇ ਜਾਣ ਵਾਸਤੇ ਛੱਡੀ ਗਈ ਸੀ। ਪੰਜਾਬ ਵਿਚ ਇਸ ਮੌਕੇ 170003 ਏਕੜ ਪੰਚਾਇਤੀ ਜ਼ਮੀਨ ਹੈ। ਇਸ ਵਿਚੋਂ 14626 ਏਕੜ ਜ਼ਮੀਨ ਠੇਕੇ ਉੱਤੇ ਦਿੱਤੀ ਜਾਂਦੀ ਹੈ। 9243 ਏਕੜ ਜ਼ਮੀਨ ਪਹਿਲਾਂ ਹੀ ਨਜ਼ਾਇਜ਼ ਕਬਜ਼ਿਆਂ ਹੇਠ ਹੈ। ਬੋਲੀ ਤੋਂ ਪੰਚਾਇਤਾਂ ਦੇ ਖਾਤਿਆਂ ਵਿਚ ਤਿੰਨ ਸੌ ਕਰੋੜ ਦੇ ਲਗਪਗ ਪੈਸਾ ਆਇਆ। ਸਰਕਾਰ ਦੇ ਫ਼ੈਸਲੇ ਮੁਤਾਬਕ ਇਸ ਦਾ 22 ਫ਼ੀਸਦੀ ਹਿੱਸਾ ਪੰਚਾਇਤ ਵਿਭਾਗ ਕੋਲ ਚਲਾ ਗਿਆ ਜੋ ਪੰਚਾਇਤ ਸੰਮਤੀ ਦੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਤੇ ਹੋਰ ਕੰਮਾਂ ਲਈ ਇਸਤੇਮਾਲ ਕੀਤਾ ਜਾਂਦਾ ਹੈ। ਕਾਨੂੰਨ ਅਨੁਸਾਰ ਇਸ ਜ਼ਮੀਨ ਦੇ ਇਕ ਤਿਹਾਈ ਹਿੱਸੇ ਉੱਤੇ ਅਨੁਸੂਚਿਤ ਜਾਤੀ ਨਾਲ ਸਬੰਧਤ ਲੋਕਾਂ ਦਾ ਹੱਕ ਹੈ। ਪਿਛਲੇ ਦਿਨਾਂ ਤੋਂ ਪੰਜਾਬ ਵਿਚ ਦਲਿਤ ਚੇਤਨਾ ਦੇ ਕਾਰਨ ਇਸ ਜ਼ਮੀਨ ਉੱਤੇ ਹੱਕ ਹਾਸਲ ਕਰਨ ਦੇ ਅੰਦੋਲਨ ਵੀ ਸ਼ੁਰੂ ਹੋਏ ਹਨ। ਨਵੀਆਂ ਸੋਧਾਂ ਦੇ ਮੱਦੇਨਜ਼ਰ ਉਦਯੋਗਾਂ ਦਾ ਰੁਝਾਨ ਭੂਮੀ ਗ੍ਰਹਿਣ ਕਾਨੂੰਨ ਤਹਿਤ ਜ਼ਮੀਨ ਖ਼ਰੀਦਣ ਦੇ ਬਜਾਏ ਪੰਚਾਇਤੀ ਜ਼ਮੀਨ ਲੀਜ਼ ਉੱਤੇ ਲੈਣ ਵੱਲ ਹੋਣਾ ਸੁਭਾਵਿਕ ਹੈ ਕਿਉਂਕਿ ਸੂਬੇ ਵਿਚ ਜ਼ਮੀਨ ਦਾ ਮਾਰਕੀਟ ਰੇਟ ਬਹੁਤ ਜ਼ਿਆਦਾ ਹੈ। ਪੰਜਾਬ ਦੇ ਪੰਚਾਇਤੀ ਪ੍ਰਬੰਧ ਵਿਚ ਭ੍ਰਿਸ਼ਟਾਚਾਰ ਕੋਈ ਛੁਪਿਆ ਹੋਇਆ ਨਹੀਂ ਹੈ। ਲਿਹਾਜ਼ਾ ਕੰਪਨੀਆਂ ਵੱਲੋਂ ਪੰਚਾਇਤੀ ਨੁਮਾਇੰਦਿਆਂ ਨੂੰ ਜ਼ਮੀਨ ਦੇਣ ਲਈ ਮਨਾਉਣਾ ਕੋਈ ਮੁਸ਼ਕਲ ਕੰਮ ਨਹੀਂ ਹੋਵੇਗਾ।

### ਬਹੁਤੀਆਂ ਪੰਚਾਇਤੀ ਜ਼ਮੀਨਾਂ ਰਸੂਖਦਾਰਾਂ ਨੇ ਨੱਪੀਆਂ

ਪੰਜਾਬ ਵਿਚ ਰਸੂਖਦਾਰਾਂ ਨੇ ਪੰਚਾਇਤਾਂ ਦੀ 21 ਹਜ਼ਾਰ ਏਕੜ ਵਾਹੀਯੋਗ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਜਿਸ ਕਰਕੇ ਪੰਚਾਇਤਾਂ ਨੂੰ ਸਾਲਾਨਾ 50 ਕਰੋੜ ਰੁਪਏ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਬਹੁਤੇ ਕਾਬਜ਼ਕਾਰ ਸਿਆਸੀ ਧਿਰਾਂ ਦੇ ਨੇੜਲੇ ਹਨ। ਪਿੰਡਾਂ ਵਿਚਲੀ ਸ਼ਾਮਲਾਟ 'ਤੇ ਹੋਏ ਕਬਜ਼ੇ ਇਸ ਤੋਂ ਵੱਖਰੇ ਹਨ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਵੇਰਵਿਆਂ ਮੁਤਾਬਕ ਸਭ ਤੋਂ ਜ਼ਿਆਦਾ ਜ਼ਿਲ੍ਹਾ ਪਟਿਆਲਾ ਦੀਆਂ ਪੰਚਾਇਤਾਂ ਦੀ 4316 ਏਕੜ ਵਾਹੀਯੋਗ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਹੈ। ਮੁੱਖ ਮੰਤਰੀ ਦੇ ਹਲਕੇ ਲੰਬੀ ਦੇ ਪਿੰਡ ਚੰਨੂੰ ਦੀ 58 ਏਕੜ ਪੰਚਾਇਤੀ ਜ਼ਮੀਨ 'ਤੇ ਦਰਜਨ ਲੋਕਾਂ ਨੇ ਵਰ੍ਹਿਆਂ ਤੋਂ ਕਬਜ਼ਾ ਕੀਤਾ ਹੋਇਆ ਹੈ। ਹਲਕਾ ਲੰਬੀ ਦੇ ਹੀ ਪਿੰਡ ਫਤੂਹੀਵਾਲਾ ਦੀ 15 ਏਕੜ ਪੰਚਾਇਤੀ ਜ਼ਮੀਨ ਕਬਜ਼ੇ ਹੇਠ ਹੈ। ਇਸ ਮਾਮਲੇ ਵਿਚ ਦੂਜੇ ਨੰਬਰ 'ਤੇ ਜ਼ਿਲ੍ਹਾ ਕਪੂਰਥਲਾ ਹੈ, ਜਿਸ ਦੀ 3451 ਏਕੜ ਪੰਚਾਇਤੀ ਜ਼ਮੀਨ 'ਤੇ ਰਸੂਖਦਾਰਾਂ ਦਾ ਕਬਜ਼ਾ ਹੈ। ਜ਼ਿਲ੍ਹੇ ਦੇ ਪਿੰਡ ਚੱਕੂਕੀ ਦੀ ਤਕਰੀਬਨ 50 ਏਕੜ ਪੰਚਾਇਤੀ ਜ਼ਮੀਨ ਦਾ ਕੇਸ ਚੱਲ ਰਿਹਾ ਹੈ।

# ਅੰਗਰੇਜ਼ਾਂ ਕੋਲ ਪਈਆਂ ਨੇ ਸਿੱਖਾਂ ਦੀਆਂ ਕਈ ਨਿਸ਼ਾਨੀਆਂ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਿੱਖ ਵਿਸ਼ਵ ਕੋਸ਼ ਵਿਭਾਗ ਵੱਲੋਂ ਲੰਡਨ ਵਿਚ ਮੌਜੂਦ ਸਿੱਖ ਵਿਰਾਸਤੀ ਨਿਸ਼ਾਨੀਆਂ ਵਿਸ਼ੇ ਉਤੇ ਇਕ ਵਿਸ਼ੇਸ਼ ਲੈਕਚਰ ਕੀਤਾ ਗਿਆ। ਇਸ ਮੌਕੇ ਮੁੱਖ ਬੁਲਾਰੇ ਵਜੋਂ ਪੁੱਜੇ ਲੰਡਨ ਤੋਂ ਸਿੱਖ ਮਿਊਜ਼ੀਅਮ ਇਨਸ਼ੀਏਟਿਵ ਦੇ ਡਾਇਰੈਕਟਰ ਗੁਰਿੰਦਰ ਸਿੰਘ ਮਾਨ ਨੇ ਦੱਸਿਆ ਕਿ ਲੰਡਨ ਵਿਚ ਸਿੱਖ ਗੁਰੂਆਂ ਤੇ ਹੋਰ ਸਿੱਖ ਜਰਨੈਲਾਂ ਦੀਆਂ ਨਿਸ਼ਾਨੀਆਂ ਬਹੁਤ ਸਾਰੇ ਅੰਗਰੇਜ਼ਾਂ ਕੋਲ ਪਈਆਂ ਹਨ।

ਉਹ ਕਈ ਵਾਰੀ ਬੋਲੀ ਕਰਕੇ ਇਹ ਚੀਜ਼ਾਂ ਵੇਚਦੇ ਹਨ ਪਰ ਉਸ ਵੇਲੇ ਸਿੱਖ ਸ਼ਰਧਾਲੂ ਉਨ੍ਹਾਂ ਦੀ ਪ੍ਰਮਾਣਿਕਤਾ ਨੂੰ ਲੈ ਕੇ ਕਾਫੀ ਉਲਝਣ ਵਿਚ ਫਸ ਜਾਂਦੇ ਹਨ। ਫਿਰ ਵੀ ਅੰਗਰੇਜ਼ਾਂ ਤੋਂ ਬਹੁਤ ਸਾਰੀਆਂ ਨਿਸ਼ਾਨੀਆਂ ਇਕੱਤਰ ਕਰਕੇ ਇਕ ਥਾਂ ਮਿਊਜ਼ੀਅਮ ਵਿਚ ਸੁਸ਼ੋਭਿਤ ਕੀਤੀਆਂ ਗਈਆਂ ਹਨ। ਲੰਡਨ ਮਿਊਜ਼ੀਅਮ ਵਿਚ ਗੁਰੂ ਗੋਬਿੰਦ ਸਿੰਘ ਦੇ ਹਥਿਆਰਾਂ ਵਿਚ ਕਿਰਪਾਨ, ਜ਼ਰਾ ਬਖ਼ਤਰ (ਸੰਜੋਅ) ਜਿਸ 'ਤੇ ਪੂਰਾ ਜਾਪ ਸਾਹਿਬ ਉੱਕਰਿਆ ਹੈ, ਗੁਰੂ ਸਾਹਿਬ ਦੀ ਦਸਤਾਰ, ਮਹਾਰਾਜਾ ਰਣਜੀਤ ਸਿੰਘ ਦਾ ਤਖ਼ਤ, ਕੋਹਿਨੂਰ ਹੀਰਾ, ਮਹਾਰਾਣੀ ਜਿੰਦਾ ਦਾ ਗੁਟਕਾ ਸਾਹਿਬ, ਸਿੱਖਾਂ ਫ਼ੌਜ ਤੇ ਨਿਹੰਗ ਸਿੰਘ ਦੀ ਫ਼ੌਜ ਦੇ ਵੱਖ-ਵੱਖ ਦੇ ਝੰਡੇ ਆਦਿ ਹੋਰ ਕਾਫੀ ਨਿਸ਼ਾਨੀਆਂ ਪਈਆਂ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਤਾਂ ਜੋ ਸਾਡੇ ਗੁਰੂਆਂ ਦੀਆਂ ਨਿਸ਼ਾਨੀਆਂ ਸਾਂਭੀਆਂ ਜਾ ਸਕਨ। ਉਨ੍ਹਾਂ ਸਲਾਈਡ ਸ਼ੋਅ ਰਾਹੀਂ ਲੰਡਨ ਵਿਚ ਸਾਂਭ ਰੱਖੀਆਂ ਸਿੱਖ ਵਿਰਾਸਤੀ ਨਿਸ਼ਾਨੀਆਂ ਬਾਰੇ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਭਾਵੇਂ ਲਾਹੌਰ ਦੇ ਤੋਸ਼ੇਖਾਨੇ ਵਿਚ ਸੰਭਾਲ ਕੇ ਰੱਖੀਆਂ ਹੋਈਆਂ ਬੇਸ਼ਕੀਮਤੀ ਵਸਤਾਂ 1849 ਵਿਚ ਅੰਗਰੇਜ਼ਾਂ ਦੇ ਪੰਜਾਬ ਉਤੇ ਕਬਜ਼ੇ ਨਾਲ ਬਰਤਾਨਵੀ ਸਾਮਰਾਜ ਵਿਚ ਸ਼ਾਮਲ ਕਰ ਲਈਆਂ ਗਈਆਂ ਸਨ ਪਰ ਇਸ ਤੋਂ ਪਹਿਲਾਂ ਵੀ ਸਿੱਖ ਵਿਰਾਸਤੀ ਨਿਸ਼ਾਨੀਆਂ ਲੰਡਨ ਵਿਚ ਜਾਣੀਆਂ ਸ਼ੁਰੂ ਹੋ ਗਈਆਂ ਸਨ।

## ਪੰਜਾਬ ਦੀਆਂ ਛੇ ਪੰਚਾਇਤਾਂ ਦਾ ਸਨਮਾਨ

**ਨਵੀਂ ਦਿੱਲੀ:** ਕੌਮੀ ਪੰਚਾਇਤੀ ਰਾਜ ਦਿਵਸ ਮੌਕੇ ਦਿੱਲੀ ਦੇ ਵਿਗਿਆਨ ਭਵਨ ਵਿਚ ਪੰਜਾਬ ਦੀਆਂ ਛੇ ਗਰਾਮ ਪੰਚਾਇਤਾਂ ਦਾ ਸਨਮਾਨ ਕੀਤਾ ਗਿਆ। ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਤਾਮਕੋਟ, ਲੁਧਿਆਣਾ ਦੇ ਹਰਨਾਮਪੁਰਾ, ਜਲੰਧਰ ਦੇ ਮੰਡੀ ਸੰਘੇੜਾ, ਰੋਪੜ ਦੇ ਬਹਾਦਰਪੁਰ, ਬਠਿੰਡਾ ਦੇ ਆਦਮਪੁਰ ਤੇ ਬਰਨਾਲਾ ਦੇ ਹਰੀਗੜ੍ਹ ਦੀ ਪੰਚਾਇਤ ਦਾ ਸਨਮਾਨ ਕੀਤਾ ਗਿਆ।

ਦੋ ਬਲਾਕ ਸਮਿਤੀਆਂ ਬਠਿੰਡਾ ਦੀ ਭਗਤਾ ਭਾਈ ਤੇ ਨਵਾਂ ਸ਼ਹਿਰ ਦੀ ਬਲਾਚੌਰ ਦਾ ਵੀ ਸਨਮਾਨ ਕੀਤਾ ਗਿਆ। ਗੌਰਵ ਗਰਾਮ ਸਭਾ ਦਾ ਸਨਮਾਨ ਬਠਿੰਡਾ ਦੀ ਪੰਚਾਇਤ ਆਦਮਪੁਰ ਨੂੰ ਦਿੱਤਾ ਗਿਆ। ਇਸ ਮੌਕੇ ਪੰਜਾਬ ਦੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਤੇ ਪਾਰਲੀਮਾਨੀ ਸਕੱਤਰ ਮਨਤਾਰ ਸਿੰਘ ਬਰਾੜ ਵੀ ਹਾਜ਼ਰ ਸਨ।

# ਜੂਨ ਤੱਕ ਮੁਕੰਮਲ ਹੋਵੇਗਾ ਸ੍ਰੀ ਅਨੰਦਪੁਰ ਸਾਹਿਬ ਨੂੰ 'ਚਿੱਟਾ ਸ਼ਹਿਰ' ਬਣਾਉਣ ਦਾ ਕਾਰਜ

**ਸ੍ਰੀ ਅਨੰਦਪੁਰ ਸਾਹਿਬ:** ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਸਮਰਪਤ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੁੱਚੇ ਸ਼ਹਿਰ ਨੂੰ 'ਚਿੱਟਾ ਸ਼ਹਿਰ' ਬਣਾਉਣ ਲਈ ਕੰਮ ਮਈ ਦੇ ਪਹਿਲੇ ਹਫਤੇ ਸ਼ੁਰੂ ਕਰਕੇ ਜੂਨ ਦੇ ਪਹਿਲੇ ਹਫਤੇ ਮੁਕੰਮਲ ਕਰ ਦਿੱਤਾ ਜਾਵੇਗਾ। ਇਹ ਫ਼ੈਸਲਾ ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਤੇ ਡੀ.ਐਸ.ਜੀ.ਐਮ.ਸੀ. ਦੇ ਦੋ ਮੈਂਬਰੀ ਵਫ਼ਦ ਵੱਲੋਂ ਸ਼ਹਿਰ ਦੇ ਪਤਵੰਤਿਆਂ ਤੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਵਿਚ ਲਿਆ ਗਿਆ।

ਸ. ਚੰਦੂਮਾਜਰਾ ਨੇ ਕਿਹਾ ਕਿ ਬੀਤੇ ਦਿਨੀਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾਂ ਸਥਾਪਨਾ ਦਿਵਸ ਬਾਰੇ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ ਸੀ, ਜਿਸ ਵਿਚ ਸਮਾਗਮਾਂ ਨੂੰ ਮੈਗਾ ਸਮਾਗਮਾਂ ਵਜੋਂ ਕਰਵਾਉਣ ਲਈ ਵੱਖ-ਵੱਖ ਫ਼ੈਸਲੇ ਕੀਤੇ ਗਏ ਸਨ। ਦਿੱਲੀ ਕਮੇਟੀ ਦੇ ਦੋ ਮੈਂਬਰ ਕੁਲਦੀਪ ਸਿੰਘ ਭੋਗਲ ਤੇ ਧਨਵੰਤ ਸਿੰਘ ਵਿਸ਼ੇਸ਼ ਤੌਰ 'ਤੇ ਇਥੇ ਪੁੱਜੇ ਤੇ ਸ਼ਹਿਰ ਨੂੰ ਚਿੱਟਾ ਰੰਗ ਕਰਨ ਦੇ ਕੰਮ ਸਬੰਧੀ ਨਗਰ ਕੌਂਸਲ ਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਤੋਂ ਠੇਕੇਦਾਰਾਂ ਦੀ ਸੂਚੀ ਦੀ ਮੰਗੀ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੀ ਜੂਨ ਮਹੀਨੇ ਹੋਣ ਵਾਲੇ ਇਨ੍ਹਾਂ ਸਮਾਗਮਾਂ ਵਿਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨ ਲਈ ਪਹੁੰਚ ਰਹੇ ਹਨ।



ਉਨ੍ਹਾਂ ਤੋਂ ਇਲਾਵਾ ਵੱਖ-ਵੱਖ ਰਾਜਾਂ ਦੇ ਮੁੱਖ ਮੰਤਰੀ ਤੇ ਵੱਖ-ਵੱਖ ਧਰਮਾਂ ਦੇ ਮੁਖੀਆਂ ਨੂੰ ਵੀ ਸ੍ਰੀ ਆਨੰਦਪੁਰ ਸਾਹਿਬ ਦੇ 350ਵੇਂ ਸਥਾਪਨਾ ਦਿਵਸ ਵਿਚ ਸ਼ਿਰਕਤ ਕਰਨ ਲਈ ਸੱਦਾ ਪੱਤਰ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਰਹਿੰਦੇ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਲਈ ਸਮੂਹ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਤੇ ਸਾਰੇ ਅਨੁਮਾਨ ਲਗਾ ਕੇ ਮੁੱਖ ਮੰਤਰੀ ਨੂੰ ਭੇਜੇ ਜਾਣਗੇ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਨੰਦਪੁਰ ਸਾਹਿਬ ਦੇ 350ਵੇਂ ਸਥਾਪਨਾ ਦਿਵਸ ਮੌਕੇ ਦੁਨੀਆਂ ਭਰ ਦੀਆਂ ਅਹਿਮ ਸ਼ਖ਼ਸੀਅਤਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੰਦਿਆਂ ਇਸ ਸਥਾਨ ਦੇ ਇਤਿਹਾਸ ਤੇ ਫਲਸਫੇ ਨੂੰ ਸਹੀ ਮਾਇਨੇ ਵਿਚ ਪੇਸ਼ ਕੀਤੇ ਜਾਣ ਦੀ ਵਕਾਲਤ ਕੀਤੀ ਹੈ।

ਆਨੰਦਪੁਰ ਸਾਹਿਬ ਦੇ ਜੂਨ ਮਹੀਨੇ 350ਵਾਂ ਸਥਾਪਨਾ ਦਿਵਸ ਮਨਾਉਣ ਲਈ ਪ੍ਰਬੰਧਾਂ ਬਾਰੇ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਆਨੰਦਪੁਰ ਸਾਹਿਬ ਦੀ ਧਰਤੀ ਦਾ ਸਿੱਖ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਹੈ। ਇਸ ਬਾਰੇ 17 ਜੂਨ ਤੋਂ 19 ਜੂਨ ਤੱਕ ਮਨਾਏ ਜਾ ਰਹੇ ਮੈਗਾ ਸਮਾਰੋਹ ਵਿਚ ਮੁੱਖ ਮੰਤਰੀ ਨੇ ਦੇਸ਼-ਵਿਦੇਸ਼ ਦੀਆਂ ਪ੍ਰਮੁੱਖ ਧਾਰਮਿਕ, ਰਾਜਨੀਤਕ ਤੇ ਸਮਾਜਿਕ ਸ਼ਖ਼ਸੀਅਤਾਂ ਨੂੰ ਸ਼ਾਮਲ ਕਰਨ ਉਤੇ ਜ਼ੋਰ ਦਿੱਤਾ।

# ਹਰਿਮੰਦਰ ਸਾਹਿਬ ਦੀ ਹੇਠਲੀ ਮੰਜ਼ਿਲ ਉਤੇ ਕੰਧ ਕਲਾ ਦਾ ਕੰਮ ਸ਼ੁਰੂ

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਵਿਖੇ ਪਹਿਲੀ ਮੰਜ਼ਿਲ ਤੇ ਹੇਠਲੀ ਮੰਜ਼ਿਲ ਉੱਤੇ ਹੋਈ ਕੰਧ ਕਲਾ, ਮੀਨਾਕਾਰੀ ਤੇ ਸੋਨੇ ਦੀ ਨਿਕਾਸ਼ੀ ਆਦਿ ਦੀ ਸਾਂਭ-ਸੰਭਾਲ ਦੀ ਚੱਲ ਰਹੀ ਸੇਵਾ ਦੌਰਾਨ ਮਾਹਿਰਾਂ ਨੇ ਪਹਿਲੀ ਮੰਜ਼ਿਲ ਦਾ ਕੰਮ ਤਕਰੀਬਨ ਮੁਕੰਮਲ ਕਰ ਲਿਆ ਹੈ ਤੇ ਹੁਣ ਹੇਠਲੀ ਮੰਜ਼ਿਲ ਉੱਤੇ ਸੋਨੇ ਦੀ ਸਾਂਭ-ਸੰਭਾਲ ਦੀ ਸੇਵਾ ਸ਼ੁਰੂ ਕੀਤੀ ਹੈ। ਸਲਾਬ ਕਾਰਨ ਸਚਖੰਡ ਵਿਚ ਕਈ ਥਾਵਾਂ ਤੋਂ ਸੋਨੇ ਦੇ ਪੱਤਰੇ ਉਖੜ ਚੁੱਕੇ ਹਨ। ਇਸ ਦੀ ਸਾਂਭ-ਸੰਭਾਲ ਵਿਚ ਛੇ ਮਹੀਨੇ ਤੋਂ ਵਧੇਰੇ ਦਾ ਸਮਾਂ ਲੱਗੇਗਾ, ਕਿਉਂਕਿ ਸੱਚਖੰਡ ਵਿਖੇ ਵਧੇਰੇ ਸਮਾਂ ਗੁਰਬਾਣੀ ਦਾ ਕੀਰਤਨ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਰਹਿੰਦਾ ਹੈ। ਇਸ ਕਾਰਨ ਸੇਵਾ ਧੀਮੀ ਗਤੀ ਨਾਲ ਹੋਵੇਗੀ।

ਮਾਹਿਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਸ ਹਿੱਸੇ ਵਿਚ ਸੋਨੇ ਦਾ ਕੰਮ ਕਈ ਥਾਵਾਂ ਤੋਂ ਵਧੇਰੇ ਪ੍ਰਭਾਵਿਤ ਹੋ ਚੁੱਕਿਆ ਹੈ। ਇਸ ਦੀ ਸੰਭਾਲ ਵਿਚ ਵਧੇਰੇ ਸਮਾਂ ਲੱਗ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਥਾਂ ਉਤੇ ਵਧੇਰੇ ਸੇਵਾ ਰਾਤ ਦੇ ਸਮੇਂ ਹੀ



ਕੀਤੀ ਜਾਵੇਗੀ, ਕਿਉਂਕਿ ਦਿਨ ਵੇਲੇ ਸੰਗਤਾਂ ਦੀ ਆਮਦ ਰਹਿੰਦੀ ਹੈ। ਪਹਿਲੀ ਮੰਜ਼ਿਲ ਉਤੇ ਕੰਮ 90 ਫ਼ੀਸਦੀ ਹੋ ਚੁੱਕਿਆ ਹੈ। ਇਸ ਵਿਚ ਵਧੇਰੇ ਕੰਧ ਕਲਾ ਦੀ ਸਾਂਭ-ਸੰਭਾਲ ਦਾ ਸੀ। ਇਥੇ ਮਾਹਿਰਾਂ ਵੱਲੋਂ ਪੁਰਾਤਨ ਕੰਧ ਕਲਾ ਨੂੰ ਸਾਂਭਣ ਦਾ ਕੰਮ ਕੀਤਾ ਗਿਆ ਹੈ। ਜਿਥੇ ਕੰਧ ਕਲਾ ਵਧੇਰੇ ਪ੍ਰਭਾਵਿਤ ਹੋ ਚੁੱਕੀ ਸੀ, ਸਿਰਫ਼ ਉਸ ਥਾਂ ਉਤੇ ਹੀ ਨਵੇਂ ਸਿਰਿਓਂ ਬਣਾਉਣ ਦਾ ਯਤਨ ਕੀਤਾ ਗਿਆ ਹੈ। ਕੰਧਾਂ ਤੇ ਛੱਤਾਂ ਉਪਰ ਹੋਇਆ ਸੋਨੇ ਦਾ ਕੰਮ ਵੀ ਲਗਪਗ ਮੁਕੰਮਲ ਹੋ ਚੁੱਕਿਆ ਹੈ, ਜਦੋਂਕਿ ਹਰਿ ਕੀ ਪਉੜੀ ਵਾਲੀ ਥਾਂ ਦੀ ਛੱਤ ਤੇ ਪਾਉੜੀਆਂ ਦੀਆਂ ਛੱਤਾਂ ਦਾ ਕੰਮ ਹੋਣ ਵਾਲਾ ਬਾਕੀ ਹੈ।

ਮਿਲੇ ਵੇਰਵਿਆਂ ਅਨੁਸਾਰ ਪਿਛਲੇ ਚਾਰ ਮਹੀਨਿਆਂ ਤੋਂ ਸੋਨੇ ਦੀ ਨਿਕਾਸ਼ੀ ਲਈ ਵਰਤਿਆ ਜਾ ਰਿਹਾ ਸੋਨੇ ਦਾ ਰੰਗ ਜੋ ਵਿਦੇਸ਼ ਤੋਂ ਮੰਗਵਾਇਆ ਜਾਂਦਾ ਹੈ, ਦੇ ਨਾ ਆਉਣ ਕਾਰਨ ਕੰਮ ਦਾ ਇਹ ਹਿੱਸਾ ਲਟਕਿਆ ਹੋਇਆ ਹੈ। ਇਸ ਦੌਰਾਨ ਪਹਿਲੀ ਮੰਜ਼ਿਲ ਦੀਆਂ ਕੁਝ ਪਾਉੜੀਆਂ ਵਿਚ ਵੀ ਕੰਧ ਕਲਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਸ ਤੋਂ ਪਹਿਲਾਂ ਕਾਰ ਸੇਵਾ ਵਾਲੇ ਬਾਬਿਆਂ ਨੇ ਇਕ ਪਾਉੜੀ ਦੀ ਛੱਤ ਵਿਚ ਤਾਂ ਟਾਇਲਾਂ ਲਾ ਦਿੱਤੀਆਂ ਪਰ ਬਾਕੀ ਥਾਵਾਂ 'ਤੇ ਕੰਧ ਕਲਾ ਨੂੰ ਨਵੇਂ ਸਿਰਿਓਂ ਕਰਨ ਦੀ ਲੋੜ ਹੈ। ਪਹਿਲੀ ਮੰਜ਼ਿਲ ਉਤੇ ਕੰਧਾਂ 'ਤੇ ਹੋਈ ਕੰਧ ਕਲਾ ਨੂੰ ਬਚਾਉਣ ਲਈ ਪ੍ਰਬੰਧਕਾਂ ਵੱਲੋਂ ਸ਼ੀਸ਼ੇ ਲਾ ਦਿੱਤੇ ਗਏ ਹਨ ਤਾਂ ਜੋ ਸੰਗਤਾਂ ਦੇ ਹੱਥ ਨਾ ਲੱਗਣ ਤੇ ਕੰਧ ਕਲਾ ਨੂੰ ਬਚਾਇਆ ਜਾ ਸਕੇ ਪਰ ਸ਼ੀਸ਼ੇ ਲਾਉਣ ਸਮੇਂ ਕੰਧ ਤੇ ਸ਼ੀਸ਼ਿਆਂ ਵਿਚਾਲੇ ਜਗ੍ਹਾ ਛੱਡ ਦਿੱਤੀ ਗਈ। ਇਸ ਕਾਰਨ ਇਸ ਵਿਚ ਹਵਾ ਦਾਖਲ ਹੋਣ ਨਾਲ ਸਲਾਬ ਜਾਂਦੀ ਰਹੀ ਹੈ ਤੇ ਉਸਨੇ ਕੰਧ ਕਲਾ ਨੂੰ ਖ਼ਰਾਬ ਕਰ ਦਿੱਤਾ। ਇਹ ਸੇਵਾ ਸ਼ੁਰੂ ਕਰਨ ਤੋਂ ਪਹਿਲਾਂ ਮਾਹਿਰਾਂ ਵੱਲੋਂ ਇਥੇ ਹੋਈ ਕੰਧ ਕਲਾ, ਨਿਕਾਸ਼ੀ ਤੇ ਮੀਨਾਕਾਰੀ ਆਦਿ ਦੀ ਫੋਟੋਗ੍ਰਾਫੀ ਤੇ ਵੀਡਿਓਗ੍ਰਾਫੀ ਕਰਕੇ ਇਸ ਨੂੰ ਸੰਭਾਲ ਲਿਆ ਗਿਆ ਸੀ ਤਾਂ ਜੋ ਇਨ੍ਹਾਂ ਨੂੰ ਦੇਖ ਕੇ ਅਗਾਂਹ ਕੰਮ ਕੀਤਾ ਜਾ ਸਕੇ।

ਦੱਸਣਯੋਗ ਹੈ ਕਿ ਹਰਿਮੰਦਰ ਸਾਹਿਬ ਦੇ ਅੰਦਰ ਤੇ ਬਾਹਰ ਸੋਨੇ ਦੀ ਨਿਕਾਸ਼ੀ, ਕੰਧ ਕਲਾ, ਮੀਨਾਕਾਰੀ ਤੇ ਹੋਰ ਕੰਮ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਹੋਇਆ ਸੀ। ਇਸ ਵਿਚੋਂ ਬਾਹਰੀ ਸੋਨੇ ਦੀ ਸੇਵਾ ਪਹਿਲਾਂ ਵੀ ਹੋ ਚੁੱਕੀ ਹੈ, ਜਦੋਂਕਿ ਸੱਚਖੰਡ ਦੇ ਅੰਦਰ ਸੋਨੇ ਦੀ ਸਾਂਭ-ਸੰਭਾਲ ਦਾ ਕੰਮ ਕਦੇ ਨਹੀਂ ਹੋਇਆ ਹੈ। ਹੁਣ ਇਹ ਸੇਵਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

# ਪੰਜਾਬੀ ਸੱਥ ਦੀ ਸਾਲਾਨਾ ਪਰ੍ਹਿਆ 10 ਮਈ ਨੂੰ

**ਲਾਂਬੜਾ (ਜਲੰਧਰ):** ਪਿਛਲੇ 25 ਸਾਲਾਂ ਤੋਂ ਮਾਂ ਬੋਲੀ ਪੰਜਾਬੀ ਦੀ ਸੇਵਾ ਵਿਚ ਜੁਟੀ ਸੰਸਥਾ ਪੰਜਾਬੀ ਸੱਥ ਲਾਂਬੜਾ ਦੀ 24ਵੀਂ ਵਰ੍ਹੇਵਾਰ ਪਰ੍ਹਿਆ ਆਉਂਦੀ 10 ਮਈ ਨੂੰ ਇਥੇ ਖਾਲਸਾ ਸਕੂਲ ਵਿਚ ਸਵੇਰੇ 10 ਵਜੇ ਜੁੜ ਰਹੀ ਹੈ। ਇਸ ਪਰ੍ਹਿਆ ਵਿਚ ਪੰਜਾਬੀ ਸੱਥ ਵੱਲੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਆਨ-ਸ਼ਾਨ ਨੂੰ ਬੁਲੰਦ ਕਰਨ ਵਾਲੀਆਂ ਛੇ ਪੰਜਾਬੀ ਸ਼ਖਸ਼ੀਅਤਾਂ/ਸੰਸਥਾਵਾਂ ਦਾ ਸਨਮਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ 10 ਪੁਸਤਕਾਂ ਲਈ ਵੀ ਪ੍ਰਸ਼ੰਸਾ ਪੱਤਰ ਦਿਤੇ ਜਾਣਗੇ। ਇਹ ਜਾਣਕਾਰੀ ਸੱਥ ਦੇ ਪ੍ਰਧਾਨ ਡਾ. ਨਿਰਮਲ ਸਿੰਘ ਅਤੇ ਸ. ਮੋਤਾ ਸਿੰਘ ਸਰਾਏ ਨੇ ਦਿਤੀ।

ਉਨ੍ਹਾਂ ਦੱਸਿਆ ਕਿ ਇਸ ਵਾਰ ਸਨਮਾਨਤ ਕੀਤੀਆਂ ਜਾਣ ਵਾਲੀਆਂ ਸੰਸਥਾਵਾਂ ਵਿਚ ਸਾਈਂ ਮੀਆਂ ਮੀਰ ਫਾਊਂਡੇਸ਼ਨ ਅੰਮ੍ਰਿਤਸਰ (ਸ. ਹਰਭਜਨ ਸਿੰਘ ਬਰਾੜ), ਅਸਲੀ ਪੰਜਾਬੀ ਮੀਰਜ਼ਾਦਾ-ਜਲੰਧਰ (ਸ. ਕੁਲਦੀਪ ਸਿੰਘ ਬੇਦੀ), ਹਮਾਰਾ ਪਰਿਆਵਰਣ ਸ਼ਾਹਬਾਦ-ਹਰਿਆਣਾ (ਸ੍ਰੀ. ਸੁਰਿੰਦਰ ਬਾਂਸਲ), ਹਵੇਲੀ ਰੰਗਲਾ-ਪੰਜਾਬ ਜਲੰਧਰ (ਸ੍ਰੀ ਸਤੀਸ਼ ਜੈਨ), ਸ੍ਰੀ ਗੁਰੂ ਨਾਨਕ ਦੇਵ ਚੈਰੀਟੇਬਲ ਸਲੱਮ ਸੁਸਾਇਟੀ ਸ਼ੇਰਪੁਰ-ਸੰਗਰੂਰ (ਸ. ਭਾਨ ਸਿੰਘ ਜੱਸੀ) ਅਤੇ ਲਹਿੰਦੇ ਪੰਜਾਬ ਤੋਂ ਮਹੀਨੇਵਾਰ ਪਖੇਰੂ ਲਾਹੌਰ (ਜਨਾਬ ਅਸ਼ਰਫ ਸੁਹੇਲ) ਦੇ ਨਾਂ ਸ਼ਾਮਲ ਹਨ।

ਇਸ ਮੌਕੇ ਸਤਿਕਾਰ ਮਾਣ ਪੱਤਰ ਸ. ਮਨਮੋਹਨ ਸਿੰਘ ਦਾਊਂ ਦੀ ਪੁਸਤਕ ਉਦਾਸੀਆਂ ਦਾ ਬੂਹਾ ਸੁਲਖਣੀ, ਡਾ. ਹਰਨੇਕ ਸਿੰਘ ਹੇਅਰ ਦੀ ਲੜੀ ਦੀਆਂ ਬੋਲੀਆਂ, ਡਾ. ਸੁਰਿੰਦਰ ਜੀਤ ਕੌਰ ਦੀ ਮਿੱਟੀ ਨਾ ਫਰੋਲ ਜੋਗੀਆ, ਜਸਬੀਰ ਸਿੰਘ ਵਾਟਾਂਵਾਲੀ ਦੀ ਵੇਈਂਨਾਮਾ, ਬੀਬੀ ਸੁਖਦੀਪ ਕੌਰ ਬਿਰਧਨੋ ਦੀ ਸ਼ਾਇਰੀ ਦਾ ਸਫਰ, ਸ. ਸੁਖਦੇਵ ਸਿੰਘ ਝੰਡੂ ਦੀ ਪੰਜਾਬ ਦੇ ਲੋਕ ਰੁੱਖ, ਕਰਤਾਰ ਸਿੰਘ ਕਾਲੜਾ ਦੀ ਗਜ਼ਲ ਕਲਾ ਤੇ ਗਜ਼ਲਕਾਰ, ਗੁਰਦੀਪ ਸਿੰਘ ਕੰਗ ਦੀ ਬਰਵਾਲੀ ਕੇਸਰ ਸਿਹੁੰ ਆਲੀ, ਕ੍ਰਿਪਾਲ ਸਿੰਘ ਦਰਦੀ ਦੀ ਇਹ ਕੰਬੋਜ ਲੋਕ ਅਤੇ ਜਨਮੇਜਾ ਸਿੰਘ ਜੌਹਲ ਦੀ ਪੁਸਤਕ ਗੁਣਕਾਰੀ ਪੌਦੇ ਨੂੰ ਦਿਤੇ ਜਾਣਗੇ।

ਡਾ. ਨਿਰਮਲ ਸਿੰਘ ਨੇ ਦੱਸਿਆ ਕਿ ਇਸ ਪਰ੍ਹਿਆ ਮੌਕੇ ਇਕ ਪੰਜਾਬੀ ਕਿਤਾਬ ਮੇਲਾ ਵੀ ਲਾਇਆ ਜਾਵੇਗਾ ਜਿਸ ਵਿਚ ਪੰਜਾਬੀ ਸੱਥ ਵੱਲੋਂ ਪ੍ਰਕਾਸ਼ਿਤ 170 ਤੋਂ ਵੱਧ ਪੁਸਤਕਾਂ ਖਿੱਚ ਦਾ ਕੇਂਦਰ ਹੋਣਗੀਆਂ ਅਤੇ ਇਹ ਇਸ ਮੌਕੇ ਅੱਧੇ ਮੁੱਲ 'ਤੇ ਪਾਠਕਾਂ ਨੂੰ ਮਿਲਣਗੀਆਂ। ਪੰਜਾਬ ਦਾ ਵਿਰਾਸਤੀ ਅਜ਼ਾਇਬ ਘਰ ਵੀ ਮੁਫ਼ਤ ਦੇਖਿਆ ਜਾ ਸਕੇਗਾ।

## ਅਸਾਸਿਆਂ ਦਾ ਵੇਰਵਾ ਦੇਣ ਦੀ ਮਿਆਦ 15 ਅਕਤੂਬਰ ਤੱਕ ਵਧਾਈ

**ਨਵੀਂ ਦਿੱਲੀ:** ਕੇਂਦਰ ਨੇ ਆਪਣੇ ਸਰਕਾਰੀ ਮੁਲਾਜ਼ਮਾਂ ਵੱਲੋਂ ਅਸਾਸਿਆਂ ਤੇ ਕਰਜ਼ੇ ਦੇ ਵੇਰਵਿਆਂ ਦੀ ਮਿਆਦ 15 ਅਕਤੂਬਰ ਤੱਕ ਵਧਾ ਦਿੱਤੀ ਹੈ। ਲੋਕਪਾਲ ਐਕਟ ਤਹਿਤ ਕੇਂਦਰੀ ਸਰਕਾਰੀ ਮੁਲਾਜ਼ਮਾਂ ਨੂੰ ਆਪਣੀ ਪਤਨੀ ਤੇ ਬੱਚਿਆਂ ਦੀਆਂ ਜਾਇਦਾਦਾਂ ਦਾ ਵੇਰਵਾ ਵੀ ਮੁਹੱਈਆ ਕਰਾਉਣਾ ਪਵੇਗਾ। ਪਹਿਲਾਂ ਇਹ ਵੇਰਵਾ ਜਮ੍ਹਾਂ ਕਰਾਉਣ ਦੀ ਅੰਤਮ ਤਰੀਕ 30 ਅਪਰੈਲ ਸੀ ਪਰ ਹੁਣ ਪਰਸੋਨਲ ਤੇ ਸਿਖਲਾਈ ਵਿਭਾਗ ਵੱਲੋਂ ਜਾਰੀ ਹੁਕਮਾਂ ਵਿਚ ਇਹ ਤਰੀਕ ਵਧਾ ਕੇ 15 ਅਕਤੂਬਰ ਕਰ ਦਿੱਤੀ ਗਈ ਹੈ।

## ਤੇਜ਼ੀ ਨਾਲ ਪਿਘਲ ਰਹੇ ਨੇ ਗਲੇਸ਼ੀਅਰ

**ਪੇਇਚਿੰਗ:** ਪਿਛਲੇ 18 ਸਾਲਾਂ ਦੌਰਾਨ ਚੀਨ, ਖਾਸ ਕਰਕੇ ਤਿੱਬਤ ਵਿਚਲੇ ਗਲੇਸ਼ੀਅਰ 7600 ਵਰਗ ਕਿਲੋਮੀਟਰ ਤਕਰੀਬਨ 18 ਫ਼ੀਸਦ ਸੁੰਗੜ ਗਏ ਹਨ। ਮਾਊਂਟ ਐਵਰੈਸਟ ਉਤੇ ਫੈਲੀ ਬਰਫ਼ ਦੀ ਸੰਘਣੀ ਚਾਦਰ ਵੀ ਛਿੱਦੀ ਪੈ ਗਈ ਹੈ ਜਿਸ ਕਾਰਨ ਹਿਮਾਲਿਆ ਦਾ ਚੱਟਾਨੀ ਢਾਂਚਾ ਪ੍ਰਦੂਸ਼ਣ ਦੀ ਸਿੱਧੀ ਮਾਰ ਹੇਠ ਆ ਗਿਆ ਹੈ। ਚੀਨ ਦੇ ਇਕ ਅਧਿਕਾਰੀ ਨੇ ਦੱਸਿਆ ਕਿ 1950 ਤੋਂ ਲੈ ਕੇ ਹੁਣ ਤੱਕ ਹਰ ਸਾਲ ਔਸਤ 247 ਵਰਗ ਕਿਲੋਮੀਟਰ ਗਲੇਸ਼ੀਅਰ ਬਰਫ਼ ਘਟਦੀ ਆ ਰਹੀ ਹੈ। ਇਥੋਂ ਤੱਕ ਕਿ ਮਾਊਂਟ ਕੋਮੋਲੈਂਗਮਾ (ਮਾਊਂਟ ਐਵਰੈਸਟ ਦਾ ਤਿੱਬਤੀ ਨਾਂ) ਦੀ ਬਰਫ਼ ਵੀ ਹੈਰਾਨਕੁਨ ਢੰਗ ਨਾਲ ਖਤਮ ਹੋ ਰਹੀ ਹੈ।

ਤਿੱਬਤ ਦੇ ਪਰਬਤਾਰੋਹਣ ਪ੍ਰਸ਼ਾਸਨ ਕੇਂਦਰ ਦੇ ਡਾਇਰੈਕਟਰ ਜ਼ੈਂਗ ਮਿੰਗਸਿੰਗ ਨੇ ਦੱਸਿਆ ਕਿ ਕੋਮੋਲੈਂਗਮਾ ਬੇਸ ਕੈਂਪ ਜੋ ਸਮੁੰਦਰੀ ਸਤਹ ਤੋਂ 5200 ਮੀਟਰ ਉਚਾ ਹੈ, ਬਰਫ਼ ਦੀ ਸੰਘਣੀ ਚਾਦਰ ਨਾਲ ਢੱਕਿਆ ਹੋਇਆ ਸੀ ਪਰ ਹੁਣ ਉਥੇ ਚਟਾਨਾਂ ਤੋਂ ਬਿਨਾਂ ਕੁਝ ਵੀ ਨਜ਼ਰ ਨਹੀਂ ਆਉਂਦਾ।


Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com



24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



Golden State Realty
9912 Kapalua Ln., Elk Grove, CA 95624

Please Contact For
Commercial
or
Residential
Needs
Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California



Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay
We Specialize in Bankowned, Foreclosure and Short Sale Homes
For Sale & Purchase of Residential, Commercial Property and AG-Land
Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ

Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Gurbans Gill
Office 209-835-4545
Direct 209-815-1869
Fax: 209-836-0706
www.gotracy.com
1486 W 11th Street, Tracy, CA 95376

# ਪੰਜਾਬ ਦੇ ਬਹੁਤੇ ਸਰਕਾਰੀ ਸਕੂਲਾਂ ਦਾ ਪਾਣੀ ਪੀਣਯੋਗ ਨਹੀਂ



**ਚੰਡੀਗੜ੍ਹ:** ਪੰਜਾਬ ਦੇ ਬਹੁਤੇ ਸਰਕਾਰੀ ਸਕੂਲਾਂ ਦਾ ਪਾਣੀ ਪੀਣਯੋਗ ਨਹੀਂ ਹੈ। ਪੰਜਾਬ ਸਰਕਾਰ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਮੰਨਿਆ ਹੈ ਕਿ ਸੂਬੇ ਭਰ ਵਿਚ 13,182 ਪ੍ਰਾਇਮਰੀ ਸਕੂਲਾਂ ਵਿਚੋਂ ਲਏ ਗਏ ਪਾਣੀ ਦੇ ਨਮੂਨਿਆਂ ਵਿਚੋਂ 2035 ਤੇ ਅੱਪਰ ਪ੍ਰਾਇਮਰੀ ਸਕੂਲਾਂ ਦੇ 6487 ਨਮੂਨਿਆਂ ਵਿਚੋਂ 887 ਨਾਕਸ ਸਾਬਤ ਹੋਏ ਹਨ।

ਹਾਲਾਂਕਿ ਸਰਕਾਰ ਵੱਲੋਂ ਇਨ੍ਹਾਂ ਸਕੂਲਾਂ ਵਿਚ ਭਲਾਈ ਫੰਡਾਂ ਜਾਂ ਜਨ ਸਿਹਤ ਵਿਭਾਗ ਦੀ ਸਹਾਇਤਾ ਨਾਲ ਸਾਫ ਤੇ ਸੁਰੱਖਿਅਤ ਪਾਣੀ ਦੇ ਬਦਲਵੇਂ ਪ੍ਰਬੰਧਾਂ ਦਾ ਭਰੋਸਾ ਵੀ ਹਾਈਕੋਰਟ ਨੂੰ ਦਿੱਤਾ ਗਿਆ ਹੈ, ਪਰ ਹਾਈਕੋਰਟ ਦੇ ਬੈਂਚ ਨੇ ਇਹ ਗੰਭੀਰ ਤੱਥ ਵਾਚਦਿਆਂ ਸਪੱਸ਼ਟ ਕਹਿ ਦਿੱਤਾ ਕਿ ਪੀਣ ਵਾਲਾ ਸ਼ੁੱਧ ਤੇ ਸੁਰੱਖਿਅਤ ਪਾਣੀ ਹਰੇਕ ਵਿਦਿਆਰਥੀ ਤੇ ਅਧਿਆਪਕ ਦਾ ਹੱਕ ਹੈ। ਸਰਕਾਰ ਆਰ.ਓ. ਸਿਸਟਮ ਜਾਂ ਹੋਰਨਾਂ ਯੋਗ ਪ੍ਰਬੰਧਾਂ ਤਹਿਤ ਪੀਣ ਵਾਲੇ ਸ਼ੁੱਧ ਤੇ ਸੁਰੱਖਿਅਤ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਹਿੱਤ ਫੌਰੀ ਕਾਰਗਰ ਕਦਮ ਚੁੱਕੇ।

ਬਲਾਕ ਸਿੱਖਿਆ ਦਫ਼ਤਰ ਮਾਲੇਰਕੋਟਲਾ-1 ਨਾਲ ਸਬੰਧਤ ਕੁੱਲ 72 ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਪੀਣ ਵਾਲੇ ਪਾਣੀ ਦੇ 42 ਪਰਖ ਨਮੂਨੇ ਫੇਲ੍ਹ ਪਾਏ ਗਏ ਹਨ। ਇਸ ਬਲਾਕ ਦੇ ਨਾ ਪੀਣਯੋਗ ਪਾਣੀ ਵਾਲੇ ਸਕੂਲਾਂ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਲੋਹਾ ਬਾਜ਼ਾਰ ਮਾਲੇਰਕੋਟਲਾ, ਪਿੰਡ ਰਜਿੰਦਰ ਨਗਰ, ਸਰਕਾਰੀ ਪ੍ਰਾਇਮਰੀ ਸਕੂਲ ਨਵਾਬ ਗੰਜ ਮਾਲੇਰਕੋਟਲਾ, ਪਿੰਡ ਬਿੰਜੋਕੀ ਖੁਰਦ, ਬਿੰਜੋਕੀ ਕਲਾਂ, ਮਾਣਕ ਮਾਜਰਾ, ਬੀੜ ਅਹਿਮਦਗੜ੍ਹ, ਸਦਰਾਬਾਦ, ਹਥੋਆ, ਕਿਸ਼ਨਗੜ੍ਹ, ਭੈਣੀ ਕਲਾਂ, ਭੈਣੀ ਖੁਰਦ, ਮੁਹੰਮਦਗੜ੍ਹ, ਰੁਸਤਮਗੜ੍ਹ, ਭਸੌੜ ਪੂਰਬੀ ਅਤੇ ਭਸੌੜ ਪੱਛਮੀ, ਅਮਰਗੜ੍ਹ, ਭੂੰਦਾਂ, ਦਿਆਲਪੁਰ ਛੰਨਾਂ, ਬੁਰਜ ਬਘੇਲ ਸਿੰਘ ਵਾਲਾ, ਸਲਾਰ, ਲਾਂਗੜੀਆਂ, ਤੋਲੇਵਾਲ, ਅਲੀਪੁਰ, ਬਾਠਾਂ, ਫ਼ੈਜ਼ਗੜ੍ਹ, ਬਨਭੌਰਾ, ਭੁੱਲਰਾਂ, ਬੇਲੇਵਾਲ, ਜੈਨਪੁਰ, ਈਸੀ, ਲੁਹਾਰਮਾਜਰਾ, ਢਢੋਗਲ ਖੇੜੀ, ਮੁਹਾਲੀ, ਖੇੜੀ ਸੋਢੀਆਂ, ਭੜੀ ਮਾਨਸਾ, ਤੋਗਾਹੇੜੀ, ਦੌਲਤਪੁਰ, ਗੀਗਾਮਾਜਰਾ, ਰਾਮਪੁਰ ਭਿੰਡਰਾਂ, ਭੱਟੀਆਂ ਖੁਰਦ ਸ਼ਾਮਲ ਹਨ। ਇਸੇ ਤਰ੍ਹਾਂ ਹੀ ਬਲਾਕ ਸਿੱਖਿਆ ਦਫ਼ਤਰ ਮਾਲੇਰਕੋਟਲਾ-2 ਨਾਲ ਸਬੰਧਤ 76 ਸਕੂਲਾਂ ਵਿਚੋਂ 67 ਸਕੂਲਾਂ ਦੇ ਪੀਣ ਵਾਲੇ ਪਾਣੀ ਦੇ ਪਰਖ ਨਮੂਨੇ ਪ੍ਰਾਪਤ ਹੋਏ ਹਨ, ਜਿਨ੍ਹਾਂ ਵਿਚੋਂ 43 ਸਕੂਲਾਂ ਦਾ ਪਾਣੀ ਪੀਣ ਯੋਗ ਹੈ ਤੇ 24 ਸਕੂਲਾਂ ਦਾ ਪਾਣੀ ਨਾ ਪੀਣਯੋਗ ਹੈ। ਦੱਸਣਯੋਗ ਹੈ ਕਿ ਭਾਵੇਂ ਦੋਵੇਂ ਬਲਾਕਾਂ ਨਾਲ ਸਬੰਧਤ ਪ੍ਰਾਇਮਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਪੀਣ ਵਾਲੇ ਪਾਣੀ ਜ਼ਰੂਰਤ ਪੂਰੀ ਕਰਨ ਲਈ ਸਬਮਰਸੀਬਲ ਪੰਪ ਲੱਗੇ ਹੋਏ ਹਨ ਪਰ ਇਨ੍ਹਾਂ ਸਬਮਰਸੀਬਲ ਪੰਪਾਂ ਦੇ ਬੋਰਾਂ ਦੀ ਡੂੰਘਾਈ ਤਕਰੀਬਨ ਦੋ ਸੌ ਫੁੱਟ ਹੀ ਹੈ।

ਮਾਲੇਰਕੋਟਲਾ ਨੇੜੇ ਲੰਘਦੇ ਲਿਸਾੜਾ ਡਰੇਨ ਦੇ ਦੋਵੇਂ ਪਾਸਿਆਂ ਨਜ਼ਦੀਕ ਵੱਸਦੇ ਜ਼ਿਆਦਾਤਰ ਪਿੰਡਾਂ ਦੇ ਸਕੂਲਾਂ ਦੇ ਨਮੂਨੇ ਫੇਲ੍ਹ ਪਾਏ ਗਏ ਹਨ। ਇਸ ਡਰੇਨ ਵਿਚ ਖੰਨਾ ਤੇ ਮਾਲੇਰਕੋਟਲਾ ਨਗਰ ਕੌਂਸਲ ਦਾ ਸੀਵਰੇਜ ਦਾ ਪਾਣੀ ਹੀ ਨਹੀਂ, ਸਗੋਂ ਕਈ ਸਨਅਤੀ ਇਕਾਈਆਂ ਦਾ ਦੂਸ਼ਿਤ ਪਾਣੀ ਵੀ ਪੈਂਦਾ ਹੈ। ਸਮਾਜਸੇਵੀ ਸ਼ਬੀਰ ਅਬਦਾਲੀ ਨੇ ਕਿਹਾ ਕਿ ਪੰਜਾਬ ਸਰਕਾਰ ਉਪਰੋਕਤ ਸਮੱਸਿਆ ਦੇ ਹੱਲ ਤੇ ਸਕੂਲੀ ਵਿਦਿਆਰਥੀਆਂ ਲਈ ਪੀਣ ਵਾਲੇ ਸਾਫ਼ ਤੇ ਸ਼ੁੱਧ ਪਾਣੀ ਦੀ ਵਿਵਸਥਾ ਲਈ ਫੌਰੀ ਅਸਰਦਾਰ ਕਦਮ ਪੁੱਟੇ।

ਇਸ ਤੋਂ ਇਲਾਵਾ ਕੁੜੀਆਂ ਲਈ ਵੱਖਰੇ ਪਖਾਨਿਆਂ ਦੀ ਅਣਹੋਂਦ ਬਾਰੇ ਵੀ ਸੂਬਾ ਸਰਕਾਰ ਨੂੰ ਝਾੜ ਪਈ ਹੈ। ਇਕ ਜਨਹਿਤ ਪਟੀਸ਼ਨ ਦੀ ਸੁਣਵਾਈ ਮੌਕੇ ਇਹ ਗੱਲ ਵੀ ਸਾਹਮਣੇ ਆਈ ਕਿ ਕੇਂਦਰ ਸਰਕਾਰ ਦੇ ਪ੍ਰਾਜੈਕਟ ਅਪਰੂਵਲ ਬੋਰਡ ਵੱਲੋਂ ਪੰਜਾਬ ਵਿਚ 1296 ਨਵੇਂ ਕਲਾਸ ਰੂਮਾਂ ਦੇ ਨਿਰਮਾਣ ਹਿੱਤ ਲੋੜੀਂਦਾ ਫੰਡ ਮਨਜ਼ੂਰ ਕੀਤਾ ਜਾ ਚੁੱਕਾ ਹੈ। ਭਾਰਤ ਸਰਕਾਰ ਦੇ ਸਹਾਇਕ ਸੋਲਿਸਟਰ ਜਨਰਲ ਚੇਤਨ ਮਿੱਤਲ ਨੇ ਇਹ ਤੱਥ ਬੈਂਚ ਦੇ ਧਿਆਨ ਵਿਚ ਲਿਆਉਂਦਿਆਂ ਕਿਹਾ ਕਿ ਸੂਬਾ ਸਰਕਾਰ ਦੀ ਲੋੜ ਮੁਤਾਬਕ ਇਹ ਫੰਡ ਜਾਰੀ ਕਰ ਦਿੱਤੇ ਜਾਣਗੇ।

ਪੰਜਾਬ ਸਰਕਾਰ ਵੱਲੋਂ ਆਏ ਹਲਫਨਾਮੇ ਵਿਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਸੂਬੇ ਦੇ ਸਕੂਲਾਂ ਵਿਚ ਕੁੜੀਆਂ ਲਈ 283 ਤੇ ਮੁੰਡਿਆਂ ਲਈ 13 ਵੱਖਰੇ ਪਖਾਨਿਆਂ ਲਈ ਵੀ ਫੰਡ ਜਾਰੀ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿਚੋਂ 98 ਪਖਾਨਿਆਂ ਦੀ ਉਸਾਰੀ ਹੋ ਚੁੱਕੀ ਹੈ, ਜਦਕਿ ਬਾਕੀ 198 ਦਾ ਕੰਮ ਵੀ ਤਿੰਨ ਮਹੀਨਿਆਂ ਵਿਚ ਨਿਬੇੜ ਲਿਆ ਜਾਵੇਗਾ। ਹਾਈਕੋਰਟ ਬੈਂਚ ਵੱਲੋਂ ਇਨ੍ਹਾਂ ਸਾਰੇ ਮਾਮਲਿਆਂ ਬਾਰੇ ਜਾਰੀ ਕੀਤੇ ਗਏ ਹੁਕਮਾਂ ਦੀ ਪਾਲਣਾ ਬਾਰੇ ਸਟੇਟਸ ਰਿਪੋਰਟ ਅਗਲੀ ਸੁਣਵਾਈ ਤੋਂ ਇਕ ਹਫਤਾ ਪਹਿਲਾਂ ਪੇਸ਼ ਕਰਨ ਦੀ ਤਾਕੀਦ ਕਰਦਿਆਂ ਕੇਸ ਆਉਂਦੀ 17 ਜੁਲਾਈ ਲਈ ਅੱਗੇ ਪਾ ਦਿੱਤਾ ਗਿਆ ਹੈ।

## ਜਵਾਕਾਂ ਦਾ ਹਿਸਾਬ ਤੇ ਅੰਗਰੇਜ਼ੀ 'ਚ ਹੱਥ ਤੰਗ

**ਚੰਡੀਗੜ੍ਹ:** ਸੂਬੇ ਦੇ ਸਰਕਾਰੀ ਪ੍ਰਾਇਮਰੀ ਤੇ ਮਿਡਲ ਸਕੂਲਾਂ ਵਿਚ ਹਿਸਾਬ ਤੇ ਅੰਗਰੇਜ਼ੀ ਦੇ ਗਿਆਨ ਦਾ ਪੱਧਰ ਬਹੁਤ ਨੀਵਾਂ ਦਰਜ ਕੀਤਾ ਗਿਆ ਹੈ। ਇਨ੍ਹਾਂ ਸਕੂਲਾਂ ਵਿਚ ਪਹਿਲੀ ਤੋਂ ਅੱਠਵੀਂ ਜਮਾਤ ਤਕ ਬਹੁਤੇ ਬੱਚੇ ਹਿਸਾਬ ਦੇ ਸਾਧਾਰਨ ਸੁਆਲ ਹੱਲ ਕਰਨ ਤੇ ਅੰਗਰੇਜ਼ੀ ਦੇ ਸੌਖੇ ਸ਼ਬਦ/ਵਾਕ ਪੜ੍ਹਨ ਤੋਂ ਹੱਥ ਖੜ੍ਹੇ ਕਰ ਗਏ। ਇਹ ਖੁਲਾਸੇ ਸਾਲਾਨਾ ਸਕੂਲ ਸਿੱਖਿਆ ਰਿਪੋਰਟ-2014 (ਅਸਰ-ਪੰਜਾਬ), ਜੋ ਕਿ ਪੰਜਾਬ ਦੇ 18 ਉੱਚ-ਸਿੱਖਿਆ ਅਦਾਰਿਆਂ ਵੱਲੋਂ ਕੀਤੇ ਸਰਵੇਖਣ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ, ਵਿਚ ਕੀਤੇ ਗਏ ਹਨ। ਰਿਪੋਰਟ ਅਨੁਸਾਰ ਇਹ ਸਰਵੇਖਣ 19 ਜ਼ਿਲ੍ਹਿਆਂ ਦੇ 531 ਪਿੰਡਾਂ ਵਿਚ 11 ਹਜ਼ਾਰ 156 ਘਰਾਂ ਵਿਚ ਜਾਕੇ ਕੀਤਾ ਗਿਆ ਸੀ। ਹਿਸਾਬ ਵਿਸ਼ੇ ਵਿਚ ਸਰਵੇਖਣ ਦੌਰਾਨ ਪ੍ਰਾਇਮਰੀ ਸਕੂਲਾਂ ਵਿਚ 5ਵੀਂ ਜਮਾਤ ਦੇ ਤਕਰੀਬਨ 54 ਫ਼ੀਸਦੀ ਬੱਚੇ ਅਜਿਹੇ ਦਰਜ ਕੀਤੇ ਗਏ, ਜੋ ਭਾਗ ਦੇ ਸਵਾਲ ਹੱਲ ਕਰਨ ਤੋਂ ਅਸਮਰੱਥ ਸਨ। 5ਵੀਂ ਜਮਾਤ ਦੇ ਤਕਰੀਬਨ 50 ਫ਼ੀਸਦੀ ਵਿਦਿਆਰਥੀ ਅੰਗਰੇਜ਼ੀ ਦਾ ਸਾਧਾਰਨ ਜਿਹਾ ਵਾਕ ਪੜ੍ਹਨ ਤੋਂ ਅਸਮਰੱਥ ਪਾਏ ਗਏ।

## ਧੂਰੀ ਚੋਣ: ਬਰਨਾਲਾ ਵਲੋਂ ਅਕਾਲੀਆਂ ਖਿਲਾਫ ਅਦਾਲਤ ਜਾਣ ਦੀ ਤਿਆਰੀ

**ਸ਼ੇਰਪੁਰ:** ਧੂਰੀ ਦੀ ਜ਼ਿਮਨੀ ਚੋਣ ਹਾਰ ਚੁੱਕੇ ਕਾਂਗਰਸੀ ਉਮੀਦਵਾਰ ਸਿਮਰਪ੍ਰਤਾਪ ਸਿੰਘ ਬਰਨਾਲਾ ਨੇ ਚੋਣਾਂ ਮਗਰੋਂ ਆਪਣੀ ਚੁੱਪੀ ਤੋੜਦਿਆਂ ਕਿਹਾ ਕਿ ਲੋਕ ਭਲੀਭਾਂਤੀ ਜਾਣਦੇ ਹਨ ਕਿ ਇਸ ਚੋਣ ਦੌਰਾਨ ਭਾਵੇਂ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਹੋਈ ਹੈ ਪਰ ਲੋਕਤੰਤਰ ਹਾਰ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਜ਼ਿਮਨੀ ਚੋਣ ਵਿਚ ਰੱਜ ਕੇ ਵਧੀਕੀਆਂ ਕੀਤੀਆਂ ਗਈਆਂ ਤੇ ਉਹ ਇਸ ਵਿਰੁੱਧ ਹਾਈਕੋਰਟ ਦਾ ਬੂਹਾ ਖਟਕਾਉਣਗੇ। ਇਸ ਵਿਚ ਚੋਣ ਕਮਿਸ਼ਨ ਨੂੰ ਵੀ ਧਿਰ ਬਣਾਇਆ ਜਾਵੇਗਾ ਤੇ ਸਬੂਤਾਂ ਦੀ ਸੀ.ਡੀ. ਵੀ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਚੋਣ ਦੌਰਾਨ ਪਿੰਡਾਂ ਵਿਚ ਨਸ਼ਿਆਂ ਦੀ ਵੰਡ, ਬਾਹਰੀ ਵਿਅਕਤੀਆਂ ਵੱਲੋਂ ਵੋਟਾਂ ਭੁਗਤਾਉਣ, ਗੁੰਡਾਗਰਦੀ ਤੇ ਸ਼ਰੇਆਮ ਖੇਡ ਕਿੱਟਾਂ ਵੰਡਣ ਆਦਿ ਦਾ ਮਾਮਲਾ ਲੋਕਾਂ ਤੋਂ ਗੁੱਝਾ ਨਹੀਂ ਹੈ। ਇਹ ਮਾਮਲਾ ਚੋਣ ਕਮਿਸ਼ਨ ਦੇ ਧਿਆਨ ਵਿਚ ਲਿਆਉਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ।



ਇਸ ਕਰਕੇ ਚੋਣ ਕਮਿਸ਼ਨ ਦੀ ਭੂਮਿਕਾ ਵੀ ਸ਼ੱਕ ਦੇ ਘੇਰੇ ਵਿਚ ਹੈ। ਪਿੰਡ ਰਾਮੂਵਾਲਾ ਦੇ ਇਕ ਕੋਚ ਵੱਲੋਂ ਬਰਨਾਲਾ ਪਰਿਵਾਰ ਉਤੇ ਖੇਡ ਕਿੱਟਾਂ ਦਾ ਸਾਮਾਨ ਲੁੱਟਣ ਦੇ ਦੋਸ਼ਾਂ ਬਾਰੇ ਉਨ੍ਹਾਂ ਕਿਹਾ ਕਿ ਖੇਡ ਕਿੱਟਾਂ ਦਾ ਟਰੱਕ ਯੂਥ ਕਾਂਗਰਸ ਨੇ ਫੜਿਆ ਤੇ ਪੁਲਿਸ ਨੇ ਉਸ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ। ਅਜਿਹੇ ਦੋਸ਼ ਝੂਠੇ, ਬੇਬੁਨਿਆਦ ਤੇ ਹਾਸੋਹੀਣੇ ਹਨ।

## ਖੁਸ਼ਹਾਲ ਦੇਸ਼ਾਂ ਦੀ ਸੂਚੀ 'ਚ ਭਾਰਤ 117ਵੀਂ ਥਾਂ

**ਸੰਯੁਕਤ ਰਾਸ਼ਟਰ:** ਖੁਸ਼ਹਾਲ ਦੇਸ਼ਾਂ ਦੇ ਅੰਤਰਰਾਸ਼ਟਰੀ ਸੂਚਕ ਅੰਕ ਵਿਚ ਭਾਰਤ ਦਾ ਪ੍ਰਦਰਸ਼ਨ ਚੰਗਾ ਨਹੀਂ ਹੈ ਤੇ ਉਹ 158 ਦੇਸ਼ਾਂ ਦੀ ਇਸ ਸੂਚੀ ਵਿਚ 117ਵੇਂ ਸਥਾਨ ਉਤੇ ਆਇਆ ਹੈ। ਦੁਨੀਆ ਵਿਚ ਸਵਿਟਜ਼ਰਲੈਂਡ ਨੂੰ ਸਭ ਤੋਂ ਖੁਸ਼ਹਾਲ ਦੇਸ਼ ਦੱਸਿਆ ਗਿਆ ਹੈ ਜੋ ਟਿਕਾਊ ਵਿਕਾਸ ਹੱਲ ਨੈੱਟਵਰਕ (ਐਸ.ਡੀ.ਐਸ.ਐਨ.) ਵੱਲੋਂ ਪ੍ਰਕਾਸ਼ਤ 2015 ਦੀ 'ਵਿਸ਼ਵ ਖੁਸ਼ੀ ਰਿਪੋਰਟ' ਵਿਚ ਪਹਿਲੇ ਨੰਬਰ ਉਤੇ ਆਇਆ ਹੈ। ਐਸ.ਡੀ.ਐਸ.ਐਨ. ਸੰਯੁਕਤ ਰਾਸ਼ਟਰ ਦੀ ਅੰਤਰਰਾਸ਼ਟਰੀ ਪਹਿਲ ਹੈ। ਸਿਖਰਲੇ ਪੰਜ ਸਥਾਨਾਂ 'ਤੇ ਹੋਰ ਦੇਸ਼ ਆਈਸਲੈਂਡ, ਡੈਨਮਾਰਕ, ਨਾਰਵੇ ਤੇ ਕੈਨੇਡਾ ਹਨ।



ਭਾਰਤ 117ਵੇਂ ਸਥਾਨ ਉਤੇ ਹੈ ਤੇ ਉਹ ਪਾਕਿਸਤਾਨ (81), ਫਲਿਸਤੀਨ (108), ਬੰਗਲਾਦੇਸ਼ (109), ਯੂਕਰੇਨ (111) ਤੇ ਇਰਾਕ (112) ਵਰਗੇ ਦੇਸ਼ਾਂ ਤੋਂ ਵੀ ਹੇਠਾਂ ਹੈ। ਉਹ 2013 ਦੀ ਰਿਪੋਰਟ ਨਾਲ ਛੇ ਸਥਾਨ ਹੇਠਾਂ ਆ ਗਿਆ ਹੈ। ਉਸ ਸਾਲ ਉਹ 111ਵੇਂ ਸਥਾਨ ਉਤੇ ਸੀ।

ਇਸ ਸੂਚੀ ਵਿਚ ਅਮਰੀਕਾ 16ਵੇਂ, ਬਰਤਾਨੀਆ 21ਵੇਂ, ਸਿੰਗਾਪੁਰ 24ਵੇਂ, ਸਾਊਦੀ ਅਰਬ 35ਵੇਂ, ਜਾਪਾਨ 46ਵੇਂ ਤੇ ਚੀਨ 84ਵੇਂ ਸਥਾਨ ਉਤੇ ਹੈ।

## ਮਹਾਨ ਕੋਸ਼ ਦੇ ਹਿੰਦੀ ਅਨੁਵਾਦ ਵਿਚ ਗਲਤੀਆਂ ਦੀ ਭਰਮਾਰ

**ਚੰਡੀਗੜ੍ਹ:** ਭਾਈ ਕਾਹਨ ਸਿੰਘ ਨਾਭਾ ਵੱਲੋਂ ਰਚਿਤ ਤੇ ਪੰਜਾਬੀ ਦਾ ਐਨਸਾਈਕਲੋਪੀਡੀਆ ਮੰਨੇ ਜਾਂਦੇ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਹਿੰਦੀ ਅਨੁਵਾਦ ਦੇ ਪਹਿਲੇ ਸੰਸਕਰਣ ਵਿਚ ਗਲਤੀਆਂ ਦੀ ਭਰਮਾਰ ਹੈ ਜਿਸ ਕਾਰਨ ਪੰਜਾਬੀ ਯੂਨੀਵਰਸਿਟੀ ਦੀ ਥੋੜੀ ਜਿਹੀ ਲਾਪ੍ਰਵਾਹੀ ਨੇ ਇਕ ਚੰਗੇ ਉੱਦਮ ਨੂੰ ਨਾਂਹਪੱਖੀ ਚਰਚਾ ਵਿਚ ਤਬਦੀਲ ਕਰ ਦਿੱਤਾ ਹੈ। ਕਈ ਵਿਦਵਾਨਾਂ ਨੇ ਸੰਸਕਰਣ ਛਾਪਣ ਤੋਂ ਪਹਿਲਾਂ ਯੂਨੀਵਰਸਿਟੀ ਪ੍ਰਬੰਧਕਾਂ ਨੂੰ ਸੁਚੇਤ ਕਰਦੇ ਹੋਏ ਮਾਹਿਰਾਂ ਦੀ ਕਮੇਟੀ ਬਣਾਉਣ ਦੀ ਅਪੀਲ ਵੀ ਕੀਤੀ ਸੀ। ਮਾਮਲਾ ਭਖਣ ਤੇ ਯੂਨੀਵਰਸਿਟੀ ਦੇ ਕੁਲਪਤੀ ਤੇ ਪੰਜਾਬ ਦੇ ਰਾਜਪਾਲ ਦੇ ਨੋਟਿਸ ਵਿਚ ਆਉਣ ਤੋਂ ਬਾਅਦ ਯੂਨੀਵਰਸਿਟੀ ਨੇ ਦਰੁਸਤੀ ਲਈ ਵਿਦਵਾਨਾਂ ਦੀ ਇਕ ਹੋਰ ਕਮੇਟੀ ਬਣਾ ਦਿੱਤੀ ਹੈ। ਉਪ ਕੁਲਪਤੀ ਦਾ ਕਹਿਣਾ ਹੈ ਕਿ ਉਨ੍ਹਾਂ ਸੰਸਕਰਣ ਵਾਪਸ ਮੰਗਵਾ ਲਿਆ ਹੈ।




ਯੂਨੀਵਰਸਿਟੀ ਵੱਲੋਂ ਮਹਾਨ ਕੋਸ਼ ਦਾ ਹਿੰਦੀ ਤੇ ਅੰਗਰੇਜ਼ੀ ਵਿਚ ਅਨੁਵਾਦ ਛਾਪਣ ਦਾ ਬੀੜਾ ਉਠਾਉਣਾ ਪੰਜਾਬੀ ਭਾਸ਼ਾ ਲਈ ਮਾਣ ਵਾਲੀ ਗੱਲ ਮੰਨੀ ਗਈ। ਵੱਖ-ਵੱਖ ਵਿਦਵਾਨਾਂ ਤੋਂ ਕਰਵਾਏ ਅਨੁਵਾਦ ਦੇ ਖਰੜੇ ਵਾਚਣ ਤੋਂ ਬਾਅਦ ਸਾਬਕਾ ਆਈ.ਏ.ਐਸ. ਗੁਰਤੇਜ ਸਿੰਘ, ਸਿੱਖ ਵਿਦਵਾਨ ਭਾਈ ਅਸ਼ੋਕ ਸਿੰਘ ਬਾਗੜੀਆ, ਸੀਨੀਅਰ ਪੱਤਰਕਾਰ ਕਰਮਜੀਤ ਸਿੰਘ, ਅਮਰਜੀਤ ਸਿੰਘ ਧੀਮਾਨ ਤੇ ਮਨਜੀਤ ਸਿੰਘ ਉਤੇ ਆਧਾਰਤ ਪੰਜ ਮੈਂਬਰੀ ਵਫ਼ਦ ਨੇ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਨੂੰ ਮਿਲ ਕੇ ਦਰਖ਼ਾਸਤ ਦਿੱਤੀ। ਇਨ੍ਹਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਤਿੰਨਾਂ ਸੰਸਕਰਣਾਂ ਵਿਚ ਹੀ ਤਰੁੱਟੀਆਂ ਦਾ ਮੁੱਦਾ ਉਠਾਇਆ ਤੇ ਗਲਤੀਆਂ ਸੁਧਾਰਨ ਲਈ ਕਮੇਟੀ ਗਠਿਤ ਕਰਨ ਦੀ ਮੰਗ ਕੀਤੀ। ਇਨ੍ਹਾਂ ਵਿਦਵਾਨਾਂ ਦਾ ਮੰਨਣਾ ਹੈ ਕਿ ਮਹਾਨ ਕੋਸ਼ ਦੇ ਹਿੰਦੀ ਅਨੁਵਾਦ ਵਿਚ ਭਾਈ ਕਾਹਨ ਸਿੰਘ ਨਾਭਾ ਦਾ ਨਾਮ ਹੀ ਗਲਤ ਹੈ। ਪਹਿਲੇ ਪੰਜ ਪੰਨਿਆਂ ਵਿਚ ਹੀ 48 ਗਲਤੀਆਂ ਨੋਟ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚ ਬਹੁਤ ਸਾਰੇ ਸ਼ਬਦ ਅਜਿਹੇ ਹਨ, ਜਿਸ ਨਾਲ ਅਰਥ ਦੇ ਅਨਰਥ ਹੋ ਰਹੇ ਹਨ।

ਮਿਸਾਲ ਦੇ ਤੌਰ ਉੱਤੇ ਕੋਸ਼ਕੀਆ ਸ਼ਬਦ ਦੀ ਜਗ੍ਹਾ ਕੋਸ਼ੀਆ ਸ਼ਬਦ ਲਿਖਣਾ ਸੀ। ਕੋਸ਼ ਦਾ ਅਰਥ ਡਿਕਸ਼ਨਰੀ ਹੈ, ਜਦੋਂ ਕਿ ਕੋਸ਼ਕ ਦਾ ਅਰਥ ਆਂਡਾ ਜਾਂ ਅੰਡਕੋਸ਼ ਹੁੰਦਾ ਹੈ। ਸੰਚਾਰਿਤ ਦੀ ਥਾਂ ਸੰਚਰਿਤ, ਵਿਸ਼ਵਕੋਸ਼ੀਆ ਦੀ ਜਗ੍ਹਾ ਵਿਸ਼ਵਕੋਸ਼ਕੀਆ, ਡਿਜ਼ਾਈਨ ਦੀ ਥਾਂ ਡਿਜਾਇਨ, ਪੌਰਾਣਿਕ ਸਾਹਿਤ ਦੀ ਜਗ੍ਹਾ ਪੌਰਾਣਿਕ ਇਤਿਹਾਸ, ਸਮੱਗਰ ਦੀ ਥਾਂ ਸਾਮਗਰ ਆਦਿ ਗਲਤੀਆਂ ਰੜਕਦੀਆਂ ਹਨ। ਪੰਜਾਬੀਆਂ ਦੇ ਅਤਿ ਸਤਿਕਾਰੇ ਮਹਾਨਕੋਸ਼ ਵਿਚ ਅਜਿਹੀਆਂ ਗਲਤੀਆਂ ਜਾਣਾ ਪੂਰੇ ਸਮਾਜ ਤੇ ਯੂਨੀਵਰਸਿਟੀ ਵਰਗੀ ਸੰਸਥਾ ਦੇ ਨਾਮ ਨੂੰ ਧੱਬਾ ਲੱਗਣ ਵਾਲੀ ਗੱਲ ਹੈ। ਕੋਈ ਜਵਾਬ ਨਾ ਮਿਲਣ ਉੱਤੇ 31 ਮਈ 2012 ਨੂੰ ਮੁੜ ਉਪ ਕੁਲਪਤੀ ਨੂੰ ਇਨ੍ਹਾਂ ਪੰਜਾਂ ਵਿਦਵਾਨਾਂ ਨੇ ਯਾਦ ਪੱਤਰ ਭੇਜਿਆ। ਇਨ੍ਹਾਂ ਗਲਤੀਆਂ ਬਾਰੇ ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਵੱਲੋਂ ਆਪਣੇ ਵਿਦਵਾਨ ਇੰਦਰਜੀਤ ਸਿੰਘ ਤੋਂ ਘੋਖ ਵੀ ਕਰਵਾਈ ਗਈ। ਘੋਖ ਤੋਂ ਬਾਅਦ 15 ਅਕਤੂਬਰ 2014 ਨੂੰ ਇੰਸਟੀਚਿਊਟ ਦੀ ਮੁਖੀ ਬਰਿੰਦਰਾ ਕੌਰ ਨੇ ਵੀ ਉਪ ਕੁਲਪਤੀ ਨੂੰ ਚਿੱਠੀ ਲਿਖ ਕੇ ਗਲਤੀਆਂ ਦੀ ਪੁਸ਼ਟੀ ਕੀਤੀ ਪਰ ਕਿਸੇ ਦਾ ਕੋਈ ਜਵਾਬ ਨਹੀਂ ਮਿਲਿਆ। ਯੂਨੀਵਰਸਿਟੀ ਦੇ ਚਾਂਸਲਰ ਤੇ ਪੰਜਾਬ ਦੇ ਰਾਜਪਾਲ ਦੇ ਹੁਕਮ ਉੱਤੇ ਉਨ੍ਹਾਂ ਦੇ ਅਧੀਨ ਸਕੱਤਰ ਮਦਨ ਗਰਗ ਨੇ 22 ਦਸੰਬਰ 2014 ਨੂੰ ਉਪ ਕੁਲਪਤੀ ਨੂੰ ਪੱਤਰ ਲਿਖ ਕੇ ਮਾਮਲੇ ਦੀ ਹਕੀਕਤ ਜਾਣਨੀ ਚਾਹੀ।

ਇਸ ਪ੍ਰਾਜੈਕਟ ਦੀ ਮੁਖੀ ਡਾ. ਧਨਵੰਤ ਕੌਰ ਅਨੁਸਾਰ ਯੂਨੀਵਰਸਿਟੀ ਨੇ ਡਾ. ਰਤਨ ਸਿੰਘ ਜੱਗੀ, ਡਾ. ਜਗਬੀਰ ਸਿੰਘ ਦਿੱਲੀ ਤੇ ਸੰਸਕ੍ਰਿਤ ਦੇ ਵਿਦਵਾਨ ਡਾ. ਮਹੇਸ਼ ਗੌਤਮ ਉੱਤੇ ਆਧਾਰਤ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਹੈ। ਕਮੇਟੀ ਸਾਰੇ ਮਾਮਲੇ ਦੀ ਖੋਜਬੀਨ ਕਰਕੇ ਦਰੁਸਤੀ ਦੀ ਸਿਫ਼ਾਰਸ਼ ਕਰੇਗੀ। ਡਾ. ਜੱਗੀ ਨੇ ਕਿਹਾ ਕਿ ਉਨ੍ਹਾਂ ਨੂੰ ਅਜਿਹੀ ਕਿਸੇ ਕਮੇਟੀ ਬਾਰੇ ਕੋਈ ਸੂਚਨਾ ਨਹੀਂ ਹੈ। ਉਪ ਕੁਲਪਤੀ ਨੇ ਬੇਸ਼ੱਕ ਹਿੰਦੀ ਅਨੁਵਾਦ ਵਾਲਾ ਸੰਸਕਰਣ ਵਾਪਸ ਮੰਗਵਾ ਲੈਣ ਦੀ ਗੱਲ ਕੀਤੀ ਹੈ ਪਰ ਚੰਡੀਗੜ੍ਹ ਦੀ ਇਕ ਲਾਇਬ੍ਰੇਰੀ ਵਿਚ ਮਹਾਨਕੋਸ਼ ਦੇ ਹਿੰਦੀ ਅਨੁਵਾਦ ਵਾਲੀ ਕਾਪੀ ਪਈ ਹੈ। ਉਪ ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਡਾ. ਜਸਪਾਲ ਸਿੰਘ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਨੇ ਪਹਿਲਾਂ ਛਪੇ ਸੰਸਕਰਣ ਉੱਤੇ ਰੋਕ ਲਾ ਦਿੱਤੀ ਹੈ। ਅੱਗੋਂ ਅਨੁਵਾਦਤ ਕੋਈ ਹੋਰ ਸੰਸਕਰਣ ਵੀ ਨਾ ਛਾਪਣ ਦਾ ਫੈਸਲਾ ਕੀਤਾ ਹੈ। ਕਈ ਮਹੀਨੇ ਪਹਿਲਾਂ ਹੀ ਯੂਨੀਵਰਸਿਟੀ ਇਹ ਫੈਸਲਾ ਲੈ ਚੁੱਕੀ ਹੈ।

## ਆਦਰਸ਼ ਗ੍ਰਾਮ ਯੋਜਨਾ ਅਪਨਾਉਣ ਵਾਲਾ ਪੰਜਾਬ ਪਹਿਲਾ ਸੂਬਾ

**ਜਲੰਧਰ:** ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਤਹਿਤ ਆਉਣ ਵਾਲਾ ਪੰਜਾਬ ਪਹਿਲਾ ਸੂਬਾ ਬਣ ਗਿਆ ਹੈ ਤੇ ਪਿਛਲੇ ਵਿੱਤੀ ਵਰ੍ਹੇ ਦੌਰਾਨ ਪੰਜਾਬ ਦੇ ਹੁਸ਼ਿਆਰਪੁਰ ਤੇ ਮੁਕਤਸਰ ਜ਼ਿਲ੍ਹੇ ਦੇ 50-50 ਪਿੰਡ ਇਸ ਯੋਜਨਾ ਤਹਿਤ ਚੁਣੇ ਗਏ ਹਨ। ਸਮਾਜ ਭਲਾਈ ਬਾਰੇ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਨੇ ਦੱਸਿਆ ਕਿ ਦੇਸ਼ ਦੇ ਹੋਰ ਕਿਸੇ ਵੀ ਸੂਬੇ ਨੂੰ ਇਹ ਗ੍ਰਾਂਟ ਨਹੀਂ ਮਿਲੀ। ਪੰਜਾਬ ਦੇ 112 ਪਿੰਡ ਪਹਿਲੇ ਸਾਲ ਚੁਣੇ ਗਏ ਹਨ, ਜਿਨ੍ਹਾਂ ਵਿਚੋਂ 50 ਮੁਕਤਸਰ ਤੇ 50 ਹੁਸ਼ਿਆਰਪੁਰ ਜ਼ਿਲ੍ਹੇ ਦੇ ਹਨ, ਜਦਕਿ 12 ਪਿੰਡ ਹੋਰ ਜ਼ਿਲ੍ਹਿਆਂ ਵਿਚੋਂ ਲਏ ਗਏ ਹਨ। ਸ੍ਰੀ ਸਾਂਪਲਾ ਮੁਤਾਬਕ ਪਿੰਡਾਂ ਦੇ ਵਿਕਾਸ ਲਈ 20-20 ਲੱਖ ਰੁਪਏ ਦੀ ਗਰਾਂਟ ਜਾਰੀ ਵੀ ਹੋ ਚੁੱਕੀ ਹੈ। ਇਸ ਚਾਲੂ ਸਾਲ ਦੌਰਾਨ ਇੰਨੇ ਹੀ ਹੋਰ ਨਵੇਂ ਪਿੰਡ ਇਸ ਯੋਜਨਾ ਤਹਿਤ ਆਉਣਗੇ। ਇਨ੍ਹਾਂ ਪਿੰਡਾਂ ਲਈ ਇਹ ਸਾਰੀ ਗਰਾਂਟ ਕੇਂਦਰ ਸਰਕਾਰ ਵੱਲੋਂ ਹੀ ਜਾਰੀ ਕੀਤੀ ਜਾਂਦੀ ਹੈ ਤੇ ਇਹ ਪਿੰਡ ਵਿਕਾਸ ਉਪਰ ਖਰਚੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਭਾਜਪਾ ਪ੍ਰਧਾਨ ਅਮਿਤ ਸ਼ਾਹ ਪਾਰਟੀ ਦੇ ਐਸ.ਸੀ. ਵਿੰਗ ਦੀ ਕੌਮੀ ਕਾਰਜਕਾਰਨੀ ਦੀ ਦੋ ਦਿਨਾ ਮੀਟਿੰਗ ਦੇ ਉਦਘਾਟਨੀ ਸਮਾਗਮ ਦਾ ਆਰੰਭ ਕਰਨ 16 ਮਈ ਨੂੰ ਜਲੰਧਰ ਆਉਣਗੇ।

# ਗੁਰੂ ਗੋਬਿੰਦ ਸਿੰਘ ਦੀਆਂ ਨਿਸ਼ਾਨੀਆਂ ਦੇ ਦਰਸ਼ਨਾਂ ਲਈ ਯਾਤਰਾ

**ਚੰਡੀਗੜ੍ਹ:** ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਂਝੇ ਤੌਰ 'ਤੇ ਗੁਰੂ ਗੋਬਿੰਦ ਸਿੰਘ ਦੀਆਂ ਨਿਸ਼ਾਨੀਆਂ ਨੂੰ ਸੰਗਤਾਂ ਦੇ ਦਰਸ਼ਨਾਂ ਲਈ ਸੂਬੇ ਭਰ ਵਿਚ ਲਿਜਾਣ ਵਾਸਤੇ 6 ਮਈ ਤੋਂ 20 ਮਈ ਤੱਕ ਵਿਸ਼ੇਸ਼ ਯਾਤਰਾ ਕੱਢੀ ਜਾਵੇਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਇਸ ਸਬੰਧੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲੇ। ਮੁੱਖ ਮੰਤਰੀ ਨੇ ਇਸ ਯਾਤਰਾ ਦੇ ਸਮੁੱਚੇ ਪ੍ਰਬੰਧਾਂ ਦੀ ਦੇਖ-ਰੇਖ ਲਈ ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ ਅਤੇ ਮੁੱਖ ਮੰਤਰੀ ਦੇ ਵਿਸ਼ੇਸ ਪ੍ਰਮੁੱਖ ਸਕੱਤਰ ਕੇ.ਜੇ.ਐਸ. ਚੀਮਾ 'ਤੇ ਆਧਾਰਤ ਕਮੇਟੀ ਬਣਾਈ ਹੈ।

ਸ. ਬਾਦਲ ਨੇ ਇਸ ਸਬੰਧੀ ਤਿਆਰ ਕੀਤੇ ਪ੍ਰੋਗਰਾਮ ਦਾ ਜਾਇਜ਼ਾ ਵੀ ਲਿਆ। ਗੁਰੂ ਗੋਬਿੰਦ ਸਿੰਘ ਦੀਆਂ ਨਿਸ਼ਾਨੀਆਂ ਵਿਚ ਤਿੰਨ ਤਲਵਾਰਾਂ, ਕੰਘਾ ਸਮੇਤ ਕੇਸ, ਦਸਤਾਰ, ਚੋਲਾ, ਚਾਬੁਕ, ਪੰਜ ਤੀਰ, ਛੋਟੀ ਕਿਰਪਾਨ, ਭਾਲਾ, ਛੋਟਾ ਭਾਲਾ, ਵੱਡੀ ਕਿਰਪਾਨ, ਸ੍ਰੀ ਸਾਹਿਬ ਜਿਸ 'ਤੇ 'ਸਤ ਸ੍ਰੀ ਅਕਾਲ ਗੁਰੂ ਤੇਗ ਬਹਾਦਰ' 1713 ਸੰਮਤ (1656) ਉਕਰਿਆ ਹੋਇਆ ਹੈ, ਸ਼ਾਮਲ ਹਨ।

ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਦੀ ਹੱਥ ਲਿਖਤ ਵੀ ਸ਼ਾਮਲ ਹੋਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ 33 ਫੁੱਟ ਲੰਮੀ ਬੱਸ ਵਿਚ ਇਹ ਨਿਸ਼ਾਨੀਆਂ ਸਜਾਈਆਂ ਜਾਣਗੀਆਂ।

# ਵਿਧਾਇਕ ਬੈਂਸ ਭਰਾਵਾਂ ਦੀ ਜ਼ਮਾਨਤ

**ਲੁਧਿਆਣਾ:** ਰੇਤ ਮਾਫ਼ੀਆ ਖ਼ਿਲਾਫ਼ ਸੱਤਿਆਗ੍ਰਹਿ ਸ਼ੁਰੂ ਕਰਨ ਦੇ ਮਾਮਲੇ ਵਿਚ ਵੱਖ ਵੱਖ ਅਪਾਰਧਿਕ ਧਾਰਾਵਾਂ ਵਾਲੇ ਕੇਸ ਤਹਿਤ ਜੇਲ੍ਹਾਂ ਵਿਚ ਬੰਦ ਵਿਧਾਇਕ ਬੈਂਸ ਭਰਾਵਾਂ ਬਲਵਿੰਦਰ ਸਿੰਘ ਬੈਂਸ ਤੇ ਸਿਮਰਜੀਤ ਸਿੰਘ ਬੈਂਸ ਅਤੇ ਟੀਮ ਇਨਸਾਫ਼ ਦੇ ਮੈਂਬਰਾਂ ਦੀ ਲੁਧਿਆਣਾ ਦੀ ਅਦਾਲਤ ਨੇ ਜ਼ਮਾਨਤ ਅਰਜ਼ੀ ਮਨਜ਼ੂਰ ਕਰ ਲਈ ਹੈ।

ਪਿੰਡ ਚੂਹੜਪੁਰ ਦੀ ਰੇਤ ਖੱਡ ਵਿਚ ਰੇਤਾ ਕੱਢਣ 'ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਸਮੇਤ 20 ਮੈਂਬਰਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਉਨ੍ਹਾਂ 'ਤੇ ਰੇਤ ਚੋਰੀ, ਮਾਈਨਿੰਗ ਐਕਟ, ਕਤਲ ਦੀ ਕੋਸ਼ਿਸ਼, ਲੁੱਟ ਆਦਿ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਜੱਜ ਗੁਰਨਾਮ ਸਿੰਘ ਨੇ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਮਨਜ਼ੂਰੀ ਕਰ ਲਈ ਹੈ।

ਦੱਸਣਯੋਗ ਹੈ ਕਿ ਵਿਧਾਇਕ ਬੈਂਸ ਭਰਾਵਾਂ ਨੇ ਐਲਾਨ ਕੀਤਾ ਸੀ ਕਿ ਉਹ 20 ਅਪਰੈਲ ਨੂੰ ਰੇਤ ਮਾਫ਼ੀਆ ਖ਼ਿਲਾਫ਼ ਸੱਤਿਆਗ੍ਰਹਿ ਸ਼ੁਰੂ ਕਰਨਗੇ। ਇਸ ਦੌਰਾਨ ਭਖਦੇ ਜਨ ਅੰਦੋਲਨ ਦੇ ਮੱਦੇਨਜ਼ਰ ਪੁਲਿਸ ਨੇ ਸਖ਼ਤੀ ਕਰ ਦਿੱਤੀ ਸੀ। ਪਹਿਲਾਂ ਬੈਂਸ ਭਰਾਵਾਂ ਸਮੇਤ ਉਨ੍ਹਾਂ ਦੇ 180 ਸਮਰਥਕਾਂ 'ਤੇ ਧਾਰਾ 144 ਦੀ ਉਲੰਘਣਾ ਦੇ ਮਾਮਲੇ 'ਚ ਧਾਰਾ 107/151 ਤਹਿਤ ਕੇਸ ਦਰਜ ਕੀਤਾ ਗਿਆ। ਇਸ ਮਗਰੋਂ ਬੈਂਸ ਭਰਾਵਾਂ ਨੇ ਆਪਣੀ ਯੋਜਨਾ ਬਦਲਦੇ ਹੋਏ ਅਚਾਨਕ 17 ਅਪਰੈਲ ਨੂੰ ਹੀ ਪਿੰਡ ਚੂਹੜਪੁਰ ਦੀ ਰੇਤ ਖੱਡ ਵਿਚ ਪੁੱਜ ਕੇ ਸੱਤਿਆਗ੍ਰਹਿ ਦੀ ਸ਼ੁਰੂਆਤ ਕਰ ਦਿੱਤੀ। ਉਥੋਂ ਬੈਂਸ ਭਰਾਵਾਂ ਅਤੇ ਉਨ੍ਹਾਂ ਦੇ ਸੈਂਕੜੇ ਸਮਰਥਕਾਂ ਨੇ ਇੱਕ ਦਰਜਨ ਤੋਂ ਵੱਧ ਰੇਤ ਦੀਆਂ ਟਰਾਲੀਆਂ ਕੱਢ ਕੇ ਗ਼ਰੀਬਾਂ ਵਿਚ ਵੰਡ ਦਿੱਤੀਆਂ ਸਨ। ਮੌਕੇ 'ਤੇ ਪੁੱਜੀ ਲੁਧਿਆਣਾ ਪੁਲਿਸ ਨੇ ਥਾਣਾ ਮਿਹਰਬਾਨ ਵਿਚ 17 ਅਪਰੈਲ ਨੂੰ ਰੇਤ ਚੋਰੀ, ਮਾਈਨਿੰਗ ਐਕਟ, ਸਰਕਾਰ ਕੰਮ ਵਿਚ ਵਿਘਨ ਪਾਉਣਾ ਤੇ ਸਰਕਾਰ ਖ਼ਿਲਾਫ਼ ਲੋਕਾਂ ਨੂੰ ਭੜਕਾਉਣ ਆਦਿ ਦਾ ਕੇਸ ਦਰਜ ਕੀਤਾ ਸੀ। ਇਸ ਦੇ 24 ਘੰਟੇ ਬਾਅਦ ਪੁਲਿਸ ਨੇ ਸਪਲੀਮੈਂਟਰੀ ਬਿਆਨ ਦਰਜ ਕਰ ਕੇ ਏ.ਐਸ.ਆਈ. ਗੁਰਮੀਤ ਸਿੰਘ ਦੀ ਸ਼ਿਕਾਇਤ 'ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਸਮੇਤ ਫੜੇ ਗਏ 20 ਸਮਰਥਕਾਂ 'ਤੇ ਕਤਲ ਦੀ ਕੋਸ਼ਿਸ਼ ਅਤੇ ਲੁੱਟ ਵਰਗੀਆਂ ਧਾਰਾਵਾਂ ਵੀ ਨਾਲ ਜੋੜ ਦਿੱਤੀਆਂ ਸਨ।

ਵਿਧਾਇਕ ਬੈਂਸ ਦੇ ਭਰਾ ਕਰਮਜੀਤ ਸਿੰਘ ਬੈਂਸ ਨੇ ਕਿਹਾ ਕਿ ਪੁਲਿਸ ਵੱਲੋਂ ਬੇਬੁਨਿਆਦ ਦਲੀਲਾਂ ਨਾਲ ਝੂਠੇ ਕੇਸ ਦਰਜ ਕੀਤੇ ਗਏ ਪਰ ਅਦਾਲਤ ਨੇ ਸਾਰੇ ਤੱਥਾਂ ਨੂੰ ਗੰਭੀਰਤਾ ਨਾਲ ਵਾਚਣ ਤੋਂ ਬਾਅਦ ਜ਼ਮਾਨਤ ਅਰਜ਼ੀ ਮਨਜ਼ੂਰ ਕਰ ਲਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਖਰ ਸੱਚਾਈ ਦੀ ਜਿੱਤ ਹੋਈ ਹੈ।

# ਆਸ਼ੂਤੋਸ਼ ਦੇ ਸਸਕਾਰ 'ਤੇ ਰੋਕ ਹੋਰ ਵਧਾਈ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਇਕ ਵਾਰ ਫਿਰ ਦਿਵਿਆ ਜੋਤੀ ਜਾਗ੍ਰਿਤੀ ਸੰਸਥਾਨ ਦੇ ਮਰਹੂਮ ਮੁਖੀ ਆਸ਼ੂਤੋਸ਼ ਦੀ ਦੇ ਸਸਕਾਰ ਦੇ ਹੁਕਮਾਂ ਦੀ ਪਾਲਣਾ ਟਾਲ ਦਿੱਤੀ ਗਈ ਹੈ। ਇਸ ਕੇਸ ਦੀ ਸੁਣਵਾਈ 25 ਮਈ 'ਤੇ ਪਾ ਦਿੱਤੀ ਗਈ ਹੈ।

ਯਾਦ ਰਹੇ ਕਿ ਕਿ ਬੀਤੀ 29 ਜਨਵਰੀ ਨੂੰ ਆਸ਼ੂਤੋਸ਼ ਦੀ ਮੌਤ ਦਾ ਇਕ ਸਾਲ ਪੂਰਾ ਹੋ ਜਾਣ ਮਗਰੋਂ ਹਾਈਕੋਰਟ ਵਿਚ ਲਗਭਗ ਮਹੀਨੇ-ਮਹੀਨੇ ਦੇ ਵਕਫ਼ੇ 'ਤੇ ਹੋਈਆਂ ਤਿੰਨੇ ਸੁਣਵਾਈਆਂ ਮੌਕੇ ਗੱਲ ਕਿਸੇ ਨਾ ਕਿਸੇ ਕਾਰਨ ਅੱਗੇ ਤੁਰਨੋਂ ਟਲਦੀ ਰਹੀ ਹੈ। ਹੁਣ ਜਸਟਿਸ ਐਸ.ਕੇ.ਮਿੱਤਲ ਅਤੇ ਜਸਟਿਸ ਐਚ.ਐਸ.ਸਿੱਧੂ ਵਾਲੇ ਡਿਵੀਜ਼ਨ ਬੈਂਚ ਵੱਲੋਂ ਹਾਈਕੋਰਟ ਦੇ ਹੀ ਸਿੰਗਲ ਬੈਂਚ ਦੁਆਰਾ ਆਸ਼ੂਤੋਸ਼ ਦਾ ਅੰਤਿਮ ਸੰਸਕਾਰ ਕਰਨ ਦੇ ਫ਼ੈਸਲੇ ਵਿਰੁੱਧ ਆਈਆਂ ਅਪੀਲਾਂ ਉਤੇ ਸੁਣਵਾਈ ਸ਼ੁਰੂ ਹੀ ਕੀਤੀ ਸੀ ਕਿ ਇਸ ਮਾਮਲੇ ਵਿਚ ਸੰਸਥਾਨ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਐਡਵੋਕੇਟ ਅਤੇ ਸਾਬਕਾ ਭਾਜਪਾ ਐਮ.ਪੀ. ਸੱਤਪਾਲ ਜੈਨ (ਨਵ-ਨਿਯੁਕਤ ਵਧੀਕ ਸਾਲਿਸਟਰ ਜਨਰਲ ਆਫ਼ ਇੰਡੀਆ) ਵੱਲੋਂ ਆਪਣੀ ਨਵੀਂ ਜ਼ਿੰਮੇਵਾਰੀ ਦਾ ਹਵਾਲਾ ਦਿੰਦਿਆਂ ਉਨ੍ਹਾਂ ਕੋਲ ਇਸ ਕੇਸ ਦੀ ਪੈਰਵੀ ਬਾਬਤ ਸਰਕਾਰੀ ਪ੍ਰਵਾਨਗੀ ਨਾ ਹੋਣ ਦਾ ਨੁਕਤਾ ਬੈਂਚ ਅੱਗੇ ਰੱਖਿਆ ਗਿਆ। ਇਸ ਉਤੇ ਗ਼ੌਰ ਕਰਦਿਆਂ ਬੈਂਚ ਵੱਲੋਂ ਇਹ ਕੇਸ 25 ਮਈ ਤੱਕ ਅੱਗੇ ਪਾ ਦਿੱਤਾ ਗਿਆ। ਦੂਜੇ ਪਾਸੇ ਦਲੀਪ ਝਾਅ ਦੇ ਵਕੀਲ ਐਸ.ਪੀ. ਸੋਈ ਵੱਲੋਂ ਇੱਕ ਵਾਰ ਫਿਰ ਝਾਅ ਦੀ ਆਸ਼ੂਤੋਸ਼ ਦਾ ਪੁੱਤਰ ਹੋਣ ਬਾਰੇ ਦਾਅਵੇਦਾਰੀ ਦੀ ਪੁਖ਼ਤਗੀ ਹਿਤ ਡੀ.ਐਨ.ਏ. ਟੈਸਟ ਕਰਵਾਏ ਜਾਣ ਦੀ ਮੰਗ ਕੀਤੀ ਜਾ ਰਹੀ ਹੈ।

# ਨਸ਼ਿਆਂ ਦਾ ਠੀਕਰਾ ਭਾਰਤੀਆਂ ਸਿਰ ਭੰਨਣ ਵਾਲਿਆਂ ਦੀ ਆਲੋਚਨਾ

**ਵੈਨਕੂਵਰ:** ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਪ੍ਰੀਮੀਅਰ ਅਤੇ ਸਾਬਕ ਪੁਲਿਸ ਅਫਸਰ ਕੈਸ਼ ਹੀਡ ਨੇ ਨਸ਼ਿਆਂ ਦਾ ਦੋਸ਼ ਭਾਰਤੀਆਂ ਸਿਰ ਮੜ੍ਹਨ ਅਤੇ ਇਸ ਨੂੰ ਮੁੱਦਾ ਬਣਾ ਕੇ ਨੁਕਤਾਚੀਨੀ ਕਰਨ ਵਾਲੇ ਸਿਆਸੀ ਤੇ ਹੋਰ ਆਗੂਆਂ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਗਿਆ ਹੈ ਕਿ ਅਸਲ ਵਿਚ ਉਹ ਸਾਰੇ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਹੀ ਅਜਿਹਾ ਭੰਡੀ ਪ੍ਰਚਾਰ ਕਰ ਰਹੇ ਹਨ ਜਿਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ।

ਭਾਰਤੀ ਭਾਈਚਾਰੇ ਨਾਲ ਸਬੰਧਤ ਤੇ ਕਈ ਸਾਲ ਪੁਲਿਸ ਅਫਸਰ ਵਜੋਂ ਸੇਵਾਵਾਂ ਨਿਭਾਉਂਦੇ ਰਹੇ ਕੈਸ਼ ਹੀਡ ਨੇ ਕਿਹਾ ਕਿ ਉਹ ਕਾਫੀ ਸਮੇਂ ਤੋਂ ਵੇਖ ਰਹੇ ਹਨ ਕਿ ਪੁਲਿਸ ਅਤੇ ਸਿਆਸੀ ਲੋਕਾਂ ਵਲੋਂ ਨਿੱਕੀ ਨਿੱਕੀ ਗੱਲ ਦਾ ਪਹਾੜ ਬਣਾਇਆ ਤੇ ਉਸ ਦਾ ਠੀਕਰਾ ਭਾਰਤੀ ਭਾਈਚਾਰੇ ਦੇ ਨੌਜਵਾਨਾਂ ਸਿਰ ਭੰਨਿਆ ਜਾ ਰਿਹਾ ਹੈ ਜੋ ਬਹੁਤ ਮੰਦਭਾਗੀ ਗੱਲ ਹੈ। ਉਨ੍ਹਾਂ ਕਿਹਾ ਕਿ ਭਾਰਤੀ ਖਾਸਕਰ ਪੰਜਾਬੀ ਲੋਕਾਂ ਨੂੰ ਇਸ ਚਾਲ ਤੋਂ ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਇਹ ਸਾਰਾ ਕੁਝ ਸਾਜ਼ਿਸ਼ ਤਹਿਤ ਕੀਤਾ ਜਾ ਰਿਹਾ ਹੈ।


## Matrimonial

### ਵਰ ਦੀ ਲੋੜ ਹੈ

Match sought Gursikh boy Vegetarian preferred, for Kamboj Sikh girl 24, 5' 2" (BSC Nursing) vegetarian, Working as Asst Lecturer in India. Pl call at 248-982-2036, email: jhand_mohan@yahoo.com

Wanted Gursikh boy Vegetarian preferred, for Kamboj Sikh girl 25, 5' 2" studing nursing in Brampton Canada, family well settled in Canada and USA. Pl call at 248-982-2036, email: jhand_mohan@yahoo.com. 17-18

### ਕੰਨਿਆ ਦੀ ਲੋੜ ਹੈ

ਅਰੋੜਾ (ਢੀਂਗੜਾ) 29, ਕੱਦ 6", ਐਟਲਾਂਟਾ, ਜਾਰਜੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਅਮਰੀਕੀ ਗਰੀਨ ਕਾਰਡ ਹੋਲਡਰ/ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 478-390-2234 17-20

### ਕੰਨਿਆ ਦੀ ਲੋੜ ਹੈ

Wanted suitable girl for Arora, Puran Gursikh boy, good looking, muscular, 5'8'/ 27 yrs. BS/MS, working Chief Engineer in Mumbai,. Caste no bar. Family settled in USA, Canada. Pl. email: citibombay@gmail.com

Suitable green card holder/US citizen girl sought for Jatt Sikh, 25 years old, clean shave, good looking and muscular. MBA one year left. Land owner from Kapurthala distt. All family settled and successful businessmen in US for last 30 years. Over 25 businesses owned in California. Boy will join existing family business on arrival. Contact: Sukhbeer Bhandal, Ph: 559-241-9553 17-20

*To Advertise with Punjab Times Call: 847-359-0746*

## Are You Tired Of All Treatments?
## Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**


*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200
Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**

**Visit us on the web: wwwpunjabtimesusa.com**



ਪੰਜਾਬ ਟਾਈਮਜ਼

*ਸਨਿਚਰਵਾਰ, 2 ਮਈ 2015*

## ਕੁਦਰਤ, ਹਕੂਮਤਾਂ ਤੇ ਆਵਾਮ

ਨੇਪਾਲ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ, ਜਿਨ੍ਹਾਂ ਵਿਚ ਭਾਰਤ, ਤਿੱਬਤ ਤੇ ਪਾਕਿਸਤਾਨ ਦੇ ਕੁਝ ਹਿੱਸੇ ਵੀ ਸ਼ਾਮਲ ਹਨ, ਵਿਚ ਆਏ ਭੂਚਾਲ ਨੇ ਮਿੰਟਾਂ-ਸਕਿੰਟਾਂ ਵਿਚ ਰਵਾਂ ਚਲਦੀ ਜ਼ਿੰਦਗੀ ਨੂੰ ਮਲਬੇ ਵਿਚ ਤਬਦੀਲ ਕਰ ਦਿੱਤਾ ਹੈ। ਸਭ ਤੋਂ ਵੱਧ ਮਾਰ ਨੇਪਾਲ ਵਿਚ ਪਈ ਜੋ ਇਸ ਭੂਚਾਲ ਦਾ ਕੇਂਦਰ ਸੀ। ਰਿਕਟਰ ਸਕੇਲ ਉਤੇ ਇਸ ਭੂਚਾਲ ਦੀ ਸ਼ਿੱਦਤ (7.9) ਪਤਾ ਲਗਦੇ ਸਾਰ ਹੀ ਅੰਦਾਜ਼ਾ ਹੋ ਗਿਆ ਸੀ ਕਿ ਨੁਕਸਾਨ ਮੁਢਲੀਆਂ ਰਿਪੋਰਟਾਂ ਤੋਂ ਕਿਤੇ ਵੱਧ ਹੈ। ਕੁਦਰਤ ਦੇ ਇਸ ਕਹਿਰ ਨਾਲ ਪੀੜ-ਪੀੜ ਹੋਈ ਮਨੁੱਖਤਾ ਦਾ ਦਰਦ ਘਟਾਉਣ ਲਈ ਹਰ ਮਾਈ-ਭਾਈ ਆਪਣੇ ਵਿਤ ਅਨੁਸਾਰ ਮਿਸਾਲੀ ਯੋਗਦਾਨ ਪਾ ਰਿਹਾ ਹੈ। ਇਸ ਕਹਿਰ ਨੇ ਨਸਲ, ਜਾਤ, ਧਰਮ, ਇਲਾਕੇ ਦੇ ਸਭ ਫਰਕ ਇਕੋ ਝਟਕੇ ਨਾਲ ਮਿਟਾ ਦਿੱਤੇ ਹਨ। ਅਸਲ ਵਿਚ ਇਹ ਹਰ ਆਫਤ ਜਾਂ ਸੰਕਟ ਵੇਲੇ ਉਠਦੀ ਮਨੁੱਖਤਾ ਦੀ ਵਿਤਰਤ ਹੈ ਜੋ ਫਿਕਰਾਂ ਨੂੰ ਜਰਬ ਦੇ ਕੇ ਮਨੁੱਖ ਦੀ ਭਲਾਈ ਲਈ ਹਰ ਹਾਲਤ ਅਤੇ ਹਰ ਹੀਲੇ ਸਦਾ ਤਤਪਰ ਰਹਿੰਦੀ ਹੈ। ਭੂਚਾਲ ਅਜਿਹੀ ਆਫਤ ਹੈ ਜਿਸ ਬਾਰੇ ਅਜੇ ਸਾਡੇ ਸਾਇੰਸਦਾਨ ਵੀ ਕੋਈ ਪੇਸ਼ੀਨਗੋਈ ਕਰਨ ਵਿਚ ਅਸਮਰਥ ਰਹੇ ਹਨ। ਸਾਇੰਸਦਾਨਾਂ ਦੀ ਮਨੌਤ ਹੈ ਕਿ ਜਿਸ ਦਿਨ ਇਹ ਆਫਤ ਆਉਣ ਬਾਰੇ ਸਿਰਫ ਪੰਜ ਮਿੰਟ ਪਹਿਲਾਂ ਵੀ ਪਤਾ ਲੱਗਣਾ ਸ਼ੁਰੂ ਹੋ ਗਿਆ, ਘੱਟੋ-ਘੱਟ ਜਾਨੀ ਨੁਕਸਾਨ ਤਾਂ ਘਟਾਇਆ ਹੀ ਜਾ ਸਕਦਾ ਹੈ। ਹੋਰ ਵੀ ਬਥੇਰੇ ਨੁਕਤੇ ਹਨ ਜੋ ਅਕਸਰ ਬਹਿਸ-ਮੁਬਾਹਿਸੇ ਦਾ ਹਿੱਸਾ ਬਣਦੇ ਹਨ ਕਿ ਨੁਕਸਾਨ ਘਟਾਉਣ ਲਈ ਹੋਰ ਕੀ ਕੁਝ ਕੀਤਾ ਜਾ ਸਕਦਾ ਹੈ। ਇਸ ਪਾਸੇ ਕੀਤੇ ਤਰੱਦਦ ਦੀ ਸਭ ਤੋਂ ਚੰਗੀ ਮਿਸਾਲ ਜਪਾਨ ਦੀ ਹੈ। ਚਾਰ ਸਾਲ ਪਹਿਲਾਂ ਉਥੇ ਜਿਹੜਾ ਭੂਚਾਲ ਆਇਆ ਸੀ, ਉਸ ਦੀ ਸ਼ਿੱਦਤ 9 ਸੀ। ਇੰਨੀ ਸ਼ਿੱਦਤ ਦਾ ਮਤਲਬ ਪਰਲੋ ਹੀ ਹੁੰਦਾ ਹੈ ਅਤੇ ਉਥੇ ਤਕਰੀਬਨ 21 ਹਜ਼ਾਰ ਜਾਨਾਂ ਚਲੀਆਂ ਗਈਆਂ ਸਨ। ਇੰਨੀ ਹੀ ਸ਼ਿੱਦਤ (9.1) ਵਾਲਾ ਭੂਚਾਲ 2004 ਵਿਚ ਸੁਮਾਟਰਾ ਵਿਚ ਆਇਆ ਸੀ ਅਤੇ ਉਥੇ ਮੌਤਾਂ ਦੀ ਗਿਣਤੀ ਸਵਾ ਦੋ ਲੱਖ ਨੂੰ ਪਾਰ ਕਰ ਗਈ ਸੀ। ਵਿਸ਼ਲੇਸ਼ਣ ਇਹੀ ਦੱਸਦੇ ਹਨ ਕਿ ਇਨ੍ਹਾਂ ਮੌਤਾਂ ਦਾ ਸਿੱਧਾ ਕਾਰਨ ਭੂਚਾਲ ਨਹੀਂ ਹੁੰਦਾ। ਵਧੇਰੇ ਮੌਤਾਂ ਇਮਾਰਤਾਂ ਢਹਿਣ ਨਾਲ ਹੁੰਦੀਆਂ ਹਨ। ਇਸ ਮਾਮਲੇ 'ਤੇ ਜਪਾਨ ਨੇ ਤਕਰੀਬਨ ਮੁਕੰਮਲ ਕੰਟਰੋਲ ਕਰ ਲਿਆ ਹੈ। ਜਪਾਨ ਭੂਚਾਲ ਦੀ ਮਾਰ ਵਾਲਾ ਇਲਾਕਾ ਹੈ, ਪਰ ਉਥੇ ਇਮਾਰਤਾਂ ਇਸ ਢੰਗ ਨਾਲ ਤਾਮੀਰ ਕੀਤੀਆਂ ਗਈਆਂ ਹਨ ਕਿ ਭੂਚਾਲ ਬੇਅਸਰ ਰਹਿੰਦਾ ਹੈ। 2011 ਵਿਚ ਆਏ ਭੂਚਾਲ ਦੌਰਾਨ ਜਿਹੜੀਆਂ ਮੌਤਾਂ ਹੋਈਆਂ ਸਨ, ਉਨ੍ਹਾਂ ਦਾ ਕਾਰਨ ਸੁਨਾਮੀ ਸੀ। ਜ਼ਾਹਿਰ ਹੈ ਕਿ ਜਪਾਨ ਵੱਲੋਂ ਕੀਤੇ ਅਗਾਊਂ ਪ੍ਰਬੰਧਾਂ ਨੇ ਨੁਕਸਾਨ ਘਟਾ ਲਿਆ ਹੈ, ਪਰ ਭਾਰਤ ਅੰਦਰ ਜਿੰਨੀਆਂ ਵੀ ਇਮਾਰਤਾਂ ਬਣ ਰਹੀਆਂ ਹਨ, ਉਨ੍ਹਾਂ ਵਿਚੋਂ ਬਹੁਤੀਆਂ ਇਨ੍ਹਾਂ ਪ੍ਰਬੰਧਾਂ ਤੋਂ ਵਿਰਵੀਆਂ ਹਨ। ਇਸੇ ਕਰ ਕੇ ਵਿਸ਼ਲੇਸ਼ਣ ਦੌਰਾਨ ਇਹ ਖਦਸ਼ਾ ਵਾਰ-ਵਾਰ ਪ੍ਰਗਟਾਇਆ ਗਿਆ ਕਿ ਜੇ ਕਿਤੇ ਇੰਨੀ ਸ਼ਿੱਦਤ ਵਾਲਾ ਭੂਚਾਲ ਭਾਰਤ ਦੇ ਕਿਸੇ ਵਿਚ ਆ ਗਿਆ ਜਿਸ ਬਾਰੇ ਸਾਇੰਸਦਾਨ ਪੇਸ਼ੀਨਗੋਈ ਕਰ ਵੀ ਰਹੇ ਹਨ, ਤਾਂ ਸੱਚਮੁੱਚ ਹਾਲਾਤ ਪਰਲੋ ਆਉਣ ਵਰਗੇ ਹੋਣਗੇ।

ਖੈਰ! ਇਸ ਪਰਲੋ ਦੀ ਇਕ ਝਾਕੀ ਅੱਜ ਕੱਲ੍ਹ ਪੰਜਾਬ ਦੀਆਂ ਅਨਾਜ ਮੰਡੀਆਂ ਵਿਚ ਦੇਖੀ ਜਾ ਸਕਦੀ ਹੈ। ਬੇਮੌਸਮੇ ਮੀਂਹਾਂ ਕਾਰਨ ਐਤਕੀਂ ਫਸਲ ਢੰਗ ਨਾਲ ਪੱਕੀ ਨਹੀਂ ਅਤੇ ਵਧੇਰੇ ਨਮੀ ਕਾਰਨ ਇਹ ਫਸਲ ਤੇ ਇਨ੍ਹਾਂ ਦੇ ਮਾਲਕ ਮੰਡੀਆਂ ਵਿਚ ਰੁਲ ਰਹੇ ਹਨ। ਕੁਦਰਤ ਦਾ ਕਹਿਰ ਹੋ ਗਿਆ ਹੈ, ਪਰ ਜਿਸ ਤਰ੍ਹਾਂ ਭੂਚਾਲ ਤੋਂ ਬਾਅਦ ਦੇ ਤਰੱਦਦ ਜੰਗੀ ਪੱਧਰ 'ਤੇ ਸਾਹਮਣੇ ਆਏ ਹਨ, ਉਸ ਪੱਧਰ ਦੇ ਤਰੱਦਦ ਇਸ ਮਾਮਲੇ ਵਿਚ ਕਿਤੇ ਨਹੀਂ ਦਿਸੇ। ਹਾਂ, ਇਸ ਮੁੱਦੇ ਬਾਰੇ ਹਰ ਰੰਗ ਦੀ ਪਾਰਟੀ ਸਿਆਸਤ ਜ਼ਰੂਰ ਕਰ ਰਹੀ ਹੈ। ਅਜਿਹੀ ਆਫਤ ਨਾਲ ਨਜਿੱਠਣ ਦੀ ਮੁੱਖ ਤੌਰ 'ਤੇ ਜ਼ਿੰਮੇਵਾਰੀ ਬਿਨਾਂ ਸ਼ੱਕ ਸੱਤਾ ਧਿਰ ਦੀ ਹੀ ਹੁੰਦੀ ਹੈ। ਇਹ ਦੱਸਣ ਦੀ ਲੋੜ ਨਹੀਂ ਕਿ ਮੰਡੀਆਂ ਵਿਚ ਇਸ ਤਰ੍ਹਾਂ ਦੀ ਸੁਨਾਮੀ ਅਤੇ ਭੂਚਾਲ ਹਰ ਛੇ ਮਹੀਨੇ ਬਾਅਦ ਆਉਂਦਾ ਹੈ ਜਦੋਂ ਕਿਸਾਨ ਆਪਣੀ ਜਿਣਸ ਲੈ ਕੇ ਮੰਡੀਆਂ ਵਿਚ ਪੁੱਜਦਾ ਹੈ। ਹਰ ਵਾਰ ਹੀ ਪ੍ਰਬੰਧ ਊਣੇ ਅਤੇ ਅਧੂਰੇ ਰਹਿ ਜਾਂਦੇ ਹਨ। ਹਰ ਵਾਰ ਪਤਾ ਨਹੀਂ ਕਿੰਨੀਆਂ ਜਾਨਾਂ ਦੀਆਂ ਉਮੰਗਾਂ ਇਨ੍ਹਾਂ ਛੋਟੀਆਂ ਸੁਨਾਮੀਆਂ ਵਿਚ ਰੁੜ੍ਹ ਜਾਂਦੀਆਂ ਹਨ। ਕਿਤੇ ਕੋਈ ਰਿਕਾਰਡ ਨਹੀਂ ਹੈ ਅਤੇ ਜਿਹੜਾ ਰਿਕਾਰਡ ਸਾਹਮਣੇ ਆਇਆ ਹੈ, ਉਹ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਰੂਪ ਵਿਚ ਦਰਜ ਹੋਇਆ ਹੈ। ਇਸ ਵਿਰਾਟ ਸੰਕਟ ਦੇ ਬਾਵਜੂਦ ਜੇ ਅਜੇ ਵੀ ਸਰਕਾਰਾਂ ਨੂੰ ਲੋੜੀਂਦੇ ਪ੍ਰਬੰਧ ਕਰਨ ਦਾ ਚੇਤਾ ਨਹੀਂ ਆਇਆ ਤਾਂ ਇਸ ਨੂੰ ਬਿਨਾਂ ਸ਼ੱਕ ਸਿਆਸਤਦਾਨਾਂ ਦੀ ਨਾ-ਅਹਿਲੀਅਤ ਸਮਝਿਆ ਜਾਣਾ ਚਾਹੀਦਾ ਹੈ। ਕਿਸਾਨੀ ਦਾ ਸੰਕਟ ਕੱਟਣ ਦੀ ਥਾਂ ਸਿਆਸਤਦਾਨ ਸਿਰਫ ਆਪਣੀ ਸਿਆਸਤ ਅਨੁਸਾਰ ਚੱਲ ਰਹੇ ਹਨ। ਇਸ ਮਾਮਲੇ ਵਿਚ ਹਰਿਆਣਾ ਦੇ ਖੇਤੀ ਮੰਤਰੀ ਨੇ ਤਾਂ ਸਭ ਹੱਦਾਂ ਪਾਰ ਕਰਦਿਆਂ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਨੂੰ ਕਾਇਰ ਵੀ ਆਖ ਦਿੱਤਾ ਹੈ। ਮੁੱਖ ਮਸਲਾ ਤਾਂ ਕਿਸਾਨੀ ਲਈ ਪ੍ਰਬੰਧਾਂ ਦਾ ਹੈ। ਪਹਿਲਾਂ ਖੇਤਾਂ ਵਿਚ ਫਸਲ ਖਰਾਬ ਹੋਈ, ਹੁਣ ਮੰਡੀਆਂ ਵਿਚ ਪ੍ਰਬੰਧਾਂ ਦੀ ਘਾਟ ਕਾਰਨ ਜਿਣਸ ਮੀਂਹਾਂ ਨਾਲ ਭਿੱਜ ਰਹੀ ਹੈ। ਇਕ ਅੰਦਾਜ਼ੇ ਮੁਤਾਬਕ ਇਸ ਵੇਲੇ ਪੰਜਾਬ ਦੀਆਂ ਮੰਡੀਆਂ ਵਿਚ 8 ਲੱਖ ਟਨ ਕਣਕ ਨੀਲੇ ਆਸਮਾਨ ਹੇਠ ਪਈ ਹੈ। ਜਿਣਸ ਨੂੰ ਮੀਂਹ-ਕਣੀ ਤੋਂ ਬਚਾਉਣ ਦਾ ਪ੍ਰਬੰਧ ਆੜ੍ਹਤੀਆਂ ਨੇ ਕਰਨਾ ਹੁੰਦਾ ਹੈ। ਹਾਲਾਤ ਦੀ ਸਿਤਮਜ਼ਰੀਫੀ ਤਾਂ ਇਹ ਵੀ ਹੈ ਕਿ ਕਿਸਾਨਾਂ ਨੂੰ ਇਹ ਖਬਰ ਹੀ ਨਹੀਂ ਕਿ ਮੰਡੀ ਪੁੱਜਿਆ ਦਾਣਾ-ਦਾਣਾ ਸਾਂਭਣ ਦੀ ਜ਼ਿੰਮੇਵਾਰੀ ਆੜ੍ਹਤੀਏ ਦੀ ਹੁੰਦੀ ਹੈ। ਇਸ ਮਾਮਲੇ ਵਿਚ ਕਿਸਾਨ ਜਥੇਬੰਦੀਆਂ ਵੀ ਸਵਾਲਾਂ ਦੇ ਘੇਰੇ ਵਿਚ ਹਨ ਜੋ ਅਕਸਰ ਸਿਆਸਤਦਾਨਾਂ ਵਾਂਗ ਸਿਆਸਤ ਦੇ ਗੇੜ ਵਿਚ ਪਈਆਂ ਰਹਿੰਦੀਆਂ ਹਨ। ਜ਼ਾਹਿਰ ਹੈ ਕਿ ਕੁਦਰਤੀ ਆਫਤਾਂ ਰੋਕੀਆਂ ਨਹੀਂ ਜਾ ਸਕਦੀਆਂ, ਪਰ ਬਣਦੇ ਪ੍ਰਬੰਧ ਤਾਂ ਕੀਤੇ ਹੀ ਜਾ ਸਕਦੇ ਹਨ ਤਾਂ ਕਿ ਨੁਕਸਾਨ ਘਟਾਇਆ ਜਾ ਸਕੇ। ਇਸ ਮਾਮਲੇ 'ਚ ਜਪਾਨ ਰਾਹ ਦਸੇਰਾ ਬਣ ਸਕਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਜਿੰਦਾਂ ਦੀ ਨਿਰਾਸ਼ਾ!*

ਇੱਜ਼ਤਦਾਰ ਖਾਮੋਸ਼ੀਆਂ ਧਾਰ ਬੈਠੇ, ਤੂਤੀ ਬੋਲਦੀ ਬੰਦਿਆਂ ਚਾਲੂਆਂ ਦੀ।
ਹੁਕਮ ਮਿਲਣ ਸਰਕਾਰ ਦੇ 'ਖਾਕੀਆਂ' ਨੂੰ, ਸ਼ਾਨ ਰੋਲਦੇ ਚੀਰੇ ਤੇ ਸਾਲੂਆਂ ਦੀ।
ਰੇਤਾ ਵਿਕੇ ਬਾਰੂਦ ਦੇ ਭਾਅ ਯਾਰੋ, ਸਾਂਠ-ਗਾਂਠ ਹੈ 'ਤੇਜੀਆਂ-ਲਾਲੂਆਂ' ਦੀ।
ਟੱਕਰ ਚਲਦੀ ਆਈ ਐ ਨਾਬਰਾਂ ਦੀ, ਹੁਕਮਰਾਨ ਦੇ ਪਿੱਠੂ ਸ਼ਰਧਾਲੂਆਂ ਦੀ।
ਔਖਾਂ ਨੀਵੀਆਂ ਗਰਜਾਂ ਨੇ ਕੀਤੀਆਂ ਜੀ, ਹੁੰਦਾ ਜ਼ੁਲਮ ਫਿਰ ਦਿਖੇ ਤਾਂ ਦਿਖੇ ਕਿਹਨੂੰ।
ਚੀਨੀ ਘੋੜੀ 'ਤੇ 'ਸ਼ਾਮ ਸਿੰਘ' ਦਿਸੇ ਕੋਈ ਨਾ, 'ਜਿੰਦਾਂ' ਚਿੱਠੀਆਂ ਲਿਖੇ ਤਾਂ ਲਿਖੇ ਕਿਹਨੂੰ?

# ਖੁਦਕੁਸ਼ੀਆਂ ਕਰਨ ਵਾਲਿਆਂ ਦੇ ਘਰਾਂ ਨੂੰ ਜਾਂਦੇ ਰਾਹ ਬੰਦ

ਦਿੱਲੀ ਵਿਚ ਸਿਆਸੀ ਮੁਜ਼ਾਹਰੇ ਦੌਰਾਨ ਖੁਦਕਸ਼ੀ ਕਰਨ ਵਾਲੇ ਕਿਸਾਨ ਦੀ ਚਰਚਾ ਜਾਰੀ ਹੈ। ਟੈਲੀਵਿਜ਼ਨ ਚੈਨਲ, ਸਿਆਸੀ ਆਗੂ ਅਤੇ ਵਿਦਵਾਨ ਖੁਦਕਸ਼ੀ ਲਈ ਕਸੂਰਵਾਰ ਤੈਅ ਕਰਨ ਲਈ ਹਰ ਤਰ੍ਹਾਂ ਦੀਆਂ ਦਲੀਲਾਂ ਅਤੇ ਵਿਸ਼ੇਸ਼ਣ ਵਰਤ ਰਹੇ ਹਨ। ਪੁਲਿਸ ਕਾਰਵਾਈ ਅਤੇ ਨਿਆਂਇਕ ਜਾਂਚ ਦੇ ਨਾਲ-ਨਾਲ ਮੁਆਵਜ਼ਾ ਦੇਣ ਦੀ ਮਸ਼ਕ ਚੱਲ ਰਹੀ ਹੈ। ਜ਼ਿਆਦਾਤਰ ਦਲੀਲਾਂ ਅਤੇ ਇਲਜ਼ਾਮਾਂ ਦਾ ਘੇਰਾ ਮੌਕਾ-ਇ-ਵਾਰਦਾਤ ਹੈ। ਸਫ਼ਾਈ ਦੇਣ ਵਾਲੇ ਵੀ ਮੌਕੇ ਦੇ ਹਵਾਲੇ ਨਾਲ ਦਲੀਲ ਪੇਸ਼ ਕਰ ਰਹੇ ਹਨ। ਮੌਕੇ ਤੋਂ ਹੀ ਕਾਗ਼ਜ਼ ਦਾ ਟੋਟਾ ਮਿਲਿਆ ਹੈ ਜਿਸ ਦੀ ਇਬਾਰਤ ਹਿੰਦੀ ਵਿਚ ਹੈ। ਇਹ ਖੁਦਕੁਸ਼ੀ ਕਰਨ ਵਾਲੇ ਗਜੇਂਦਰ ਦੀ ਲਿਖਤ ਦੱਸੀ ਜਾਂਦੀ ਹੈ, "ਦੋਸਤੋ ਮੈਂ ਕਿਸਾਨ ਦਾ ਪੁੱਤ ਹਾਂ। ਮੈਨੂੰ ਮੇਰੇ ਬਾਪ ਨੇ ਘਰੋਂ ਕੱਢ ਦਿੱਤਾ ਹੈ, ਕਿਉਂਕਿ ਮੇਰੀ ਫ਼ਸਲ ਬਰਬਾਦ ਹੋ ਗਈ। ਮੇਰੇ ਤਿੰਨ ਜੁਆਕ ਹਨ। ਮੈਂ ਰਾਜਸਥਾਨ ਦੇ ਦੌਸਾ ਜ਼ਿਲ੍ਹੇ ਦੇ ਬੋੜੀਸੀ ਦੇ ਪਿੰਡ ਨੰਗਲ ਝਾਮਰਵਾੜਾ ਤੋਂ ਹਾਂ। ਮੈਨੂੰ ਘਰ ਜਾਣ ਦਾ ਉਪਾਅ ਦੱਸੋ। ਜੈ ਜਵਾਨ, ਜੈ ਕਿਸਾਨ। ਗਜੇਂਦਰ ਸਿੰਘ ਕਲਿਆਣਵਤ।" ਇਸ ਲਿਖਤ ਲਈ ਵਰਤੇ



ਦਲਜੀਤ ਅਮੀ
ਫੋਨ: +91-97811-21873

ਗਏ ਕਾਗਜ਼, ਪੈੱਨ ਅਤੇ ਅੱਖਰਾਂ ਦੀ ਬਣਤਰ ਤੋਂ ਲਿਖਣ ਵਾਲੇ ਬਾਰੇ ਕਈ ਕੁਝ ਪੜ੍ਹਿਆ ਜਾ ਸਕਦਾ ਹੈ, ਪਰ ਇਸ ਲੇਖ ਦਾ ਘੇਰਾ ਇਬਾਰਤ ਤੱਕ ਮਹਿਦੂਦ ਹੈ। ਜੇ ਇਹ ਲਿਖਤ ਗਜੇਂਦਰ ਦੀ ਨਾ ਹੋਵੇ ਤਾਂ ਵੀ ਇਹ ਕਿਸੇ ਉਸੇ ਵਰਗੇ ਦੀ ਹੈ।

ਇਸ ਲਿਖਤ ਵਿਚ ਗਜੇਂਦਰ ਨੇ ਆਪਣੀ ਪਛਾਣ ਅਤੇ ਹਾਲਤ ਬਿਆਨ ਕੀਤੀ ਹੈ। ਇਸ ਦੇ ਨਾਲ ਹੀ ਉਸ ਨੇ ਪੜ੍ਹਨ ਵਾਲੇ ਦੀ ਪਛਾਣ ਵੀ ਤੈਅ ਕੀਤੀ ਹੈ। ਸੰਖੇਪ ਜਿਹੀ ਲਿਖਤ ਵਿਚ ਗਜੇਂਦਰ ਦੀ ਜਨਮ ਤੋਂ ਮੌਤ ਦੀ ਕਹਾਣੀ ਸਮੋਈ ਹੈ ਜਿਸ ਵਿਚੋਂ ਉਸ ਦੀਆਂ ਮਜਬੂਰੀਆਂ ਅਤੇ ਮਾਣ ਦੀ ਝਲਕ ਪੈਂਦੀ ਹੈ। ਰੁਖ ਉਤੇ ਚੜ੍ਹ ਕੇ ਫਾਹਾ ਲੈਣ ਦੀ ਕਹਾਣੀ ਸਿਰਫ਼ ਉਸ ਦੀ ਮੌਤ ਨਾਲ ਜੋੜ ਕੇ ਸੁਣਾਈ ਜਾ ਰਹੀ ਹੈ। ਇਹ ਲਿਖਤ ਉਸ ਦੀ ਮੌਤ ਤੋਂ ਪਹਿਲਾਂ ਦੀ ਹੈ ਜਿਸ ਵਿਚ ਮੌਤ ਤੋਂ ਪਹਿਲਾਂ ਕੀਤੀ ਜਾ ਸਕਣ ਵਾਲੀ ਚਾਰਾਜੋਈ ਹੈ। ਉਹ ਸਿਆਸੀ ਮੁਜ਼ਾਹਰੇ ਵਿਚ ਆਪਣਾ ਮੰਗ ਪੱਤਰ ਲੈ ਕੇ ਪੁੱਜਿਆ ਸੀ ਕਿ ਉਸ ਨੂੰ 'ਘਰ ਜਾਣ ਦਾ ਉਪਾਅ' ਦੱਸਿਆ ਜਾਵੇ। ਇਸ ਮੰਗ ਪੱਤਰ ਵਿਚ ਗਜੇਂਦਰ 'ਦੋਸਤੋ' ਕਹਿ ਕੇ ਮੁਖ਼ਾਤਬ ਹੋਇਆ ਹੈ। ਜੇ ਦੋਸਤ ਸ਼ਬਦ ਵਿਸ਼ੇਸ਼ਣ ਵਜੋਂ ਵਰਤਿਆ ਜਾਵੇ ਤਾਂ ਇਹ ਮੋਹ ਭਿੱਜਿਆ ਸੰਬੋਧਨ ਹੁੰਦਾ ਹੈ, ਪਰ ਜੇ ਨਾਮ ਵਜੋਂ ਵਰਤਿਆ ਜਾਵੇ ਤਾਂ ਓਪਰੇਪਣ ਉੱਤੇ ਸਲੀਕਾਚਾਰੀ ਦਾ ਪਰਦਾ ਹੁੰਦਾ ਹੈ। ਇਸ ਤੋਂ ਬਿਨਾਂ ਇਹ ਸ਼ਬਦ 'ਕਾਰਜ ਮੁਖੀ ਸਾਂਝ' ਦੀ ਨੁਮਾਇੰਦਗੀ ਵੀ ਕਰਦਾ ਹੈ। ਬੇਨਾਮ ਦੋਸਤਾਂ ਨੂੰ ਮੁਖ਼ਾਤਬ ਗਜੇਂਦਰ ਆਪਣੀ ਕਹਾਣੀ ਕਹਿ ਰਿਹਾ ਹੈ, ਕਿਉਂਕਿ ਬਾਪ ਨੇ ਘਰੋਂ ਕੱਢ ਦਿੱਤਾ ਹੈ ਅਤੇ ਬੱਚਿਆਂ ਦੀ ਦੇਖਭਾਲ ਦਾ ਸੰਸਾ ਬਣਿਆ ਹੋਇਆ ਹੈ। ਦੋਸਤਾਂ ਤੋਂ ਬਿਨਾਂ ਉਹ ਇਸ ਇਬਾਰਤ ਵਿਚ ਦਰਜ ਹਰ ਪਛਾਣ ਉੱਤੇ ਦਾਅਵੇਦਾਰੀ ਕਰਦਾ ਹੈ। ਉਸ ਨੇ ਆਪਣੇ ਬਾਪ, ਫ਼ਸਲ, ਬੱਚਿਆਂ, ਘਰ ਅਤੇ ਪਿੰਡ ਨੂੰ ਆਖ਼ਰੀ ਸਾਹ ਤੱਕ ਆਪਣਾ ਮੰਨਿਆ ਹੈ। ਇਨ੍ਹਾਂ ਸ਼ਬਦਾਂ ਵਿਚ ਹੀ ਉਸ ਦੀਆਂ ਰਿਸ਼ਤੇਦਾਰੀਆਂ ਅਤੇ ਦਾਅਵੇਦਾਰੀਆਂ ਹਨ। ਇਹੋ ਉਸ ਦੀ ਪਛਾਣ ਹੈ ਜੋ ਬਰਬਾਦ ਹੋਈ ਫ਼ਸਲ ਕਾਰਨ ਉਸ ਦੀਆਂ ਰਿਸ਼ਤੇਦਾਰੀਆਂ ਅਤੇ ਦਾਅਵੇਦਾਰੀਆਂ ਰੱਦ ਕਰ ਰਹੀ ਹੈ। ਬਰਬਾਦ ਹੋਈ ਫ਼ਸਲ ਦਾ ਤੋੜ, ਉਸ ਦੇ ਮਾਣ ਵਾਲੇ ਘੇਰੇ ਵਿਚ ਨਹੀਂ ਹੈ। ਇਸੇ ਮਜਬੂਰੀ ਵਿਚੋਂ ਉਹ ਆਪਣੇ ਘੇਰੇ ਤੋਂ ਬਾਹਰ ਓਪਰਿਆਂ ਵਿਚ ਆਸਰਾ ਭਾਲਦਾ ਹੈ। ਉਸ ਨੂੰ ਇਨ੍ਹਾਂ ਓਪਰਿਆਂ ਦੇ ਜੁੱਟ ਵਿਚੋਂ ਆਪਣੀ ਹੋਣੀ ਦੇ ਭਾਈਵਾਲਾਂ ਦੀ ਦੱਸ ਪੈਂਦੀ ਹੈ ਜੋ ਰਸਮੀ ਹੋਣ ਦਾ ਝਉਲਾ ਪਾਉਂਦੀ ਹੈ।

ਆਖ਼ਰ ਵਿਚ 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਗਜੇਂਦਰ ਦੀ ਓਪਰਿਆਂ ਦੀ ਦੁਨੀਆਂ ਵਿਚ ਪਛਾਣ ਲੱਭਣ ਦਾ ਤਰੱਦਦ ਜਾਪਦਾ ਹੈ। ਕਿਸਾਨ ਦਾ ਪੁੱਤ 'ਕਿਸਾਨ ਦੀ ਜੈ-ਜੈ ਕਾਰ' ਵਿਚੋਂ ਆਪਣੇ ਘਰ ਦਾ ਰਾਹ ਪੁੱਛਦਾ ਹੈ। ਇਸ ਨਾਅਰੇ ਵਿਚੋਂ ਗਜੇਂਦਰ ਦਾ ਪਿੰਡ ਤੋਂ ਬਾਹਰਲੇ ਮੁਲਕ ਨਾਲ ਰਿਸ਼ਤਾ ਤੈਅ ਹੁੰਦਾ ਜਾਪਦਾ ਹੈ। ਕਿਸਾਨ ਦੀ ਮਿਹਨਤ-ਮੁਸ਼ੱਕਤ ਅਤੇ ਮੁਲਕ ਦੀ ਅੰਨ ਸੁਰੱਖਿਆ ਵਿਚ ਪਾਏ ਹਿੱਸੇ ਦੀ ਚਰਚਾ ਸੱਤਾ ਦੇ ਗਲਿਆਰਿਆਂ ਵਿਚ ਸਦਾ ਰਹਿੰਦੀ ਹੈ। ਮੌਸਮ, ਬਿਮਾਰੀ ਅਤੇ ਮੰਡੀ ਕਾਰਨ ਖੇਤੀ ਵਿਚ ਬੇਵਿਸਾਹੀ ਲਗਾਤਾਰ ਕਾਇਮ ਰਹਿੰਦੀ ਹੈ। ਇਸ ਬੇਵਿਸਾਹੀ ਤੋਂ ਬੇਖ਼ਬਰ ਜਾਂ ਕੰਨੀ ਕਤਰਾਉਣ ਵਾਲਾ ਨਿਜ਼ਾਮ ਕਿਸਾਨ ਨੂੰ 'ਜੈ-ਜੈ ਕਾਰ' ਨਾਲ ਨਿਵਾਜਦਾ ਹੈ। ਬੇਵਿਸਾਹੀ ਵਿਚ ਪਲਿਆ ਕਿਸਾਨ ਇਸੇ ਨਿਵਾਜ਼ਿਸ਼ ਨੂੰ ਮਾਣ ਸਮਝਦਾ ਆਇਆ ਹੈ। ਹੁਣ ਜਦੋਂ ਖੇਤੀ ਸੰਕਟ ਸਾਹਮਣੇ ਇਸ ਨਾਅਰੇ ਦਾ ਥੋਥਾਪਣ ਜੱਗ-ਜ਼ਾਹਿਰ ਹੋ ਗਿਆ ਹੈ ਤਾਂ ਨਵੇਂ ਨਾਅਰੇ ਜਾਂ ਮੁਹਾਵਰੇ ਘੜੇ ਜਾਣ ਤੋਂ ਪਹਿਲਾਂ ਕਿਸਾਨ ਦੀ ਜਾਨ ਮੁੱਠੀ ਵਿਚ ਆਈ ਹੋਈ ਹੈ। ਜੇ ਗਜੇਂਦਰ ਨੰਗਲ ਝਾਮਰਵਾੜਾ ਵਿਚ ਖੁਦਕੁਸ਼ੀ ਕਰ ਲੈਂਦਾ ਤਾਂ ਉਸ ਦੀ ਮੌਤ ਨੇ ਕਿਸੇ ਮੁਕਾਮੀ ਅਖ਼ਬਾਰ ਦੇ ਆਖ਼ਰੀ ਪੰਨਿਆਂ ਜਾਂ ਕਿਸੇ ਸੰਜੀਦਾ ਪੱਤਰਕਾਰ ਦੇ ਲੇਖ ਤੱਕ ਮਹਿਦੂਦ ਹੋ ਜਾਣਾ ਸੀ। ਗਜੇਂਦਰ ਨੇ ਖੁਦਕੁਸ਼ੀ ਦਿੱਲੀ ਵਿਚ ਸਿਆਸੀ ਮੁਜ਼ਾਹਰੇ ਦੌਰਾਨ ਕੀਤੀ ਹੈ। ਮੌਤ ਦੀ ਭਿਆਨਕਤਾ ਤਾਂ ਹਰ ਥਾਂ ਕਾਇਮ ਰਹਿਣੀ ਸੀ, ਪਰ ਦਿੱਲੀ ਵਰਗੀ ਥਾਂ ਨੇ ਇਸ ਨੂੰ ਸਿਆਸੀ ਮੁੱਦਾ ਬਣਾ ਦਿੱਤਾ ਹੈ। ਦੂਜੇ ਸ਼ਬਦਾਂ ਵਿਚ ਸਾਫ਼ ਹੈ ਕਿ ਮੌਤ ਦਾ ਨਾਟਕ ਦਿੱਲੀ ਦੀਆਂ ਅੱਖਾਂ ਤੋਂ ਓਹਲੇ ਕਿੰਨੇ ਵੀ ਕਰੂਰ ਰੂਪ ਵਿਚ ਚਲਦਾ ਰਹੇ, ਪਰ ਦਿਖਣਾ ਨਹੀਂ ਚਾਹੀਦਾ। ਇਹ ਮੌਜੂਦਾ ਸਿਆਸਤ ਦੇ ਨੁਮਾਇਸ਼ੀ ਖ਼ਾਸੇ ਦੀ ਅਹਿਮ ਰਮਜ਼ ਨੂੰ ਬੇਪਰਦ ਕਰਦਾ ਹੈ। ਜਦੋਂ ਸਰਕਾਰਾਂ ਅਤੇ ਸਿਆਸੀ ਧਿਰਾਂ ਨੁਮਾਇਸ਼ੀ ਪ੍ਰਾਪਤੀਆਂ ਤੱਕ ਮਹਿਦੂਦ ਹੋ ਗਈਆਂ ਹਨ ਤਾਂ ਇਹ ਨਾਕਾਮਯਾਬੀ ਦੀ ਨੁਮਾਇਸ਼ ਰਾਜਧਾਨੀ ਵਿਚ ਹੋ ਗਈ ਹੈ। ਮੌਜੂਦਾ ਚਰਚਾ ਨੂੰ ਇਸੇ ਨੁਕਤੇ ਤੋਂ ਸਮਝਣਾ ਜ਼ਰੂਰੀ ਹੈ।

ਗਜੇਂਦਰ ਦੀ ਮੌਤ ਸਭ ਕੁਝ ਨਹੀਂ ਹੈ। ਉਸ ਦੇ ਘਰ ਨੂੰ ਜਾਂਦਾ ਰਾਹ ਬੰਦ ਹੋ ਜਾਣਾ ਜਾਂ ਭੁੱਲ ਜਾਣਾ ਸਭ ਤੋਂ ਵੱਡਾ ਸੁਆਲ ਹੈ। ਆਖ਼ਰੀ ਵੇਲੇ ਕਿਸ ਦੀ ਪਹਿਲਕਦਮੀ ਉਸ ਦੀ ਜ਼ਿੰਦਗੀ ਲੰਮੀ ਕਰ ਸਕਦੀ ਸੀ? ਇਹ ਅਹਿਮ ਸੁਆਲ ਹੈ ਪਰ ਵਡੇਰਾ ਸੁਆਲ ਖੁਦਕੁਸ਼ੀ ਦੀ ਸੋਚ ਵੱਲ ਜਾਂਦਾ ਰਾਹ ਹੈ। ਖੁਦਕੁਸ਼ੀ ਦਾ ਫ਼ੈਸਲਾ ਕਰਨ ਵਿਚ ਤਾਂ ਲੰਮਾ ਸਮਾਂ ਲੱਗਿਆ ਹੋਵੇਗਾ, ਪਰ ਇਸ ਨੂੰ ਫ਼ੌਰੀ ਪਹਿਲਕਦਮੀ ਦੀ ਘਾਟ ਤੱਕ ਮਹਿਦੂਦ ਕਰ ਦੇਣਾ ਨੁਮਾਇਸ਼ੀ ਪ੍ਰਾਪਤੀਆਂ ਵਾਲੀ ਸਿਆਸਤ ਦੇ ਨੁਮਾਇਸ਼ੀ ਸਰੋਕਾਰ ਨੂੰ ਉਘਾੜਦਾ ਹੈ। ਹੁਣ ਤੱਕ ਖੁਦਕੁਸ਼ੀਆਂ ਦੇ ਜ਼ਿੰਦਗੀ ਦੀ ਦੁਸ਼ਵਾਰੀਆਂ ਨਾਲ ਰਿਸ਼ਤੇ ਨੂੰ ਰੱਦ ਕਰਨ ਲਈ ਨਸ਼ੇ, ਘਰੇਲੂ ਕਲੇਸ਼ ਅਤੇ ਮਹਿੰਗੇ ਸਮਾਜਕ ਰੀਤ-ਰਿਵਾਜ ਦੀ ਦਲੀਲ ਵਾਰ-ਵਾਰ ਦਿੱਤੀ ਜਾਂਦੀ ਰਹੀ ਹੈ। ਮੌਜੂਦਾ ਮਾਮਲੇ ਵਿਚ ਸਾਹਮਣੇ ਆਇਆ ਫ਼ੌਰੀ ਭੜਕਾਹਟ ਜਾਂ ਨਜ਼ਰਅੰਦਾਜ਼ੀ ਦਾ ਸੁਆਲ ਇਸੇ ਲੜੀ ਦੀ ਕੜੀ ਹੈ। ਖੁਦਕੁਸ਼ੀ ਨੂੰ ਫ਼ੌਰੀ ਕਾਰਨ ਤੱਕ ਮਹਿਦੂਦ ਕਰ ਦੇਣ ਦਾ ਮਤਲਬ ਜ਼ਿੰਦਗੀ ਨੂੰ ਨਜ਼ਰਅੰਦਾਜ਼ ਕਰ ਦੇਣਾ ਹੁੰਦਾ ਹੈ। ਜਦੋਂ ਖੁਦਕੁਸ਼ੀ ਨੂੰ ਸਮਾਜਕ ਰੁਝਾਨ ਵਜੋਂ ਫ਼ੌਰੀ ਕਾਰਨਾਂ ਤੱਕ ਮਹਿਦੂਦ ਕੀਤਾ ਜਾਂਦਾ ਹੈ ਤਾਂ ਇਸ ਦਾ ਮਤਲਬ ਜ਼ਿੰਦਗੀ ਉੱਤੇ ਅਸਰਅੰਦਾਜ਼ ਜ਼ਲਾਲਤ ਨੂੰ ਨਜ਼ਰਅੰਦਾਜ਼ ਕਰਨਾ ਹੈ। ਇਸ ਪੱਖੋਂ ਮੀਡੀਆ, ਸਿਆਸਤਦਾਨ ਅਤੇ ਵਿਦਵਾਨ ਆਪਣੀ-ਆਪਣੀ ਦਲੀਲ ਦੀ ਵੰਨ-ਸਵੰਨਤਾ ਦੇ ਬਾਵਜੂਦ ਗਜੇਂਦਰ ਦੀ ਮੌਤ ਨੂੰ ਮੁਖ਼ਾਤਬ ਹੁੰਦੇ ਹੋਏ ਉਸ ਦੀ ਜ਼ਿੰਦਗੀ ਨੂੰ ਕੱਖੋਂ-ਹੌਲਾ ਕਰਨ ਵਾਲੇ ਹਾਲਾਤ ਨੂੰ ਨਜ਼ਰਅੰਦਾਜ਼ ਕਰਨ ਦੀ ਮਸ਼ਕ ਹੈ। ਜੇ ਗਜੇਂਦਰ ਦੀ ਖੁਦਕੁਸ਼ੀ ਨੂੰ ਕਿਸੇ ਭੜਕਾਹਟ ਨਾਲ ਜੋੜ ਦਿੱਤਾ ਜਾਵੇ ਤਾਂ ਵੀ ਇਕ ਸੁਆਲ ਅਹਿਮ ਰਹਿੰਦਾ ਹੈ। ਭੜਕਾਹਟ ਕਾਰਨ ਕੌਣ ਖੁਦਕੁਸ਼ੀ ਕਰ ਸਕਦਾ ਹੈ? ਜਿਸ ਨੂੰ ਜ਼ਿੰਦਗੀ ਜਿਉਣ ਦਾ ਰਾਹ ਭੁੱਲ ਗਿਆ ਹੋਵੇ! ਗਜੇਂਦਰ ਜ਼ਿੰਦਗੀ ਜਿਉਣ ਲਈ ਲੋੜੀਂਦੇ ਘਰ ਦਾ ਰਾਹ ਭੁੱਲਣ ਦੀ ਸਾਫ਼ ਨਿਸ਼ਾਨਦੇਹੀ ਕਰਦਾ ਹੈ।

ਇਸ ਮਾਮਲੇ ਦੀ ਚਰਚਾ ਦਾ ਇੱਕ ਪਾਸਾ ਖੁਦਕੁਸ਼ੀ ਨੂੰ ਫ਼ੌਰੀ ਕਾਰਨ ਤੱਕ ਮਹਿਦੂਦ ਕਰਨਾ ਹੈ ਤਾਂ ਦੂਜਾ ਪਾਸਾ ਖੇਤੀ ਸੰਕਟ ਨੂੰ ਖੁਦਕੁਸ਼ੀਆਂ ਤੱਕ ਘਟਾ ਦੇਣਾ ਹੈ। ਖੇਤੀ ਸੰਕਟ ਦੀ ਮਾਰ ਦੀ ਇੰਤਹਾ ਤਾਂ ਖੁਦਕੁਸ਼ੀਆਂ ਦੇ ਰੁਝਾਨ ਵਿਚੋਂ ਸਮਝੀ ਜਾ ਸਕਦੀ ਹੈ, ਪਰ ਸਮੁੱਚੇ ਸੰਕਟ ਨੂੰ ਇਸੇ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਖੇਤੀ ਸੰਕਟ ਕਾਰਨ ਖੁਦਕੁਸ਼ੀਆਂ ਕਰਨ ਵਾਲੇ ਹੀ ਬਦਤਰ ਹਾਲਾਤ ਦੇ ਸ਼ਿਕਾਰ ਨਹੀਂ ਹੋਏ। ਉਨ੍ਹਾਂ ਹੀ ਹਾਲਾਤ ਵਿਚ ਜ਼ਿੰਦਗੀ ਨੂੰ ਹਰ ਹੀਲੇ ਅੱਗੇ ਤੋਰਨ ਦੇ ਆਹਰ ਵਿਚ ਲੱਗੇ ਜੀਆਂ ਦਾ ਸੰਕਟ ਕਿਸੇ ਵੀ ਤਰ੍ਹਾਂ ਛੋਟਾ ਨਹੀਂ ਹੈ। ਜਦੋਂ ਸੰਕਟ ਖੁਦਕੁਸ਼ੀ ਤੱਕ ਮਹਿਦੂਦ ਹੋ ਜਾਂਦਾ ਹੈ ਤਾਂ ਸਿਆਸਤਦਾਨਾਂ ਲਈ ਮੁਆਵਜ਼ੇ ਦੀ ਨੁਮਾਇਸ਼ੀ ਮਸ਼ਕ ਕਰਨੀ ਸੁਖਾਲੀ ਹੋ ਜਾਂਦੀ ਹੈ। ਇਸ ਮਾਮਲੇ ਵਿਚ ਗਜੇਂਦਰ ਨੇ ਖੁਦਕੁਸ਼ੀ ਲਈ ਢੁਕਵੇਂ ਥਾਂ ਦੀ ਚੋਣ ਕੀਤੀ ਹੈ। ਇਹ ਖੁਦਕੁਸ਼ੀ ਨੰਗਲ ਝਾਮਰਵਾੜਾ ਵਿਚ ਹੁੰਦੀ ਤਾਂ ਸਾਰੀਆਂ ਸਿਆਸੀ ਧਿਰਾਂ ਅਤੇ ਸਰਕਾਰਾਂ ਦੀ ਨਜ਼ਰ ਵਿਚ ਇਸ ਨੂੰ ਹਿੰਦਸੇ ਤੋਂ ਵੱਧ ਰੁਤਬਾ ਹਾਸਲ ਨਹੀਂ ਹੋਣਾ ਸੀ। ਉਸ ਦੀ ਮੌਤ ਉੱਤੇ ਮੁਆਵਜ਼ੇ ਜਾਂ ਸੰਵੇਦਨਾ ਦੀ ਸਿਆਸਤ ਕਰ ਰਹੀਆਂ ਸਿਆਸੀ ਧਿਰਾਂ ਨੂੰ ਨੰਗਲ ਝਾਮਰਵਾੜਾ ਪਿੰਡ ਨਹੀਂ, ਸਗੋਂ ਉਸ ਦਾ ਇੱਕ ਹਿੰਦਸਾ ਅਹਿਮ ਜਾਪਦਾ ਹੈ ਜੋ ਦਿੱਲੀ ਦੇ ਸਿਆਸੀ ਮੰਚ ਉੱਤੇ ਆਪਣੀ ਪੈੜ ਛੱਡ ਗਿਆ ਹੈ। ਫ਼ਸਲ ਦੀ ਬਰਬਾਦੀ ਦਾ ਸ਼ਿਕਾਰ ਹੋਏ ਕਿਸਾਨਾਂ ਨੂੰ ਗਜੇਂਦਰ ਨਾਲ ਹਮਦਰਦੀ ਹੋਵੇ ਜਾਂ ਨਾ ਹੋਵੇ, ਪਰ ਈਰਖਾ ਜ਼ਰੂਰ ਹੋਵੇਗੀ। ਉਨ੍ਹਾਂ ਦੇ ਦਿਮਾਗ਼ ਵਿਚ ਇਹ ਵਿਚਾਰ ਕਦੇ ਨਾ ਕਦੇ ਆ ਸਕਦਾ ਹੈ ਕਿ ਗਜੇਂਦਰ ਨੇ ਠੀਕ ਕੀਤਾ। ਇਨ੍ਹਾਂ ਹਾਲਾਤ ਵਿਚ ਇਹ ਸੋਚਣਾ ਕਿੰਨਾ ਕੁ ਔਖਾ ਹੈ ਕਿ ਖੁਦਕੁਸ਼ੀ ਕਰਨਾ ਖ਼ੁੱਦਾਰੀ ਜਾਂ ਬਹਾਦਰੀ ਦੀ ਨਿਸ਼ਾਨੀ ਹੈ। ਜਦੋਂ ਜਿਉਂਦੇ ਨੂੰ ਜਿਉਂਦਾ ਰਹਿਣ ਲਈ ਸਹਾਰਾ ਨਾ ਲੱਭੇ ਤਾਂ ਮੌਤ ਦੀ ਕੀਮਤ ਕਈ ਸੁਆਲਾਂ ਨੂੰ ਜਨਮ ਦਿੰਦੀ ਹੈ।

ਖੁਦਕੁਸ਼ੀ ਤੱਕ ਮਹਿਦੂਦ ਚਰਚਾ ਕਦੇ ਮਸਲੇ ਦਾ ਹੱਲ ਨਹੀਂ ਕਰ ਸਕਦੀ। ਇਹ ਸ਼ੱਕਰ ਰੋਗ ਦੇ ਪੀੜਤ ਦੇ ਫੋੜੇ ਉੱਤੇ ਪੱਟੀ ਬੰਨ੍ਹਣ ਵਰਗਾ ਕੰਮ ਹੈ। ਮੌਜੂਦਾ ਸਿਆਸਤ ਦਾ ਆਮ ਆਦਮੀ ਪਾਰਟੀ (ਆਪ) ਦਾ ਖ਼ਾਸਾ ਇਸੇ ਰੁਝਾਨ ਦੀ ਮੂੰਹਜ਼ੋਰ ਵਕਾਲਤ ਕਰਦਾ ਹੈ। ਕਾਂਗਰਸ, ਭਾਜਪਾ ਅਤੇ ਹੋਰ ਰਵਾਇਤੀ ਸਿਆਸੀ ਧਿਰਾਂ ਇਸੇ ਰੁਝਾਨ ਨੂੰ ਚੱਲਦਾ ਰੱਖਣ ਦੀਆਂ ਮਾਹਰ ਧਿਰਾਂ ਹਨ। ਇਨ੍ਹਾਂ ਲਈ ਬੁਨਿਆਦੀ ਸੁਆਲ ਨਿਜ਼ਾਮ ਦੇ ਬੁਨਿਆਦੀ ਢਾਂਚੇ ਨਾਲ ਕਦੇ ਨਹੀਂ ਜੁੜਦੇ। ਜੋ ਸੰਕਟ ਢਾਂਚੇ ਦੀ ਪੈਦਾਵਾਰ ਹੈ, ਉਸ ਨੂੰ ਭ੍ਰਿਸ਼ਟਾਚਾਰ ਦੇ ਘੇਰੇ ਵਿਚ ਲਿਆ ਕੇ ਸੁਲਝਾਇਆ ਨਹੀਂ ਜਾ ਸਕਦਾ, ਪਰ ਅੱਗੇ ਪਾਇਆ ਜਾ ਸਕਦਾ ਹੈ। ਖੁਦਕੁਸ਼ੀ ਦਾ ਮੁਆਵਜ਼ਾ ਮੌਜੂਦਾ ਨਿਜ਼ਾਮ ਨੁਮਾਇਸ਼ੀ ਪ੍ਰਾਪਤੀ ਵਜੋਂ ਤੈਅ ਕਰ ਸਕਦਾ ਹੈ, ਪਰ ਜ਼ਿੰਦਗੀ ਲਈ ਸਾਜ਼ਗਾਰ ਹਾਲਤ ਬਣਾਉਣ ਲਈ ਢਾਂਚੇ ਵਿਚ ਤਬਦੀਲੀ ਦਰਕਾਰ ਹੈ। ਢਾਂਚੇ ਵਿਚ ਤਬਦੀਲੀ ਲਿਆ ਕੇ ਉਨ੍ਹਾਂ ਹਾਲਾਤ ਨੂੰ ਬਦਲਿਆ ਜਾ ਸਕਦਾ ਹੈ ਜੋ ਬੰਦੇ ਨੂੰ ਉਸ ਦੇ ਘਰ ਦਾ ਰਾਹ ਭੁਲਾ ਦਿੰਦੇ ਹਨ। ਜੇ ਢਾਂਚੇ ਵਿਚ ਤਬਦੀਲੀ ਦਾ ਸੁਆਲ ਆਏਗਾ ਤਾਂ ਨਿਜ਼ਾਮ ਵੱਲੋਂ ਆਵਾਮ ਨੂੰ ਦਿੱਤੀਆਂ ਵਡਿਆਈਆਂ ਦੀ ਪੜਚੋਲ ਵੀ ਕੀਤੀ ਜਾਵੇਗੀ। ਇਸ ਤੋਂ ਬਾਅਦ ਤੈਅ ਹੋ ਸਕੇਗਾ ਕਿ 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਕਿਸਾਨਾਂ ਦੀ ਪ੍ਰਾਪਤੀ ਦਾ ਨਹੀਂ, ਸਗੋਂ ਉਨ੍ਹਾਂ ਖ਼ਿਲਾਫ਼ ਕੀਤੀ ਗਈ ਸਾਜ਼ਿਸ਼ ਦੀ ਨੁਮਾਇੰਦਗੀ ਕਰਦਾ ਹੈ। ਖੁਦਕੁਸ਼ੀ ਨਾਲ ਜੋੜ ਕੇ ਸੰਵੇਦਨਾ ਨੂੰ ਹਲੂਣਾ ਦਿੱਤਾ ਜਾ ਸਕਦਾ ਹੈ, ਕਿਉਂਕਿ ਇਹ ਜ਼ਿੰਦਗੀ ਦੀ ਡੋਰ ਆਪਣੇ ਹੱਥੀਂ ਤੋੜਨ ਦਾ ਹਾਦਸਾ ਹੈ, ਪਰ ਇਸ ਹਾਦਸੇ ਦੇ ਖਦਸ਼ਿਆਂ ਨੂੰ ਮੁਖ਼ਾਤਬ ਹੋਣ ਦਾ ਸੁਆਲ ਸੰਵੇਦਨਾ ਤੋਂ ਅੱਗੇ ਜਾ ਕੇ ਦਰਦਮੰਦੀ ਨਾਲ ਜ਼ਿਆਦਾ ਜੁੜਦਾ ਹੈ। ਮਨੁੱਖ ਨੂੰ ਜ਼ਿੰਦਗੀ ਨਾਲ ਜੋੜਨ ਵਾਲੀ ਸਿਆਸਤ ਇੱਕੋ ਵੇਲੇ ਫ਼ੌਰੀ ਰਾਹਤ ਅਤੇ ਚਿਰਕਾਲੀ ਵਿਉਂਤਬੰਦੀ ਰਾਹੀਂ ਹੀ ਹੋ ਸਕਦੀ ਹੈ। ਟੈਲੀਵਿਜ਼ਨ ਦੀ ਬਹਿਸ ਵਿਚ ਜਿੱਤ-ਹਾਰ ਤੈਅ ਕਰਨ ਜਾਂ ਸ਼ਰਧਾਂਜਲੀਆਂ ਉੱਤੇ ਮੁਆਵਜ਼ੇ ਦੀ ਰਕਮ ਨਾਲ ਕੀਤੀ ਜਾਣ ਵਾਲੀ ਸਿਆਸਤ ਦਰਦਮੰਦੀ ਦੀ ਸਿਆਸਤ ਨਹੀਂ ਹੋ ਸਕਦੀ। ਦਰਦਮੰਦੀ ਜਦੋਂ ਗਜੇਂਦਰ ਦੇ ਦੋਸਤਾਂ ਨਾਲ ਵਿਸ਼ੇਸ਼ਣ ਵਜੋਂ ਜੁੜੇਗੀ ਤਾਂ ਉਸ ਦੇ ਘਰ ਨੂੰ ਜਾਂਦਾ ਰਾਹ ਸਾਫ਼ ਹੋਵੇਗਾ।

# ਧਰਮ ਤਬਦੀਲੀ ਵਿਰੋਧੀ ਕਾਨੂੰਨ ਅਤੇ ਭਾਰਤ

ਈਸਾਈਅਤ ਵੱਲ ਧਰਮ ਤਬਦੀਲੀ 'ਤੇ ਮੁਕੰਮਲ ਪਾਬੰਦੀ ਲਾਉਣ ਨੂੰ ਹੀ ਸਰਕਾਰ ਉਸ ਇਕੋ-ਇਕ ਰਸਤੇ ਵਜੋਂ ਵੇਖ ਰਹੀ ਹੈ ਜਿਸ ਰਾਹੀਂ ਹਿੰਦੂ ਧਾਰਮਿਕ ਕੱਟੜਵਾਦੀ ਤੱਤਾਂ ਨੂੰ ਨਨਾਂ, ਪਾਦਰੀਆਂ ਅਤੇ ਚਰਚਾਂ 'ਤੇ ਹਮਲੇ ਕਰਨ ਤੋਂ ਰੋਕਿਆ ਜਾ ਸਕਦਾ ਹੈ। ਇਹ ਹਮਲੇ ਕੇਂਦਰੀ ਭਾਰਤ ਦੇ ਜੰਗਲਾਂ ਤੋਂ ਲੈ ਕੇ ਕੌਮੀ ਰਾਜਧਾਨੀ ਨਵੀਂ ਦਿੱਲੀ ਤੱਕ ਅਨੇਕਾਂ ਛੋਟੇ ਤੋਂ ਵੱਡੇ ਚਰਚਾਂ 'ਤੇ ਹੋਏ ਹਨ। ਮੋਦੀ ਸਰਕਾਰ ਦੇ ਸੀਨੀਅਰ ਮੰਤਰੀਆਂ ਦੇ ਬਿਆਨਾਂ ਤੋਂ ਜਾਪਦਾ ਹੈ ਕਿ ਅਜਿਹੇ ਕਾਨੂੰਨ ਦਾ ਪਹਿਲਾ ਖਾਕਾ ਛੇਤੀ ਹੀ ਸਾਹਮਣੇ ਆ

ਜੌਨ ਦਿਆਲ

ਜਾਵੇਗਾ। ਨਾਗਰਿਕ ਅਧਿਕਾਰ ਗਰੁੱਪਾਂ ਦੇ ਰਿਕਾਰਡ ਮੁਤਾਬਿਕ ਮੋਦੀ ਸਰਕਾਰ ਦੇ 300 ਦਿਨਾਂ ਦੇ ਸੱਤਾਕਾਲ ਦੌਰਾਨ ਈਸਾਈ ਭਾਈਚਾਰੇ ਖਿਲਾਫ਼ ਸੇਧਤ ਹਿੰਸਾ ਦੀਆਂ 168 ਘਟਨਾਵਾਂ ਵਾਪਰੀਆਂ ਹਨ। ਮੋਦੀ ਜਦੋਂ ਆਪਣੀ ਪਾਰਟੀ ਨੂੰ ਬਿਹਾਰ ਅਤੇ ਉੱਤਰ ਪ੍ਰਦੇਸ਼ ਜਿਥੇ ਭਾਜਪਾ ਨੂੰ ਸੱਤਾ ਹਥਿਆਉਣ ਦੀ ਉਮੀਦ ਹੈ, ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਤਿਆਰ ਕਰ ਰਹੇ ਹਨ, ਤਾਂ ਇਸ ਮੁੱਦੇ 'ਤੇ ਵਿਚਾਰ-ਚਰਚਾ ਹੋਰ ਵੀ ਭਖ ਉੱਠੀ ਹੈ।

ਇਹ ਉਸ ਅਧੂਰੇ ਸੁਪਨੇ ਨੂੰ ਮੁੜ ਸੁਰਜੀਤ ਕਰਨ ਵਾਲੀ ਗੱਲ ਹੈ ਜਿਸ ਦਾ ਪਿਛੋਕੜ 1978 ਤੱਕ ਜਾਂਦਾ ਹੈ, ਜਦੋਂ ਸਾਂਝੀ ਜਨਤਾ ਪਾਰਟੀ ਦੇ ਓ.ਪੀ. ਤਿਆਗੀ ਨੇ ਨਿੱਜੀ ਮੈਂਬਰ ਬਿੱਲ ਵਜੋਂ ਇਸ ਕਾਨੂੰਨ ਨੂੰ ਲੋਕ ਸਭਾ ਸਾਹਮਣੇ ਰੱਖਿਆ ਸੀ। ਇਸ ਨੂੰ ਧਾਰਮਿਕ ਸੁਤੰਤਰਤਾ ਬਿੱਲ ਦਾ ਨਾਂ ਦਿੱਤਾ ਗਿਆ ਸੀ। ਹਾਲਾਂਕਿ ਬਿੱਲ ਵਿਚ ਕਿਸੇ ਧਰਮ ਦਾ ਨਾਂ ਲੈ ਕੇ ਜ਼ਿਕਰ ਨਹੀਂ ਸੀ ਕੀਤਾ ਗਿਆ, ਪਰ ਇਹ ਈਸਾਈ ਧਰਮ ਖਿਲਾਫ਼ ਹੀ ਸੇਧਤ ਸੀ। ਇਸ ਬਿੱਲ ਨੂੰ ਤਤਕਾਲੀ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਦੀ ਹਮਾਇਤ ਹਾਸਲ ਹੋਣ ਦੇ ਬਾਵਜੂਦ ਇਹ ਪਾਸ ਨਹੀਂ ਸੀ ਹੋ ਸਕਿਆ, ਕਿਉਂਕਿ ਸਰਕਾਰ ਹੀ ਡਿੱਗ ਪਈ ਸੀ। ਸਰਕਾਰ ਡਿਗਣ ਦਾ ਕਾਰਨ ਇਹ ਬਣਿਆ ਸੀ ਕਿ ਕੁਝ ਸਮਾਜਵਾਦੀ ਮੈਂਬਰਾਂ ਵੱਲੋਂ ਉਨ੍ਹਾਂ ਮੰਤਰੀਆਂ ਅਤੇ ਪਾਰਟੀ ਆਗੂਆਂ ਦੀ 'ਦੋਹਰੀ ਮੈਂਬਰਸ਼ਿਪ' ਉਤੇ ਇਤਰਾਜ਼ ਉਠਾਏ ਗਏ ਸਨ ਜੋ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਵੀ ਮੈਂਬਰ ਸਨ। ਦੇਸਾਈ ਸਰਕਾਰ ਦੇ ਵਿਦੇਸ਼ ਮੰਤਰੀ ਅਟਲ ਬਿਹਾਰੀ ਵਾਜਪਾਈ ਤੇ ਸੂਚਨਾ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਸੰਘ ਦੇ ਵੀ ਮੈਂਬਰ ਸਨ ਅਤੇ ਉਨ੍ਹਾਂ ਨੇ ਫਿਰ ਭਾਰਤੀ ਜਨਤਾ ਪਾਰਟੀ ਬਣਾ ਲਈ ਸੀ।

1999 ਵਿਚ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੱਲੋਂ ਇਸ ਬਿੱਲ ਬਾਰੇ ਉਦੋਂ ਮੁੜ ਬਹਿਸ ਛੇੜੀ ਗਈ ਜਦੋਂ 1998 ਵਿਚ ਕ੍ਰਿਸਮਸ ਦੇ ਮੌਕੇ 'ਤੇ ਗੁਜਰਾਤ ਦੇ ਦੰਗਜ਼ ਖੇਤਰ ਵਿਚ ਦੋ ਦਰਜਨ ਤੋਂ ਵੀ ਵਧੇਰੇ ਛੋਟੇ ਚਰਚਾਂ ਨੂੰ ਕਥਿਤ ਤੌਰ 'ਤੇ ਸੰਘ ਦੇ ਕੇਡਰਾਂ ਵੱਲੋਂ ਤਬਾਹ ਕਰ ਦਿੱਤਾ ਗਿਆ ਸੀ। ਉਦੋਂ ਈਸਾਈ ਆਗੂਆਂ ਵੱਲੋਂ ਪ੍ਰਧਾਨ ਮੰਤਰੀ ਨੂੰ ਯਾਦ ਕਰਵਾਇਆ ਗਿਆ ਕਿ ਧਰਮ ਦੇ ਪ੍ਰਸਾਰ ਦਾ ਮੁੱਦਾ ਸਾਡੀ ਸੰਵਿਧਾਨਕ ਸਭਾ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਿਆ ਜਾ ਚੁੱਕਾ ਹੈ। ਸੰਘ ਅਤੇ ਇਥੋਂ ਤੱਕ ਕਿ ਸਥਾਨਕ ਗਾਂਧੀਵਾਦੀ ਵੀ ਧਰਮ ਤਬਦੀਲੀਆਂ ਖਿਲਾਫ਼ ਕਾਨੂੰਨ ਬਣਾਉਣ ਲਈ ਤਤਪਰ ਸਨ, ਪਰ ਵਾਜਪਾਈ, ਕੌਮੀ ਕਾਨੂੰਨ ਲਿਆ ਸਕਣ ਸਬੰਧੀ ਸੰਸਦ ਵਿਚ ਲੋੜੀਂਦੀ ਗਿਣਤੀ ਨਹੀਂ ਸਨ ਰੱਖਦੇ। ਇਸ ਤੋਂ ਬਾਅਦ ਤਤਕਾਲੀ ਮੁੱਖ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠਲੀ ਗੁਜਰਾਤ ਸਰਕਾਰ ਵੱਲੋਂ 'ਧਰਮ ਦੀ ਆਜ਼ਾਦੀ ਐਕਟ' ਪਾਸ ਕਰ ਕੇ ਜਬਰੀ ਜਾਂ ਧੋਖੇਬਾਜ਼ੀ ਨਾਲ ਧਰਮ ਤਬਦੀਲੀ ਨੂੰ ਅਪਰਾਧ ਕਰਾਰ ਦੇ ਦਿੱਤਾ ਗਿਆ। ਇਸ ਤੋਂ ਪਹਿਲਾਂ ਅਰੁਣਾਚਲ ਪ੍ਰਦੇਸ਼, ਉੜੀਸਾ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਵੀ ਅਜਿਹੇ ਕਾਨੂੰਨ ਲਾਗੂ ਹੋ ਚੁੱਕੇ ਸਨ। ਬਾਅਦ ਵਿਚ ਹਿਮਾਚਲ ਪ੍ਰਦੇਸ਼ ਵੱਲੋਂ ਵੀ ਇਸੇ ਤਰ੍ਹਾਂ ਦਾ ਕਾਨੂੰਨ ਲਾਗੂ ਕੀਤਾ ਗਿਆ ਜਿਸ ਵਿਚ ਦੋਸ਼ੀ ਪਾਏ ਜਾਣ ਵਾਲਿਆਂ ਲਈ ਸਖ਼ਤ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਸੀ। ਤਾਮਿਲਨਾਡੂ ਵੱਲੋਂ ਵੀ ਅਜਿਹਾ ਹੀ ਕਾਨੂੰਨ ਪਾਸ ਕੀਤਾ ਗਿਆ, ਪਰ ਮੁੱਖ ਮੰਤਰੀ ਕੁਮਾਰੀ ਜੈਲਲਿਤਾ ਨੇ ਇਸ ਨੂੰ ਛੇਤੀ ਹੀ ਵਾਪਸ ਲੈ ਲਿਆ, ਕਿਉਂਕਿ ਰਾਜ ਦੇ ਕੁਝ ਜ਼ਿਲ੍ਹਿਆਂ ਵਿਚ ਸਿਆਸੀ ਪ੍ਰਭਾਵ ਰੱਖਣ ਵਾਲੇ ਈਸਾਈ ਭਾਈਚਾਰੇ ਵੱਲੋਂ ਇਸ ਦਾ ਸਖ਼ਤ ਵਿਰੋਧ ਕੀਤਾ ਗਿਆ ਸੀ।


ਈਸਾਈ ਭਾਈਚਾਰੇ ਵੱਲੋਂ ਹਾਈ ਕੋਰਟਾਂ ਅਤੇ ਫਿਰ ਸੁਪਰੀਮ ਕੋਰਟ ਵਿਚ ਵੀ ਇਨ੍ਹਾਂ ਸੂਬਾਈ ਕਾਨੂੰਨਾਂ ਨੂੰ ਦਿੱਤੀ ਗਈ ਚੁਣੌਤੀ ਅਦਾਲਤਾਂ ਵੱਲੋਂ ਰੱਦ ਕਰ ਦਿੱਤੀ ਗਈ। ਸੁਪਰੀਮ ਕੋਰਟ ਨੇ ਇਨ੍ਹਾਂ ਸਾਰੇ ਕਾਨੂੰਨਾਂ ਨੂੰ ਜਾਇਜ਼ ਕਰਾਰ ਦਿੰਦਿਆਂ ਕਿਹਾ ਕਿ ਜਿਥੇ ਸਾਰੇ ਨਾਗਰਿਕਾਂ ਨੂੰ ਆਪਣੀ ਆਸਥਾ ਮੁਤਾਬਿਕ ਧਰਮ ਦੀ ਚੋਣ ਜਾਂ ਫਿਰ ਤਬਦੀਲੀ ਕਰਨ ਦਾ ਅਧਿਕਾਰ ਹੈ, ਉਥੇ ਧਰਮ ਦੇ ਪ੍ਰਸਾਰ ਦੇ ਸੰਵਿਧਾਨਕ ਹੱਕ ਦਾ ਇਹ ਮਤਲਬ ਨਹੀਂ ਹੈ ਕਿ ਇਸ ਨਾਲ ਕਿਸੇ ਨੂੰ 'ਹੋਰਾਂ ਵਿਅਕਤੀਆਂ ਨੂੰ ਆਪਣੇ ਧਰਮ ਵਿਚ ਸ਼ਾਮਿਲ ਕਰਨ' ਦਾ ਅਧਿਕਾਰ ਮਿਲ ਜਾਂਦਾ ਹੈ। ਸੋ, ਧਾਰਮਿਕ ਪ੍ਰਚਾਰਕਾਂ ਨੂੰ ਕਿਸੇ ਦਾ ਧਰਮ ਤਬਦੀਲ ਕਰਨ ਦਾ ਹੱਕ ਨਹੀਂ ਹੈ।

'ਹਿੰਦੂ ਰਾਸ਼ਟਰ' ਉਤੇ ਮੁਸਲਮਾਨਾਂ ਦਾ ਗਲਬਾ ਹੋ ਜਾਣ ਦੀਆਂ ਚਿਤਾਵਨੀ ਮੁਹਿੰਮਾਂ ਦੌਰਾਨ ਆਰ.ਐਸ.ਐਸ. ਆਪਣੀ ਇਸ ਮੰਗ 'ਤੇ ਡਟਿਆ ਹੋਇਆ ਹੈ ਕਿ ਈਸਾਈ ਆਬਾਦੀ ਵਿਚ ਵਾਧੇ ਨੂੰ ਰੋਕਣ ਲਈ ਕੌਮੀ ਕਾਨੂੰਨ ਲਿਆਂਦਾ ਜਾਵੇ। ਇਸ ਦਾ ਕਹਿਣਾ ਹੈ ਕਿ ਈਸਾਈ ਆਬਾਦੀ ਵਿਚ ਵਾਧਾ ਪੱਛਮੀ ਈਸਾਈ ਧਰਮ ਪ੍ਰਚਾਰਕ ਸਮੂਹਾਂ ਵੱਲੋਂ ਕੀਤੀ ਜਾਂਦੀ ਬੇਕਾਬੂ ਧਰਮ ਤਬਦੀਲੀ ਦੇ ਸਿੱਟੇ ਵਜੋਂ ਹੋਇਆ ਹੈ।

ਕੌਮੀ ਕਾਨੂੰਨ ਲਿਆਉਣ ਲਈ ਭਾਰਤੀ ਸੰਵਿਧਾਨ ਵਿਚ ਸੋਧ ਦੀ ਲੋੜ ਹੋਵੇਗੀ ਜੋ ਆਸਥਾ ਦੀ ਆਜ਼ਾਦੀ ਦੀ ਗਾਰੰਟੀ ਦਿੰਦਾ ਹੈ। ਰਾਜ ਸਭਾ ਵਿਚ ਘੱਟ-ਗਿਣਤੀ ਵਿਚ ਹੋਣ ਕਾਰਨ ਸਰਕਾਰ ਅਜਿਹਾ ਕਰ ਸਕਣ ਦੀ ਸਥਿਤੀ ਵਿਚ ਨਹੀਂ ਹੈ। ਪ੍ਰਧਾਨ ਮੰਤਰੀ ਵੱਲੋਂ ਭਾਵੇਂ ਈਸਾਈ ਭਾਈਚਾਰੇ ਦੇ ਕੰਮਾਂ ਦੀ ਸ਼ਲਾਘਾ ਕੀਤੀ ਗਈ, ਪਰ ਉਨ੍ਹਾਂ ਨੇ ਫ਼ਿਰਕੂ ਤਣਾਅ ਦੀ ਸਥਿਤੀ ਵਿਚ ਧਾਰਮਿਕ ਘੱਟ-ਗਿਣਤੀਆਂ ਦੀ ਨਾਜ਼ੁਕਤਾ ਵੱਲ ਵੀ ਸੰਕੇਤ ਕੀਤਾ। ਉਨ੍ਹਾਂ ਦੇ ਮੰਤਰੀ ਆਪਣੀ ਕਥਨੀ ਵਿਚ ਹੋਰ ਵਧੇਰੇ ਸਪਸ਼ਟ ਹਨ।

ਸੰਸਦੀ ਮਾਮਲਿਆਂ ਦੇ ਮੰਤਰੀ ਵੈਂਕਈਆ ਨਾਇਡੂ, ਵਿੱਤ ਮੰਤਰੀ ਅਰੁਣ ਜੇਤਲੀ ਅਤੇ ਕਈ ਹੋਰ ਰਾਜ ਮੰਤਰੀ ਅਨੇਕਾਂ ਵਾਰ ਕਹਿ ਚੁੱਕੇ ਹਨ ਕਿ ਈਸਾਈ ਭਾਈਚਾਰੇ ਖਿਲਾਫ਼ ਹੁੰਦੀ ਹਿੰਸਾ ਨੂੰ ਰੋਕਣ ਲਈ ਧਰਮ ਤਬਦੀਲੀ ਖਿਲਾਫ਼ ਤੁਰੰਤ ਕੌਮੀ ਕਾਨੂੰਨ ਲਿਆਉਣ ਦੀ ਲੋੜ ਹੈ। ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਵੀ ਪਿਛਲੇ ਦਿਨੀਂ ਕਿਹਾ ਕਿ ਉਨ੍ਹਾਂ ਨੂੰ ਮੁਸਲਿਮ ਆਬਾਦੀ ਦੇ ਵਾਧੇ ਦੀ ਗਤੀ ਤੋਂ ਕੋਈ ਸਮੱਸਿਆ ਨਹੀਂ ਹੈ, ਉਹ ਧਰਮ ਤਬਦੀਲੀ ਵਿਰੋਧੀ ਕਾਨੂੰਨ ਚਾਹੁੰਦੇ ਹਨ। ਆਪਣੀ ਪਾਰਟੀ ਵਾਂਗ ਉਨ੍ਹਾਂ ਦਾ ਵੀ ਸੋਚਣਾ ਹੈ ਕਿ ਧਰਮ ਤਬਦੀਲੀ ਦੇਸ਼ ਦੀ ਆਬਾਦੀ ਦੇ ਸਰੂਪ ਨੂੰ ਬਦਲ ਦੇਵੇਗੀ ਜਿਸ ਦੇ ਨਤੀਜੇ ਵਜੋਂ ਇਸ ਦੀ ਹਿੰਦੂ ਸਭਿਆਚਾਰਕ ਪਛਾਣ ਗੁਆਚ ਜਾਵੇਗੀ।

ਧਾਰਮਿਕ ਘੱਟ-ਗਿਣਤੀਆਂ ਖਿਲਾਫ਼ ਹੁੰਦੀ ਹਿੰਸਾ ਦੀ ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਨਿੰਦਾ ਕੀਤੀ ਗਈ ਹੈ, ਪਰ ਉਹ ਕਾਨੂੰਨ ਦੇ ਮੁੱਦੇ 'ਤੇ ਖਾਮੋਸ਼ ਹੀ ਰਹੇ ਹਨ। ਇਹ ਕਹਿਣ ਦਾ ਕੰਮ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ 'ਤੇ ਹੀ ਛੱਡ ਦਿੱਤਾ ਗਿਆ ਕਿ ਸਟੇਟ ਨੂੰ ਧਰਮ ਦੇ ਮਾਮਲਿਆਂ ਵਿਚ ਕੋਈ ਹੋਰ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ। ਉਪ ਰਾਸ਼ਟਰਪਤੀ ਇਕ ਤੋਂ ਵਧੇਰੇ ਵਾਰ ਇਸ ਗੱਲ 'ਤੇ ਜ਼ੋਰ ਦੇ ਚੁੱਕੇ ਹਨ ਕਿ ਕਿਸੇ ਵੱਲੋਂ ਆਪਣਾ ਧਰਮ ਜਾਂ ਆਸਥਾ ਬਦਲ ਸਕਣ ਦੀ ਆਜ਼ਾਦੀ ਇਕ ਮੂਲ ਅਧਿਕਾਰ ਹੈ। ਉਹ ਇਹ ਵੀ ਕਹਿ ਚੁੱਕੇ ਹਨ ਕਿ ਕਿਸੇ ਵੀ ਧਰਮ ਨੂੰ 'ਸਰਕਾਰੀ ਦਰਜਾ' ਨਹੀਂ ਦਿੱਤਾ ਜਾਣਾ ਚਾਹੀਦਾ, ਪਰ ਇਸ ਮਾਮਲੇ ਵਿਚ ਉਨ੍ਹਾਂ ਦੀ ਆਵਾਜ਼ ਇਕੱਲੀ ਹੀ ਹੈ।




***ਧਾਰਮਿਕ ਘੱਟ-ਗਿਣਤੀਆਂ ਖਿਲਾਫ਼ ਹੁੰਦੀ ਹਿੰਸਾ ਦੀ ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਨਿੰਦਾ ਕੀਤੀ ਗਈ ਹੈ, ਪਰ ਉਹ ਕਾਨੂੰਨ ਦੇ ਮੁੱਦੇ 'ਤੇ ਖਾਮੋਸ਼ ਹੀ ਰਹੇ ਹਨ। ਇਹ ਕਹਿਣ ਦਾ ਕੰਮ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ 'ਤੇ ਹੀ ਛੱਡ ਦਿੱਤਾ ਗਿਆ ਕਿ ਸਟੇਟ ਨੂੰ ਧਰਮ ਦੇ ਮਾਮਲਿਆਂ ਵਿਚ ਕੋਈ ਹੋਰ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ। ਉਪ ਰਾਸ਼ਟਰਪਤੀ ਇਕ ਤੋਂ ਵਧੇਰੇ ਵਾਰ ਇਸ ਗੱਲ 'ਤੇ ਜ਼ੋਰ ਦੇ ਚੁੱਕੇ ਹਨ ਕਿ ਕਿਸੇ ਵੱਲੋਂ ਆਪਣਾ ਧਰਮ ਜਾਂ ਆਸਥਾ ਬਦਲ ਸਕਣ ਦੀ ਆਜ਼ਾਦੀ ਇਕ ਮੂਲ ਅਧਿਕਾਰ ਹੈ। ਉਹ ਇਹ ਵੀ ਕਹਿ ਚੁੱਕੇ ਹਨ ਕਿ ਕਿਸੇ ਵੀ ਧਰਮ ਨੂੰ 'ਸਰਕਾਰੀ ਦਰਜਾ' ਨਹੀਂ ਦਿੱਤਾ ਜਾਣਾ ਚਾਹੀਦਾ, ਪਰ ਇਸ ਮਾਮਲੇ ਵਿਚ ਉਨ੍ਹਾਂ ਦੀ ਆਵਾਜ਼ ਇਕੱਲੀ ਹੀ ਹੈ।***

# ਭੂਚਾਲ ਦੀ ਮਾਰ ਤੋਂ ਦੂਰ ਨਹੀਂ ਪੰਜਾਬ

ਨੇਪਾਲ ਤੇ ਉੱਤਰੀ ਭਾਰਤ ਦੇ ਕਈ ਹਿੱਸਿਆਂ ਵਿਚ 25 ਅਪਰੈਲ ਨੂੰ ਰਿਕਟਰ ਪੈਮਾਨੇ 'ਤੇ 7.9 ਤੀਬਰਤਾ ਅਤੇ 26 ਅਪਰੈਲ ਨੂੰ 6.9 ਤੀਬਰਤਾ ਵਾਲੇ ਆਏ ਭੂਚਾਲ ਕਾਰਨ 5000 ਤੋਂ ਵੀ ਵੱਧ ਲੋਕਾਂ ਦੀ ਜਾਨ ਚਲੀ ਜਾਣ ਨਾਲ ਅਤੇ ਭਾਰੀ ਮਾਲੀ ਨੁਕਸਾਨ ਤੋਂ ਇਲਾਵਾ ਵਿਸ਼ਵ ਵਿਰਾਸਤ ਦਾ ਦਰਜਾ ਹਾਸਲ ਧਰਧਰਾ ਮਿਨਾਰ ਅਤੇ ਹੋਰ ਇਮਾਰਤਾਂ ਪੂਰੀ ਤਰ੍ਹਾਂ ਤਬਾਹ ਹੋਣ ਨਾਲ ਲੋਕਾਂ ਵਿਚ ਦਹਿਸ਼ਤ

ਰਾਜ ਕੁਮਾਰ ਅਗਰਵਾਲ

ਦਾ ਮਾਹੌਲ ਪੈਦਾ ਹੋ ਗਿਆ ਹੈ। ਇਸ ਭੂਚਾਲ ਦਾ ਕੇਂਦਰ ਭਾਵੇਂ ਕਾਠਮੰਡੂ ਤੋਂ ਦੂਰ 80 ਕਿਲੋਮੀਟਰ ਲਾਮਜੰਗ ਵਿਚ ਸੀ, ਫਿਰ ਵੀ ਨੇਪਾਲ ਦੇ ਨਾਲ ਨਾਲ ਭਾਰਤ ਦੇ ਕਈ ਸੂਬਿਆਂ ਵਿਚ ਆਏ ਇਸ ਜ਼ਲਜ਼ਲੇ ਨੇ 80 ਤੋਂ ਵੱਧ ਜਾਨਾਂ ਲੈ ਲਈਆਂ ਹਨ। ਸਭ ਤੋਂ ਵੱਧ ਮਾਰ ਨੇਪਾਲ ਦੀ ਸਰਹੱਦ ਨਾਲ ਲਗਦੇ ਬਿਹਾਰ ਨੂੰ ਪਈ ਹੈ। ਦੁਨੀਆਂ ਵਿਚ ਭੂਚਾਲ ਦਾ ਖ਼ਤਰਾ ਹਮੇਸ਼ਾ ਹੀ ਬਣਿਆ ਰਹਿੰਦਾ ਹੈ। ਸਾਡੀ ਧਰਤੀ ਇਨਰਕੋਰ, ਆਊਟਰਕੋਰ, ਮੈਂਟਲ ਤੇ ਕਰੱਸਟ ਨਾਮੀ ਚਾਰ ਪਰਤਾਂ ਦੀ ਬਣੀ ਹੋਈ ਹੈ। ਇਸ ਦੀ ਉਤਲੀ ਸਤਹਿ ਨੂੰ ਲਿਥੋਸਫੇਅਰ ਕਿਹਾ ਜਾਂਦਾ ਹੈ ਜੋ 50 ਤੋਂ 80 ਕਿਲੋਮੀਟਰ ਮੋਟੀ ਹੁੰਦੀ ਹੈ। ਇਹ ਕਈ ਪਲੇਟਾਂ ਜਾਂ ਪਰਤਾਂ ਦੀ ਬਣੀ ਹੁੰਦੀ ਹੈ ਜਿਨ੍ਹਾਂ ਨੂੰ ਟੈਕਟੋਨਿਕ ਪਲੇਟਾਂ ਆਖਦੇ ਹਨ। ਇਨ੍ਹਾਂ ਟੈਕਟੋਨਿਕ ਪਲੇਟਾਂ ਦੇ ਆਪਸ ਵਿਚ ਰਗੜਨ ਜਾਂ ਟਕਰਾਉਣ ਕਰ ਕੇ ਵੱਡੀ ਮਾਤਰਾ ਵਿਚ ਊਰਜਾ ਜਾਂ ਗੈਸ ਦਾ ਨਿਕਲਣਾ ਆਦਿ ਹੀ ਭੂਚਾਲ ਆਉਣ ਦਾ ਕਾਰਨ ਬਣਦੇ ਹਨ। ਇਨ੍ਹਾਂ ਪਰਤਾਂ ਵਿਚ ਇਹ ਟਕਰਾਅ ਹੁੰਦੇ ਹੀ ਰਹਿੰਦੇ ਹਨ ਜਿਸ ਕਰ ਕੇ ਭੂਚਾਲ ਆਉਂਦੇ ਹਨ। ਐਨ.ਜੀ.ਆਰ.ਆਈ. ਅਨੁਸਾਰ ਇਸ ਭੂਚਾਲ ਦਾ ਕਾਰਨ ਧਰਤੀ ਹੇਠਲੀਆਂ ਇੰਡੀਅਨ ਤੇ ਇਰੋਜੀਅਨ ਪਰਤਾਂ ਦਾ ਟਕਰਾ ਰਿਹਾ ਜਿਸ ਨੇ ਤਬਾਹਕੁਨ ਨੁਕਸਾਨ ਕੀਤਾ।

ਭੂਚਾਲ ਪੱਖੋਂ ਭਾਰਤ ਨੂੰ ਜ਼ੋਨ 2 ਤੋਂ 5 ਤਕ ਚਾਰ ਜ਼ੋਨਾਂ ਵਿਚ ਵੰਡਿਆ ਗਿਆ ਹੈ। ਪੰਜਾਬ ਰਾਜ ਦਾ ਜ਼ਿਆਦਾਤਰ ਹਿੱਸਾ ਜ਼ੋਨ 4 ਵਿਚ ਆਉਂਦਾ ਹੈ। ਭੂਚਾਲ ਵਿਗਿਆਨੀਆਂ ਅਨੁਸਾਰ ਰਾਜ ਦੇ 11 ਜ਼ਿਲ੍ਹੇ ਗੁਰਦਾਸਪੁਰ, ਹੁਸ਼ਿਆਰਪੁਰ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਨਵਾਂ ਸ਼ਹਿਰ, ਲੁਧਿਆਣਾ, ਫਤਿਹਗੜ੍ਹ ਸਾਹਿਬ, ਮੁਹਾਲੀ ਅਤੇ ਰੋਪੜ ਭੂਚਾਲ ਦੇ ਜ਼ੋਨ 4 ਵਿਚ ਆਉਂਦੇ ਹਨ ਜਦੋਂਕਿ ਫ਼ਿਰੋਜ਼ਪੁਰ, ਮੁਕਤਸਰ, ਮੋਗਾ, ਫਰੀਦਕੋਟ, ਬਠਿੰਡਾ, ਸੰਗਰੂਰ, ਮਾਨਸਾ, ਪਟਿਆਲਾ ਅਤੇ ਬਰਨਾਲਾ ਜ਼ਿਲ੍ਹੇ ਜ਼ੋਨ 3 ਵਿਚ ਅਤੇ ਫ਼ਾਜ਼ਿਲਕਾ ਜ਼ੋਨ 2 ਵਿਚ ਆਉਂਦਾ ਹੈ।

ਵਿਗਿਆਨਕ ਯੁੱਗ ਵਿਚ ਭਾਵੇਂ ਮਨੁੱਖ ਨੇ ਹੈਰਾਨਕੁਨ ਤਰੱਕੀ ਕਰ ਲਈ ਹੈ ਅਤੇ ਭੂਚਾਲਾਂ ਦੀ ਜਾਣਕਾਰੀ ਲਈ ਬਹੁਤ ਸੰਵੇਦਨਸ਼ੀਲ ਸੀਸਮੋਗ੍ਰਾਫ ਤਿਆਰ ਕਰ ਲਏ ਹਨ, ਪਰ ਅਜੇ ਵੀ ਮਨੁੱਖ ਭੂਚਾਲਾਂ ਦੀ ਆਮਦ ਬਾਰੇ ਭਵਿੱਖਬਾਣੀ ਕਰਨ ਦੇ ਕਾਬਲ ਨਹੀਂ ਹੋ ਸਕਿਆ ਹੈ। ਰਿਕਟਰ ਸਕੇਲ ਮੁਤਾਬਕ 4 ਤੋਂ ਘੱਟ ਮਾਤਰਾ ਦੇ ਭੂਚਾਲ ਮਾਮੂਲੀ ਨੁਕਸਾਨ ਪਹੁੰਚਾਉਂਦੇ ਹਨ, ਪਰ 6 ਤੋਂ 8 ਮਾਤਰਾ ਦੇ ਭੂਚਾਲਾਂ ਨਾਲ ਇਮਾਰਤਾਂ ਤਬਾਹ ਹੋ ਜਾਂਦੀਆਂ ਹਨ, ਧਰਤੀ ਫਟ ਜਾਂਦੀ ਹੈ ਤੇ ਡੈਮਾਂ ਨੂੰ ਵੀ ਨੁਕਸਾਨ ਪਹੁੰਚਦਾ ਹੈ। ਜੇ ਕਿਤੇ 8.5 ਤੋਂ ਵੱਧ ਮਾਤਰਾ ਦਾ ਭੂਚਾਲ ਆਇਆ ਤਾਂ ਸਮਝੋ ਪਰਲੋ ਆ ਜਾਵੇਗੀ ਅਤੇ ਕੁਝ ਨਹੀਂ ਬਚਣਾ।

ਅਸੀਂ ਜਾਣਦੇ ਹਾਂ ਕਿ ਮਨੁੱਖੀ ਜਾਨਾਂ ਦਾ ਨੁਕਸਾਨ ਭੂਚਾਲਾਂ ਨਾਲ ਘੱਟ, ਪਰ ਇਮਾਰਤਾਂ ਦੇ ਡਿਗਣ ਨਾਲ ਵਧੇਰੇ ਹੁੰਦਾ ਹੈ। ਇਸ ਲਈ ਚਾਹੀਦਾ ਇਹ ਹੈ ਕਿ ਅਸੀਂ ਇਮਾਰਤਾਂ ਦੀ ਉਸਾਰੀ ਭੂਚਾਲ-ਨਿਰੋਧਕ ਤਕਨੀਕ ਨਾਲ ਕਰੀਏ। ਅਜਿਹੇ ਭਵਨ ਉਸਾਰੀਏ ਜੋ ਭੂਚਾਲਾਂ ਦਾ ਸਾਹਮਣਾ ਕਰ ਕੇ ਸੁਰੱਖਿਅਤ ਰਹਿ ਸਕਣ। ਅੱਜ ਦੇ ਦੌਰ ਵਿਚ ਲੋਕਾਂ ਦਾ ਇਮਾਰਤਾਂ ਦੀ ਸੁੰਦਰ ਦਿੱਖ ਵੱਲ ਵਧੇਰੇ ਧਿਆਨ ਹੋਣ ਅਤੇ ਮਜ਼ਬੂਤੀ ਨੂੰ ਨਜ਼ਰਅੰਦਾਜ਼ ਕਰਨ ਕਰ ਕੇ ਭੂਚਾਲ ਦੌਰਾਨ ਵੱਧ ਨੁਕਸਾਨ ਹੋ ਰਿਹਾ ਹੈ। ਇਸ ਨੁਕਸਾਨ ਤੋਂ ਬਚਣ ਲਈ ਸਾਨੂੰ ਇਮਾਰਤਾਂ ਦੀ ਦਿੱਖ ਉੱਪਰ ਵੱਧ ਖ਼ਰਚ ਕਰਨ ਦੀ ਬਜਾਏ, ਮਜ਼ਬੂਤੀ ਉੱਪਰ ਵੱਧ ਖ਼ਰਚ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਬਹੁ-ਮੰਜ਼ਿਲੀ ਇਮਾਰਤਾਂ ਦੀ ਉਸਾਰੀ ਲਈ ਆਰਕੀਟੈਕਟ ਦੇ ਨਾਲ ਨਾਲ ਸਟਰਕਚਰਲ ਇੰਜਨੀਅਰਾਂ ਦੀ ਰਾਇ ਵੀ ਜ਼ਰੂਰ ਲੈਣੀ ਚਾਹੀਦੀ ਹੈ।

ਭੂਚਾਲ ਨਿਰੋਧਕ ਭਵਨ ਦੀ ਉਸਾਰੀ ਲਈ ਜ਼ਰੂਰੀ ਹੈ ਕਿ ਮਿਆਰੀ ਅਤੇ ਵਧੀਆ ਕੁਆਲਿਟੀ ਦੀ ਸਮੱਗਰੀ ਜਿਵੇਂ ਸੀਮਿੰਟ, ਇੱਟਾਂ ਅਤੇ ਸਟੀਲ ਵਰਤੀਆਂ ਜਾਣ। ਇੱਕ ਸਰਵੇਖਣ ਅਨੁਸਾਰ ਗੁਜਰਾਤ ਵਿਚ ਆਏ ਭੂਚਾਲ ਦੌਰਾਨ ਤਬਾਹ ਹੋਈਆਂ ਇਮਾਰਤਾਂ ਵਿਚ ਜੋ ਸਰੀਆ ਵਰਤਿਆ ਗਿਆ ਸੀ, ਉਹ ਸਕਰੈਪ ਤੋਂ ਤਿਆਰ ਕੀਤਾ ਹੋਇਆ ਸੀ। ਉਸਾਰੀ ਲਈ ਸਕਰੈਪ ਜਾਂ ਕਬਾੜ ਤੋਂ ਤਿਆਰ ਸਰੀਏ ਦੀ ਬਜਾਏ ਚੰਗੀ ਕੰਪਨੀ ਦੇ ਸਰੀਏ ਅਤੇ ਸੀਮਿੰਟ ਦੀ ਵਰਤੋਂ ਕੀਤੀ ਜਾਵੇ। ਉਸਾਰੀ ਮੌਕੇ ਇਸ ਗੱਲ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਉਸਾਰੀ ਲਈ ਸੀਮਿੰਟ ਤਾਜ਼ਾ ਹੋਵੇ, ਕਿਉਂਕਿ ਛੇ ਮਹੀਨੇ ਪਹਿਲਾਂ ਤਿਆਰ ਹੋਏ ਸੀਮਿੰਟ ਨੂੰ ਵਰਤਣ ਨਾਲ ਇਮਾਰਤ ਦੀ ਮਜ਼ਬੂਤੀ 30 ਫ਼ੀਸਦੀ ਘਟ ਜਾਂਦੀ ਹੈ।

ਆਮ ਲੋਕ ਇਮਾਰਤਾਂ ਦੀ ਉਸਾਰੀ ਵੇਲੇ ਉਸ ਦੀ ਨੀਂਹ ਦੀ ਚੌੜਾਈ ਅਤੇ ਡੂੰਘਾਈ ਵੱਲ ਜ਼ਿਆਦਾ ਧਿਆਨ ਨਹੀਂ ਦਿੰਦੇ ਜੋ ਬਹੁਤ ਜ਼ਰੂਰੀ ਹੁੰਦਾ ਹੈ। ਨੀਂਹ ਦੀ ਚੌੜਾਈ ਅਤੇ ਡੂੰਘਾਈ ਜ਼ਮੀਨ ਦੀ ਭਾਰ ਸਹਿਣ ਦੀ ਤਾਕਤ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਇਹ ਕਿਸੇ ਵੀ ਹਾਲਤ ਵਿਚ ਢਾਈ ਫੁੱਟ ਤੋਂ ਘੱਟ ਨਹੀਂ ਹੋਣੀ ਚਾਹੀਦੀ। ਇਸੇ ਤਰ੍ਹਾਂ ਤਕਨੀਕੀ ਤੌਰ 'ਤੇ ਕਮਰੇ ਦੀ ਦੀਵਾਰ ਵਿਚ ਪੂਰੀ ਲੰਬਾਈ ਦੀਆਂ ਖਿੜਕੀਆਂ ਨਾ ਲਗਾ ਕੇ ਛੋਟੇ ਆਕਾਰ ਦੀਆਂ ਖਿੜਕੀਆਂ ਹੀ ਲਗਾਈਆਂ ਜਾਣ, ਕਿਉਂਕਿ ਦੀਵਾਰਾਂ ਵਿਚ ਜੇ ਵੱਡੀਆਂ ਖਿੜਕੀਆਂ ਅਤੇ ਦਰਵਾਜ਼ੇ ਆਦਿ ਜ਼ਿਆਦਾ ਹੋਣ ਤਾਂ ਭੂਚਾਲ ਨਾਲ ਪੈਦਾ ਹੋਏ ਝਟਕਿਆਂ ਨੂੰ ਸਹਿਣ ਦੀ ਸ਼ਕਤੀ ਕਾਫ਼ੀ ਘਟ ਜਾਂਦੀ ਹੈ।

ਪੰਜਾਬ ਦੇ 11 ਜ਼ਿਲ੍ਹੇ ਜ਼ੋਨ 4 ਵਿਚ ਆਉਂਦੇ ਹੋਣ ਕਰ ਕੇ ਜੇ ਕਿਤੇ ਵੱਧ ਤੀਬਰਤਾ ਦਾ ਭੂਚਾਲ ਆਉਂਦਾ ਹੈ ਤਾਂ ਅੱਧੇ ਪੰਜਾਬ ਨੂੰ ਨੁਕਸਾਨ ਦੇ ਨਾਲ ਨਾਲ ਕਾਫ਼ੀ ਤਬਾਹੀ ਦੀ ਮਾਰ ਵੀ ਝੱਲਣੀ ਪੈ ਸਕਦੀ ਹੈ। ਇਸ ਲਈ ਜ਼ਰੂਰਤ ਹੈ ਕਿ ਉਸਾਰੀ ਅਧੀਨ ਇਮਾਰਤਾਂ ਤੇ ਪੁਲਾਂ ਨੂੰ ਭੂਚਾਲ ਰੋਧਕ ਤਕਨੀਕ ਨਾਲ ਉਸਾਰਿਆ ਜਾਵੇ ਅਤੇ ਪੁਰਾਣੇ ਪੁਲਾਂ ਅਤੇ ਇਮਾਰਤਾਂ ਨੂੰ ਸਟਰਕਚਰਲ ਇੰਜਨੀਅਰਾਂ ਦੀ ਸਲਾਹ ਲੈ ਕੇ ਰੇਟਰੋਫਿਟਿੰਗ ਰਾਹੀਂ ਮਜ਼ਬੂਤ ਕੀਤਾ ਜਾਵੇ ਤਾਂ ਜੋ ਭੂਚਾਲ ਦਾ ਸਾਹਮਣਾ ਕਰਦੇ ਹੋਏ ਇਮਾਰਤਾਂ ਸੁਰੱਖਿਅਤ ਰਹਿ ਸਕਣ ਅਤੇ ਭੂਚਾਲ ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾਇਆ ਜਾ ਸਕੇ।

***ਭੂਚਾਲ ਪੱਖੋਂ ਭਾਰਤ ਨੂੰ ਜ਼ੋਨ 2 ਤੋਂ 5 ਤਕ ਚਾਰ ਜ਼ੋਨਾਂ ਵਿਚ ਵੰਡਿਆ ਗਿਆ ਹੈ। ਪੰਜਾਬ ਰਾਜ ਦਾ ਜ਼ਿਆਦਾਤਰ ਹਿੱਸਾ ਜ਼ੋਨ 4 ਵਿਚ ਆਉਂਦਾ ਹੈ। ਭੂਚਾਲ ਵਿਗਿਆਨੀਆਂ ਅਨੁਸਾਰ ਰਾਜ ਦੇ 11 ਜ਼ਿਲ੍ਹੇ ਗੁਰਦਾਸਪੁਰ, ਹੁਸ਼ਿਆਰਪੁਰ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਨਵਾਂ ਸ਼ਹਿਰ, ਲੁਧਿਆਣਾ, ਫਤਿਹਗੜ੍ਹ ਸਾਹਿਬ, ਮੁਹਾਲੀ ਅਤੇ ਰੋਪੜ ਭੂਚਾਲ ਦੇ ਜ਼ੋਨ 4 ਵਿਚ ਆਉਂਦੇ ਹਨ ਜਦੋਂਕਿ ਫ਼ਿਰੋਜ਼ਪੁਰ, ਮੁਕਤਸਰ, ਮੋਗਾ, ਫ਼ਰੀਦਕੋਟ, ਬਠਿੰਡਾ, ਸੰਗਰੂਰ, ਮਾਨਸਾ, ਪਟਿਆਲਾ ਅਤੇ ਬਰਨਾਲਾ ਜ਼ਿਲ੍ਹੇ ਜ਼ੋਨ 3 ਵਿਚ ਅਤੇ ਫ਼ਾਜ਼ਿਲਕਾ ਜ਼ੋਨ 2 ਵਿਚ ਆਉਂਦਾ ਹੈ। ਪੰਜਾਬ ਦੇ 11 ਜ਼ਿਲ੍ਹੇ ਜ਼ੋਨ 4 ਵਿਚ ਆਉਂਦੇ ਹੋਣ ਕਰ ਕੇ ਜੇ ਕਿਤੇ ਵੱਧ ਤੀਬਰਤਾ ਦਾ ਭੂਚਾਲ ਆਉਂਦਾ ਹੈ ਤਾਂ ਅੱਧੇ ਪੰਜਾਬ ਨੂੰ ਨੁਕਸਾਨ ਦੇ ਨਾਲ ਨਾਲ ਕਾਫ਼ੀ ਤਬਾਹੀ ਦੀ ਮਾਰ ਵੀ ਝੱਲਣੀ ਪੈ ਸਕਦੀ ਹੈ। ਇਸ ਲਈ ਜ਼ਰੂਰਤ ਹੈ ਕਿ ਉਸਾਰੀ ਅਧੀਨ ਇਮਾਰਤਾਂ ਤੇ ਪੁਲਾਂ ਨੂੰ ਭੂਚਾਲ ਰੋਧਕ ਤਕਨੀਕ ਨਾਲ ਉਸਾਰਿਆ ਜਾਵੇ ਅਤੇ ਪੁਰਾਣੇ ਪੁਲਾਂ ਅਤੇ ਇਮਾਰਤਾਂ ਨੂੰ ਸਟਰਕਚਰਲ ਇੰਜਨੀਅਰਾਂ ਦੀ ਸਲਾਹ ਲੈ ਕੇ ਰੇਟਰੋਫਿਟਿੰਗ ਰਾਹੀਂ ਮਜ਼ਬੂਤ ਕੀਤਾ ਜਾਵੇ ਤਾਂ ਜੋ ਭੂਚਾਲ ਦਾ ਸਾਹਮਣਾ ਕਰਦੇ ਹੋਏ ਇਮਾਰਤਾਂ ਸੁਰੱਖਿਅਤ ਰਹਿ ਸਕਣ ਅਤੇ ਭੂਚਾਲ ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾਇਆ ਜਾ ਸਕੇ।***

# ਸੈਲਾਨੀ ਪ੍ਰਧਾਨ ਮੰਤਰੀ ਉਤੇ ਸ਼ੰਕਾ-ਸਵਾਲ

ਅੱਜ ਕੱਲ੍ਹ ਮੀਡੀਆ ਵਿਚ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਬਾਰੇ ਧਾਰਨਾ ਬਣ ਗਈ ਹੈ ਕਿ ਉਹ ਵਿਦੇਸ਼ ਦੌਰਿਆਂ ਦੇ ਬੜੇ ਸ਼ੌਕੀਨ ਹਨ। ਇਹ ਧਾਰਨਾ ਉਨ੍ਹਾਂ ਦੀ ਹਸਤੀ ਨਾਲ ਰਾਤੋ-ਰਾਤ ਨਹੀਂ ਜੁੜ ਗਈ, ਬਲਕਿ ਆਏ ਦਿਨ ਉਨ੍ਹਾਂ ਦੀਆਂ ਵਿਦੇਸ਼ੀ ਉਡਾਰੀਆਂ ਸਦਕਾ ਹੀ ਉਹ 'ਸੈਲਾਨੀ ਪ੍ਰਧਾਨ ਮੰਤਰੀ' ਬਣੇ ਹਨ। ਅਖਬਾਰਾਂ ਜਾਂ ਬਿਜਲਈ ਮੀਡੀਆ ਤੋਂ ਦੂਰ, ਸਿਰਫ ਇਧਰੋਂ-ਉਧਰੋਂ ਸੁਣੀਆਂ ਕਨਸੋਆਂ 'ਤੇ ਆਧਾਰਤ ਖੁੰਢ ਚਰਚਾ ਕਰਨ ਵਾਲੇ ਪੇਂਡੂ ਭਰਾਵਾਂ ਵਿਚ ਵੀ ਹੁਣ ਤਾਂ ਮੋਦੀ ਦੀਆਂ 'ਜਹਾਜ਼ੀ ਗੇੜੀਆਂ' ਦੀ ਗੂੰਜ ਪੈਂਦੀ ਸੁਣੀਂਦੀ ਹੈ,

"ਯਾਰ ਇਹ ਜਿਹੜੇ ਪ੍ਰਧਾਨ ਮੰਤਰੀ ਹੁੰਦੇ ਆ, ਇਹ ਬਾਹਰਲੇ ਮੁਲਕਾਂ ਨੂੰ ਹੀ ਤੁਰੇ ਰਹਿੰਦੇ ਨੇ...ਜਹਾਜ਼ ਦਾ ਸਫਰ ਬੜਾ ਮਹਿੰਗਾ ਦੱਸਦੇ ਐ, ਇਨ੍ਹਾਂ ਦਾ ਕਿਰਾਇਆ-ਭਾੜਾ ਤਾਂ ਲੱਗਦਾ ਹੀ ਹੋਊਗਾ?" ਹਵਾਈ ਸਫਰ ਤੋਂ ਜਮਾਂ ਹੀ ਨਾਵਾਕਿਫ, ਸ਼ਹਿਰੀ ਜੀਵਨ ਤੋਂ ਕੋਹਾਂ ਦੂਰ, ਸਾਦਗੀ ਵਾਲਾ ਜੀਵਨ ਗੁਜ਼ਾਰਨ ਵਾਲੇ ਇਕ ਪੇਂਡੂ ਨੇ ਕੋਲ ਬੈਠੇ ਆਪਣੇ ਗਰਾਈਂ ਨੂੰ ਪੁੱਛਿਆ, ਜਿਸ ਨੂੰ ਸਾਰੇ ਪਿੰਡ ਵਾਲਿਆਂ ਦੀ ਨਜ਼ਰ ਵਿਚ 'ਫਿਰਿਆ ਤੁਰਿਆ' ਗੱਲ-ਕਾਰ ਸਮਝਿਆ ਜਾਂਦਾ ਸੀ। ਉਸ ਨੇ ਸਾਥੀ ਦੀ ਸ਼ੰਕਾ ਇਨ੍ਹਾਂ ਸ਼ਬਦਾਂ ਵਿਚ ਨਵਿਰਤ ਕੀਤੀ,

"ਲੈ ਲੈ...ਕਿਰਾਇਆ ਕਿਉਂ ਨਹੀਂ ਲੱਗਦਾ ਹੋਣਾ ਉਹਦਾ? ਉਹ 'ਮਾਮਾ' ਕਿਤੇ ਡੀ.ਸੀ. ਲੱਗਿਆ ਹੋਇਐ ਜਿਹਨੂੰ ਫਰੀ ਚੁੱਕੀ ਫਿਰਦੇ ਐ ਜਹਾਜਾਂ ਵਾਲੇ?"

ਸਵਾਲ ਪੁੱਛਣ ਵਾਲੇ ਪੇਂਡੂ ਭਰਾ ਵਾਂਗ ਮੇਰੇ ਮਨ ਵਿਚ ਵੀ ਮੋਦੀ ਦੇ ਬਾਹਰਲੇ ਦੇਸ਼ਾਂ ਦੇ ਦੌਰਿਆਂ ਬਾਬਤ ਕੁਝ ਸ਼ੰਕੇ ਤੇ ਸਵਾਲ ਉਠਦੇ ਹਨ ਜਿਨ੍ਹਾਂ ਦਾ ਵੇਰਵਾ ਦੇਣ ਤੋਂ ਪਹਿਲਾਂ ਕਿਸੇ ਵਿਦੇਸ਼ੀ ਰਾਜਸੀ ਆਗੂ ਦੇ ਭਾਰਤੀ ਦੌਰੇ ਦੀ ਇਕ ਪੁਰਾਣੀ ਖਬਰ ਸਾਂਝੀ ਕਰ ਲਈਏ ਜੋ ਮੈਂ ਕਈ ਦਹਾਕੇ ਪਹਿਲਾਂ ਅਖਬਾਰ ਵਿਚ ਪੜ੍ਹੀ ਸੀ।

ਮੰਤਰੀ ਪਦ ਦਾ ਇਕ ਵਿਦੇਸ਼ੀ ਮਹਿਮਾਨ ਭਾਰਤ ਪੁੱਜਿਆ ਹੋਇਆ ਸੀ। ਦੇਸ ਦੇ ਵਿਕਾਸ ਦੀਆਂ ਝਲਕਾਂ ਵਿਖਾਉਣ ਲਈ ਉਹਨੂੰ ਹਰਿਆਣੇ ਲਿਜਾਇਆ ਗਿਆ। ਹਰਿਆਣੇ ਦਾ ਮੁੱਖ ਮੰਤਰੀ ਉਹਨੂੰ ਕੱਪੜਾ ਤਿਆਰ ਕਰਨ ਵਾਲੀਆਂ ਫੈਕਟਰੀਆਂ ਵਿਖਾ ਰਿਹਾ ਸੀ। ਇਕ ਫੈਕਟਰੀ ਵਿਖਾ ਕੇ ਦੂਜੀ, ਫਿਰ ਤੀਜੀ। ਪ੍ਰਸ਼ਾਸਨਕ ਅਮਲੇ ਫੈਲੇ ਨਾਲ ਤੁਰਿਆ ਜਾਂਦਾ ਮੁੱਖ ਮੰਤਰੀ ਆਪਣੇ ਸੂਬੇ ਦੀਆਂ ਫੈਕਟਰੀਆਂ ਵਿਚ ਤਿਆਰ ਹੁੰਦੇ ਕੱਪੜੇ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਰਿਹਾ ਸੀ।

ਆਪਣੇ ਪਿੱਤਲ ਨੂੰ ਵੀ ਸੋਨਾ ਬਣਾ ਕੇ ਦੱਸਣ ਵਾਲੀ ਭਾਰਤੀ ਫਿਤਰਤ ਅਨੁਸਾਰ ਜਦ ਮੁੱਖ ਮੰਤਰੀ 'ਹਰਿਆਣਾ ਮੇਡ' ਕੱਪੜੇ ਦੀ ਉਪਮਾ ਕਰਦਿਆਂ ਹੱਦਾਂ ਟੱਪਣ ਲੱਗਾ ਤਾਂ ਵਿਦੇਸ਼ੀ ਮਹਿਮਾਨ ਤੁਰਿਆ ਜਾਂਦਾ ਅਚਾਨਕ ਰੁਕਿਆ ਤੇ ਮੁੱਖ ਮੰਤਰੀ ਦੇ ਗਲ ਪਾਈ ਕਮੀਜ਼ ਛੂਹ ਕੇ ਕਹਿੰਦਾ, "ਠੀਕ ਹੈ, ਇਥੇ ਤੁਹਾਡੇ ਅਤਿ ਉੱਤਮ ਕੁਆਲਿਟੀ ਕੱਪੜਾ ਤਿਆਰ ਹੁੰਦਾ ਹੋਵੇਗਾ, ਪਰ ਇਸ ਵੇਲੇ ਆਹ ਜਿਹੜੀ ਕਮੀਜ਼ ਤੁਸੀਂ ਪਹਿਨੀ ਹੋਈ ਹੈ, ਇਹ ਮੇਰੇ ਦੇਸ ਦੀ ਬਣੀ ਹੋਈ ਹੈ।"

ਜਮਾਂਦਰੂ ਪੇਂਡੂ ਹੋਣ ਕਰ ਕੇ ਕੈਲੀਫੋਰਨੀਆ ਵਿਚ ਵੀ ਪੇਂਡੂਆਂ ਵਾਂਗ ਰਹਿੰਦਾ ਹੋਣ ਕਾਰਨ, ਮੇਰੇ ਦਿਲ ਵਿਚ ਵੀ ਇਕ 'ਕਸੂਤੀ ਜਿਹੀ' ਸ਼ੰਕਾ ਪੈਦਾ ਹੋਈ ਹੈ ਕਿ ਜਦੋਂ ਕਦੀ ਪ੍ਰਧਾਨ ਮੰਤਰੀ ਵਿਦੇਸ਼ੀ ਸਰਕਾਰਾਂ ਦਾ ਮਹਿਮਾਨ ਬਣਦਾ ਹੈ, ਉਸ ਦਾ ਵਿਦੇਸ਼ੀ ਸਿਆਸਤਦਾਨਾਂ ਵਰਗਾ ਹੀ ਟੌਹਰ-ਟੱਪਾ ਅਤੇ ਉਹਦੇ ਨਾਲ ਆਇਆ ਲੰਮਾ-ਚੌੜਾ ਲਾਮ-ਲਸ਼ਕਰ ਦੇਖ ਕੇ ਉਹਦੇ ਨਾਲ ਮੇਲ-ਮੁਲਾਕਾਤਾਂ ਕਰਨ ਵਾਲੇ ਵਿਦੇਸ਼ੀ ਆਗੂਆਂ ਦੇ ਦਿਲਾਂ ਵਿਚ ਵੀ ਕਈ ਸਵਾਲ ਨਾ ਉਠਦੇ ਹੋਣਗੇ?

ਜਿਵੇਂ ਉਪਰ ਦੱਸੇ ਇਕ ਵਿਦੇਸ਼ੀ ਮੰਤਰੀ ਨੇ ਹਰਿਆਣਵੀ ਮੁੱਖ ਮੰਤਰੀ ਨੂੰ ਮੌਕੇ 'ਤੇ ਹੀ ਸਵਾਲ ਕਰ ਕੇ ਕੱਖੋਂ ਹੌਲਾ ਕਰ ਦਿੱਤਾ ਸੀ, ਕੀ ਬਾਹਰਲੇ ਦੇਸ ਦਾ ਕੋਈ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਸਾਡੇ ਦੇਸ ਦੇ ਪ੍ਰਧਾਨ ਮੰਤਰੀ ਨੂੰ ਇਹ ਨਾ ਪੁੱਛਦਾ ਹੋਵੇਗਾ ਕਿ ਸ੍ਰੀ ਮਾਨ ਜੀ! ਤੁਹਾਡੇ ਦੇਸ ਦੀ ਅੱਸੀ-ਨੱਬੇ ਫੀਸਦੀ ਆਬਾਦੀ ਨੇ ਦੇਸ ਛੱਡ ਕੇ ਵਿਦੇਸ਼ਾਂ ਵਿਚ 'ਸੈਟ ਹੋਣ' ਨੂੰ ਹੀ ਆਖਰੀ ਮੰਜ਼ਿਲ ਕਿਉਂ ਬਣਾਇਆ ਹੋਇਆ ਹੈ?

ਰਾਜਧਾਨੀ ਦਿੱਲੀ ਵਿਚ ਰਹਿੰਦੇ ਪ੍ਰਧਾਨ ਮੰਤਰੀ ਨੂੰ ਉਥੇ ਵਿਦੇਸ਼ੀ ਅੰਬੈਸੀਆਂ ਮੂਹਰੇ ਵੀਜ਼ਿਆਂ ਲਈ ਤਰਲੇ ਲੈ ਰਹੇ ਲੋਕਾਂ ਦੀਆਂ ਲੰਮੀਆਂ-ਲੰਮੀਆਂ ਲਾਈਨਾਂ ਚੇਤੇ ਕਰ ਕੇ ਝੁਣ-ਝੁਣੀ ਤਾਂ ਆਉਂਦੀ ਹੋਵੇਗੀ ਕਿ ਕਿਤੇ ਸਾਹਮਣੇ ਬੈਠਾ ਰਾਜ ਮੁਖੀ ਪੁੱਛ ਹੀ ਨਾ ਲਵੇ, 'ਮਾਨਯੋਗ ਜੀਓ! ਸਾਡੀ ਅੰਬੈਸੀ ਦੀਆਂ ਤਮਾਮ ਸੈਲਫਾਂ, ਤੁਹਾਡੇ ਲੋਕਾਂ ਦੀਆਂ ਬਾਹਰ ਜਾਣ ਲਈ ਵੀਜ਼ੇ ਦੀਆਂ ਅਰਜ਼ੀਆਂ ਨਾਲ ਕਿਉਂ ਬੂਥੀਆਂ ਪਈਆਂ ਹਨ?' ਅਜਿਹਾ ਕਿਵੇਂ ਵਾਪਰ ਸਕਦਾ ਹੈ ਕਿ ਵਿਦੇਸ਼ੀ ਦੌਰੇ ਸਮੇਂ ਦੋਹਾਂ ਪ੍ਰਧਾਨ ਮੰਤਰੀਆਂ ਦੇ ਨਾਲ ਬੈਠਾ ਉਥੋਂ ਦਾ ਵਿਦੇਸ਼ ਮੰਤਰੀ, ਸਾਡੇ ਪ੍ਰਧਾਨ ਮੰਤਰੀ ਮੂਹਰੇ ਉਹ ਸਾਰੇ ਅੰਕੜੇ ਪੇਸ਼ ਕਰ ਕੇ ਪੁੱਛ ਲਵੇ ਕਿ ਮਾਨਯੋਗ ਜੀ! ਤੁਹਾਡੇ ਦੇਸ ਦੇ ਜਿਹੜੇ ਵੀ ਨਾਗਰਿਕ ਸਿੱਧੇ ਜਾਂ ਵਿੰਗੇ-ਟੇਢੇ ਢੰਗਾਂ ਨਾਲ ਸਾਡੇ ਦੇਸ਼ ਆ ਵਸੇ ਹੋਏ ਨੇ, ਉਨ੍ਹਾਂ ਨੇ ਆਪਣੇ ਸਾਰੇ ਓੜਮੇ-ਕੋੜਮੇ ਜਾਂ ਤਾਂ ਇਥੇ ਸੱਦ ਹੀ ਲਏ ਹੋਏ ਨੇ, ਹੁਣ ਪਿੱਛੇ ਰਹਿ ਗਏ ਮਾਸੀਆਂ-ਫੁੱਫੀਆਂ ਤੇ ਭੈਣ-ਭਰਾਵਾਂ ਨੂੰ ਆਪਣੇ ਕੋਲ ਬੁਲਾਉਣ ਦਾ 'ਪ੍ਰੋਸੀਜ਼ਰ' ਸ਼ੁਰੂ ਕੀਤਾ ਹੋਇਆ ਹੈ।

ਮੇਜ਼ਬਾਨੀ ਕਰ ਰਹੇ ਵਿਦੇਸ਼ ਮੰਤਰੀ ਦੇ ਦਿਲ ਵਿਚ ਇਹ ਸਵਾਲ ਆ ਹੀ ਸਕਦਾ ਹੈ ਕਿ ਉਹ ਸਾਡੇ ਪ੍ਰਧਾਨ ਮੰਤਰੀ ਨੂੰ ਪੁੱਛੇ ਕਿ ਇਥੇ ਵੱਸਦੇ ਭਾਰਤੀਆਂ ਦੇ ਇੰਡੀਆ ਵਿਚ ਰਹਿੰਦੇ ਤਮਾਮ ਰਿਸ਼ਤੇਦਾਰਾਂ ਦਾ ਦਿਲ ਉਖੜਿਆ-ਉਖੜਿਆ ਕਿਉਂ ਰਹਿੰਦਾ ਹੈ? ਉਹ ਸਾਰੇ ਹੀ 'ਪੜ੍ਹਾਈ' ਜਾਂ 'ਵਿਆਹ ਦੇ ਆਧਾਰ' ਦੀਆਂ ਪੌੜੀਆਂ ਰਾਹੀਂ ਬਾਹਰ ਨੂੰ ਆਉਣ ਲਈ ਅੱਡੀਆਂ ਨੂੰ ਥੁੱਕ ਕਿਉਂ ਲਾਈ ਰੱਖਦੇ ਹਨ?


ਮਿਸਾਲ ਵਜੋਂ ਸਵਾਲ-ਜਵਾਬ ਦੀ ਅਜਿਹੀ ਸਥਿਤੀ ਬਣ ਜਾਣ 'ਤੇ ਕਿਤੇ ਅਮਰੀਕਨ ਰਾਸ਼ਟਰਪਤੀ ਬਰਾਕ ਓਬਾਮਾ ਵੀ ਸਾਡੇ ਪ੍ਰਧਾਨ ਮੰਤਰੀ ਨੂੰ 'ਪਿਆਰ ਨਾਲ' ਪੁੱਛ ਹੀ ਸਕਦੇ ਹਨ ਕਿ ਸਰ! ਅਸੀਂ ਤਾਂ ਤੁਹਾਡੇ ਨਵੀਂ ਦਿੱਲੀ ਜਾ ਕੇ ਆਪਣੀ ਛਤਰੀ ਆਪ ਹੀ ਤਾਣਦੇ ਹਾਂ, ਪਰ ਤੁਹਾਡੇ ਸੀਸ 'ਤੇ ਛਤਰੀ ਝੁਲਾਉਣ ਲਈ ਵੱਖਰਾ ਸੇਵਾਦਾਰ ਹੁੰਦਾ ਹੈ; ਇਸ ਦਾ ਮਤਲਬ ਕਿ ਤੁਹਾਡੇ ਦੇਸ ਵਿਚ ਰੁਜ਼ਗਾਰ ਦੇ ਵਸੀਲਿਆਂ ਦੀ ਕੋਈ ਵੀ ਕਮੀ-ਪੇਸ਼ੀ ਨਹੀਂ ਹੈ। ਫਿਰ ਵੀ ਕੀ ਕਾਰਨ ਹੈ ਕਿ ਤੁਹਾਡਾ ਉਚ-ਵਿਦਿਆ ਮਹਿਕਮਾ ਜਿਨ੍ਹਾਂ ਨੂੰ ਡਾਕਟਰ, ਇੰਜੀਨੀਅਰ ਅਤੇ ਕੰਪਿਊਟਰ ਮਾਹਿਰ ਹੋਣ ਦੀਆਂ ਡਿਗਰੀਆਂ ਡਿਪਲੋਮੇ ਦਿੰਦਾ ਹੈ, ਉਹ ਸਾਰੇ ਹੀ 'ਟੇਲੈਂਟਿਡ' ਕਮਾਊ ਪੁੱਤਾਂ-ਧੀਆਂ ਦੇ ਨਾਲ ਨਾਲ ਹਰ ਆਮ ਤੇ ਖਾਸ, ਆਪਣੇ ਦੇਸ ਨੂੰ ਸੇਵਾਵਾਂ ਅਰਪਿਤ ਕਰਨ ਦੀ ਥਾਂ ਵਿਦੇਸ਼ ਜਾਣ ਨੂੰ ਹੀ ਪੱਬਾਂ ਭਾਰ ਹੋ ਜਾਂਦੇ ਹਨ?

ਇਕ ਹੋਰ ਸ਼ੰਕਾ! ਮੰਨ ਲਓ, ਸਾਡੇ ਮੋਦੀ ਜੀ ਇੰਗਲੈਂਡ, ਕੈਨੇਡਾ, ਅਮਰੀਕਾ ਜਾਂ ਕਿਸੇ ਹੋਰ ਪੱਛਮੀ ਦੇਸ ਦੇ ਸਰਕਾਰੀ ਦੌਰੇ ਦੌਰਾਨ ਉਥੋਂ ਦੀ ਸਰਕਾਰ ਦੇ ਮੁਖੀਏ ਨਾਲ ਗੱਲਬਾਤ ਕਰਦਿਆਂ ਇਹ 'ਪ੍ਰਸਤਾਵ' ਰੱਖਦੇ ਹਨ ਕਿ ਤੁਹਾਡੇ ਦੇਸ ਵਿਚ ਆ ਚੁੱਕੇ ਸਾਡੇ ਕਾਨੂੰਨੀ ਅਪਰਾਧੀ ਲੋੜੀਂਦੇ ਭਗੌੜੇ (ਜੋ ਆਮ ਤੌਰ 'ਤੇ ਭਾਰਤੀ ਘੱਟ-ਗਿਣਤੀਆਂ ਨਾਲ ਸਬੰਧਤ ਹੁੰਦੇ ਹਨ) ਸਾਡੇ ਹਵਾਲੇ ਕਰੋ। ਉਨ੍ਹਾਂ ਦੀ ਇਸ ਮੰਗ ਦੇ ਜਵਾਬ ਵਿਚ ਜੇ ਹੱਸਦਿਆਂ ਹੋਇਆਂ ਵਿਦੇਸ਼ ਮੁਖੀਆ ਇਹ ਕਹਿ ਦੇਵੇ, "ਸਰ ਜੀ, ਅਜਿਹੇ ਬੰਦੇ ਤਾਂ ਤੁਹਾਨੂੰ ਅਸੀਂ ਹੱਥ ਬੰਨ੍ਹੀਂ ਸੌਂਪ ਦਿੰਦੇ ਹਾਂ, ਪਰ ਬਰਾਏ ਮਿਹਰਬਾਨੀ ਉਨ੍ਹਾਂ ਲੱਖਾਂ ਭਾਰਤੀਆਂ ਬਾਰੇ ਸੋਚੋ ਜੋ ਅਤਿ ਖਤਰਨਾਕ ਗੈਰ-ਕਾਨੂੰਨੀ ਢੰਗ-ਤਰੀਕਿਆਂ ਨਾਲ ਸਾਡੇ ਦੇਸ ਵਿਚ ਆਣ ਘੁਸੇ ਹਨ। ਸਾਡੇ ਸਿਵਲ ਪ੍ਰਸ਼ਾਸਨ ਅਤੇ ਇਮੀਗ੍ਰੇਸ਼ਨ ਮਹਿਕਮੇ ਲਈ ਕਹਿਰ ਦੀ ਸਿਰਦਰਦੀ ਬਣੇ ਇਨ੍ਹਾਂ 'ਧੱਕੇ ਨਾਲ ਪਰਵਾਸੀ' ਬਣੇ ਲੋਕਾਂ ਦਾ ਕੀ ਇਲਾਜ ਕਰੀਏ? ਸ੍ਰੀਮਾਨ ਜੀ, ਇਹ ਤੁਹਾਡੇ ਭਾਰਤ ਮਹਾਨ ਦੇ ਨਾਗਰਿਕ ਹਨ, ਪਰ ਸਾਡੀ ਸਮੱਸਿਆ ਬਣੇ ਇਨ੍ਹਾਂ 'ਤੁਹਾਡਿਆਂ' ਦਾ ਹੱਲ ਵੀ ਤੁਸੀਂ ਦੱਸੋ ਜੀ? ਨਾਲੇ ਇਹ ਵੀ ਦੱਸੋ ਕਿ ਇੱਕੀਵੀਂ ਸਦੀ ਵਿਚ ਪਹੁੰਚੇ, ਤੇ ਤੁਹਾਡੇ ਲਫਜ਼ਾਂ ਵਿਚ 'ਆਤਮ-ਨਿਰਭਰ' ਹੋ ਚੁੱਕੇ ਭਾਰਤ ਵਿਚ ਆਮ ਲੋਕ ਬਦਜ਼ਨ ਕਿਉਂ ਹੋ ਰਹੇ ਹਨ? ਮਾਦਰੇ-ਵਤਨ ਦਾ ਮੋਹ ਤਿਆਗ ਕੇ ਉਨ੍ਹਾਂ ਨੇ ਵਿਦੇਸ਼ਾਂ ਨੂੰ ਕਿਉਂ ਦਬੀੜਾਂ ਚੁੱਕੀਆਂ ਹੋਈਆਂ ਹਨ?

ਜ਼ਰਾ ਅੰਦਾਜ਼ਾ ਲਾ ਕੇ ਦੇਖੋ ਕਿ ਜੇ ਖੁਦਾ ਨਾ ਖਾਸਤਾ ਕੋਈ ਵਿਦੇਸ਼ੀ ਰਾਸ਼ਟਰ ਮੁਖੀ ਸਾਹਮਣੇ ਬੈਠੇ ਪ੍ਰਧਾਨ ਮੰਤਰੀ ਨੂੰ ਉਕਤ ਸਵਾਲ ਸੱਚਮੁੱਚ ਕਰ ਦੇਵੇ, ਤਦ ਦਸ ਲੱਖਾ ਕੋਟ ਪਹਿਨੀ ਬੈਠੇ ਸਾਡੇ ਪ੍ਰਧਾਨ ਮੰਤਰੀ ਦੇ ਚਿਹਰੇ ਤੋਂ ਹਵਾਈਆਂ ਉਡਦੀਆਂ ਦਿਸਣ ਕਿ ਨਾ?

ਬਾਹਰ ਬੀਬੀ ਲੱਖ ਹਜ਼ਾਰੀ
ਘਰ ਬੀਬੀ ਔਲਾ ਮਾਰੀ।

**ਲਿਖਤੁਮ**



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

## ਫਿਲਮ 'ਨਾਨਕ ਸ਼ਾਹ ਫਕੀਰ' ਦਾ ਮਾਮਲਾ

**ਸੰਪਾਦਕ ਦੀ ਡਾਕ**

ਫਿਲਮ 'ਨਾਨਕ ਸ਼ਾਹ ਫਕੀਰ' ਇਸ ਦੇ ਪ੍ਰੋਡਿਊਸਰ ਹਰਿੰਦਰ ਸਿੰਘ ਸਿੱਕਾ ਨੇ ਜਨਤਕ ਵਿਰੋਧ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਹਦਾਇਤ 'ਤੇ ਅਖੀਰ ਸਿਨੇਮਾਂਘਰਾਂ ਤੋਂ ਉਤਰਵਾ ਦਿਤੀ ਹੈ। ਇਸ ਨਾਲ ਇਸ ਫਿਲਮ ਤੋਂ ਪਿਆ ਵਾ-ਵਰੋਲਾ ਸ਼ਾਂਤ ਹੋ ਗਿਆ ਜਾਪਦਾ ਹੈ।

ਮੈਂ ਇਸ ਗੱਲ ਦੇ ਬਿਲਕੁਲ ਹੱਕ ਵਿਚ ਨਹੀਂ ਹਾਂ ਕਿ ਗੁਰੂ ਸਾਹਿਬਾਨ ਦਾ ਕਿਰਦਾਰ ਕੋਈ ਵਿਅਕਤੀ ਨਿਭਾਵੇ ਜਾਂ ਗੁਰੂ ਸਾਹਿਬਾਨ ਦੀਆਂ ਸ਼ਖਸੀਅਤਾਂ ਨੂੰ ਫਿਲਮ ਵਿਚ ਕਿਸੇ ਪ੍ਰਛਾਵੇਂ ਦੇ ਰੂਪ ਵਿਚ ਜਾਂ ਕੰਪਿਊਟਰੀ ਚਿਤਰ ਦੇ ਰੂਪ ਵਿਚ ਵਿਖਾਇਆ ਜਾਵੇ, ਜਿਵੇਂ ਕਿ ਇਸ ਫਿਲਮ ਵਿਚ ਦਿਖਾਇਆ ਗਿਆ ਹੈ। ਇਹ ਮਾਮਲਾ ਭਾਵੇਂ ਸ਼ਾਂਤ ਹੋ ਗਿਆ ਹੈ ਪਰ ਇਸ ਨੇ ਕਈ ਸਵਾਲ ਵੀ ਸਾਡੇ ਸਾਹਮਣੇ ਲਿਆ ਖੜੇ ਕੀਤੇ ਹਨ। ਗੁਰੂ ਕੇ ਸਿੱਖ ਨੂੰ ਬੁਤ ਪੂਜਾ ਦੀ ਮੁਕੰਮਲ ਮਨਾਹੀ ਹੈ ਪਰ ਅਸੀਂ ਆਪਣੇ ਅੰਦਰ ਝਾਤ ਮਾਰ ਕੇ ਦੇਖੀਏ ਤਾਂ ਕੀ ਇਹ ਨਹੀਂ ਜਾਪਦਾ ਕਿ ਅਸਿੱਧੇ ਤੌਰ 'ਤੇ ਅਸੀਂ ਅਜ ਵੀ ਬੁਤ ਪੂਜਾ ਕਰੀ ਜਾ ਰਹੇ ਹਾਂ। ਗੁਰੂ ਸਾਹਿਬਾਨ ਦੀਆਂ ਤਸਵੀਰਾਂ ਅਸੀਂ ਨਾ ਸਿਰਫ ਘਰ-ਘਰ ਹੀ ਦੇਖਦੇ ਹਾਂ ਸਗੋਂ ਬਹੁਤ ਸਾਰੇ ਗੁਰਦੁਆਰਿਆਂ ਵਿਚ ਵੀ ਦੇਖੀਆਂ ਜਾ ਸਕਦੀਆਂ ਹਨ, ਹਾਲਾਂਕਿ ਇਸ ਗੱਲ ਵਿਚ ਕੋਈ ਅਤਿਕਥਨੀ ਨਹੀਂ ਕਿ ਇਹ ਤਸਵੀਰਾਂ ਅਸਲੀ ਨਹੀਂ ਸਗੋਂ ਚਿੱਤਰਕਾਰ ਦੀ ਕਲਪਨਾ ਮਾਤਰ ਹਨ। ਇਕ ਵਾਰ ਕਿਸੇ ਚਿੱਤਰਕਾਰ ਨੂੰ ਕਿਸੇ ਨੇ ਪੁਛਿਆ, ਤੁਸੀਂ ਗੁਰੂ ਨਾਨਕ ਦੇਵ ਜੀ ਦੀ ਜੋ ਤਸਵੀਰ ਬਣਾਈ ਹੈ, ਇਹ ਉਨ੍ਹਾਂ ਦੀ ਸ਼ਖਸੀਅਤ ਨਾਲ ਤਾਂ ਢੁਕਦੀ ਨਹੀਂ। ਚਿੱਤਰਕਾਰ ਦਾ ਜਵਾਬ ਸੀ, ਮੈਂ ਤਾਂ ਉਹ ਕੁਝ ਬਣਾਇਆ ਹੈ ਜੋ ਲੋਕ ਵੇਖਣਾ ਚਾਹੁੰਦੇ ਹਨ। ਕਈ ਘਰਾਂ ਵਿਚ ਤਾਂ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਅਗੇ ਧੂਫ-ਬੱਤੀ ਹੁੰਦੀ ਵੀ ਵੇਖੀ ਜਾ ਸਕਦੀ ਹੈ। ਪੰਜਾਬ ਵਿਚ ਬੱਸਾਂ ਵਿਚ ਵੀ ਡਰਾਈਵਰਾਂ ਨੂੰ ਇਹੋ ਕੁਝ ਕਰਦਿਆਂ ਵੇਖਿਆ ਜਾ ਸਕਦਾ ਹੈ। ਕੀ ਇਹ ਸਭ ਬੁਤ-ਪੂਜਾ ਨਹੀਂ?

ਦਸਮੇਸ਼ ਪਿਤਾ ਨੇ ਅਗੋਂ ਗੁਰੂ ਪ੍ਰਥਾ ਬੰਦ ਕਰ ਕੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਸੀ ਅਤੇ ਇਸ ਨੂੰ ਸ਼ਬਦ ਗੁਰੂ ਮੰਨਣ ਦਾ ਹੁਕਮ ਕੀਤਾ ਸੀ। ਅਸੀਂ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕਦੇ ਹਾਂ। ਮਾਇਆ ਵੀ ਭੇਟ ਕਰਦੇ ਹਾਂ ਪਰ ਸਵਾਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਿਤੀ ਸਿੱਖਿਆ ਉਪਰ ਕਿੰਨਾ ਕੁ ਅਮਲ ਕਰਦੇ ਹਾਂ? ਜੇ ਸੱਚਮੁਚ ਅਮਲ ਕਰਦੇ ਹੁੰਦੇ ਤਾਂ ਗੁਰਘਰਾਂ ਵਿਚ ਚੌਧਰਾਂ ਦੀਆਂ ਲੜਾਈਆਂ ਕਿਉਂ ਹੁੰਦੀਆਂ? ਕੀ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਕਿਸੇ ਬੁਤ ਨਿਆਈਂ ਹੀ ਨਹੀਂ ਸਮਝ ਲਿਆ। ਇਕ ਹੋਰ ਗੱਲ ਅਸੀਂ ਅਕਸਰ ਦੇਖਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕਣ ਅਤੇ ਮਾਇਆ ਭੇਟਾ ਕਰਨ ਉਪਰੰਤ ਸੰਗਤਾਂ ਰਾਗੀ-ਢਾਡੀ ਜਥਿਆਂ ਨੂੰ ਵੀ ਮਾਇਆ ਭੇਟ ਕਰਦੀਆਂ ਹਨ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਰਾਗੀਆਂ ਵਾਲੇ ਤਖਤ 'ਤੇ ਕੋਈ ਰਾਗੀ ਨਾ ਹੋਣ 'ਤੇ ਵੀ ਸੰਗਤਾਂ ਉਥੇ ਮਾਇਆ ਰਖੀ ਜਾਂਦੀਆ ਹਨ। ਇਸ ਨੂੰ ਭਲਾ ਕੀ ਆਖਿਆ ਜਾਵੇ?

ਮੰਦਰਾਂ ਵਿਚ ਤਾਂ ਪੁਜਾਰੀ ਦੇਵੀ-ਦੇਵਤਿਆਂ ਨੂੰ ਭੋਗ ਲਵਾਉਂਦੇ ਹੀ ਹਨ ਪਰ ਅਚੰਭਾ ਉਦੋਂ ਹੁੰਦਾ ਹੈ ਜਦੋਂ ਗੁਰਦੁਆਰਿਆਂ ਵਿਚ ਵੀ ਗ੍ਰੰਥੀ ਸਿੰਘ ਲੰਗਰ-ਪ੍ਰਸ਼ਾਦੇ ਦਾ ਭੋਗ ਲਵਾਉਂਦੇ ਹਨ। ਹੋਰ ਵੀ ਬਹੁਤ ਸਾਰੀਆਂ ਗੱਲਾਂ ਜੋ ਅਜੋਕੇ ਸਿੱਖਾਂ ਵਿਚ ਆ ਰਹੀ ਬੁਤ-ਪ੍ਰਸਤੀ ਦੀ ਬਿਰਤੀ ਵਲ ਸੰਕੇਤ ਕਰਦੀਆਂ ਹਨ। ਮੇਰਾ ਇਥੇ ਮਨੋਰਥ ਸਿਰਫ ਇਨਾ ਹੀ ਹੈ ਕਿ ਅਸੀਂ ਇਨ੍ਹਾਂ ਗੱਲਾਂ 'ਤੇ ਵਿਚਾਰ ਕਰੀਏ ਅਤੇ ਗੁਰੂ ਦਾ ਹੁਕਮ ਮੰਨੀਏ।

*-ਮਨਜੀਤ ਸਿੰਘ*
*ਯੂਨੀਅਨ ਸਿਟੀ, ਕੈਲੀਫੋਰਨੀਆ*

## ਕਾਨਾ ਸਿੰਘ ਦਾ 'ਕੱਲ ਸੋਚਾਂਗੀ'

**ਸੰਪਾਦਕ ਜੀ,**

ਸਭ ਤੋਂ ਪਹਿਲਾਂ ਤੁਹਾਡਾ ਬਹੁਤ-ਬਹੁਤ ਧੰਨਵਾਦ, ਜਿਨ੍ਹਾਂ ਦੇ ਉਦਮ ਸਦਕਾ ਸਾਨੂੰ ਮਿਆਰੀ, ਦਿਲਚਸਪ ਅਤੇ ਸਿੱਖਿਆਦਾਇਕ ਲਿਖਤਾਂ 'ਪੰਜਾਬ ਟਾਈਮਜ਼' ਵਿਚ ਪੜ੍ਹਨ ਨੂੰ ਮਿਲਦੀਆਂ ਹਨ। ਕਿਸ-ਕਿਸ ਦੀ ਗੱਲ ਕਰੀਏ, ਸਾਰੇ ਹੀ ਲੇਖਕ ਇਕ ਤੋਂ ਇਕ ਵੱਧ ਹਨ। ਵਾਹਿਗੁਰੂ ਤੁਹਾਨੂੰ ਤੰਦਰੁਸਤੀ ਬਖਸ਼ੇ।

ਵੀਰਵਾਰ ਨੂੰ ਕੁਝ ਉਦਾਸ ਸਾਂ ਘਰ ਦੇ ਮਾਹੌਲ ਕਰਕੇ ਕਿ ਮੇਰੇ ਪਤੀ ਸਟੋਰ ਤੋਂ 'ਪੰਜਾਬ ਟਾਈਮਜ਼' ਲੈ ਆਏ। ਹੋਰ ਕੁਝ ਵੀ ਪੜ੍ਹਨ ਤੋਂ ਪਹਿਲਾਂ ਮੈਂ ਗੁਰਬਚਨ ਸਿੰਘ ਭੁੱਲਰ ਦਾ ਲੇਖ 'ਤਿਆਰੀ ਕਿਥੋਂ ਦੀ ਖਿੱਚੀ ਐ, ਜੁਆਨਾ!' ਪੜ੍ਹਨਾ ਸ਼ੁਰੂ ਕੀਤਾ। ਲੇਖ ਦੇ ਅਖੀਰ ਵਿਚ "ਪਰਤਾਪ ਸਿਉਂ ਨੂੰ ਕਹੀਂ, ਘੋੜੀ ਸੇਠਾਂ ਦੇ ਘਰ ਦੇ ਆਵੇ।" ਵਾਕ ਪੜ੍ਹਿਆ ਤਾਂ ਮਨ ਕੁਝ ਟਿਕਾਣੇ ਜਿਹਾ ਆ ਗਿਆ। ਜਾਪਿਆ 'ਸਤਿਜੁਗੀ ਬੰਦੇ' ਹਰ ਯੁਗ ਵਿਚ ਹੀ ਦਿਲਾਂ ਨੂੰ ਠੰਢ ਪਾਉਂਦੇ ਹਨ। ਉਦਾਸੀ ਕੁਝ ਹੱਦ ਤਕ ਘਟ ਹੋ ਗਈ।

ਅਗਲਾ ਲੇਖ ਜਿਹੜਾ ਮੈਂ ਪੜ੍ਹਿਆ, ਉਹ ਸੀ ਕਾਨਾ ਸਿੰਘ ਦਾ 'ਕੱਲ ਸੋਚਾਂਗੀ'। ਜਦੋਂ ਤੋਂ ਕਾਨਾ ਸਿੰਘ ਦੇ ਲੇਖ ਪੰਜਾਬ ਟਾਈਮਜ਼ ਵਿਚ ਛਪਣੇ ਸ਼ੁਰੂ ਹੋਏ ਹਨ, ਮੈਂ ਸ਼ਾਇਦ ਹੀ ਉਸ ਦਾ ਕੋਈ ਲੇਖ ਨਾ ਪੜ੍ਹਿਆ ਹੋਵੇ। ਮੈਂ ਉਸ ਦੇ ਲੇਖ ਆਪ ਹੀ ਨਹੀਂ ਪੜ੍ਹੇ, ਸਗੋਂ ਹੋਰਨਾਂ ਨੂੰ ਵੀ ਪੜ੍ਹਾਏ ਹਨ।

ਜਿਵੇਂ ਕਿ ਮੈਂ ਉਪਰ ਜ਼ਿਕਰ ਕੀਤਾ ਹੈ, ਮਨ ਸਵੇਰ ਤੋਂ ਕੁਝ ਉਦਾਸ ਸੀ। ਜਿਉਂ-ਜਿਉਂ ਕਾਨਾ ਸਿੰਘ ਦਾ ਇਹ ਲੇਖ ਮੈਂ ਪੜ੍ਹਦੀ ਗਈ, ਮਨ ਸਗੋਂ ਹੋਰ ਉਦਾਸ ਹੁੰਦਾ ਗਿਆ। ਫਿਰ ਗਾਇਕ ਸੂਫੀ ਬਲਬੀਰ ਦੀ ਇਹ ਸਤਰ ਚੇਤੇ ਆਈ, 'ਕਿਉਂ ਚੀਜ਼ ਫਾਲਤੂ ਲਗਣ ਲਗ ਪਏ ਬੁਢੜੇ ਮਾਪੇ ਵੇ।' ਜਾਵੀਆ ਬਾਰੇ ਪੜ੍ਹਿਆ ਤਾਂ ਆਪਣੇ ਪੋਤਾ-ਪੋਤੀ ਅੱਖਾਂ ਸਾਹਮਣੇ ਆ ਗਏ। ਉਹੀ ਪੋਤਾ-ਪੋਤੀ ਜਿਹੜੇ ਗੋਦੀ 'ਚੋਂ ਨਹੀਂ ਸੀ ਨਿਕਲਦੇ, ਹੁਣ ਕੋਲੋਂ ਦੀ ਚੁਪ ਕਰਕੇ ਲੰਘ ਜਾਂਦੇ ਹਨ। ਉਨ੍ਹਾਂ ਦੇ ਮਾਂ-ਪਿਉ ਯਾਨਿ ਸਾਡੇ ਪੁੱਤਰ-ਨੂੰਹ ਤਾਂ ਪਹਿਲਾਂ ਹੀ ਘਰ ਓਪਰਿਆਂ ਵਾਂਗ ਰਹਿੰਦੇ ਸਨ। ਅਸੀਂ ਕਾਨਾ ਸਿੰਘ ਜਿੰਨਾ ਜੇਰਾ ਨਾ ਕਰ ਸਕੇ ਕਿ ਪੁੱਤਰ ਨੂੰ ਆਪਣਾ ਵਖਰਾ ਘਰ ਲੈਣ ਲਈ ਆਖ ਸਕਦੇ।

ਜਦੋਂ ਲੇਖ ਵਿਚ ਕਾਨਾ ਸਿੰਘ ਨੂੰ ਆਪਣੇ ਪੁੱਤਰ ਦੇ ਘਰੋਂ ਉਦਾਸ ਪਰਤਦਿਆਂ ਪੜ੍ਹਿਆ ਤਾਂ ਸੱਚ ਜਾਣਿਓ, ਅੱਖਾਂ ਵਿਚੋਂ ਆਪ-ਮੁਹਾਰੇ ਹੰਝੂ ਵਹਿ ਤੁਰੇ। ਪਰ ਫਿਰ ਜਦੋਂ ਕਾਨਾ ਸਿੰਘ ਨੂੰ ਬੁਲਬੁਲਾਂ ਤੇ ਉਨ੍ਹਾਂ ਦੇ ਬੋਟਾਂ ਨਾਲ ਰੁਝਿਆਂ ਵੇਖਿਆ ਤਾਂ ਮਨ ਹੋਰ ਦਾ ਹੋਰ ਹੀ ਹੋ ਗਿਆ। ਉਸ ਦੀ ਗੱਲ ਝੱਟ ਸਮਝ ਆ ਗਈ ਕਿ ਬੋਟਾਂ ਨੇ ਤਾਂ ਇਕ ਦਿਨ ਉਡਾਰੀ ਮਾਰ ਹੀ ਜਾਣਾ ਹੁੰਦਾ ਹੈ। ਉਹ ਕਦੀ ਪਿਛੇ ਮੁੜ ਕੇ ਨਹੀਂ ਦੇਖਦੇ ਕਿ ਮਾਪੇ ਉਨ੍ਹਾਂ ਨੂੰ ਪਏ ਉਡੀਕਦੇ ਹਨ। ਆਪਣੇ ਪਤੀ ਨੂੰ ਇਹ ਲੇਖ ਪੜ੍ਹਾਇਆ ਤਾਂ ਉਨ੍ਹਾਂ ਚਿਹਰੇ 'ਤੇ ਮੁਸਕੜੀ ਲਿਆਉਂਦਿਆਂ ਮੈਨੂੰ ਘੁਟ ਲਿਆ। ਕਾਨਾ ਸਿੰਘ ਦਾ ਬਹੁਤ ਧੰਨਵਾਦ, ਜਿਨ੍ਹਾਂ ਇਹ ਨਿੱਕੀ ਜਿਹੀ ਗੱਲ ਸਮਝਾ ਕੇ ਸਾਡੀ ਉਦਾਸੀ ਦੂਰ ਕਰ ਦਿਤੀ।

*-ਅਜੀਤ ਕੌਰ, ਨਿਊ ਯਾਰਕ*

## 'ਮਜੇ ਵੱਖ ਨੇ ਪੋਰੀਆਂ ਪੋਰੀਆਂ ਦੇ...'

ਲੰਘੀ 28 ਮਾਰਚ ਦੇ ਪੰਜਾਬ ਟਾਈਮਜ਼ ਵਿਚ ਛਪਿਆ ਤਰਲੋਚਨ ਸਿੰਘ ਦੁਪਾਲਪੁਰ ਦਾ ਲੇਖ 'ਮਜ਼ੇ ਵੱਖ ਨੇ ਪੋਰੀਆਂ ਪੋਰੀਆਂ ਦੇ' ਪੜ੍ਹ ਕੇ ਬਹੁਤ ਹੈਰਾਨੀ ਹੋਈ। ਦੁਪਾਲਪੁਰ ਹੁਰੀਂ ਵਿਦਵਾਨ ਲੇਖਕ ਹਨ। ਉਨ੍ਹਾਂ ਦੇ ਬਹੁਤ ਵਧੀਆ ਲੇਖ ਅਤੇ ਕਾਵਿ-ਵਿਅੰਗ ਪੜ੍ਹਨ ਨੂੰ ਅਕਸਰ ਮਿਲਦੇ ਰਹਿੰਦੇ ਹਨ।

ਦੁਪਾਲਪੁਰ ਹੁਰੀਂ ਜਾਣਦੇ ਹਨ ਕਿ ਕਿਸੇ ਕਾਵਿ ਰਚਨਾ ਦੇ ਬੰਦ ਨੂੰ ਤੋੜ-ਮਰੋੜ ਕੇ ਲਿਖਣਾ ਜਿਥੇ ਰਚਨਾ ਦੇ ਅਰਥ ਬਦਲ ਦਿੰਦਾ ਹੈ, ਉਥੇ ਅਜਿਹਾ ਕਰਨਾ ਰਚਨਾ ਦੇ ਲੇਖਕ ਨਾਲ ਵੀ ਇਕ ਤਰ੍ਹਾਂ ਦੀ ਬੇਇਨਸਾਫੀ ਹੈ। ਉਨ੍ਹਾਂ ਨੇ ਆਪਣੇ ਲੇਖ ਵਿਚ ਵਾਰਿਸ ਸ਼ਾਹ ਦੇ ਨਾਮ ਨਾਲ ਜੋ ਬੰਦ 'ਵਾਰਿਸ ਸ਼ਾਹ ਤੂੰ ਘੁੰਮ ਕੇ ਵੇਖ ਦੁਨੀਆਂ, ਮਜ਼ੇ ਵੱਖ ਨੇ ਪੋਰੀਆਂ ਪੋਰੀਆਂ ਦੇ' ਲਿਖਿਆ ਹੈ, ਉਹ ਵਾਰਿਸ ਸ਼ਾਹ ਦੇ ਕਿਸੇ ਵਿਚ ਕਿਤੇ ਨਹੀਂ ਮਿਲਦਾ। ਵਾਰਸ ਸ਼ਾਹ ਦੀ ਹੀਰ, ਹੀਰ-ਰਾਂਝੇ ਦੀ ਕਹਾਣੀ ਨਾਲੋਂ ਵੀ ਅੱਗੇ ਜਾ ਕੇ ਉਸ ਵੇਲੇ ਦਾ ਭੁਗੋਲਿਕ, ਸਮਾਜਿਕ ਅਤੇ ਵਾਤਾਵਰਣਕ ਦਸਤਾਵੇਜ਼ ਹੈ। ਵਾਰਸ ਸ਼ਾਹ ਨੇ ਆਪਣੀ ਇਸ ਰਚਨਾ ਵਿਚ ਇੰਨਾ ਗਿਆਨ ਭਰ ਦਿੱਤਾ ਹੈ ਕਿ ਇਸ ਦੀਆਂ ਤੁਕਾਂ, ਅਖੌਤਾਂ ਦੇ ਰੂਪ ਵਿਚ, ਸ਼ਹਿਰੀ ਅਤੇ ਪੇਂਡੂ, ਪੜ੍ਹੇ ਲਿਖੇ ਅਤੇ ਅਨਪੜ੍ਹ ਪੰਜਾਬੀਆਂ ਦੇ ਮੂੰਹਾਂ 'ਤੇ ਅੱਟਲ ਸੱਚਾਈਆਂ ਦਾ ਪ੍ਰਮਾਣ ਬਣ ਕੇ ਚੜ੍ਹੀਆਂ ਹੋਈਆਂ ਹਨ। ਵਾਰਸ ਸ਼ਾਹ ਦੀ ਹੀਰ, ਜੋ ਵੱਖ-ਵੱਖ ਪ੍ਰਕਾਸ਼ਕ ਹੁਣ ਤਕ ਅਨੇਕ ਵਾਰ ਛਾਪ ਚੁਕੇ ਹਨ, ਵਿਚ ਥੋੜੇ ਬਹੁਤ ਫਰਕ ਜ਼ਰੂਰ ਹਨ, ਪਰ ਕਿਸੇ ਵੀ ਤੁਕ ਦਾ ਮੂਲ ਭਾਵ ਬਦਲਿਆ ਨਜ਼ਰ ਨਹੀਂ ਆਉਂਦਾ। ਉਪਰੋਕਤ ਬੰਦ ਜਿਸ ਨੂੰ ਦੁਪਾਲਪੁਰ ਨੇ ਸ਼ਾਇਦ ਆਪਣੀ ਲੋੜ ਅਨੁਸਾਰ ਬਦਲ ਲਿਆ, ਹਕੀਕਤ ਵਿਚ ਇਸ ਤਰ੍ਹਾਂ ਹੈ,

"ਵਾਰਸ ਸ਼ਾਹ ਮੀਆਂ ਗੰਨਾ ਚੱਖ ਸਾਰਾ, ਮਜ਼ੇ ਵੱਖ ਨੇ ਪੋਰੀਆਂ ਪੋਰੀਆਂ ਦੇ।" ਜਿਸ ਨੇ ਹੀਰ ਵਾਰਸ ਸ਼ਾਹ ਨਹੀਂ ਪੜ੍ਹੀ ਹੋਈ, ਉਹ ਦੁਪਾਲਪੁਰ ਦੇ ਲੇਖ ਵਿਚ ਛਪੀਆਂ ਉਪਰੋਕਤ ਤੁਕਾਂ ਪੜ੍ਹ ਕੇ ਸੋਚੇਗਾ ਕਿ ਜਦੋਂ ਪਹਿਲੀ ਸਤਰ ਵਿਚ ਗੰਨੇ ਦਾ ਕੋਈ ਜ਼ਿਕਰ ਨਹੀਂ ਤਾਂ ਇਥੇ ਪੋਰੀਆਂ ਪੋਰੀਆਂ ਤੋਂ ਕੀ ਭਾਵ ਹੈ? ਅਤੇ ਉਸ ਦੀ ਸੋਚ ਦੇ ਕਟਹਿਰੇ ਵਿਚ ਖੜ੍ਹਾ ਹੋਵੇਗਾ ਵਾਰਸ ਸ਼ਾਹ। ਸੋ ਕਿਸੇ ਵੀ ਲੇਖਕ ਨੂੰ ਆਪਣੀ ਲਿਖਤ ਵਿਚ ਕਿਸੇ ਵਿਦਵਾਨ ਦਾ ਕਥਨ ਜਾਂ ਸਤਰਾਂ ਦਿੰਦਿਆਂ ਇਹ ਧਿਆਨ ਜ਼ਰੂਰ ਰਖਣਾ ਚਾਹੀਦਾ ਹੈ ਕਿ ਮੂਲ ਰਚਨਾ ਨਾਲ ਛੇੜ-ਛਾੜ ਨਾ ਹੋਵੇ।

ਪੰਜਾਬ ਟਾਈਮਜ਼ ਨਿਰਸੰਦੇਹ ਇਕ ਵਧੀਆ ਅਖਬਾਰ ਹੈ ਅਤੇ ਇਸ ਦੇ ਪਾਠਕਾਂ ਦੀ ਗਿਣਤੀ ਦੇਸ਼-ਵਿਦੇਸ਼ ਵਿਚ ਬਹੁਤ ਵੱਡੀ ਹੈ। ਅਖਬਾਰ ਵਿਚੋਂ ਹਲਕੀ-ਫੁਲਕੀ ਜਾਣਕਾਰੀ ਪ੍ਰਾਪਤ ਕਰਨ ਵਾਲੇ ਪਾਠਕਾਂ ਤੋਂ ਇਲਾਵਾ ਇਸ ਨੂੰ ਨੀਝ ਨਾਲ ਪੜ੍ਹਨ ਵਾਲੇ ਪਾਠਕ ਵੀ ਹਨ। ਉਨ੍ਹਾਂ ਵਿਚੋਂ ਬਹੁਗਿਣਤੀ ਪਾਠਕਾਂ ਦੀ ਰੁਚੀ ਖਬਰਾਂ ਪੜ੍ਹਨ ਦੇ ਨਾਲ ਇਨ੍ਹਾਂ ਵਿਚਲੀ ਸੱਚਾਈ ਜਾਣਨ, ਸੰਪਾਦਕੀ, ਸਾਹਿਤਕ ਸਮੱਗਰੀ ਅਤੇ ਚਲੰਤ ਮਸਲਿਆਂ ਬਾਬਤ ਸੰਵਾਦ ਰਚਾਉਂਦੇ ਲੇਖਾਂ ਵਿਚ ਹੁੰਦੀ ਹੈ। ਕਈ ਵਾਰ ਹਲਕੇ-ਫੁਲਕੇ ਜਾਪਦੇ ਲੇਖ ਵੀ ਗੰਭੀਰ ਸਮੱਸਿਆ ਵੱਲ ਇਸ਼ਾਰਾ ਕਰ ਜਾਂਦੇ ਹਨ। ਉਮੀਦ ਹੈ, ਸ. ਦੁਪਾਲਪੁਰ ਇਹ ਖਿਆਲ ਰੱਖਣਗੇ ਕਿ ਭਵਿੱਖ 'ਚ ਅਜਿਹੀ ਗਲਤੀ ਨਾ ਹੋਵੇ।

*-ਵੇਦ ਪ੍ਰਕਾਸ਼ ਸੋਨੀ*

# ਗਜੇਂਦਰ 'ਚੋਂ ਨੱਥਾ ਲੱਭਣ ਵਾਲੀ ਲੋਕਾਈ ਕਦੋਂ ਜਾਗੇਗੀ?

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਪੱਤਰਕਾਰੀ ਦੇ ਖੇਤਰ ਵਿਚ 'ਸੁਰਖੀ' ਵਜੋਂ ਪੇਸ਼ ਕੀਤੀ ਜਾਣ ਵਾਲੀ ਪਹਿਲੀ ਖਬਰ ਨੂੰ ਇਸ ਕਰ ਕੇ ਮਹੱਤਵ ਦਿੱਤਾ ਜਾਂਦਾ ਹੈ ਕਿ ਬਹੁਤੇ ਲੋਕਾਂ ਨੇ ਬਾਕੀ ਦੇ ਅਖਬਾਰ ਨੂੰ ਪੜ੍ਹਨ ਜਾਂ ਛੱਡ ਦੇਣ ਦਾ ਫੈਸਲਾ ਇਹੋ ਖਬਰ ਵੇਖਣ ਪਿੱਛੋਂ ਕਰਨਾ ਹੁੰਦਾ ਹੈ। ਇਸ ਲਈ ਨਿੱਤ ਦਿਨ ਖਬਰਾਂ ਦਾ ਕੰਮ ਕਰਦੇ ਪੱਤਰਕਾਰ ਵੀ ਕਈ ਵਾਰੀ ਇਸੇ ਮਾਨਸਿਕਤਾ ਦੇ ਚੱਕਰ ਵਿਚ ਫਸ ਕੇ ਸਾਰਾ ਧਿਆਨ ਮੁੱਖ ਖਬਰ ਦਾ ਮੁੱਖ ਨੁਕਤਾ ਘੜਨ ਉਤੇ ਲਾ ਛੱਡਦੇ ਹਨ। ਲੀਹੋਂ ਲਾਹ ਦੇਣ ਵਾਲੀ ਇਸ ਮਾਨਸਿਕਤਾ ਵਿਚ ਘਟਨਾਵਾਂ ਦਾ ਸਧਾਰਨੀਕਰਨ ਕੀਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਕਿਸੇ ਪੁਰਾਣੀ ਪ੍ਰਸਿੱਧੀ ਖੱਟ ਚੁੱਕੀ ਘਟਨਾ ਨਾਲ ਜੋੜਨ ਦਾ ਯਤਨ ਵੀ ਹੁੰਦਾ ਹੈ। ਕਿਸੇ ਥਾਂ ਰੇਲ ਗੱਡੀ ਦੇ ਡੱਬੇ ਨੂੰ ਅੱਗ ਲੱਗਣ ਵਾਲੀ ਖਬਰ ਆਵੇ ਤਾਂ ਖਬਰ ਨੂੰ ਤੜਕਾ ਲਾਉਣ ਵਾਂਗ ਫਿਲਮ 'ਬਰਨਿੰਗ ਟਰੇਨ' ਦਾ ਹਵਾਲਾ ਦਿੱਤਾ ਜਾਂਦਾ ਹੈ। ਦਿੱਲੀ ਵਿਚ ਹੁਣ ਜਦੋਂ ਇੱਕ ਕਿਸਾਨ ਨੇ ਖੁਦਕੁਸ਼ੀ ਕਰ ਲਈ ਤਾਂ ਇਹ ਖਬਰ 'ਪੀਪਲੀ ਲਾਈਵ' ਫਿਲਮ ਵਿਚ 'ਨੱਥਾ' ਦੇ ਪਾਤਰ ਨਾਲ ਜੋੜ ਕੇ ਕਈ ਪੱਤਰਕਾਰਾਂ ਨੇ ਪੇਸ਼ ਕੀਤੀ ਹੈ। ਇਸ ਤਰ੍ਹਾਂ ਸਧਾਰਨੀਕਰਨ ਕਰਨ ਦੇ ਚੱਕਰ ਵਿਚ ਇਸ ਖਬਰ ਦੀ ਹਕੀਕੀ ਗੰਭੀਰਤਾ ਘਟ ਜਾਂਦੀ ਹੈ ਤੇ ਪਾਠਕ ਨੂੰ ਉਸ ਪੁਰਾਣੇ ਕਿਰਦਾਰ ਦਾ ਚੇਤਾ ਵੱਧ ਆਈ ਜਾਂਦਾ ਹੈ।

ਸੋਵੀਅਤ ਯੂਨੀਅਨ ਵਿਚ ਨਿਕੋਲਾਈ ਅਮੋਸੋਵ ਦਿਲ ਦੇ ਰੋਗਾਂ ਦਾ ਡਾਕਟਰ ਹੁੰਦਾ ਸੀ। ਉਹ ਇੱਕ ਛੋਟੀ ਜਿਹੀ ਬੱਚੀ ਦੇ ਦਿਲ ਦੇ ਅਪਰੇਸ਼ਨ ਤੋਂ ਪਹਿਲਾਂ ਜਦੋਂ ਉਸ ਨੂੰ ਮਿਲਿਆ ਤਾਂ ਉਸ ਦੀ ਮਾਸੂਮੀਅਤ, ਉਸ ਦੀਆਂ ਗੱਲਾਂ ਅਤੇ ਉਸ ਦੇ ਅਪਰੇਸ਼ਨ ਦੀ ਗੁੰਝਲਦਾਰ ਸਥਿਤੀ ਬਾਰੇ ਸੋਚਦਾ ਵਹਿਣ ਵਿਚ ਏਨਾ ਵਹਿੰਦਾ ਗਿਆ ਕਿ ਲੇਖਕ ਬਣ ਗਿਆ। 'ਬਾਤਾਂ ਦਿਲ ਦਿਮਾਗ ਦੀਆਂ' ਲਿਖਣ ਵਾਲੇ ਅਮੋਸੋਵ ਵਾਂਗ ਜਲੰਧਰ ਵਿਚ ਡਾਕਟਰ ਸੁਰਿੰਦਰ ਸਿੰਘ ਸਿੱਧੂ ਪਤਾ ਨਹੀਂ ਕਿਸ ਵਹਿਣ ਵਿਚ ਵਗਿਆ ਕਿ ਉਸ ਨੇ ਕਿਸਾਨੀ ਦੇ ਦੁੱਖਾਂ ਅਤੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਉਤੇ ਪੂਰੀ ਕਿਤਾਬ 'ਕਿਸਾਨ ਖੁਦਕੁਸ਼ੀਆਂ' ਲਿਖ ਦਿੱਤੀ। ਕਿਤਾਬ ਦੀ ਛਪਾਈ ਤੇ ਸ਼ਬਦਾਂ ਦੀਆਂ ਗਲਤੀਆਂ ਚੁਭ ਸਕਦੀਆਂ ਹਨ, ਪਰ ਜੇ ਕਿਸੇ ਨੇ ਭਾਰਤ ਦੇ ਕਿਸਾਨਾਂ ਦੀ ਅਸਲੀ ਹਾਲਤ ਸਮਝਣੀ ਹੋਵੇ ਤਾਂ ਕੁਝ ਸਾਲ ਪਹਿਲਾਂ ਦੀ ਉਹ ਕਿਤਾਬ ਪੜ੍ਹ ਲਵੇ, ਦਿੱਲੀ ਵਿਚ ਹੋਈ ਗਜੇਂਦਰ ਸਿੰਘ ਦੀ ਖੁਦਕੁਸ਼ੀ ਦੀ ਕਹਾਣੀ ਵੀ ਸਮਝ ਆ ਜਾਵੇਗੀ।

ਖੁਦਕੁਸ਼ੀ ਕਰਨ ਵਾਲਾ ਗਜੇਂਦਰ ਸਿੰਘ ਜਿਵੇਂ ਕਿਸਾਨਾਂ ਨੂੰ ਖੁਦਕੁਸ਼ੀਆਂ ਦੀ ਥਾਂ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦਾ ਆਪ ਇਸੇ ਵਹਿਣ ਦਾ ਸ਼ਿਕਾਰ ਹੋਇਆ ਹੈ। ਕਈ ਸਾਲ ਪਹਿਲਾਂ ਛਪੀ ਉਸ ਕਿਤਾਬ ਵਿਚ ਕ੍ਰਿਸ਼ਨਾ ਕੁਲੰਭ ਨਾਂ ਦੇ ਮਹਾਰਾਸ਼ਟਰ ਦੇ ਕਿਸਾਨ ਆਗੂ ਦੀ ਸੱਚੀ ਕਹਾਣੀ ਦਰਜ ਹੈ, ਜਿਹੜਾ ਹੋਰ ਲੋਕਾਂ ਨੂੰ ਸੰਘਰਸ਼ ਦੀ ਪ੍ਰੇਰਨਾ ਦਿੰਦਾ ਇਕ ਦਿਨ ਉਨ੍ਹਾਂ ਵਾਂਗ ਔਕੜਾਂ ਅੱਗੇ ਹਾਰ ਮੰਨ ਕੇ ਖੁਦਕੁਸ਼ੀ ਕਰ ਗਿਆ ਸੀ। ਉਹ ਉਸੇ ਕਹਿਰ ਕਥਾ ਦਾ ਪਾਤਰ ਬਣ ਗਿਆ, ਜਿਹੜੀ ਇਸ ਦੇਸ਼ ਦੇ ਕਿਸਾਨਾਂ ਨੂੰ ਪੀੜ ਰਹੀ ਹੈ। ਦਿੱਲੀ ਬੇਰਹਿਮ ਹੁੰਦੀ ਸੀ, ਅੱਜ ਵੀ ਬੇਰਹਿਮ ਹੈ ਅਤੇ ਅੱਗੋਂ ਵੀ ਰਹੇਗੀ, ਪਰ ਦਿੱਲੀ ਦਾ ਭਾਵ ਦਿੱਲੀ ਦੇ ਲੋਕ ਨਹੀਂ, ਦਿੱਲੀ ਵਿਚ ਚੱਲਦੀ ਉਹ ਬੇਰਹਿਮ ਹਕੂਮਤ ਹੈ, ਜਿਸ ਦਾ ਪ੍ਰਤੀਕ ਕਦੇ ਲਾਲ ਕਿਲ੍ਹਾ ਹੁੰਦਾ ਸੀ ਤੇ ਹੁਣ ਖੋਟੀ ਅਠਿਆਨੀ ਵਾਂਗ ਗੋਲ ਜਾਪਦਾ ਸੰਸਦ ਭਵਨ ਹੈ, ਜਿੱਥੇ ਲੋਕਾਂ ਦੇ ਭਲੇ ਦੇ ਨਾਂ 'ਤੇ ਆਮ ਲੋਕਾਂ ਦਾ ਖੂਨ ਚੂਸਣ ਵਾਲੀਆਂ ਜੋਕਾਂ ਦੇ ਹਿੱਤਾਂ ਲਈ ਚਿੰਤਾ ਕੀਤੀ ਜਾਂਦੀ ਹੈ।

ਦਿੱਲੀ ਵਿਚ ਗਜੇਂਦਰ ਸਿੰਘ ਦੀ ਖੁਦਕੁਸ਼ੀ ਬਾਰੇ ਮੈਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦਾ। ਉਸ ਘਟਨਾ ਬਾਰੇ ਏਨਾ ਕਹਿ ਦੇਣਾ ਕਾਫੀ ਹੈ ਕਿ ਆਮ ਆਦਮੀ ਪਾਰਟੀ ਦੇ ਨਾਂ ਹੇਠ ਇਕੱਠੀ ਹੋਈ ਅਕਲ ਦੇ ਅੰਨ੍ਹਿਆਂ ਦੀ ਮੁੰਢੀਰ ਨੇ ਬਦੋਬਦੀ ਆਪਣੇ ਆਪ ਨੂੰ ਕਟਹਿਰੇ ਵਿਚ ਖੜੇ ਕਰ ਲਿਆ ਹੈ। ਘਟਨਾ ਤੋਂ ਪਿੱਛੋਂ ਮੀਡੀਏ ਦੇ ਸਵਾਲਾਂ ਦਾ ਸਾਹਮਣਾ ਕਰਨ ਵੇਲੇ ਜ਼ਬਾਨ ਉਤੇ ਕਾਬੂ ਨਾ ਰੱਖਣ ਕਾਰਨ ਹੁਣ ਮੁਆਫੀਆਂ ਮੰਗਦੇ ਅਤੇ ਅੱਥਰੂ ਵਗਾਉਂਦੇ ਫਿਰਦੇ ਹਨ। ਜਿਸ ਰਾਜਸਥਾਨ ਤੋਂ ਗਜੇਂਦਰ ਸਿੰਘ ਖੁਦਕੁਸ਼ੀ ਕਰਨ ਦਿੱਲੀ ਆਇਆ ਸੀ, ਉਥੋਂ ਦੀ ਮੁੱਖ ਮੰਤਰੀ ਪਿੱਛੋਂ ਗਵਾਲੀਅਰ ਦੇ ਰਾਜ ਘਰਾਣੇ ਦੀ ਰਾਜਕੁਮਾਰੀ ਤੇ ਅੱਗੋਂ ਰਾਜਪੂਤਾਨੇ ਦੀ ਧੌਲਪੁਰ ਰਿਆਸਤ ਦੇ ਰਾਜੇ ਦੀ ਨੂੰਹ ਹੈ। ਇਸ ਲਈ ਪਰਜਾ ਬਾਰੇ ਓਨੀ ਕੁ ਚਿੰਤਾ ਕਰਦੀ ਹੈ, ਜਿੰਨੀ ਰਾਜੇ ਕਰਦੇ ਹੁੰਦੇ ਹਨ।



*ਫਾਹਾ ਲਈ ਬੈਠਾ ਗਜੇਂਦਰ ਸਿੰਘ*

ਗਜੇਂਦਰ ਸਿੰਘ ਦੇ ਖੁਦਕੁਸ਼ੀ ਕਰ ਜਾਣ ਤੋਂ ਦੋ ਦਿਨ ਪਿੱਛੋਂ ਵੀ ਕਿਸੇ ਰਾਹਤ ਦਾ ਐਲਾਨ ਕਰਨਾ ਤਾਂ ਦੂਰ, ਮਹਾਰਾਣੀ ਉਸ ਪੀੜਤ ਪਰਿਵਾਰ ਲਈ ਹਮਦਰਦੀ ਦੇ ਦੋ ਸ਼ਬਦ ਨਹੀਂ ਬੋਲੀ ਤੇ ਦਿੱਲੀ ਦਾ ਮੁੱਖ ਮੰਤਰੀ ਸਿਰਫ ਆਪਣਾ ਭਾਸ਼ਣ ਜਾਰੀ ਰੱਖਣ ਦੀ ਗਲਤੀ ਪਿੱਛੋਂ ਉਸ ਪਰਿਵਾਰ ਨੂੰ ਦਸ ਲੱਖ ਰੁਪਏ ਦੀ ਸਹਾਇਤਾ ਦਾ ਚੈਕ ਤੇ ਮੁਆਫੀ ਪੇਸ਼ ਕਰ ਕੇ ਵੀ ਕਟਹਿਰੇ ਵਿਚ ਹੈ। ਕਟਹਿਰੇ ਵਿਚ ਉਹ ਇਸ ਕਰ ਕੇ ਵੀ ਹੈ ਕਿ ਭਾਰਤੀ ਮੀਡੀਆ ਦੇਸ਼ ਦੀ ਰਾਜ ਕਰਦੀ ਧਿਰ ਤੇ ਉਸ ਦੇ ਪਿੱਛੇ ਖੜੇ ਕਾਰਪੋਰੇਟ ਘਰਾਣਿਆਂ ਦੇ ਪ੍ਰਭਾਵ ਹੇਠ ਹੈ। ਜੇ ਅਜਿਹਾ ਨਾ ਹੋਵੇ ਤਾਂ ਇੱਕ ਸਵਾਲ ਦਾ ਜਵਾਬ ਮੀਡੀਏ ਨੂੰ ਵੀ ਦੇਣਾ ਚਾਹੀਦਾ ਹੈ। ਜਦੋਂ ਲੋਕ ਸਭਾ ਚੋਣਾਂ ਹੋਣੀਆਂ ਸਨ, ਪ੍ਰਧਾਨ ਮੰਤਰੀ ਬਣਨ ਵਾਸਤੇ ਨਰਿੰਦਰ ਮੋਦੀ ਚੌਵੀ ਘੰਟੇ ਘੁੰਮ ਰਿਹਾ ਸੀ, ਉਦੋਂ ਇੱਕ ਜਲਸਾ ਬਿਹਾਰ ਦੀ ਰਾਜਧਾਨੀ ਪਟਨੇ ਵਿਚ ਹੋਇਆ ਸੀ। ਗਾਂਧੀ ਮੈਦਾਨ ਦੇ ਇੱਕ ਪਾਸੇ ਨਰਿੰਦਰ ਮੋਦੀ ਦਾ ਭਾਸ਼ਣ ਚੱਲਦਾ ਪਿਆ ਸੀ, ਉਸੇ ਗਾਂਧੀ ਮੈਦਾਨ ਦੇ ਦੂਸਰੇ ਖੂੰਜੇ ਬੰਬ ਚੱਲ ਗਿਆ ਤੇ ਕੁਝ ਲੋਕ ਮਾਰੇ ਜਾਣ ਦਾ ਦੁਖਾਂਤ ਵਾਪਰ ਗਿਆ। ਐਂਬੂਲੈਂਸਾਂ ਆਈਆਂ ਅਤੇ ਮ੍ਰਿਤਕਾਂ ਤੇ ਜ਼ਖਮੀਆਂ ਨੂੰ ਚੁੱਕ ਕੇ ਲੈ ਗਈਆਂ, ਪਰ ਨਰਿੰਦਰ ਮੋਦੀ ਦਾ ਭਾਸ਼ਣ ਓਦਾਂ ਹੀ ਚੱਲਦਾ ਰਿਹਾ ਸੀ। ਦਿੱਲੀ ਦੀ ਚਰਚਾ ਦੌਰਾਨ ਉਸ ਪਟਨੇ ਵਾਲੀ ਕਹਾਣੀ ਦਾ ਕਿਸੇ ਨੂੰ ਚੇਤਾ ਹੀ ਨਹੀਂ ਆ ਆਇਆ।

ਗਜੇਂਦਰ ਸਿੰਘ ਦੀ ਖੁਦਕੁਸ਼ੀ ਜਿਸ ਰੁੱਖ ਉਤੇ ਹੋਈ, ਉਸ ਦੇ ਕੋਲ ਪੁਲਿਸ ਵਾਲਿਆਂ ਦੀ ਢਾਣੀ ਖੜੀ ਸੀ, ਪਰ ਉਨ੍ਹਾਂ ਵਿਚੋਂ ਕਿਸੇ ਨੇ ਗਜੇਂਦਰ ਨੂੰ ਰੋਕਿਆ ਹੀ ਨਹੀਂ। ਕੇਂਦਰ ਸਰਕਾਰ ਕਹਿੰਦੀ ਹੈ ਕਿ ਦਿੱਲੀ ਪੁਲਿਸ ਇਸ ਘਟਨਾ ਦੀ ਜਾਂਚ ਕਰੇਗੀ। ਜਾਂਚ ਦੀ ਜੋ ਰਿਪੋਰਟ ਆਵੇਗੀ, ਉਹ ਸਾਨੂੰ ਹੁਣੇ ਪਤਾ ਹੈ। ਜਿਸ ਪੁਲਿਸ ਨੇ ਇਹ ਜਾਂਚ ਕਰਨੀ ਹੈ, ਉਸ ਦੇ ਨਾਂ ਦੀ ਕਹਾਣੀ ਫੋਲੀ ਜਾਵੇ ਤਾਂ ਗੱਲ ਸਮਝ ਆ ਸਕਦੀ ਹੈ। ਯੂਨਾਨੀ ਸੱਭਿਅਤਾ ਤੋਂ ਤੁਰਦਾ ਹੋਇਆ ਮਿਡਲ ਫਰੈਂਚ ਤੱਕ ਇਹ ਸ਼ਬਦ ਪਾਲਿਸੀ ਦੀ ਕੁੱਖੋਂ ਨਿਕਲ ਕੇ ਪੁਲਿਸ ਬਣਿਆ ਹੈ। ਇਸ ਦਾ ਅਰਥ ਇਹੋ ਜਿਹੀ ਫੋਰਸ ਹੁੰਦਾ ਹੈ, ਜਿਹੜੀ ਮੌਕੇ ਦੀ ਰਾਜ ਸ਼ਕਤੀ ਦੀ ਪਾਲਸੀ ਲਾਗੂ ਕਰਨ ਲਈ ਸਹਾਇਕ ਹੁੰਦੀ ਹੈ। ਮਿਸਾਲ ਸਮਝਣੀ ਹੋਵੇ ਤਾਂ ਇਥੋਂ ਮਿਲਦੀ ਹੈ ਕਿ ਲੁਧਿਆਣੇ ਵਾਲੇ ਬੈਂਸ ਭਰਾ ਜੇ ਰਾਜ ਸਰਕਾਰ ਦੇ ਨਾਲ ਹੋਣ ਤਾਂ ਅਦਾਲਤ ਵਿਚ ਮੈਜਿਸਟਰੇਟ ਨੂੰ ਕੁੱਟਣ ਦਾ ਕੇਸ ਵੀ ਨਹੀਂ ਬਣਦਾ ਤੇ ਜਦੋਂ ਸਰਕਾਰ ਦਾ ਵਿਰੋਧ ਕਰਨ ਲੱਗ ਜਾਣ ਤਾਂ ਰੇਤ ਦੀ ਟਰਾਲੀ ਚੁੱਕਣ ਤੋਂ ਵੀ ਇਰਾਦਾ ਕਤਲ ਦਾ ਕੇਸ ਬਣਾਇਆ ਜਾਂਦਾ ਹੈ। ਪੁਲਿਸ ਉਹੋ ਕੁਝ ਕਰਦੀ ਹੈ, ਜੋ ਰਾਜ ਸ਼ਕਤੀ ਕਹਿੰਦੀ ਹੈ ਤੇ ਇਹੋ ਕੁਝ ਦਿੱਲੀ ਪੁਲਿਸ ਨੇ ਜਾਂਚ ਦੌਰਾਨ ਕਰਨਾ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਖਿਲਾਫ ਰਿਪੋਰਟ ਦੇਣ ਲਈ ਪੁਲਿਸ ਤੱਥ ਇਕੱਠੇ ਕਰਨ ਲੱਗ ਪਈ ਹੈ, ਪਰ ਜਿਹੜੀ ਮੈਜਿਸਟਰੇਟੀ ਜਾਂਚ ਅਰਵਿੰਦ ਕੇਜਰੀਵਾਲ ਨੇ ਬਿਠਾਈ ਹੈ, ਉਸ ਨਾਲ ਤਾਲਮੇਲ ਤੋਂ ਵੀ ਇਨਕਾਰ ਕਰ ਦਿੱਤਾ ਹੈ। ਗੋਧਰਾ ਵਿਚ ਜਦੋਂ ਰੇਲ ਡੱਬਾ ਸੜਿਆ ਤਾਂ ਇਕ ਜਾਂਚ ਕਮਿਸ਼ਨ ਰੇਲ ਮੰਤਰੀ ਲਾਲੂ ਪ੍ਰਸਾਦ ਨੇ ਤੇ ਦੂਸਰਾ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਬਣਾਇਆ ਸੀ। ਦੋਵਾਂ ਦੀਆਂ ਵੱਖੋ-ਵੱਖ ਰਿਪੋਰਟਾਂ ਆ ਗਈਆਂ ਸਨ, ਸੱਚ ਸਾਹਮਣੇ ਨਹੀਂ ਸੀ ਆ ਸਕਿਆ।

ਗੱਲ ਗਜੇਂਦਰ ਸਿੰਘ ਜਾਂ ਉਸ ਦੀ ਖੁਦਕੁਸ਼ੀ ਦੀ ਨਹੀਂ, ਸਗੋਂ ਇਹ ਲੱਭੀ ਜਾਣ ਵਾਲੀ ਹੈ ਕਿ ਇਸ ਦਾ ਕਾਰਨ ਕੀ ਸੀ ਤੇ ਹੱਲ ਕੀ ਹੋਵੇ? ਡਾਕਟਰ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣ ਕੇ ਆਂਧਰਾ ਪ੍ਰਦੇਸ਼ ਦੇ ਉਸ ਪਿੰਡ ਦਾ ਦੌਰਾ ਕਰਨ ਗਿਆ ਸੀ, ਜਿੱਥੇ ਭਾਰਤ ਦੇ ਕਿਸੇ ਵੀ ਹੋਰ ਪਿੰਡ ਨਾਲੋਂ ਵੱਧ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਸਨ। ਹੋਇਆ ਕੀ? ਉਸ ਨੇ ਇਹ ਨਹੀਂ ਸੀ ਕਿਹਾ ਕਿ ਅਸੀਂ ਇਦਾਂ ਦੀ ਨੀਤੀ ਬਣਾਵਾਂਗੇ ਕਿ ਕਿਸਾਨਾਂ ਨੂੰ ਖੁਦਕੁਸ਼ੀ ਨਾ ਕਰਨੀ ਪਵੇ, ਸਗੋਂ ਇਹ ਕਹਿ ਦਿੱਤਾ ਸੀ ਕਿ ਜਿੱਥੇ ਕੋਈ ਕਿਸਾਨ ਖੁਦਕੁਸ਼ੀ ਕਰ ਗਿਆ ਹੈ, ਉਸ ਦੇ ਪਰਿਵਾਰ ਦੀ ਜ਼ਿਮੇਵਾਰੀ ਮੇਰੀ ਸਰਕਾਰ ਆਪਣੇ ਸਿਰ ਲਵੇਗੀ। ਨਤੀਜਾ ਇਹ ਨਿਕਲਿਆ ਕਿ ਅਗਲੇ ਦਿਨੀਂ ਖੁਦਕੁਸ਼ੀਆਂ ਵਧ ਗਈਆਂ ਸਨ। ਕਈ ਕਿਸਾਨਾਂ ਨੇ ਇਹ ਸਮਝ ਲਿਆ ਕਿ ਸਰਕਾਰ ਸਿਰਫ ਖੁਦਕੁਸ਼ੀ ਕਰਨ ਵਾਲੇ ਕਿਸਾਨ ਦੇ ਪਰਿਵਾਰ ਬਾਰੇ ਸੋਚੇਗੀ, ਇਸ ਲਈ ਆਪ ਮਰ ਵੀ ਜਾਈਏ ਤਾਂ ਕੋਈ ਫਰਕ ਨਹੀਂ ਪੈਂਦਾ, ਘੱਟੋ-ਘੱਟ ਪਰਿਵਾਰ ਹੀ ਸੌਖਾ ਹੋ ਜਾਵੇਗਾ।

ਕਿਸਾਨਾਂ ਦਾ ਭਲਾ ਤਦੇ ਹੋ ਸਕਦਾ ਹੈ, ਜੇ ਪਹਿਲਾਂ ਇਸ ਦਾ ਕਾਰਨ ਲੱਭਿਆ ਜਾਵੇ। ਪੰਜਾਬ ਦਾ ਜਾਂ ਭਾਰਤ ਦਾ ਕੋਈ ਪਿੰਡ ਇਹੋ ਜਿਹਾ ਨਹੀਂ, ਜਿਸ ਵਿਚ ਛੱਪੜ ਨਹੀਂ ਹੁੰਦਾ। ਜਦੋਂ ਸਾਡੇ ਵੱਡਿਆਂ ਨੇ ਪਿੰਡ ਵਸਾਉਣੇ ਸਨ ਤਾਂ ਘਰ ਉਸਾਰਨ ਲਈ ਕੱਚੀਆਂ ਇੱਟਾਂ ਅਤੇ ਗਾਰੇ ਲਈ ਮਿੱਟੀ ਚਾਹੀਦੀ ਸੀ। ਜਿੱਥੋਂ ਮਿੱਟੀ ਪੁੱਟ ਲਈ, ਓਥੇ ਛੱਪੜ ਬਣਦਾ ਗਿਆ ਤੇ ਜਿੱਥੇ ਲਾਈ ਸੀ, ਉਹ ਘਰ ਬਣ ਗਏ। ਘਰ ਜਦੋਂ ਉਚੇ ਹੋਏ ਤਾਂ ਛੱਪੜ ਹੋਰ ਡੂੰਘਾ ਹੋ ਗਿਆ। ਸੰਸਾਰ ਦੇ ਦਸ ਸਿਖਰਲੇ ਅਮੀਰ ਘਰਾਣਿਆਂ ਵਿਚ ਜਦੋਂ ਭਾਰਤ ਦੇ ਕਦੇ ਤਿੰਨ ਤੇ ਕਦੇ ਚਾਰ ਘਰਾਣੇ ਸ਼ਾਮਲ ਹੁੰਦੇ ਹਨ ਤਾਂ ਇਹ ਉਹੋ ਘਰਾਣੇ ਹੁੰਦੇ ਹਨ, ਜਿਨ੍ਹਾਂ ਦੇ ਧੌਲਰ ਉਸਾਰਨ ਦੇ ਚੱਕਰ 'ਚ ਸਾਰਾ ਭਾਰਤ ਛੱਪੜ ਬਣ ਗਿਆ ਹੈ।

ਯੂਨਾਨੀ ਸੱਭਿਅਤਾ ਵੇਲੇ ਦੀ ਇੱਕ ਲੋਕ ਕਥਾ ਕੁਝ ਸਾਲ ਪਹਿਲਾਂ ਇਕ ਰਸਾਲੇ ਵਿਚ ਛਪੀ ਸੀ। ਇਕ ਬੜਾ ਜ਼ਾਲਮ ਰਾਜਾ ਹੋਇਆ ਕਰਦਾ ਸੀ ਤੇ ਕਿਸੇ ਵੀ ਬੰਦੇ ਨੂੰ ਕਿਸੇ ਵੇਲੇ ਵੀ ਮਾਰ ਸਕਦਾ ਸੀ। ਇਕ ਦਿਨ ਉਸ ਰਾਜੇ ਨੇ ਇੱਕ ਗਰੀਬ ਤਰਖਾਣ ਦਾ ਪੁੱਤਰ ਮਾਰ ਦਿੱਤਾ। ਰਾਜੇ ਅੱਗੇ ਕਦੇ ਕੋਈ ਬੋਲਿਆ ਨਹੀਂ ਸੀ। ਗਰੀਬ ਤਰਖਾਣ ਪਿੰਡ ਦੇ ਵਿਚਾਲੇ ਜਾ ਖੜੋਤਾ ਤੇ ਟੱਲ ਖੜਕਾ ਕੇ ਪਿੰਡ ਇਕੱਠਾ ਕਰਨ ਪਿੱਛੋਂ ਕਹਿਣ ਲੱਗਾ, ਮੈਨੂੰ ਪਤਾ ਹੈ, ਤੁਸੀਂ ਰਾਜੇ ਦੇ ਡਰ ਕਾਰਨ ਮੇਰੇ ਨਾਲ ਨਹੀਂ ਤੁਰ ਸਕਦੇ, ਨਾ ਤੁਰੋ, ਪੁੱਤਰ ਮਰਨ ਪਿੱਛੋਂ ਮੈਂ ਜੀਉਂ ਕੇ ਕੀ ਕਰਨਾ ਹੈ, ਮਰਨ ਤੋਂ ਪਹਿਲਾਂ ਰਾਜੇ ਦੇ ਮਹਿਲ ਨੂੰ ਆਪਣੇ ਤੇਸੇ ਦਾ ਇੱਕ ਟੱਕ ਮਾਰਨ ਚੱਲਿਆ ਹਾਂ, ਜਿਸ ਨੇ ਵੇਖਣਾ ਹੈ, ਆ ਜਾਓ। ਉਹ ਤੁਰਿਆ ਤਾਂ ਲੋਕ ਉਸ ਦਾ ਹਸ਼ਰ ਵੇਖਣ ਲਈ ਪਿੱਛੇ ਤੁਰ ਪਏ। ਹਰ ਪਿੰਡ ਤੋਂ ਤਮਾਸ਼ਬੀਨ ਰਲਦੇ ਗਏ। ਰਾਜੇ ਦੇ ਮਹਿਲ ਨੇੜੇ ਪੁੱਜਣ ਤੱਕ ਕਾਫਲਾ ਬਣ ਗਿਆ, ਜਿਹੜਾ ਤਮਾਸ਼ਬੀਨਾਂ ਦਾ ਕਾਫਲਾ ਨਾ ਰਿਹਾ, ਰਾਜੇ ਦਾ ਤ੍ਰਾਹ ਕੱਢਣ ਵਾਲੇ ਲੋਕਾਂ ਦਾ ਕਾਫਲਾ ਬਣ ਗਿਆ। ਉਦੋਂ ਲੋਕ ਜਿੱਤ ਗਏ ਸਨ, ਰਾਜ-ਸ਼ਕਤੀ ਡਿੱਗ ਪਈ ਸੀ। ਭਾਰਤ ਦੇ ਲੋਕ ਵੀ ਅਜੇ ਉਸ ਰਾਜ ਵਿਚ ਵੱਸਦੇ ਰਾਜੇ ਦਾ ਜ਼ੁਲਮ ਸਹਿਣ ਵਾਲੀ ਪਰਜਾ ਬਣੇ ਹੋਏ ਹਨ, ਇਸ ਲਈ ਇਹ ਵਰਤਾਰਾ ਚੱਲ ਰਿਹਾ ਹੈ। ਇੱਕ ਦਿਨ ਇਹੋ ਜਿਹਾ ਆਵੇਗਾ, ਜਦੋਂ ਕੋਈ ਗਰੀਬੜਾ ਭਾਰਤ ਦੇ ਉਨ੍ਹਾਂ 'ਟਾਪ-ਟੈਨ' ਕਹਾਉਂਦੇ ਧੌਲਰਾਂ ਦੇ ਕਿੰਗਰੇ ਢਾਹੁਣ ਲਈ ਤੁਰ ਪਵੇਗਾ, ਜਿਨ੍ਹਾਂ ਨੂੰ ਏਨੀ ਮਿੱਟੀ ਲੱਗੀ ਹੋਈ ਹੈ ਕਿ ਭਾਰਤ ਛੱਪੜ ਬਣ ਕੇ ਰਹਿ ਗਿਆ ਹੈ। ਹਸ਼ਰ ਦੇ ਉਸ ਦਿਨ ਤੱਕ ਅਸੀਂ ਇੱਕ ਜਾਂ ਦੂਸਰੇ ਗਜੇਂਦਰ ਵਿਚੋਂ 'ਪੀਪਲੀ ਲਾਈਵ' ਦਾ ਨੱਥਾ ਲੱਭਾਂਗੇ ਅਤੇ ਆਪਣਾ ਮੱਥਾ ਪਿੱਟਾਂਗੇ। ਕੋਈ ਨਹੀਂ ਜਾਣਦਾ ਕਿ ਕਦੋਂ ਆਵੇਗਾ ਉਹ ਦਿਨ, ਕਦੋਂ, ਕਦੋਂ ਤੇ ਆਖਰ ਕਦੋਂ?

**ਸਟਾਫ ਦੀ ਲੋੜ ਹੈ**

ਟਰੱਕ ਸਟਾਪ ਤੇ ਟਰੱਕ ਰੀਪੇਅਰ ਕਰਨ ਵਾਲੇ ਮਕੈਨਿਕਾਂ ਅਤੇ ਅਮਰੀਕਨ ਰੈਸਟੋਰੈਂਟ ਵਾਸਤੇ ਕੰਮ ਕਰਨ ਵਾਲੇ ਬੰਦਿਆਂ ਦੀ ਜ਼ਰੂਰਤ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
ਸੰਪਰਕ ਕਰੋ
ਫੋਨ: 832-512-7172

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
**National Truck Driving School**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਬੇ-ਏਰੀਏ ਨੂੰ ਚੜ੍ਹਿਆ ਕਬੱਡੀ ਦਾ ਗੂੜ੍ਹਾ ਰੰਗ

## ਕੈਨੇਡਾ ਟੀਮ ਨੇ ਜਿੱਤਿਆ ਕੱਪ

**ਯੂਨੀਅਨ ਸਿਟੀ (ਐਸ. ਅਸ਼ੋਕ ਭੌਰਾ):** ਕਰੀਬ ਦੋ ਕੁ ਸਾਲ ਪਿਛੋਂ ਇਕ ਵਾਰ ਫਿਰ ਇਥੇ ਲੋਗਨ ਹਾਈ ਸਕੂਲ ਦੀਆਂ ਗਰਾਉਂਡਾਂ ਵਿਚ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਕੈਲੀਫੋਰਨੀਆ ਵੱਲੋਂ ਕਰਵਾਏ ਗਏ ਕੈਲੀਫੋਰਨੀਆ ਕਬੱਡੀ ਕੱਪ ਨਾਲ ਪੂਰਾ ਬੇ-ਏਰੀਆ ਇਕ ਵਾਰ ਤਾਂ ਕਬੱਡੀ ਦੇ ਗੂੜ੍ਹੇ ਰੰਗ ਵਿਚ ਰੰਗਿਆ ਗਿਆ। ਕਹਿਣਾ ਪਵੇਗਾ ਕਿ ਪ੍ਰਬੰਧਕਾਂ ਦੀ ਆਪਸੀ ਸੁਰ ਭਾਵੇਂ ਕਿਤੇ-ਕਿਤੇ ਨਾ ਵੀ ਮਿਲਦੀ ਨਜ਼ਰ ਆਉਂਦੀ ਹੋਵੇ, ਪਰ ਦਰਸ਼ਕ ਤੇ ਕਬੱਡੀ ਇਕ ਤਰ੍ਹਾਂ ਨਾਲ ਪੂਰੀ ਸੁਰ ਵਿਚ ਵੇਖਣ ਨੂੰ ਮਿਲੇ।



ਦਰਸ਼ਕਾਂ ਦੀ ਅਥਾਹ ਭੀੜ ਤੇ ਫਸਵੇਂ ਮੁਕਾਬਲਿਆਂ ਨਾਲ ਇਕ ਵਾਰ ਲੱਗਾ ਕਿ ਕਬੱਡੀ ਕਬੱਡੀ ਹੀ ਹੈ, ਤੇ ਇਸ ਨਾਲੋਂ ਪੰਜਾਬੀਆਂ ਦਾ ਮੋਹ ਭੰਗੜੇ ਤੇ ਢੋਲ ਵਾਂਗ ਕਦੇ ਵੀ ਅਲੱਗ ਕਰ ਕੇ ਨਹੀਂ ਵੇਖਿਆ ਜਾ ਸਕਦਾ। ਖਾਸ ਗੱਲ ਇਹ ਵੀ ਸੀ ਕਿ ਢਲਦੇ ਸੂਰਜ ਤੇ ਪਸਰਦੇ ਹਨ੍ਹੇਰੇ ਤੱਕ ਕਬੱਡੀ ਪ੍ਰੇਮੀਆਂ ਦੀ ਗਿਣਤੀ ਟਿਕੀ ਹੀ ਨਹੀਂ ਰਹੀ, ਸਗੋਂ ਇਸ ਵਿਚ ਵਾਧਾ ਹੀ ਹੁੰਦਾ ਰਿਹਾ। ਆਲੇ-ਦੁਆਲੇ ਦੇ ਦੋ ਮੀਲ ਖੇਤਰ ਵਿਚ ਪਾਰਕਿੰਗ ਦੀ ਸਮੱਸਿਆ ਇਸ ਗੱਲ ਦੀ ਗਵਾਹੀ ਸੀ ਕਿ ਨਾ ਸਿਰਫ਼ ਕੈਲੀਫ਼ੋਰਨੀਆ, ਸਗੋਂ ਅਮਰੀਕਾ ਦੇ ਹੋਰ ਖੇਤਰਾਂ ਤੋਂ ਵੀ ਲੋਕ ਚਾਅ ਨਾਲ ਪੁੱਜੇ। ਨਿਸ਼ਚੇ ਹੀ, ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਦੀ ਸਮੁੱਚੀ ਟੀਮ ਇਸ ਸਫ਼ਲ ਕਬੱਡੀ ਕੱਪ ਦੀ ਸਫ਼ਲਤਾ ਲਈ ਵਧਾਈ ਦੀ ਹੱਕਦਾਰ ਤਾਂ ਹੈ ਹੀ, ਸਗੋਂ ਭਵਿੱਖ ਵਿਚ ਇਸ ਖੇਡ ਪ੍ਰਤੀ ਉਤਸ਼ਾਹ ਦਾ ਮਾਹੌਲ ਹੋਰ ਵੀ ਸਾਫ਼ ਹੁੰਦਾ ਨਜ਼ਰੀਂ ਪਿਆ।

ਕਬੱਡੀ ਦੇ ਮੁਕਾਬਲੇ ਭਾਵੇਂ ਅੰਡਰ-21 ਦੇ ਸਨ ਜਾਂ ਵੱਡੇ, ਸਿੰਗ ਫਸਣ ਵਰਗੇ ਰਹੇ ਅਤੇ ਅੰਕਾਂ ਦੀ ਬਰਾਬਰੀ ਵੀ ਬਠਿੰਡੇ ਦੀ ਲੋਕ ਸਭਾ ਸੀਟ ਵਰਗੀ ਹੀ ਲੱਗਦੀ ਰਹੀ। ਪਸਰਦੀ ਰਾਤ ਨਾਲ ਜਦੋਂ ਇਸ ਕਬੱਡੀ ਕੱਪ ਦਾ ਆਖਰੀ ਮੁਕਾਬਲਾ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਅਤੇ ਕੈਨੇਡਾ ਦੀ ਟੀਮ ਦਰਮਿਆਨ ਸਮਾਪਤ ਹੋਇਆ, ਤਾਂ ਕਬੱਡੀ ਨੂੰ ਪਿਆਰ ਕਰਨ ਵਾਲੇ ਹਰ ਚਿਹਰੇ ਦੀ ਰੌਣਕ ਵੱਖਰੀ ਕਹਾਣੀ ਦੱਸਦੀ ਸੀ। 'ਫੜ ਲਿਆ ਓਏ', 'ਅਹੁ ਗਿਆ ਓਏ', 'ਡਬਲ ਵਿਚ ਆ', 'ਹੁਣ ਨੀ ਹੱਥ ਆਉਂਦਾ', 'ਕਾਲਾ ਵੀ ਪੈ ਗਿਆ', 'ਸੰਦੀਪ ਕਮਾਲ ਕਰੀ ਜਾਂਦੈ', 'ਸੁਰਖਪੁਰੀਆ ਨੀ ਪਿੰਡੇ 'ਤੇ ਮੱਖੀ ਬਹਿਣ ਦਿੰਦਾ', 'ਬਿਹਾਰੀ ਪੁਰੀਆ ਕਮਾਲ ਕਰੀ ਜਾਂਦਾ', 'ਨਿਕਲ ਗਿਆ ਫੁੱਟਬਾਲ ਵਾਂਗ ਲੱਤਾਂ ਚੀਂ', 'ਲੱਛਰ ਵੀ ਆਏ ਆ', 'ਕਾਂਟੀਨੈਂਟਲ ਟਾਇਰ ਵਾਲਿਆਂ ਦਾ ਸੌ', 'ਗਾਖਲਾਂ ਦਾ ਹਰ ਸਟਾਪ 'ਤੇ ਸੌ, 'ਖਹਿਰਾ ਜੀ ਐਧਰ ਆਜੋ', 'ਨਿੱਝਰ ਸਟੇਜਾਂ 'ਤੇ ਆ ਜੇ', 'ਜਿੰਦਰ ਜੌਹਲ ਮੈਦਾਨ ਵਿਚ', 'ਅੱਖਾਂ ਨਾਲ ਮਿਰਚਾਂ ਨੀ ਭੋਰੀਆਂ', 'ਲਓ ਬਈ ਜਿੱਤ ਗਏ ਕੈਨੇਡਾ ਵਾਲੇ', 'ਲੈ ਗਏ ਕਬੱਡੀ ਕੱਪ ਤੇ ਦੂਜੇ ਨੰਬਰ ਤੇ ਗੁਰੂ ਤੇਗ ਬਹਾਦਰ ਸਪੋਟਰਸ ਕਲੱਬ' ਨਾਲ ਇਕਬਾਲ ਗਾਲਿਬ ਤੇ ਰਾਜਵਿੰਦਰ ਰੰਡਿਆਲੇ ਦੀ ਲੱਛੇਦਾਰ ਕੁਮੈਂਟਰੀ ਨੇ ਪੂਰੇ ਕਬੱਡੀ ਕੱਪ ਦੌਰਾਨ ਖੂਬ ਰੌਣਕਾਂ ਲਾਈ ਰੱਖੀਆਂ।



ਗੁਰਪ੍ਰੀਤ ਬੁਰਜ, ਹਰੀ ਸਿੰਘ, ਕਿੰਦਾ ਬਿਹਾਰੀਪੁਰੀਆ, ਸੰਦੀਪ ਗੁਰਦਾਸਪੁਰੀਆ, ਵਰਿੰਦਰ ਭੂਰਾ, ਮਿੱਠੂ, ਸੁਰਖਪੁਰੀਆ ਸੰਦੀਪ, ਵਧੀਆ ਰੇਡਰ ਸੰਦੀਪ ਲੁੱਦੜ, ਭਿੰਦਾ ਪਰਜੀਆ, ਡੌਂਟੇ, ਦੁੱਲਾ ਬੱਗਾ ਪਿੰਡ, ਗੁਰਦੀਪ ਮੁੰਡੀਆ, ਜੱਸਾ ਆਦਿ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਬੱਡੀ ਖਿਡਾਰੀਆਂ ਦੇ ਬਿਹਤਰੀਨ ਪ੍ਰਦਰਸ਼ਨ ਨੇ ਹਜ਼ਾਰਾਂ ਖੇਡ ਪ੍ਰੇਮੀਆਂ ਦੀ ਹਾਜ਼ਰੀ ਨੂੰ ਪੂਰੇ ਚਾਵਾਂ ਵਿਚ ਬਦਲੀ ਰੱਖਿਆ।

ਹਰਖੋਵਾਲ ਵਾਲੇ ਸੇਠੀ ਨੂੰ ਕਾਂਟੀਨੈਂਟਲ ਟਾਇਰ ਵਾਲੇ ਹਰਭਜਨ ਗਿੱਲ ਵੱਲੋਂ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ, ਜਦੋਂਕਿ ਗਾਖਲ ਭਰਾਵਾਂ ਅਮੋਲਕ ਸਿੰਘ ਤੇ ਇਕਬਾਲ ਸਿੰਘ ਨੇ ਵਧੀਆ ਸਟਾਪਰ ਲਈ ਪੰਮਾ ਝੰਡੇਰਾਂ ਨੂੰ ਇਕ ਹਜ਼ਾਰ ਡਾਲਰ ਦਾ ਇਨਾਮ ਦਿੱਤਾ। ਗਾਖਲ ਭਰਾਵਾਂ ਨੇ ਆਲ੍ਹਾ ਕੁਮੈਂਟਰੀ ਲਈ ਇਕਬਾਲ ਗਾਲਿਬ ਨੂੰ ਪੰਜ ਸੌ ਡਾਲਰ ਤੇ ਮੋਟਰ ਸਾਈਕਲ ਦੇਣ ਦਾ ਐਲਾਨ ਵੀ ਕੀਤਾ।




ਕੁਲਵੰਤ ਨਿੱਝਰ, ਅਮਰਜੀਤ ਸਿੰਘ, ਨਾਰਥ ਬੇ-ਏਰੀਆ ਸਪੋਰਟਸ ਕਲੱਬ ਦੇ ਬਲਜੀਤ ਸੰਧੂ, ਗੁਰਦਿਆਲ ਸਿੰਘ, ਕਿੰਗਜ਼ ਸਪੋਰਟਸ ਕਲੱਬ ਦੇ ਸੁੱਖੀ ਸੇਖੋਂ ਸੈਕਰਾਮੈਂਟੋ, ਕਿੰਦੂ ਭਲਵਾਨ, ਕੈਨੇਡਾ ਟੀਮ ਦੇ ਜੋਤੀ ਸਮਰਾ ਮਹੇੜੂ, ਪੰਮਾ ਦਿਓਲ, ਸੇਵਾ ਸਿੰਘ ਰੰਧਾਵਾ ਦੀ ਮਿਹਨਤ ਗੁਰੂ ਤੇਗ ਬਹਾਦਰ ਸਪੋਰਟਸ ਕਲੱਬ ਦੀ ਟੀਮ ਦੇ ਆਲ੍ਹਾ ਪ੍ਰਦਰਸ਼ਨ ਲਈ ਚੰਗੇ ਖਿਡਾਰੀਆਂ ਨੂੰ ਲਿਆ ਕੇ ਵਧੀਆ ਕਬੱਡੀ ਦਾ ਜ਼ੋਰ ਦਿਖਾਉਣ ਵਿਚ ਅੱਵਲ ਗਿਣੀ ਜਾ ਸਕਦੀ ਹੈ। ਨਾਮੀ ਖਿਡਾਰੀ ਬੀਰੂ ਤੇ ਮੰਦਿਲ ਰੈਫ਼ਰੀ ਵੱਜੋਂ ਬਾਖ਼ੂਬੀ ਸੇਵਾ ਨਿਭਾਉਂਦੇ ਰਹੇ। ਪਿਛੋਂ ਰੇਡ 'ਤੇ ਹੌਸਲਾ-ਅਫ਼ਜ਼ਾਈ ਦਾ ਚੜ੍ਹਾਵਾ ਕਬੱਡੀ ਪ੍ਰਮੋਟਰ ਚੜ੍ਹਾਉਂਦੇ ਦੇਖੇ ਗਏ।

ਤਰਲੋਚਨ ਸਿੰਘ ਲੱਛਰ, ਚਰਨਜੀਤ ਬਾਠ, ਦੀਦਾਰ ਸਿੰਘ ਬੈਂਸ, ਰਾਜ ਭਨੋਟ, ਅਵਤਾਰ ਗਿੱਲ, ਗੁਰਨਾਮ ਸਿੰਘ ਪੰਮਾ, ਸਰਬਜੀਤ ਥਿਆੜਾ, ਮਲਕੀਤ ਸਿੰਘ ਬੋਪਾਰਾਏ, ਜੱਸੀ ਗਿੱਲ ਆਦਿ ਹਸਤੀਆਂ ਸਮੁੱਚੇ ਖੇਡ ਮੇਲੇ ਵਿਚ ਹਾਜ਼ਰ ਰਹੀਆਂ।

ਅਜਿਹਾ ਮਿਆਰੀ ਕਬੱਡੀ ਕੱਪ ਕਰਵਾਉਣ ਲਈ ਪ੍ਰਬੰਧਕ ਕਮੇਟੀ ਅਤੇ ਕੁਲਵੰਤ ਸਿੰਘ ਖਹਿਰਾ, ਕੁਲਵੰਤ ਸਿੰਘ ਨਿੱਝਰ, ਮੰਗਲ ਭੰਡਾਲ ਦਾ ਬੇਟਾ, ਜਿੰਦਰ ਜੌਹਲ, ਅਵਤਾਰ ਸਿੰਘ ਤਾਰੀ, ਬਲਜੀਤ ਸਿੰਘ ਮਾਨ, ਅਮਰਜੀਤ ਸਿੰਘ ਸੰਘਾ, ਇੰਦਰਜੀਤ ਸਿੰਘ ਥਿੰਦ, ਸੰਤੋਖ ਜੱਜ, ਰਿੰਪੀ ਟਿਵਾਣਾ, ਗੁਰਜੀਤ ਗਿੱਲ, ਸੁਖਵੰਤ ਸਿੰਘ ਖਹਿਰਾ, ਸਤਨਾਮ ਸਿੰਘ ਬੱਲ, ਪਰਮਿੰਦਰ ਸਿੰਘ ਗਿੱਲ, ਤੀਰਥ ਸਿੰਘ ਸੱਲ੍ਹ ਅਤੇ ਜਸਵੀਰ ਨਾਹਲ ਵਧਾਈ ਦੇ ਪਾਤਰ ਹਨ।

ਵਾਲੀਬਾਲ ਦੇ ਮੁਕਾਬਲਿਆਂ ਵਿਚ ਵੀ ਦਰਸ਼ਕਾਂ ਦੀ ਦਿਲਚਸਪੀ ਰਹੀ, ਪਰ ਬਹੁਤਾ ਧਿਆਨ ਕਬੱਡੀ ਵੱਲ ਹੀ ਖਿਚਿਆ ਰਿਹਾ। ਗਲੋਬਲ ਪੰਜਾਬ ਟੀ.ਵੀ. ਅਤੇ ਰੇਡੀਓ ਚੜ੍ਹਦੀ ਕਲਾ ਵੱਲੋਂ ਇਸ ਕਬੱਡੀ ਕੱਪ ਦਾ ਸਿੱਧਾ ਪ੍ਰਸਾਰਨ ਕੀਤਾ ਗਿਆ ਤੇ ਸਟੇਜ ਸਕੱਤਰੀ ਸ਼ਕਤੀ ਮਾਣਕ ਨੇ ਕੀਤੀ। ਕਬੱਡੀ ਕੱਪ ਦੀ ਸਮੁੱਚੀ ਸਫ਼ਲਤਾ 'ਤੇ ਕਿਹਾ ਜਾ ਸਕਦਾ ਹੈ ਕਿ:

ਯੁੱਗ ਯੁੱਗ ਜੀਓ ਮੌਜਾਂ ਮਾਣੋ ਵੇ ਪੰਜਾਬੀਓ,
ਰੱਖੋ ਅਰਸ਼ਾਂ 'ਤੇ ਚਾੜ੍ਹ ਕੇ ਕਬੱਡੀ।














ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ, ਸਤਿ ਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

# ਕੀਰਤਨ ਅਤੇ ਕਥਾ ਸਮਾਗਮ



## ਸੰਤ ਅਨੂਪ ਸਿੰਘ ਊਨਾ

ਐਤਵਾਰ, 3 ਮਈ 2015
ਦੁਪਹਿਰ 12 ਵਜੇ ਤੋਂ ਇਕ ਵਜੇ ਤੱਕ
ਬੁੱਧਵਾਰ, 6 ਮਈ 2015
ਸ਼ਾਮ 7 ਵਜੇ ਤੋਂ 7:45 ਵਜੇ ਤੱਕ

### ਹੋਰ ਕੀਰਤਨੀ ਅਤੇ ਢਾਡੀ ਜਥੇ

1 ਤੋਂ 5 ਮਈ: ਕਥਾ ਭਾਈ ਗੁਰਵਿੰਦਰ ਸਿੰਘ ਲੁਧਿਆਣੇ ਵਾਲੇ
15 ਤੋਂ 17 ਮਈ: ਢਾਡੀ ਜਥਾ ਭਾਈ ਹਰਬੰਸ ਸਿੰਘ ਬਿਲਗੇ ਵਾਲੇ
18 ਤੋਂ 24 ਮਈ: ਢਾਡੀ ਜਥਾ ਭਾਈ ਮਨਦੀਪ ਸਿੰਘ ਪੋਹੀਰ



ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ



ਭਾਈ ਪਿੰਦਰਪਾਲ ਸਿੰਘ

## ਭਾਈ ਪਿੰਦਰਪਾਲ ਸਿੰਘ ਦੇ ਪ੍ਰੋਗਰਾਮਾਂ ਦਾ ਵੇਰਵਾ

**6 ਤੋਂ 8 ਮਈ 2015**
(ਬੁੱਧਵਾਰ ਤੋਂ ਸ਼ੁੱਕਰਵਾਰ)
ਸਵੇਰ ਦਾ ਦੀਵਾਨ: 8:30 ਤੋਂ 9:30 ਵਜੇ ਤੱਕ
ਸ਼ਾਮ ਦਾ ਦੀਵਾਨ: 7:45 ਤੋਂ 8:45 ਵਜੇ ਤੱਕ

**9 ਮਈ 2015**
(ਸਨਿਚਰਵਾਰ)
ਸਵੇਰ ਦਾ ਦੀਵਾਨ: 9:00 ਤੋਂ 10:00 ਵਜੇ ਤੱਕ
ਸ਼ਾਮ ਦਾ ਦੀਵਾਨ: 7:45 ਤੋਂ 8:45 ਵਜੇ ਤੱਕ

**10 ਮਈ 2015**
(ਐਤਵਾਰ)
ਸਵੇਰ ਦਾ ਦੀਵਾਨ: 10:00 ਤੋਂ 10:30 ਵਜੇ ਤੱਕ
ਦੁਪਹਿਰ ਦਾ ਦੀਵਾਨ: 12 ਤੋਂ 1 ਵਜੇ ਤੱਕ

**11 ਤੋਂ 13 ਮਈ 2015**
(ਸੋਮਵਾਰ ਤੋਂ ਬੁੱਧਵਾਰ)
ਸਵੇਰ ਦਾ ਦੀਵਾਨ: 8:30 ਤੋਂ 9:30 ਵਜੇ ਤੱਕ
ਸ਼ਾਮ ਦਾ ਦੀਵਾਨ: 7:45 ਤੋਂ 8:45 ਵਜੇ ਤੱਕ

*ਸਮੂਹ ਸੰਗਤ ਨੂੰ ਇਨ੍ਹਾਂ ਪ੍ਰੋਗਰਾਮਾਂ ਵਿਚ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ*

ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਗੁਰਦੁਆਰਾ ਸਾਹਿਬ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ਫੋਨ: 408-274-9373

# ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org

# ਬੈਂਸ ਭਰਾਵਾਂ ਪਿੱਛੋਂ ਹੁਣ ਸੁਖਪਾਲ ਖਹਿਰਾ ਦੀ ਵਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਲੁਧਿਆਣਾ ਦੇ ਵਿਧਾਇਕ ਬੈਂਸ ਭਰਾਵਾਂ ਦੀ ਜੋੜੀ ਤੋਂ ਬਾਅਦ ਹੁਣ ਪੰਜਾਬ ਕਾਂਗਰਸ ਦੇ ਬੁਲਾਰੇ ਤੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਜੇਲ੍ਹ ਦਾ ਰਸਤਾ ਦਿਖਾਉਣ ਦੀ ਤਿਆਰੀ ਵੱਟ ਲਈ ਹੈ। ਸ੍ਰੀ ਖਹਿਰਾ ਵਿਰੁੱਧ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਕੀਤਾ ਜਾ ਸਕਦਾ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਤੇ ਵਿਧਾਇਕ ਕੁਲਜੀਤ ਸਿੰਘ ਨਾਗਰਾ, ਵਿਧਾਇਕ ਚਰਨਜੀਤ ਸਿੰਘ ਚੰਨੀ ਤੇ ਗੁਰਇਕਬਾਲ ਕੌਰ ਨੇ ਦੋਸ਼ ਲਾਉਂਦਿਆਂ ਕਿਹਾ ਕਿ ਬਾਦਲਾਂ ਦੀਆਂ ਹਦਾਇਤਾਂ ਉਤੇ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਨੇ ਸੱਤ ਐਸ.ਐਸ.ਪੀਜ਼. ਨੂੰ ਸ੍ਰੀ ਖਹਿਰਾ ਖ਼ਿਲਾਫ਼ ਮਨਘੜਤ ਸਬੂਤ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੈ। ਇਸ ਤੋਂ ਇਲਾਵਾ ਸਰਕਾਰ ਕਾਂਗਰਸ ਦੇ ਜੁਝਾਰੂ ਵਿਧਾਇਕਾਂ ਸ੍ਰੀ ਨਾਗਰਾ ਤੇ ਸ੍ਰੀ ਚੰਨੀ ਆਦਿ ਦੀ ਆਵਾਜ਼ ਬੰਦ ਕਰਨ ਲਈ ਵੀ ਸਾਜ਼ਿਸ਼ ਘੜ ਰਹੀ ਹੈ। ਮੁਹਾਲੀ ਦੇ ਵਿਧਾਇਕ ਬਲਬੀਰ ਸਿੱਧੂ ਵਿਰੁੱਧ ਪਹਿਲਾਂ ਹੀ ਕਤਲ ਦਾ ਝੂਠਾ ਕੇਸ ਦਰਜ ਕਰਵਾਇਆ ਗਿਆ ਹੈ ਤੇ ਵਿਧਾਇਕ ਰਾਜਾ ਵੜਿੰਗ ਨੂੰ ਵੀ ਨਸ਼ਿਆਂ ਦੇ ਮਾਮਲੇ ਵਿਚ ਬਦਨਾਮ ਕਰਨ ਦਾ ਯਤਨ ਹੋ ਚੁੱਕਿਆ ਹੈ।

ਦੱਸਣਯੋਗ ਹੈ ਕਿ ਫ਼ਾਜ਼ਿਲਕਾ ਪੁਲਿਸ ਵੱਲੋਂ ਭੁਲੱਥ ਵਿਧਾਨ ਸਭਾ ਹਲਕੇ ਦੇ ਪਿੰਡ ਲੱਖਨਕੇ ਪੱਡੇ ਦੇ ਸਾਬਕਾ ਸਰਪੰਚ ਤੇ ਸ੍ਰੀ ਖਹਿਰਾ ਦੇ ਸਿਆਸੀ ਸਮਰਥਕ ਗੁਰਦੇਵ ਸਿੰਘ ਨੂੰ ਡਰੱਗ ਸਮੇਤ ਫੜਿਆ ਸੀ। ਉਸ ਵੇਲੇ ਪੁਲਿਸ ਨੇ ਦੋਸ਼ ਲਾਇਆ ਸੀ ਕਿ ਗੁਰਦੇਵ ਸਿੰਘ ਨਿਰੰਤਰ ਫੋਨ ਆਦਿ ਰਾਹੀਂ ਸ੍ਰੀ ਖਹਿਰਾ ਦੇ ਸੰਪਰਕ ਵਿਚ ਸੀ ਤੇ ਉਨ੍ਹਾਂ ਵਿਚਕਾਰ ਗੂੜ੍ਹੀ ਸਾਂਝ ਸੀ। ਸ੍ਰੀ ਬਾਜਵਾ ਨੇ ਦੋਸ਼ ਲਾਇਆ ਕਿ ਇਸ ਮਾਮਲੇ ਵਿਚ ਬਣਾਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਲੋਂ ਸ੍ਰੀ ਖਹਿਰਾ ਦੇ ਸੁਰੱਖਿਆ ਮੁਲਾਜ਼ਮ ਹੌਲਦਾਰ ਜੋਗਾ ਸਿੰਘ ਨੂੰ ਚਾਰ ਰਾਤਾਂ ਹਿਰਾਸਤ ਵਿਚ ਰੱਖ ਕੇ ਧੱਕੇ ਨਾਲ ਕੋਰੇ ਕਾਗਜ਼ਾਂ ਉਪਰ ਦਸਤਖ਼ਤ ਕਰਵਾਏ ਗਏ ਹਨ, ਜੋ ਸ੍ਰੀ ਖਹਿਰਾ ਵਿਰੁੱਧ ਵਰਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਪੁਲਿਸ ਨੇ ਸਾਬਕਾ ਸਰਪੰਚ ਗੁਰਦੇਵ ਸਿੰਘ ਕੋਲੋਂ ਵੀ ਦਬਾਅ ਪਾ ਕੇ ਬਿਆਨ ਲਿਖਵਾਏ ਹਨ ਕਿ ਉਹ ਸ੍ਰੀ ਖਹਿਰਾ ਦੀ ਸਰਪ੍ਰਸਤੀ ਹੇਠ ਹੀ ਡਰੱਗਜ਼ ਦਾ ਧੰਦਾ ਕਰਦਾ ਹੈ।

ਕਾਂਗਰਸ ਪ੍ਰਧਾਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਇਹ ਸੂਚਨਾ ਪੁਲਿਸ ਦੇ ਉੱਚ ਸੂਤਰਾਂ ਤੋਂ ਮਿਲੀ ਹੈ। ਸ੍ਰੀ ਬਾਜਵਾ ਨੇ ਇਸ ਮੌਕੇ ਡਰੱਗ ਮਾਫੀਆ ਨਾਲ ਸਬੰਧਤ ਕੁਝ ਵਿਅਕਤੀਆਂ ਦੀਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਮੰਤਰੀ ਆਦੇਸ਼ਪ੍ਰਤਾਪ ਸਿੰਘ ਕੈਰੋਂ, ਬਿਕਰਮ ਸਿੰਘ ਮਜੀਠੀਆ, ਸਾਬਕਾ ਸੰਸਦ ਮੈਂਬਰ ਰਤਨ ਸਿੰਘ ਅਜਨਾਲਾ ਤੇ ਵਿਧਾਇਕ ਅਮਰਪਾਲ ਸਿੰਘ ਅਜਨਾਲਾ ਨਾਲ ਖਿੱਚੀਆਂ ਫੋਟੋਆਂ ਦਿਖਾਉਂਦਿਆਂ ਸਵਾਲ ਕੀਤਾ ਕਿ ਇਨ੍ਹਾਂ ਮਾਮਲਿਆਂ ਵਿਚ ਐਸ.ਆਈ.ਟੀ. ਦਾ ਗਠਨ ਕਿਉਂ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਡਰੱਗ ਮਾਮਲੇ ਵਿਚ ਸ੍ਰੀ ਮਜੀਠੀਆ ਤੇ ਹੋਰਾਂ ਉਤੇ ਲੱਗੇ ਗੰਭੀਰ ਦੋਸ਼ਾਂ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਾਮੋਸ਼ ਹਨ, ਜਦੋਂਕਿ ਬਦਲਾਲਊ ਨੀਤੀ ਤਹਿਤ 25 ਹਜ਼ਾਰ ਵਿਅਕਤੀਆਂ ਵਿਰੁੱਧ ਅਜਿਹੇ ਕੇਸ ਦਰਜ ਕੀਤੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦਾ ਵਿਸ਼ਾਲ ਵਫ਼ਦ ਪੰਜਾਬ ਦੇ ਰਾਜਪਾਲ ਨੂੰ ਮਿਲ ਕੇ ਇਹ ਮੁੱਦਾ ਉਠਾਵੇਗਾ ਤੇ ਇਸ ਤੋਂ ਇਲਾਵਾ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨੇ ਲਾਉਣ ਤੇ ਕਾਨੂੰਨੀ ਲੜਾਈ ਲੜਨ ਦੀ ਪ੍ਰਕਿਰਿਆ ਵੀ ਚਲਾਈ ਜਾਵੇਗੀ।

ਇਸ ਮੌਕੇ ਸ੍ਰੀ ਖਹਿਰਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਬਾਦਲਾਂ ਸਮੇਤ ਡੀ.ਜੀ.ਪੀ. ਸੈਣੀ ਦੀਆਂ ਵਧੀਕੀਆਂ ਵਿਰੁੱਧ ਆਵਾਜ਼ ਉਠਾਏ ਜਾਣ ਕਾਰਨ ਉਸ ਨੂੰ ਫਸਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਸਰਕਾਰ ਪਹਿਲਾਂ ਵੀ ਉਨ੍ਹਾਂ ਵਿਰੁੱਧ ਛੇ ਝੂਠੇ ਕੇਸ ਦਰਜ ਕਰ ਚੁੱਕੀ ਹੈ। ਉਹ ਸਰਕਾਰ ਦੇ ਜਬਰ ਵਿਰੁੱਧ ਡਟੇ ਰਹਿਣਗੇ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਦੀ ਜਾਨ ਲੈਣ ਦੀ ਕੋਸ਼ਿਸ਼ ਵੀ ਕੀਤੀ ਜਾ ਸਕਦੀ ਹੈ, ਕਿਉਂਕਿ ਉਨ੍ਹਾਂ ਦੀ ਸੁਰੱਖਿਆ ਵਾਪਸ ਲੈ ਲਈ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਤੇ ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕਾਂਗਰਸ ਅੰਦਰਲੇ ਪਾਪ ਖ਼ੁਦ ਹੀ ਬੋਲ ਰਹੇ ਹਨ। ਕਾਂਗਰਸ ਦੇ ਆਗੂ ਝੂਠੇ ਦੋਸ਼ ਲਾ ਰਹੇ ਹਨ, ਕਿਉਂਕਿ ਮੁੱਖ ਮੰਤਰੀ ਨੇ ਕਦੇ ਵੀ ਬਦਲਾਲਊ ਰਾਜਨੀਤੀ ਨਹੀਂ ਕੀਤੀ। ਸ੍ਰੀ ਖਹਿਰਾ ਦਾ ਮਾਮਲਾ ਪੁਲਿਸ ਕੋਲ ਹੈ ਅਤੇ ਸਰਕਾਰ ਦਾ ਇਸ ਵਿਚ ਕੋਈ ਲੈਣਾ ਦੇਣਾ ਨਹੀਂ ਹੈ ਪਰ ਜੇਕਰ ਕਿਸੇ ਨੇ ਕੁਝ ਗਲਤ ਕੀਤਾ ਹੈ ਤਾਂ ਉਸ ਨੂੰ ਭੁਗਤਣਾ ਹੀ ਪਵੇਗਾ।



## ਡਰੱਗ ਮਾਮਲੇ ਦੀ ਜਾਂਚ ਦਾ ਸਮੁੱਚਾ ਰਿਕਾਰਡ ਤਲਬ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਡਰੱਗ ਰੈਕੇਟ ਕੇਸ ਵਿਚ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਕੀਤੀ ਜਾਂਚ ਦਾ ਸਮੁੱਚਾ ਰਿਕਾਰਡ ਤਲਬ ਕੀਤਾ ਹੈ। ਅਦਾਲਤ ਦੇ ਇਕ ਡਿਵੀਜ਼ਨ ਬੈਂਚ ਨੇ 30 ਅਪਰੈਲ ਦੀ ਸਮਾਂ ਹੱਦ ਤੈਅ ਕੀਤੀ ਹੈ। ਇਹ ਹੁਕਮ ਕਾਫੀ ਅਹਿਮ ਹਨ ਕਿਉਂਕਿ ਇਸ ਰਿਕਾਰਡ ਵਿਚ ਈ.ਡੀ. ਅਫ਼ਸਰ ਨਿਰੰਜਣ ਸਿੰਘ ਵੱਲੋਂ ਛੇ ਹਜ਼ਾਰ ਕਰੋੜ ਦੇ ਕੌਮਾਂਤਰੀ ਡਰੱਗ ਰੈਕੇਟ ਤੇ ਹਵਾਲਾ ਮਾਮਲੇ ਵਿਚ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਕੀਤੀ ਪੁੱਛ ਪੜਤਾਲ ਵੀ ਸ਼ਾਮਲ ਹੈ। ਨਿਰੰਜਣ ਸਿੰਘ ਦੇ ਵਕੀਲ ਨੇ ਬੈਂਚ ਨੂੰ ਦੱਸਿਆ ਕਿ ਮਜੀਠੀਆ ਤੋਂ ਪਿਛਲੇ ਸਾਲ 26 ਦਸੰਬਰ ਨੂੰ ਪੁੱਛ-ਪੜਤਾਲ ਹੋਈ ਸੀ ਤੇ ਨਿਰੰਜਣ ਸਿੰਘ ਨੂੰ ਇਥੋਂ 16 ਜਨਵਰੀ ਨੂੰ ਤਬਦੀਲ ਕੀਤਾ ਗਿਆ। ਗੌਰਤਲਬ ਹੈ ਕਿ ਤਸਕਰੀ ਰੈਕੇਟ ਮਾਮਲੇ ਕਰ ਕੇ ਸ਼੍ਰੋਮਣੀ ਅਕਾਲੀ ਦਲ ਬੁਰੀ ਤਰ੍ਹਾਂ ਫਸ ਗਿਆ ਸੀ ਤੇ ਇਸ ਮਾਮਲੇ ਵਿਚ ਭਾਰਤੀ ਜਨਤਾ ਪਾਰਟੀ ਨੇ ਵੀ ਆਪਣੇ ਹਥਿਆਰ ਤਿੱਖੇ ਕਰਦਿਆਂ ਅਕਾਲੀ ਆਗੂਆਂ ਉਤੇ ਨਿਸ਼ਾਨਾ ਸਾਧ ਲਿਆ ਸੀ।

# ਗੁੰਡਾ ਟੈਕਸ ਮਾਮਲੇ ਉਤੇ ਘਿਰੀ ਸਰਕਾਰ

**ਬਠਿੰਡਾ:** ਪੰਜਾਬ ਪੁਲਿਸ ਕਪਾਹ ਪੱਟੀ ਵਿਚ ਸਾਹਮਣੇ ਆਏ ਬੀਜ ਸਕੈਂਡਲ ਤੋਂ ਆਪਣੇ ਹੱਥ ਪਿਛਾਂਹ ਖਿੱਚਦੀ ਨਜ਼ਰ ਆ ਰਹੀ ਹੈ। ਵਜ਼ੀਰ ਦਾ ਨਾਮ ਜੁੜਨ ਤੋਂ ਬਾਅਦ ਪੁਲਿਸ ਇਸ ਮਾਮਲੇ ਨੂੰ ਖ਼ੁਰਦ ਬੁਰਦ ਕਰਨ ਵਿਚ ਜੁਟ ਗਈ ਹੈ। ਬੀਟੀ ਬੀਜ ਕੰਪਨੀਆਂ ਦੇ ਤਿੰਨ ਅਧਿਕਾਰੀਆਂ ਨੂੰ ਹਿਰਾਸਤ ਵਿਚ ਲੈਣ ਤੋਂ ਬਾਅਦ ਛੱਡ ਦਿੱਤਾ ਗਿਆ ਹੈ। ਉਂਜ ਖੇਤੀ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਉਚ ਪੱਧਰੀ ਜਾਂਚ ਕਰਾਉਣ ਦਾ ਫ਼ੈਸਲਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਫਰੀਦਕੋਟ ਪੁਲਿਸ ਨੇ ਪਿੰਡ ਵਾੜਾ ਭਾਈਕਾ ਵਿਖੇ ਨਾਕੇ ਦੌਰਾਨ ਉਸ ਸਕਾਰਪੀਓ ਗੱਡੀ ਨੂੰ ਘੇਰ ਲਿਆ ਸੀ ਜਿਸ ਵਿਚ ਬੀਜ ਕੰਪਨੀਆਂ ਦੇ ਤਿੰਨ ਅਧਿਕਾਰੀ ਗੁੰਡਾ ਟੈਕਸ ਵਜੋਂ 51 ਲੱਖ ਰੁਪਏ ਕਿਸੇ ਵਜ਼ੀਰ ਨੂੰ ਦੇਣ ਲਈ ਜਾ ਰਹੇ ਸਨ। ਸੂਤਰਾਂ ਮੁਤਾਬਕ ਕੰਪਨੀਆਂ ਵੱਲੋਂ ਇਕ ਕਰੋੜ ਰੁਪਏ ਦਾ ਸੌਦਾ ਤੈਅ ਕੀਤਾ ਗਿਆ ਸੀ ਜਿਸ ਵਿਚੋਂ 51 ਲੱਖ ਰੁਪਏ ਪਹਿਲੀ ਕਿਸ਼ਤ ਵਜੋਂ ਦਿੱਤੇ ਜਾਣੇ ਸਨ। ਇਸ ਦੀ ਇਵਜ਼ ਵਿਚ ਕੰਪਨੀਆਂ ਨੂੰ ਮਹਿੰਗੇ ਭਾਅ ਉਤੇ ਬੀਜ ਵੇਚਣ ਦੀ ਖੁੱਲ੍ਹ ਦਿੱਤੀ ਜਾਣੀ ਸੀ।

ਥਾਣਾ ਤਲਵੰਡੀ ਸਾਬੋ ਦੇ ਮੁੱਖ ਥਾਣਾ ਅਫ਼ਸਰ ਗੁਰਸ਼ੇਰ ਸਿੰਘ ਦਾ ਕਹਿਣਾ ਸੀ ਕਿ ਬਾਜਾਖਾਨਾ ਪੁਲਿਸ ਕਿਸੇ ਘਪਲੇ ਆਦਿ ਦੇ ਸਬੰਧ ਵਿਚ ਨੱਤ ਰੋਡ ਉਤੇ ਵਿਅਕਤੀ ਦੀ ਤਲਾਸ਼ ਵਿਚ ਆਈ ਸੀ। ਏ.ਐਸ.ਆਈ. ਗੋਰਾ ਸਿੰਘ ਦਾ ਕਹਿਣਾ ਸੀ ਕਿ ਲੋੜੀਂਦੇ ਵਿਅਕਤੀ ਨੂੰ ਉਹ ਨਾਲ ਲੈ ਗਏ ਸਨ। ਫਰੀਦਕੋਟ ਪੁਲਿਸ ਨੇ ਬਠਿੰਡਾ ਦੀ ਮਲੋਟ ਰੋਡ ਸਥਿਤ ਸ੍ਰੀ ਰਾਮ ਸੀਡਜ਼ ਦੇ (ਸੀ.ਐਂਡ.ਐਫ.) ਅਜੈ ਜੈਨ ਨੂੰ ਵੀ ਹਿਰਾਸਤ ਵਿਚ ਲੈ ਲਿਆ ਸੀ ਪਰ ਮਗਰੋਂ ਛੱਡ ਦਿੱਤਾ।

# ਚੰਡੀਗੜ੍ਹ ਉਤੇ ਦਾਅਵੇਦਾਰੀ ਤੋਂ ਪਿੱਛੇ ਹਟੀ ਅਕਾਲੀ ਸਰਕਾਰ

**ਚੰਡੀਗੜ੍ਹ:** ਪਿਛਲੇ ਤਕਰੀਬਨ 49 ਸਾਲ ਤੋਂ ਪੰਜਾਬੀ ਬੋਲਦੇ ਇਲਾਕਿਆਂ ਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਵਾਪਸ ਲੈਣ ਦੇ ਨਾਂ ਉਤੇ ਸਿਆਸਤ ਕਰ ਰਿਹਾ ਸ਼੍ਰੋਮਣੀ ਅਕਾਲੀ ਦਲ ਹੁਣ ਆਪ ਹੀ ਚੰਡੀਗੜ੍ਹ ਤੋਂ ਦਾਅਵਾ ਛੱਡਦਾ ਨਜ਼ਰ ਆ ਰਿਹਾ ਹੈ।

ਪੰਜਾਬ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਭਾਰਤ ਦੀ ਅਤਿ ਆਧੁਨਿਕ ਤੇ ਖ਼ੂਬਸੂਰਤ ਰਾਜਧਾਨੀ ਚੰਡੀਗੜ੍ਹ ਵਿਚੋਂ ਹੁਣ ਪੰਜਾਬ ਦੇ ਦਫ਼ਤਰ ਅਕਾਲੀ ਸਰਕਾਰ ਦੇ ਕਾਰਜਕਾਲ ਦੌਰਾਨ ਹੀ ਬਾਹਰ ਹੁੰਦੇ ਜਾ ਰਹੇ ਹਨ। ਤਕਰੀਬਨ ਇਕ ਮਹੀਨਾ ਪਹਿਲਾਂ ਪੰਜਾਬ ਸਰਕਾਰ ਨੇ ਸੂਬੇ ਦੀ ਰੀੜ੍ਹ ਦੀ ਹੱਡੀ ਵਜੋਂ ਜਾਣੀ ਜਾਂਦੀ ਕਿਸਾਨੀ ਨਾਲ ਸਬੰਧਤ ਖੇਤੀਬਾੜੀ ਵਿਭਾਗ ਦਾ ਮੁੱਖ ਦਫ਼ਤਰ ਵੀ ਸੈਕਟਰ 34 ਵਿਚ ਤਬਦੀਲ ਕਰ ਕੇ ਮੁਹਾਲੀ ਭੇਜ ਦਿੱਤਾ ਗਿਆ ਹੈ।

ਇਸ ਤੋਂ ਪਹਿਲਾਂ ਵੀ ਦਰਜਨ ਤੋਂ ਵੱਧ ਪੰਜਾਬ ਸਰਕਾਰ ਦੇ ਦਫ਼ਤਰ ਚੰਡੀਗੜ੍ਹ ਦੇ ਘੇਰੇ ਵਿਚੋਂ ਨਿਕਲ ਕੇ ਮੁਹਾਲੀ ਤਬਦੀਲ ਕਰ ਦਿੱਤੇ ਗਏ ਹਨ। ਖੇਤੀਬਾੜੀ ਵਿਭਾਗ ਜੋ ਸੈਕਟਰ 34 ਵਿਚ ਐਸ.ਸੀ.ਓ. ਨੰਬਰ 85-88 ਵਿਚ ਸਥਿਤ ਸੀ, ਹੁਣ ਮੁਹਾਲੀ ਦੇ ਫੇਜ਼ 6 ਵਿਚ ਨਵੇਂ ਬਣਾਏ ਗਏ ਖੇਤੀ ਭਵਨ ਵਿਚ ਚਲਾ ਗਿਆ। ਨਵੇਂ ਦਫ਼ਤਰ ਦੇ ਮੁਕਾਬਲੇ ਪੁਰਾਣਾ ਦਫ਼ਤਰ ਕਿਸਾਨਾਂ ਦੇ ਆਉਣ ਜਾਣ ਲਈ ਜ਼ਿਆਦਾ ਪਹੁੰਚ ਵਿਚ ਸੀ। ਖੇਤੀਬਾੜੀ ਵਿਭਾਗ ਨਾਲ ਸਬੰਧਤ ਪਨਸੀਡ, ਪੰਜਾਬ ਸਟੇਟ ਸੀਡ ਸਰਟੀਫ਼ਿਕੇਸ਼ਨ ਅਥਾਰਟੀ ਡਾਇਰੈਕਟਰ, ਹਾਰਟੀਕਲਚਰ ਤੇ ਗੰਨਾ ਕਮਿਸ਼ਨਰ ਦੇ ਦਫ਼ਤਰ ਜੋ 17 ਸੈਕਟਰ ਬੱਸ ਸਟੈਂਡ ਦੇ ਸਾਹਮਣੇ 22 ਸੈਕਟਰ ਵਿਚ ਸਨ, ਵੀ ਨਵੇਂ ਖੇਤੀ ਭਵਨ ਵਿਚ ਚਲੇ ਗਏ ਹਨ। ਆਉਣ ਵਾਲੇ ਸਮੇਂ ਵਿਚ ਪਸ਼ੂ ਪਾਲਣ ਵਿਭਾਗ ਵੱਲੋਂ ਵੀ ਮੁਹਾਲੀ ਵਿਚ ਆਪਣਾ ਭਵਨ ਬਣਾਉਣ ਦੀ ਤਿਆਰੀ ਹੈ। ਜਿਸਦੇ ਬਾਅਦ ਉਕਤ ਮਹਿਕਮੇ ਨਾਲ ਸਬੰਧਤ ਡੇਅਰੀ ਵਿਕਾਸ ਬੋਰਡ, ਪਸ਼ੂ ਪਾਲਣ ਵਿਭਾਗ ਤੇ ਹੋਰ ਸਬੰਧਤ ਦਫ਼ਤਰ ਚੰਡੀਗੜ੍ਹ ਤੋਂ ਮੁਹਾਲੀ ਤਬਦੀਲ ਹੋ ਜਾਣਗੇ।

ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਇਸ ਦੇ ਨਾਲ ਪੰਜਾਬ ਦੀ ਦਾਅਵਾ ਕਮਜ਼ੋਰ ਹੋਣਾ ਯਕੀਨੀ ਹੈ ਕਿਉਂਕਿ ਕਿਸੇ ਵੀ ਸੂਬੇ ਦੀ ਰਾਜਧਾਨੀ ਵਿਚ ਉਸਦੇ ਮੁੱਖ ਦਫ਼ਤਰ ਹੋਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਖੇਤੀਬਾੜੀ ਦਫ਼ਤਰ ਤੋਂ ਪਹਿਲਾਂ ਸੈਕਟਰ 17 ਵਿਚੋਂ ਮੰਡੀਕਰਨ ਬੋਰਡ, ਸਕੂਲ ਸਿੱਖਿਆ ਵਿਭਾਗ, ਜਿਸ ਵਿਚ ਡੀ.ਪੀ.ਆਈ. ਪ੍ਰਾਇਮਰੀ ਤੇ ਡੀ.ਪੀ.ਈ ਸੈਕੰਡਰੀ ਸ਼ਾਮਲ ਹੈ, ਤੋਂ ਇਲਾਵਾ ਪੰਚਾਇਤੀ ਰਾਜ, ਜੰਗਲਾਤ ਵਿਭਾਗ, ਵਿਤ ਵਿਭਾਗ, ਐਸ.ਐਸ.ਐਸ.ਬੋਰਡ, ਮਕਾਨ ਉਸਾਰੀ ਤੇ ਸ਼ਹਿਰੀ ਵਿਭਾਗ ਆਦਿ ਚੰਡੀਗੜ੍ਹ ਤੋਂ ਮੁਹਾਲੀ ਤਬਦੀਲ ਹੋ ਗਈ ਹੈ।

ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਦਾ ਇਸ ਪਿੱਛੇ ਤਰਕ ਹੈ ਕਿ ਚੰਡੀਗੜ੍ਹ ਵਿਚ ਕਿਰਾਏ ਦੀਆਂ ਇਮਾਰਤਾਂ ਵਿਚ ਚੱਲ ਰਹੇ ਦਫ਼ਤਰਾਂ ਦੇ ਕਿਰਾਏ ਅਦਾ ਕਰਨੇ ਸਰਕਾਰ ਨੂੰ ਭਾਰੀ ਸਾਬਤ ਹੋ ਰਹੇ ਹਨ। ਇਸ ਤੋਂ ਇਲਾਵਾ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਵੀ ਸਰਕਾਰ ਨੂੰ ਨਵੇਂ ਦਫ਼ਤਰ ਬਣਾਉਣ ਲਈ ਜਗ੍ਹਾ ਨਹੀਂ ਦਿੱਤੀ ਜਾ ਰਹੀ। ਜਿਸ ਕਾਰਨ ਆਪਣੀ ਜਗ੍ਹਾ ਵਿਚ ਦਫ਼ਤਰ ਬਣਾ ਕੇ ਇਨ੍ਹਾਂ ਵਿਭਾਗਾਂ ਨੂੰ ਮੁਹਾਲੀ ਸ਼ਿਫ਼ਟ ਕੀਤਾ ਜਾ ਰਿਹਾ ਹੈ। ਸਰਕਾਰ ਦਾ ਤਰਕ ਹੈ ਕਿ ਅਜਿਹਾ ਹੋਣ ਨਾਲ ਚੰਡੀਗੜ੍ਹ ਉਪਰ ਦਾਅਵੇਦਾਰੀ ਕਿਸੇ ਵੀ ਤਰ੍ਹਾਂ ਕਮਜ਼ੋਰ ਨਹੀਂ ਹੋਣੀ।

ਹਰਿਆਣਾ ਸਰਕਾਰ ਪੰਜਾਬ ਤੋਂ ਪਾਣੀ ਲੈਣ ਦੇ ਨਾਲ-ਨਾਲ ਚੰਡੀਗੜ੍ਹ 'ਤੇ ਵੀ ਆਪਣਾ ਮਜ਼ਬੂਤੀ ਨਾਲ ਹੱਕ ਜਤਾ ਰਹੀ ਹੈ। ਇਸ ਸੂਬੇ ਦੇ ਲੀਡਰਾਂ ਦਾ ਤਰਕ ਹੈ ਕਿ ਜੇਕਰ ਪੰਜਾਬ ਨੇ ਚੰਡੀਗੜ੍ਹ ਲੈਣਾ ਹੈ ਤਾਂ ਇਸ ਬਦਲੇ ਨਾ ਸਿਰਫ਼ ਉਸ ਨੂੰ ਹਰਿਆਣਾ ਲਈ ਨਵੀਂ ਰਾਜਧਾਨੀ ਬਣਾਉਣ ਵਾਸਤੇ ਪੈਸੇ ਦੇਣੇ ਹੋਣਗੇ ਸਗੋਂ ਅਬੋਹਰ ਤੇ ਫ਼ਾਜ਼ਿਲਕਾ ਨਾਲ ਸਬੰਧਤ ਹਿੰਦੀ ਬੋਲਦੇ ਇਲਾਕਿਆਂ ਨੂੰ ਵੀ ਉਸ ਦੇ ਹਵਾਲੇ ਕਰਨਾ ਪਵੇਗਾ। ਪੰਜਾਬ ਤੇ ਹਰਿਆਣਾ ਨਾਲ ਸਬੰਧਤ ਮੁੱਦਿਆਂ ਦੇ ਹੱਲ ਲਈ ਕੁਝ ਦਿਨ ਪਹਿਲਾਂ ਕੇਂਦਰੀ ਮੰਤਰੀ ਉਮਾ ਭਾਰਤੀ ਵੀ ਦੋਨਾਂ ਰਾਜਾਂ ਦੇ ਮੁੱਖ ਮੰਤਰੀਆਂ ਦੀ ਜਲਦ ਹੀ ਮੀਟਿੰਗ ਕਰਵਾਉਣ ਦਾ ਐਲਾਨ ਕਰ ਚੁੱਕੀ ਹੈ।

## ਰਾਜਧਾਨੀ ਵਿਚਲੇ ਜ਼ਿਆਦਾਤਰ ਦਫਤਰ ਮੁਹਾਲੀ ਤਬਦੀਲ




# ਹੋਂਦ ਚਿੱਲੜ ਵਾਲੀ ਰਿਪੋਰਟ ਨਸ਼ਰ ਕਰਨ ਤੋਂ ਟਲ ਰਹੀ ਹੈ ਸਰਕਾਰ

**ਚੰਡੀਗੜ੍ਹ (ਬਿਊਰੋ):** ਹਰਿਆਣੇ ਵਿਚ ਨਵੰਬਰ, 1984 ਦੌਰਾਨ ਸਿੱਖ ਕਤਲੇਆਮ ਬਾਰੇ ਗਰਗ ਕਮਿਸ਼ਨ ਵੱਲੋਂ ਆਪਣੀ ਜਾਂਚ ਰਿਪੋਰਟ ਮੁੱਖ ਮੰਤਰੀ ਹਰਿਆਣਾ ਨੂੰ ਸੌਂਪਿਆਂ ਪੂਰਾ ਇਕ ਮਹੀਨਾ ਹੋ ਗਿਆ ਹੈ ਪਰ ਇਸ ਜਾਂਚ ਰਿਪੋਰਟ ਵਿਚ ਕਿਹੜੇ ਅਹਿਮ ਖ਼ੁਲਾਸੇ ਹੋਏ ਹਨ, ਹਰਿਆਣਾ ਵਿਚਲੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਇਸ 'ਤੇ ਪਰਦਾ ਪਾਇਆ ਜਾ ਰਿਹਾ ਹੈ। ਜਿਸ ਵੇਲੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਗਰਗ ਕਮਿਸ਼ਨ ਨੇ ਇਹ ਰਿਪੋਰਟ ਸੌਂਪੀ ਸੀ, ਉਸ ਤੋਂ ਬਾਅਦ ਖੱਟਰ ਨੇ ਹੋਂਦ ਚਿੱਲੜ ਕਤਲੇਆਮ ਕਾਂਡ ਦੇ ਪੀੜਤਾਂ ਨੂੰ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਸੀ ਪਰ ਸੂਤਰਾਂ ਅਨੁਸਾਰ ਇਸ ਰਿਪੋਰਟ ਵਿਚ ਸਿੱਖ ਕਤਲੇਆਮ ਦੇ ਕਾਰਨਾਂ, ਜ਼ਿੰਮੇਵਾਰ ਲੋਕਾਂ, ਸਰਕਾਰ ਦੇ ਅਕਸ, ਅੱਗੋਂ ਅਜਿਹੀ ਤ੍ਰਾਸਦੀ ਨਾ ਵਾਪਰੇ, ਬਾਰੇ ਐਕਸ਼ਨ ਪਲਾਨ ਦਾ ਜਿਹੜਾ ਖ਼ੁਲਾਸਾ ਜਸਟਿਸ ਟੀ.ਪੀ. ਗਰਗ ਨੇ ਕੀਤਾ ਹੈ, ਉਸ ਨੂੰ ਅਜੇ ਤੱਕ ਜਨਤਕ ਨਹੀਂ ਕੀਤਾ ਗਿਆ।

ਹੋਂਦ ਚਿੱਲੜ, ਗੁੜਗਾਓਂ ਪਟੌਦੀ ਵਿਚ ਹੋਏ ਕਤਲੇਆਮ ਦੇ ਕੇਸਾਂ ਦੀ ਪੈਰਵੀ ਕਰ ਰਹੀ ਤਾਲਮੇਲ ਕਮੇਟੀ ਦੇ ਆਗੂਆਂ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਅਨੁਸਾਰ ਉਨ੍ਹਾਂ ਵੱਲੋਂ ਇਸ ਮਾਮਲੇ ਵਿਚ ਮੁੱਖ ਮੰਤਰੀ ਤੋਂ ਮੁਲਾਕਾਤ ਲਈ ਬੇਨਤੀ ਕੀਤੀ ਗਈ ਹੈ ਤਾਂ ਜੋ ਇਹ ਰਿਪੋਰਟ ਜਨਤਕ ਕਰਵਾਕੇ ਇਸ ਕੇਸ ਦੀ ਸਚਾਈ ਲੋਕਾਂ ਸਾਹਮਣੇ ਲਿਆਂਦੀ ਜਾ ਸਕੇ।

# ਰਿਓ ਲਿੰਡਾ ਵਿਚ ਖਾਲਸਾ ਸਾਜਨਾ ਦਿਵਸ ਮਨਾਇਆ





**ਸੈਕਰਾਮੈਂਟੋ (ਬਿਊਰੋ):** ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓ ਲਿੰਡਾ ਵਿਖੇ ਖਾਲਸਾ ਸਾਜਨਾ ਦਿਵਸ ਵਿਸਾਖੀ ਬੜੀ ਸ਼ਰਧਾ ਨਾਲ ਮਨਾਇਆ ਗਿਆ।

ਇਸ ਸਬੰਧੀ ਰੱਖੇ ਗਏ ਅਖੰਡ ਪਾਠ ਦਾ ਭੋਗ ਲੰਘੀ 24 ਅਪਰੈਲ ਨੂੰ ਪਾਇਆ ਗਿਆ। ਉਪਰੰਤ ਗੁਰੂ ਘਰ ਦੇ ਕੀਰਤਨੀ ਜਥੇ ਭਾਈ ਨਿਰਮਲ ਸਿੰਘ ਅਤੇ ਭਾਈ ਅਵਤਾਰ ਸਿੰਘ ਐਲ ਸਬਰਾਂਟੇ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਗਾਇਨ ਨਾਲ ਨਿਹਾਲ ਕੀਤਾ। ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਨੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਵਾਇਆ।

ਇਸ ਮੌਕੇ ਗੁਰੂ ਘਰ ਦੇ ਸਕੱਤਰ ਰਾਜ ਕੁਮਾਰ ਸੂਦ, ਜੀਵਨ ਰੱਤੂ ਅਤੇ ਜਸਵੰਤ ਜੱਸੀ ਸ੍ਰੀਮਾਰ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਵਿਸਾਖੀ ਦੀ ਵਧਾਈ ਦਿੱਤੀ। ਸਮਾਗਮ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।


GROW YOUR BUSINESS
WITH NEW TREND
FULL COLOR
LED
Digital Display
&
Message Board
LICENSED Contractor
GAS SIGNS
HOTEL/MOTEL SIGNS
DIESEL
CREDIT
We install anywhere in california
RF Remote
LCD Remote
ELECTRIC
SIGN
COMPANY
for more info: Call Sukhpal
1-661-586-1106
email: esigncompany@gmail.com


Surveillance Camera
Systems
2 Year Warranty
Vista
Full HD 1080P
Now Sell & Install
ONLY
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
HIGH DEFINITION
UP GRADE YOUR SECURITY SYSTEM
Fully Trained Technical Staff.
Serving Since 1999.
We Install any where in California.
Commercial Grade Equipment.
Solution for Gas stations,Liquor Stores,
Hotel/Motel,warehouse & Homes
Call Sukhpal
1-661-586-5080
Email: commvision@sbcglobal.net


ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ
Punjab Truck Wash & Repair 2301 Simpson Street, Kingsburg, CA 93631
ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114
Truck Trailer Wash $55
*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ
Oil Change Special $179.99
Labour $55 per hour
All major and minor repairs.
ਤਸੱਲੀਬਖਸ਼ ਕੰਮ
ਵਾਜਬ ਰੇਟ
Free Parking
Stearing Tires American (set of two) $799.99
ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਸਰਹੱਦ ਨਹੀਂ ਸੰਗੀਤ

## ਗੁਲਾਮ ਅਲੀ ਨੇ ਛੇੜੀਆਂ ਸਹਿਜ ਵਾਲੀਆਂ ਸੁਰਾਂ



### ਕਲਾ ਪਰਿਕਰਮਾ

ਗਜ਼ਲ ਗਾਇਕ ਗੁਲਾਮ ਅਲੀ ਪਹਿਲਾ ਅਜਿਹਾ ਪਾਕਿਸਤਾਨੀ ਕਲਾਕਾਰ ਹੋ ਨਿਬੜਿਆ ਹੈ ਜਿਸ ਨੇ ਮੰਦਰਾਂ ਦੇ ਸ਼ਹਿਰ ਵਾਰਾਣਸੀ ਦੇ ਸੰਕਟ ਮੋਚਨ ਮੰਦਰ ਵਿਚ ਆਪਣੀ ਕਲਾ ਦਾ ਜਲੌਅ ਦਿਖਾਇਆ। ਐਤਕੀਂ ਸਾਲਾਨਾ 'ਸੰਕਟ ਮੋਚਨ ਸੰਗੀਤ ਸਮਾਰੋਹ' ਦੌਰਾਨ ਉਨ੍ਹਾਂ ਆਪਣੇ ਫਨ ਦਾ ਮੁਜ਼ਾਹਰਾ ਕਰ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਬਾਅਦ ਵਿਚ ਹੋਈਆਂ ਗੱਲਾਂ-ਬਾਤਾਂ ਦੌਰਾਨ ਉਨ੍ਹਾਂ ਕਿਹਾ ਕਿ ਸੰਗੀਤ ਦੀ ਕੋਈ ਸਰਹੱਦ ਨਹੀਂ ਹੁੰਦੀ। ਅਸਲ ਵਿਚ ਉਨ੍ਹਾਂ ਨੂੰ ਜਿਹੜਾ ਸਵਾਲ ਕੀਤਾ ਗਿਆ ਸੀ, ਉਸ ਦਾ ਪ੍ਰਸੰਗ ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਨਾਲ ਜੁੜਿਆ ਹੋਇਆ ਸੀ।

ਸੱਚਮੁੱਚ ਸੰਗੀਤ ਅਤੇ ਸੁਰਾਂ ਦੀ ਕੋਈ ਸਰਹੱਦ ਨਹੀਂ ਹੁੰਦੀ। ਹਰ ਕਲਾਕਾਰ ਸਦਾ ਇਹੀ ਕਹਿੰਦਾ ਆਇਆ ਹੈ, ਪਰ 25 ਅਪਰੈਲ ਨੂੰ ਪਾਕਿਸਤਾਨ ਦੇ ਨੌਜਵਾਨ ਗਾਇਕ ਆਤਿਫ ਅਸਲਮ ਦਾ ਪੁਣੇ ਵਿਖੇ ਹੋਣ ਵਾਲਾ ਪ੍ਰੋਗਰਾਮ ਸ਼ਿਵ ਸੈਨਾ ਦੇ ਡਰਾਵੇ ਕਾਰਨ ਰੱਦ ਕਰ ਦਿੱਤਾ ਗਿਆ। ਸ਼ਿਵ ਸੈਨਾ ਪਾਕਿਸਤਾਨ ਅਤੇ ਮੁਸਲਮਾਨਾਂ ਬਾਰੇ ਬੜਾ ਤਅੱਸਬ ਰੱਖਦੀ ਹੈ ਅਤੇ ਕੋਈ ਵੀ ਅਜਿਹਾ ਪ੍ਰੋਗਰਾਮ ਸਿਰੇ ਨਹੀਂ ਚੜ੍ਹਨ ਦਿੰਦੀ ਜਿਸ ਵਿਚ ਕਿਸੇ ਪਾਕਿਸਤਾਨੀ ਕਲਾਕਾਰ ਨੇ ਸ਼ਿਰਕਤ ਕਰਨੀ ਹੋਵੇ। ਇਸੇ ਕਰ ਕੇ ਹੁਣ ਗੁਲਾਮ ਅਲੀ ਵਰਗੇ ਚੋਟੀ ਦੇ ਕਲਾਕਾਰਾਂ ਲਈ ਇਹ ਸਭ ਤੋਂ ਵੱਡਾ ਸਵਾਲ ਬਣ ਕੇ ਸਾਹਮਣੇ ਆਣ ਖਲੋਇਆ ਹੈ, ਕਿਉਂਕਿ ਉਹ ਬਾਅਦ ਵਿਚ ਨਵੀਂ ਦਿੱਲੀ ਵਿਖੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਵੀ ਮਿਲੇ ਸਨ। ਇਸ ਮੁਲਾਕਾਤ ਦੇ ਵੇਰਵੇ ਭਾਵੇਂ ਕਿਸੇ ਨੂੰ ਦੱਸੇ ਨਹੀਂ ਗਏ, ਪਰ ਸਵਾਲਾਂ ਦਾ ਸਵਾਲ ਇਹ ਬਣ ਰਿਹਾ ਹੈ ਕਿ, ਕੀ ਗੁਲਾਮ ਅਲੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੋਲ ਪਾਕਿਸਤਾਨੀ ਕਲਾਕਾਰਾਂ ਦੇ ਪ੍ਰੋਗਰਾਮ ਡੱਕਣ ਦਾ ਮਾਮਲਾ ਉਠਾਇਆ ਹੋਵੇਗਾ ਜਾਂ ਨਹੀਂ?


ਵਾਰਾਣਸੀ ਵਿਚ ਹੋਏ ਸੰਗੀਤ ਸਮਾਰੋਹ ਵਿਚ ਉਥੇ ਸਰੋਦ ਵਾਦਕ ਅਮਜਦ ਅਲੀ ਖਾਨ ਨੇ ਵੀ ਸ਼ਿਰਕਤ ਕੀਤੀ ਸੀ। ਉਨ੍ਹਾਂ ਵੀ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਾਂਝ ਦਾ ਜ਼ਿਕਰ ਕਰਦਿਆਂ ਇਹੀ ਕਿਹਾ ਕਿ ਕੋਈ ਸਰਹੱਦ ਸੰਗੀਤ ਦੀਆਂ ਸੁਰਾਂ ਨੂੰ ਡੱਕ ਨਹੀਂ ਸਕਦੀ। ਉਂਜ ਸੱਚ ਇਹ ਹੈ ਕਿ ਉਨ੍ਹਾਂ ਪਾਕਿਸਤਾਨੀ ਕਲਾਕਾਰਾਂ ਦੇ ਪ੍ਰੋਗਰਾਮ ਡੱਕਣ ਖਿਲਾਫ ਆਵਾਜ਼ ਨਹੀਂ ਉਠਾਈ। ਇਹੀ ਹਾਲ ਹੋਰ ਕਲਾਕਾਰਾਂ ਦਾ ਹੈ। ਕਲਾਕਾਰਾਂ ਦੀ ਇਸੇ ਖਾਮੋਸ਼ੀ ਕਰ ਕੇ ਸ਼ਿਵ ਸੈਨਿਕ ਹਰ ਵਾਰ ਅਜਿਹੇ ਪ੍ਰੋਗਰਾਮ ਡੱਕਣ ਵਿਚ ਕਾਮਯਾਬ ਹੋ ਜਾਂਦੇ ਹਨ। ਇਨ੍ਹਾਂ ਹਿੰਦੂ ਜਥੇਬੰਦੀਆਂ ਦੇ ਸਤਾਏ ਸੰਸਾਰ ਪ੍ਰਸਿੱਧ ਚਿੱਤਰਕਾਰ ਮਕਬੂਲ ਫ਼ਿਦਾ ਹੁਸੈਨ ਨੇ ਤਾਂ ਰੋਸ ਵਜੋਂ ਭਾਰਤ ਸਦਾ ਸਦਾ ਲਈ ਛੱਡ ਦਿੱਤਾ ਸੀ ਅਤੇ ਜਲਾਵਤਨੀ ਦੌਰਾਨ ਹੀ ਉਸ ਦੀ ਮੌਤ ਹੋ ਗਈ ਸੀ।

**-ਜਗਜੀਤ ਸਿੰਘ ਸੇਖੋਂ**



ਨਵੀਂ ਦਿੱਲੀ ਵਿਚ ਪ੍ਰਧਾਨ ਮੰਤਰੀ ਮੋਦੀ ਨੂੰ ਮਿਲ ਰਹੇ ਗਾਇਕ ਗੁਲਾਮ ਅਲੀ।

## ਦੋ ਪ੍ਰਧਾਨ ਮੰਤਰੀਆਂ ਦੀ ਖਾਮੋਸ਼ੀ ਦੀ ਦਾਸਤਾਨ



*ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਜਥੇਬੰਦੀ ਭਾਜਪਾ ਦੇ ਆਗੂ ਆਏ ਦਿਨ ਮੁਸਲਮਾਨਾਂ ਤੇ ਹੋਰ ਘੱਟ-ਗਿਣਤੀਆਂ ਖਿਲਾਫ ਭੜਕਾਊ ਭਾਸ਼ਣ ਦਾਗਦੇ ਰਹਿੰਦੇ ਹਨ। ਇਸ ਬਾਰੇ ਮੋਦੀ ਨੇ ਖੁੱਲ੍ਹ ਕੇ ਕਦੀ ਕੁਝ ਨਹੀਂ ਆਖਿਆ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਜਦੋਂ ਅਹਿਮ ਮਸਲਿਆਂ ਬਾਰੇ ਖਾਮੋਸ਼ੀ ਧਾਰਨ ਕਰ ਲੈਂਦੇ ਸਨ ਤਾਂ ਮੋਦੀ ਤੁਰੰਤ ਬਿਆਨ ਦਾਗਦੇ ਹੁੰਦੇ ਸਨ। ਇਹ ਸੱਚ ਹੈ ਕਿ ਮਨਮੋਹਨ ਸਿੰਘ ਭਾਵੇਂ ਖੁਦ ਇਮਾਨਦਾਰੀ ਦਾ ਬੋਝ ਚੁੱਕੀ ਫਿਰਦੇ ਰਹੇ, ਪਰ ਉਨ੍ਹਾਂ ਦੇ ਨੱਕ ਥੱਲੇ ਉਨ੍ਹਾਂ ਦੇ ਮੰਤਰੀ ਘਪਲਾ-ਦਰ-ਘਪਲਾ ਕਰੀ ਗਏ। ਮਨਮੋਹਨ ਸਿੰਘ ਵਾਂਗ ਹੁਣ ਮੋਦੀ ਵੀ ਖਾਮੋਸ਼ ਹੋ ਗਏ ਹਨ।*



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਮਈ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-167



*ਠੱਕ ਠੱਕ ਰੀ ਰੀ ਕਰਦੀਆਂ ਟਿੰਡਾਂ, ਕਿਥੇ ਧੁਨ ਏ ਸੁਣਦੀ।*
*ਕਿੱਦਾਂ ਬਚੂ ਵਿਰਾਸਤ ਸਾਡੀ, ਤਾਣੇ ਲੱਛੀ ਬੁਣਦੀ।*
*ਖੂਹਾਂ ਦੀ ਹੁਣ ਗੱਲ ਰਹੀ ਨਾ, ਨਾ ਮੌਣ ਤੇ ਗਾਧੀ।*
*ਬਚਣਗੀਆਂ ਇਹ ਯਾਦਾਂ ਕਿੱਦਾਂ, ਜਿੰਦ ਫਿਕਰਾਂ ਨੇ ਖਾਧੀ*

## ਕੈਪਸ਼ਨ ਮੁਕਾਬਲਾ-165




ਮੁੱਢ ਤਾਂ ਇਕੋ ਸੀ ਜੀਵਨ ਦਾ,
ਸ਼ੈਤਾਨ ਨੇ ਉਸ ਵਿਚ ਵੰਡੀਆਂ ਪਾਈਆਂ।
ਕੁਝ ਉਚੀਆਂ ਕੁਝ ਨੀਵੀਆਂ ਜਾਤਾਂ
ਆਪਣੇ ਮਕਸਦ ਲਈ ਬਣਾਈਆਂ।
ਐਨੀ ਨਫ਼ਰਤ ਭਰ ਦਿੱਤੀ ਕਿ
ਸ਼ਮਸਾਨਾਂ ਅੱਡੋ-ਅੱਡ ਕਰਵਾਈਆਂ।
ਹੈਰਾਨੀ ਵਾਲੀ ਗੱਲ ਹੈ ਵਿਚੋਂ
ਇਕੋ ਬੋਰਡ ਤੇ ਕਿਵੇਂ ਲਿਖਾਈਆਂ?
**-ਜਗਮੀਤ ਸਿੰਘ ਪੰਧੇਰ**

---

ਬੋਰਡ ਦੇਖ ਕੇ ਇੰਜ ਲੱਗਦਾ
ਰੱਬ ਵੀ ਸ਼ਾਇਦ ਦੋ ਹੁੰਦੇ ਹੋਣ।
ਜੱਟਾਂ ਆਪਣਾ ਵੱਖਰਾ ਰੱਖਿਆ
ਦੂਜਿਆਂ ਲਈ ਕੋਈ ਹੋਵੇ ਹੋਰ।
ਕਮਲਿਓ ਲੋਕੋ ਮੌਤ ਦੇ ਪਿਛੋਂ
ਜਾਣਾ ਇਕ ਹੀ ਥਾਂ ਅਸਾਂ।
'ਵਾਲਹੁ ਨਿੱਕੀ ਖੰਨਿਉਂ ਤਿੱਖੀ'
ਜਿਥੇ ਡੰਡੀ ਜਾਂਦੀ ਇਕ ਮਸਾਂ।
ਇਥੇ ਆ ਕੇ ਤਾਂ ਬਸ ਕਰੋ
ਕਿਉਂ ਸ਼ਰਮ ਭੋਰਾ ਨਹੀਂ ਖਾਂਦੇ ਜੀ।
ਹੁਣ ਅਮਲਾਂ ਦੇ ਹੋਣ ਨਿਬੇੜੇ
ਜਾਤਾਂ ਦੇ ਝਗੜੇ ਮੁੱਕ ਜਾਂਦੇ ਜੀ।
**-ਸੇਵਾ ਸਿੰਘ ਨੂਰਪੁਰੀ**

---

ਮੰਦਰ ਵੰਡ ਲਏ
ਨਾਲੇ ਭਗਵਾਨ ਵੰਡ ਲਏ।
ਜਾਤ-ਪਾਤ ਦੇ ਨਾਂ ਉਤੇ
ਇਨਸਾਨ ਵੰਡ ਲਏ।
ਸੁੰਨੀ-ਸ਼ੀਆ, ਬੋਧੀ, ਪਾਰਸੀ,
ਹਿੰਦੂ, ਇਸਾਈ, ਸਿੱਖ
ਗ੍ਰੰਥ, ਪੋਥੀਆਂ, ਬਾਈਬਲ,
ਅੰਜੀਲ, ਕੁਰਾਨ ਵੰਡਣ ਲਏ।
ਤੋੜਨ ਵਾਲੇ ਧਰਮੀ
ਸਿਆਸੀ ਆਗੂ ਨੇ ਹੋਏ ਬੜੇ
ਜੋੜਨ ਲਈ ਗਿਣਤੀ ਦੇ
ਲੋਕਾਂ ਵਲੋਂ ਗਿਆਨ ਵੰਡ ਲਏ।
ਏਕ ਨੂਰ ਤੋਂ ਉਪਜੇ ਭੁੱਲ ਗਏ,
ਗੁਰੂ ਜੀ ਦੀ ਬਾਣੀ ਨੂੰ
ਜਿਉਂਦਿਆਂ ਮਜ਼ਹਬ ਤੇ ਮੋਇਆਂ ਦੇ
ਸ਼ਮਸਾਨ ਵੰਡ ਲਏ।
**-ਕਰਨੈਲ ਸਿੰਘ ਕੈਲ**

---

ਮਜ਼ਹਬਾਂ ਦੇ ਵਿਚ ਧਰਮ ਵੰਡ ਲਏ
ਜਾਤਾਂ ਦੇ ਵਿਚ ਬਾਣੀ।
ਏਕ ਨੂਰ ਤੇ ਸਭ ਜਗ ਉਪਜਿਆ
ਇਹ ਗੱਲ ਕਿਸੇ ਨਾ ਜਾਣੀ।
ਗੁਰੂਆਂ ਜਾਤ ਦਾ ਹੋਕਾ ਦਿੱਤਾ
ਪਰ ਅਸਾਂ ਬਣਾਈ ਕਹਾਣੀ।
ਜਿਉਂਦੇ ਜੀ ਕੀ ਰੱਖੀ ਸੋਚ ਬੰਦੇ ਨੇ
ਇਹ ਹੁਣ ਪੱਥਰ ਦੱਸਣ ਜ਼ੁਬਾਨੀ।
**-ਸਿਕੰਦਰ ਸਿੰਘ ਇਕੋਲਾਹਾ**
**ਡਿਕੇਟਰ, ਮਿਸ਼ੀਗਨ।**

---

ਸ਼ਮਸ਼ਾਨਘਾਟ ਭਾਵੇਂ ਦੋ ਹਨ
ਪਰ ਪਹੁੰਚ ਮਾਰਗ ਹੈ ਇਕ।
ਆਖਰ ਦੋਵਾਂ ਨੇ ਹੋ ਜਾਣਾ
ਮਿੱਟੀ ਦੇ ਨਾਲ ਇਕਮਿੱਕ।
ਫਿਰ ਵੀ ਇਹ ਸਮਝ ਨਾ ਆਉਂਦੀ
ਪਾਈ ਕਿਉਂ ਹੈ ਇਹ ਫਿੱਕ।
**-ਇੰਦਰਜੀਤ ਮੰਗਾ ਪਿਟਸਬਰਗ**

---

ਫਿਰਕੂ ਨਫ਼ਰਤ, ਵੰਡੀਆਂ ਪਾਉਣ ਵਾਲਿਓ
ਨਾ ਵੰਡੋ ਸ਼ਮਸ਼ਾਨਘਾਟਾਂ ਨੂੰ।
ਸਾੜ ਦਿੱਤਾ ਸੁਆਹ ਹੋ ਗਈ
ਸਿਵੇ ਦੀ ਧਰਤੀ ਰਹਿੰਦੀ ਹੈ ਉਥੇ।
ਕੋਈ ਦਬਾਉਂਦਾ, ਕੋਈ ਜਲਾਉਂਦਾ,
ਭਰਮ ਜਾਲ ਵੀ ਬੜੇ ਬੜੇ ਨੇ...
ਕਿਆਮਤ, ਪੁਨਰ ਜਨਮ।
ਪਰ ਨਾਂ ਇਨਸਾਨ ਦਾ
ਬਰਕਰਾਰ ਰਹੇ ਸਿਰਫ।
ਕਿੰਨਾ ਦਰਦ ਤੇ ਤਾਹਨਾ ਹੈ,
ਕਵੀ 'ਦਿਲ' (ਲਾਲ ਸਿੰਘ) ਦੇ ਲਫ਼ਜ਼ਾਂ 'ਚ,
'ਮੈਨੂੰ ਪਿਆਰ ਕਰਦੀਏ
ਪਰ-ਜਾਤ ਕੁੜੀਏ,
ਸਾਡੇ ਤਾਂ ਸਿਵੇ ਵੀ
ਇਕੱਠੇ ਨਹੀਂ ਜਲਾਏ ਜਾਂਦੇ।'
**-ਦਰਸ਼ਨਪਾਲ ਸਿੰਘ ਦੋਸਾਂਝ**

# ਸਾਂਝੀ ਖੇਤੀ 'ਚੋਂ ਉਗੀ ਸੰਘਰਸ਼ ਦੀ ਸਫਲਤਾ ਦੀ ਫਸਲ

**ਸੰਗਰੂਰ:** ਪਿੰਡ ਬਾਲਦ ਕਲਾਂ ਦੇ ਦਿਹਾੜੀਦਾਰ ਦਲਿਤ ਮਜ਼ਦੂਰਾਂ ਹਰਭਜਨ ਸਿੰਘ, ਦੇਸ ਰਾਜ, ਲਛਮਣ ਸਿੰਘ, ਜਗਤਾਰ ਸਿੰਘ, ਰਣਜੀਤ ਸਿੰਘ, ਪਿਆਰ ਸਿੰਘ ਤੇ ਗੁਰਪ੍ਰੀਤ ਸਿੰਘ ਦੇ ਚਿਹਰੇ ਉਦੋਂ ਉਤਸ਼ਾਹ ਨਾਲ ਚਮਕ ਉਠੇ, ਜਦੋਂ ਉਨ੍ਹਾਂ ਨੂੰ ਦੋ-ਦੋ ਕੁਇੰਟਲ ਕਣਕ ਤੇ ਤੂੜੀ ਦੀ ਇਕ-ਇਕ ਟਰਾਲੀ ਮਿਲੀ। ਕਈ ਦਹਾਕਿਆਂ ਮਗਰੋਂ ਉਨ੍ਹਾਂ ਦਾ ਸੁਪਨਾ ਸੱਚ ਹੋਇਆ ਹੈ ਕਿਉਂਕਿ ਉਨ੍ਹਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਇਸ ਜ਼ਮੀਨ ਉਤੇ ਮਾਲਕਾਂ ਵਾਂਗ ਕੰਮ ਕਰ ਸਕਣਗੇ ਤੇ ਉਨ੍ਹਾਂ ਨੂੰ ਫ਼ਸਲ ਮੰਡੀ ਵਿਚ ਵੇਚਣ ਤੋਂ ਬਾਅਦ ਹੋਏ ਲਾਭ ਵਿਚੋਂ ਹਿੱਸਾ ਤੇ ਆਪਣੇ ਪਰਿਵਾਰਾਂ ਲਈ ਕਣਕ ਵੀ ਮਿਲੇਗੀ। ਸਾਂਝੀ ਖੇਤੀ ਦਾ ਤਜਰਬਾ ਸਫ਼ਲ ਹੋਣ 'ਤੇ ਦਲਿਤਾਂ ਨੇ ਪਿੰਡ ਵਿੱਚ 'ਵਿਸਾਖੀ' ਮਨਾ ਕੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਭੰਗੜਾ ਤੇ ਗਿੱਧਾ ਪਾਉਣ ਤੋਂ ਇਲਾਵਾ ਲੋਕ ਗੀਤ ਵੀ ਗਾਏ ਗਏ। ਪਿੰਡ ਦੇ 144 ਦਲਿਤ ਪਰਿਵਾਰਾਂ ਨੇ ਅਨੁਸੂਚਿਤ ਜਾਤੀਆਂ ਲਈ ਰਾਖਵੀਂ 125 ਏਕੜ ਪੰਚਾਇਤੀ ਜ਼ਮੀਨ ਵਿਚ ਇਸ ਹਾੜ੍ਹੀ ਸੀਜ਼ਨ ਦੌਰਾਨ ਸਾਂਝੀ ਖੇਤੀ ਦਾ ਤਜਰਬਾ ਕੀਤਾ, ਜੋ ਸਫ਼ਲ ਰਿਹਾ। ਪਿੰਡ ਦੇ ਦਲਿਤਾਂ ਨੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਵਿਚ ਇਹ ਜ਼ਮੀਨ ਠੇਕੇ ਉਤੇ ਵਹਾਈ ਵਾਸਤੇ ਲੈਣ ਲਈ ਤਿੰਨ ਮਹੀਨਿਆਂ ਤੱਕ ਸੰਘਰਸ਼ ਕੀਤਾ ਸੀ, ਜਿਸ ਮਗਰੋਂ ਉਹ ਹਾੜ੍ਹੀ ਸੀਜ਼ਨ ਲਈ ਜ਼ਮੀਨ ਪ੍ਰਾਪਤ ਕਰਨ ਵਿਚ ਸਫ਼ਲ ਰਹੇ। 'ਫ਼ਰਜ਼ੀ ਦਲਿਤ ਕਿਸਾਨਾਂ' ਦੇ ਨਾਂ ਠੇਕੇ ਉਤੇ ਜ਼ਮੀਨ ਹਾਸਲ ਕਰਨ ਵਾਲਿਆਂ ਵੱਲੋਂ ਇਸ ਦਾ ਵਿਰੋਧ ਕਰਨ ਨਾਲ ਸੰਘਰਸ਼ ਦੌਰਾਨ 40 ਜਣਿਆਂ ਨੂੰ ਦੋ ਮਹੀਨੇ ਜੇਲ੍ਹ ਵਿਚ ਵੀ ਬਿਤਾਉਣੇ ਪਏ।

ਗਿਆਰਾਂ ਮੈਂਬਰੀ ਸੰਘਰਸ਼ ਕਮੇਟੀ ਦੇ ਸਰਗਰਮ ਮੈਂਬਰ ਰਾਮਪਾਲ ਸਿੰਘ ਨੇ ਦੱਸਿਆ ਕਿ ਇਸ ਜ਼ਮੀਨ ਵਿਚੋਂ ਔਸਤਨ 22 ਕੁਇੰਟਲ ਪ੍ਰਤੀ ਏਕੜ ਦਾ ਝਾੜ ਨਿਕਲਿਆ ਹੈ। ਜਿਹੜੇ 74 ਪਰਿਵਾਰਾਂ ਨੇ ਠੇਕੇ ਦੀ ਰਕਮ ਜਮ੍ਹਾਂ ਕਰਵਾਉਣ ਵਿਚ 11-11 ਹਜ਼ਾਰ ਰੁਪਏ ਦਾ ਯੋਗਦਾਨ ਪਾਇਆ ਸੀ, ਉਨ੍ਹਾਂ ਨੂੰ ਚਾਰ-ਚਾਰ ਕੁਇੰਟਲ ਕਣਕ ਤੇ ਇਕ-ਇਕ ਟਰਾਲੀ ਤੂੜੀ ਦੀ ਦਿੱਤੀ ਗਈ। ਜਿਨ੍ਹਾਂ 70 ਪਰਿਵਾਰਾਂ ਨੇ ਠੇਕੇ ਦੀ ਰਕਮ ਵਿਚ ਕੋਈ ਯੋਗਦਾਨ ਨਹੀਂ ਦਿੱਤਾ, ਉਨ੍ਹਾਂ ਨੂੰ ਦੋ-ਦੋ ਕੁਇੰਟਲ ਕਣਕ ਤੇ ਇਕ-ਇਕ ਟਰਾਲੀ ਤੂੜੀ ਦੀ ਦਿੱਤੀ ਗਈ। 65 ਪਰਿਵਾਰਾਂ ਨੇ ਪਸ਼ੂ ਰੱਖੇ ਹੋਏ ਹਨ, ਜਿਨ੍ਹਾਂ ਨੂੰ ਚਾਰ ਤੋਂ ਪੰਜ ਮਹੀਨਿਆਂ ਲਈ ਬਰਸੀਮ ਵੀ ਦਿੱਤੀ ਗਈ।

# ਅਲ-ਬਗਦਾਦੀ ਦੀ ਮੌਤ ਦਾ ਦਾਅਵਾ

**ਤਹਿਰਾਨ:** ਰੇਡੀਓ ਇਰਾਨ ਨੇ ਦਾਅਵਾ ਕੀਤਾ ਹੈ ਕਿ ਦਹਿਸ਼ਤੀ ਜਥੇਬੰਦੀ ਇਸਲਾਮਿਕ ਸਟੇਟ ਦਾ ਮੁਖੀ ਅਬੂ ਬਕਰ ਅਲ-ਬਗਦਾਦੀ ਦੀ ਮੌਤ ਹੋ ਗਈ ਹੈ। ਉਹ ਇਸ ਸਾਲ ਮਾਰਚ ਦੌਰਾਨ ਇਰਾਕ ਵਿਚ ਅਮਰੀਕੀ ਭਾਈਵਾਲਾਂ ਦੇ ਇਕ ਹਵਾਈ ਹਮਲੇ ਵਿਚ ਗੰਭੀਰ ਜ਼ਖ਼ਮੀ ਹੋ ਗਿਆ ਸੀ।

ਰੇਡੀਓ ਅਨੁਸਾਰ ਅਲ-ਬਗਦਾਦੀ ਦੀ ਖ਼ਬਰ ਜਥੇਬੰਦੀ ਨੇ ਇਸ ਲਈ ਨਸ਼ਰ ਨਹੀਂ ਕੀਤੀ ਕਿਉਂਕਿ ਉਸ ਦੇ ਵਾਰਿਸ ਦੀ ਚੋਣ ਕੀਤੀ ਜਾ ਰਹੀ ਹੈ।

# ਸਿੱਖ ਸੰਸਥਾ ਵਲੋਂ ਨੇਪਾਲ ਦੇ ਭੁਚਾਲ ਪੀੜਤਾਂ ਲਈ ਰਾਹਤ ਕਾਰਜ

**ਸੈਕਰਾਮੈਂਟੋ (ਬਿਊਰੋ):** ਸ੍ਰੀ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ ਇੰਟਰਨੈਸ਼ਨਲ, ਕੈਲੀਫੋਰਨੀਆ ਦੇ ਸੇਵਕਾਂ ਵਲੋਂ ਨੇਪਾਲ ਵਿਚ ਆਏ ਭਿਆਨਕ ਭੁਚਾਲ ਪੀੜਤਾਂ ਦੀ ਮਦਦ ਲਈ ਰਾਹਤ ਕਾਰਜ ਜੀਅ ਜਾਨ ਲਾ ਕੇ ਕੀਤੇ ਜਾ ਰਹੇ ਹਨ। ਭੁਚਾਲ ਪੀੜਤਾਂ ਨੂੰ ਡਾਕਟਰੀ ਮਦਦ ਪਹੁੰਚਾਉਣ ਤੋਂ ਇਲਾਵਾ ਉਨ੍ਹਾਂ ਲਈ ਖਾਣ-ਪੀਣ ਅਤੇ ਕੱਪੜੇ-ਲੀੜੇ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਸੰਸਥਾ ਦੇ ਮੁਖ ਸੇਵਾਦਾਰ ਮਨਜੀਤ ਸਿੰਘ ਖਾਲਸਾ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਠਮੰਡੂ ਵਿਚ ਗੁਰੂ ਨਾਨਕ ਦੇਵ ਜੀ ਦੀ ਤੀਜੀ ਉਦਾਸੀ ਨਾਲ ਸਬੰਧਤ ਗੁਰਦੁਆਰੇ ਤੋਂ ਇਲਾਵਾ ਸਾਰੇ ਮੰਦਿਰ ਸੁਰੱਖਿਤ ਹਨ ਅਤੇ ਉਥੇ ਰਾਹਤ ਕਾਰਜ ਚਲ ਰਹੇ ਹਨ। ਜ਼ਿਕਰਯੋਗ ਹੈ ਕਿ ਉਪਰੋਕਤ ਗੁਰੂਘਰ ਦੀ ਸੇਵਾ ਇਸੇ ਸੰਸਥਾ ਵਲੋਂ ਕੀਤੀ ਗਈ ਸੀ। ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਦੁਖ ਦੀ ਗੱਲ ਇਹ ਹੈ ਕਿ ਕੁਝ ਲੋਕ ਉਨ੍ਹਾਂ ਦੇਸ਼ਾਂ ਦੇ ਅਖਬਾਰਾਂ ਵਿਚ ਖਬਰਾਂ ਤੇ ਇਸ਼ਤਿਹਾਰ ਛਪਵਾ ਕੇ ਲੋਕਾਂ ਨੂੰ ਗੁਮਰਾਹ ਕਰਕੇ ਪੈਸੇ ਇਕੱਠੇ ਕਰ ਰਹੇ ਹਨ। ਉਨ੍ਹਾਂ ਸੰਗਤਾਂ ਨੂੰ ਅਜਿਹੇ ਲੋਕਾਂ ਤੋਂ ਸੁਚੇਤ ਰਹਿਣ ਦੀ ਬੇਨਤੀ ਕੀਤੀ ਹੈ।



# ਗੁਰਦੁਆਰਾ ਸਿੱਖ ਸੈਂਟਰ ਪੋਰਟਰਵਿਲ ਵਲੋਂ ਬੱਚਿਆਂ ਦਾ ਧਾਰਮਿਕ ਸਮਾਗਮ



**ਪੋਰਟਰਵਿਲ (ਬਿਊਰੋ):** ਗੁਰਦੁਆਰਾ ਸਾਹਿਬ ਸਿੱਖ ਸੈਂਟਰ ਪੋਰਟਰਵਿਲ ਵਿਖੇ ਸਮੂਹ ਸੰਗਤਾਂ ਵਲੋਂ ਵਿਸਾਖੀ ਦੇ ਤਿਓਹਾਰ ਨੂੰ ਸਮਰਪਿਤ ਬੱਚਿਆਂ ਦਾ ਧਾਰਮਿਕ ਸਮਾਗਮ ਕਰਵਾਇਆ ਗਿਆ।

ਇਸ ਮੌਕੇ ਬੱਚਿਆਂ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਅਤੇ ਵਿਸਾਖੀ ਦੇ ਦਿਹਾੜੇ ਦੀ ਮਹੱਤਤਾ ਸਬੰਧੀ ਭਾਸ਼ਨ ਦਿੱਤੇ ਤੇ ਕਵਿਤਾ ਪਾਠ ਪੇਸ਼ ਕੀਤਾ। ਸਮਾਗਮ ਵਿਚ ਕਰੀਬ 50 ਬੱਚਿਆਂ ਨੇ ਹਿੱਸਾ ਲਿਆ।

ਸਟੇਜ ਦੀ ਕਾਰਵਾਈ ਵੀ ਬੱਚਿਆਂ ਨੇ ਹੀ ਨਿਭਾਈ ਅਤੇ ਬੱਚਿਆਂ ਵਿਚ ਇਸ ਸਮਾਗਮ ਪ੍ਰਤੀ ਭਾਰੀ ਉਤਸ਼ਾਹ ਸੀ। ਬੱਚਿਆਂ ਨੇ ਕਵਿਤਾ ਗਾਇਨ ਅਤੇ ਜੈਕਾਰਿਆਂ ਨਾਲ ਮਾਹੌਲ ਨੂੰ ਖਾਲਸਈ ਰੰਗ ਵਿਚ ਰੰਗ ਦਿੱਤਾ। ਹਜ਼ੂਰੀ ਰਾਗੀ ਭਾਈ ਦਵਿੰਦਰ ਸਿੰਘ ਅਤੇ ਸੁਰਿੰਦਰ ਸਿੰਘ ਜਲੰਧਰ ਵਾਲਿਆਂ ਨੇ ਬੱਚਿਆਂ ਦਾ ਸਾਥ ਦਿੱਤਾ।

ਪ੍ਰਬੰਧਕ ਕਮੇਟੀ ਨੇ ਬੱਚਿਆਂ ਨੂੰ ਧਾਰਮਿਕ ਸਾਹਿਤ ਅਤੇ ਸਿੱਖ ਧਰਮ ਨਾਲ ਸਬੰਧਤ ਡੀ.ਵੀ.ਡੀਜ਼ ਦਿੱਤੀਆਂ ਅਤੇ ਸਮਾਗਮ ਵਿਚ ਭਾਗ ਲੈਣ ਵਾਲੇ ਹਰ ਬੱਚੇ ਨੂੰ ਯਾਦਗਾਰੀ ਸਨਮਾਨ ਚਿੰਨ੍ਹ, ਟਰਾਫੀਆਂ ਅਤੇ ਗਿਫਟ ਕਾਰਡ ਦਿੱਤੇ।

M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਪੰਜਾਬ ਦੀਆਂ ਖਰੀਦ ਏਜੰਸੀਆਂ ਵਲੋਂ ਅਨਾਜ ਸਾਂਭਣ ਤੋਂ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਵਿਚ ਇਸ ਸੀਜ਼ਨ 122 ਲੱਖ ਮੀਟ੍ਰਕ ਟਨ ਅਨਾਜ ਸਟੋਰ ਕਰਨ ਲਈ ਲੋੜੀਂਦੇ ਸਟੋਰਾਂ ਦੀ ਘਾਟ ਹੈ। ਪੰਜਾਬ ਦੀ ਖਰੀਦ ਏਜੰਸੀ ਪਨਗ੍ਰੇਨ ਨੇ ਮੰਨਿਆ ਹੈ ਕਿ ਸੂਬੇ ਨੂੰ ਲੋੜੀਂਦਾ ਅਨਾਜ ਭੰਡਾਰ ਕਰਨ ਲਈ 100 ਲੱਖ ਮੀਟ੍ਰਕ ਟਨ ਦੀ ਸਮਰੱਥਾ ਵਾਲੇ ਹੋਰ ਸਟੋਰ ਚਾਹੀਦੇ ਹਨ।

ਇਸ ਸੀਜ਼ਨ ਵਿਚ ਪੰਜਾਬ ਨੂੰ 245 ਲੱਖ ਮੀਟ੍ਰਕ ਟਨ ਅਨਾਜ ਸਟੋਰ ਕਰਨ ਦੀ ਲੋੜ ਹੈ, ਜਦੋਂ ਕਿ ਇਸ ਕੋਲ ਸਮਰੱਥਾ ਸਿਰਫ 135 ਲੱਖ ਮੀਟ੍ਰਕ ਟਨ ਦੀ ਹੈ। ਹਰਿਆਣਾ ਕੋਲ ਇਸ ਸਮੇਂ ਸਿਰਫ 32.5 ਲੱਖ ਮੀਟ੍ਰਕ ਟਨ ਅਨਾਜ ਸਟੋਰ ਕਰਨ ਦੀ ਸਮਰੱਥਾ ਹੈ। ਇਸੇ ਤਰ੍ਹਾਂ ਹਰਿਆਣਾ ਦੇ ਖੁਰਾਕ ਤੇ ਸਪਲਾਈ ਵਿਭਾਗ ਨੇ ਇਹ ਕਿਹਾ ਹੈ ਕਿ ਉਨ੍ਹਾਂ ਦੇ ਰਾਜ ਵਿਚ 22 ਲੱਖ ਮੀਟ੍ਰਕ ਟਨ ਅਨਾਜ ਭੰਡਾਰਨ ਲਈ ਸਟੋਰਾਂ ਦੀ ਕਮੀ ਹੈ। ਇਨ੍ਹਾਂ ਰਾਜਾਂ ਦੀਆਂ ਖਰੀਦ ਏਜੰਸੀਆਂ ਨੇ ਇਹ ਮੰਨਿਆ ਹੈ ਕਿ ਸਟੋਰਾਂ ਵਿਚ ਅਨਾਜ ਰੱਖਣ ਲਈ ਥਾਂ ਨਾ ਹੋਣ ਕਾਰਨ ਉਨ੍ਹਾਂ ਨੂੰ ਖੁੱਲ੍ਹੇ ਵਿਚ ਤਰਪਾਲਾਂ ਪਾ ਕੇ ਅਨਾਜ ਭੰਡਾਰ ਕਰਨਾ ਪੈਂਦਾ ਹੈ।

ਭਾਰਤੀ ਖੁਰਾਕ ਨਿਗਮ ਦੇ ਨਿਯਮਾਂ ਅਨੁਸਾਰ 60 ਦਿਨਾਂ ਦੇ ਅੰਦਰ-ਅੰਦਰ ਅਜਿਹੇ ਅਨਾਜ ਨੂੰ ਲੋੜਵੰਦ ਰਾਜਾਂ ਨੂੰ ਭੇਜਿਆ ਜਾਣਾ ਚਾਹੀਦਾ ਹੈ ਜਾਂ ਸਟੋਰਾਂ ਵਿਚ ਤਬਦੀਲ ਕੀਤਾ ਜਾਣਾ ਚਾਹੀਦਾ ਹੈ ਪਰ ਸਟੋਰਾਂ ਦੀ ਕਮੀ ਤੇ ਘੱਟ ਅਨਾਜ ਪੈਦਾ ਕਰਨ ਵਾਲੇ ਰਾਜਾਂ ਤੋਂ ਮੰਗ ਨਾ ਆਉਣ ਕਾਰਨ ਇਹ ਅਨਾਜ ਲੰਮੇ ਸਮੇਂ ਤੱਕ ਖੁੱਲ੍ਹੇ ਵਿਚ ਪਿਆ ਰਹਿੰਦਾ ਹੈ ਤੇ ਫਿਰ ਖਰਾਬ ਹੋ ਜਾਂਦਾ ਹੈ। ਸਟੋਰਾਂ ਦੀ ਘਾਟ ਕਾਰਨ ਇਕੱਲੀ ਪੰਜਾਬ ਐਗਰੋ ਦੀ ਪਿਛਲੇ ਵਰ੍ਹਿਆਂ ਦੌਰਾਨ ਤਕਰੀਬਨ 60 ਕਰੋੜ ਰੁਪਏ ਦੀ ਕਣਕ ਖਰਾਬ ਹੋ ਚੁੱਕੀ ਹੈ।

ਭਾਰਤੀ ਖੁਰਾਕ ਨਿਗਮ ਨੇ ਅਦਾਲਤ ਨੂੰ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਬਰਨਾਲਾ, ਛੇਹਰਟਾ, ਪਟਿਆਲਾ, ਜਲਾਲਾਬਾਦ, ਕਿਲ੍ਹਾ ਰਾਇਪੁਰ, ਧੂਰੀ, ਸੰਗਰੂਰ ਤੇ ਬਟਾਲਾ ਆਦਿ ਥਾਵਾਂ ਉਤੇ 20,000 ਮੀਟ੍ਰਕ ਟਨ ਦੀ ਸਮਰੱਥਾ ਵਾਲੇ ਹੋਰ ਸਟੋਰ ਬਣਾਉਣ ਦੀ ਯੋਜਨਾ ਬਣਾਈ ਗਈ ਹੈ ਜਿਥੇ ਸੀਲੋਜ਼ (ਆਧੁਨਿਕ ਸਟੋਰ) ਬਣਾ ਕੇ ਅਨਾਜ ਦੀ ਸੰਭਾਲ ਕੀਤੀ ਜਾਵੇਗੀ। ਇਥੇ ਇਹ ਵੀ ਵਰਣਨਯੋਗ ਹੈ ਕਿ ਇਹ ਮਾਮਲਾ ਕੌਮੀ ਪੱਧਰ ਉਤੇ ਵੀ ਕਈ ਵਾਰ ਉੱਠ ਚੁੱਕਾ ਹੈ।

ਸੁਪਰੀਮ ਕੋਰਟ ਨੇ ਪਿਛਲੀ ਕੇਂਦਰੀ ਸਰਕਾਰ ਨੂੰ ਇਸ ਬਾਰੇ ਵਾਰ-ਵਾਰ ਫਟਕਾਰਾਂ ਵੀ ਲਾਈਆਂ ਸਨ। ਇਕ ਸਮੇਂ ਸੁਪਰੀਮ ਕੋਰਟ ਨੇ ਕੇਂਦਰੀ ਤੇ ਰਾਜ ਸਰਕਾਰਾਂ ਨੂੰ ਇਹ ਵੀ ਕਿਹਾ ਸੀ ਕਿ ਜੇਕਰ ਉਨ੍ਹਾਂ ਕੋਲ ਵਾਧੂ ਅਨਾਜ ਹੈ ਤਾਂ ਉਸ ਨੂੰ ਗਰੀਬਾਂ ਵਿਚ ਮੁਫ਼ਤ ਵੰਡ ਦਿੱਤਾ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਵੱਲੋਂ ਦਿੱਤੇ ਸਖ਼ਤ ਹੁਕਮਾਂ ਦੇ ਬਾਵਜੂਦ ਇਹ ਮਸਲਾ ਜਿਉਂ ਦਾ ਤਿਉਂ ਬਣਿਆ ਹੋਇਆ ਹੈ।

ਇਕ ਸਰਵੇਖਣ ਅਨੁਸਾਰ ਘੱਟੋ-ਘੱਟ ਦੇਸ਼ ਦੇ 44 ਫ਼ੀਸਦੀ ਬੱਚਿਆਂ ਨੂੰ ਲੋੜੀਂਦੀ ਖੁਰਾਕ ਨਹੀਂ ਮਿਲ ਰਹੀ ਤੇ ਇਸ ਕਾਰਨ ਉਨ੍ਹਾਂ ਦਾ ਵਜ਼ਨ ਵੀ ਘੱਟ ਹੈ। ਵੱਡੀ ਗਿਣਤੀ ਵਿਚ ਗ਼ਰੀਬ ਔਰਤਾਂ ਵੀ ਸੰਤੁਲਿਤ ਖੁਰਾਕ ਤੋਂ ਵਾਂਝੀਆਂ ਹਨ। ਸਮੁੱਚੇ ਤੌਰ ਉਤੇ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਸਾਰੇ ਲੋਕ ਹੀ ਸੰਤੁਲਿਤ ਖੁਰਾਕ ਤੋਂ ਵਾਂਝੇ ਹਨ।

### ਸਟੋਰਾਂ ਦੀ ਘਾਟ ਕਾਰਨ ਐਤਕੀਂ ਵੀ ਖੁੱਲ੍ਹੇ ਆਸਮਾਨ ਥੱਲੇ ਸਟੋਰ ਹੋਵੇਗੀ ਕਣਕ



### ਅਦਾਲਤ ਦੀ ਫਟਕਾਰ ਦਾ ਅਸਰ ਨਾ ਹੋਇਆ

ਪੰਜਾਬ ਤੇ ਹਰਿਆਣਾ ਵਿਚ ਭਾਰਤੀ ਖੁਰਾਕ ਨਿਗਮ ਤੇ ਉਕਤ ਦੋਵਾਂ ਰਾਜਾਂ ਦੀਆਂ ਏਜੰਸੀਆਂ ਵੱਲੋਂ ਖਰੀਦੇ ਗਏ ਅਨਾਜ ਦੀ ਸਾਂਭ-ਸੰਭਾਲ ਦਾ ਮਸਲਾ ਇਕ ਵਾਰ ਫਿਰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਚਰਚਾ ਦਾ ਵਿਸ਼ਾ ਬਣਿਆ ਹੈ। ਹਾਈਕੋਰਟ ਦਾ ਇਕ ਬੈਂਚ ਇਸ ਬਾਰੇ ਇਕ ਕੇਸ ਦੀ ਸੁਣਵਾਈ ਕਰ ਰਿਹਾ ਹੈ, ਜਿਹੜਾ ਕਿ ਗੁਰੂ ਹਰਸਹਾਏ ਵਾਸੀ ਬਲਜੀਤ ਸਿੰਘ ਤੇ ਕਈ ਹੋਰਾਂ ਵੱਲੋਂ ਵੱਖ-ਵੱਖ ਜਨਹਿੱਤ ਪਟੀਸ਼ਨਾਂ ਰਾਹੀਂ ਦਰਜ ਕਰਵਾਇਆ ਗਿਆ ਹੈ। ਹਾਈਕੋਰਟ ਨੇ ਬੀਤੇ ਦਿਨੀਂ ਇਸ ਕੇਸ ਦੀ ਸੁਣਵਾਈ ਕਰਦਿਆਂ ਇਹ ਟਿੱਪਣੀ ਕੀਤੀ ਹੈ ਕਿ ਪੰਜਾਬ ਤੇ ਹਰਿਆਣਾ ਵਿਚ ਸਟੋਰਾਂ ਤੋਂ ਬਾਹਰ ਖੁੱਲ੍ਹੇ ਵਿਚ ਰੱਖੇ ਗਏ ਅਨਾਜ ਦੀ ਬਰਬਾਦੀ ਇਕ ਵੱਡਾ ਅਪਰਾਧ ਹੈ। ਇਸ ਨੂੰ ਹਰ ਹਾਲਤ ਵਿਚ ਰੋਕਿਆ ਜਾਣਾ ਚਾਹੀਦਾ ਹੈ ਤੇ ਜਿਹੜੇ ਅਧਿਕਾਰੀ ਤੇ ਮੁਲਾਜ਼ਮ ਇਸ ਲਈ ਜ਼ਿੰਮੇਵਾਰ ਹਨ, ਉਨ੍ਹਾਂ ਵਿਰੁੱਧ ਕਾਰਵਾਈ ਹੋਣੀ ਚਾਹੀਦੀ ਹੈ ਪਰ ਸਰਕਾਰ ਅਜੇ ਤੱਕ ਇਸ ਬਾਰੇ ਕੋਈ ਯੋਜਨਾ ਨਹੀਂ ਬਣਾ ਸਕੀ।

### ਜਿਣਸਾਂ ਦੀ ਖਰੀਦ 'ਚ ਸਭ ਤੋਂ ਵੱਧ ਗੜਬੜ ਪੰਜਾਬ ਵਿਚ

**ਬਠਿੰਡਾ:** ਕੇਂਦਰੀ ਖੁਰਾਕ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪੰਜਾਬ ਵਿਚ ਸਾਲ 2013-14 ਤੇ 2014-15 ਦੌਰਾਨ ਕਣਕ ਤੇ ਝੋਨੇ ਦੀ ਫਸਲ ਦੀ ਖਰੀਦ ਹੋਈ ਹੈ, ਉਸ ਖਰੀਦ ਵਿਚ ਗੜਬੜ ਹੋਣ ਦੀਆਂ ਸਭ ਤੋਂ ਵੱਧ ਸ਼ਿਕਾਇਤਾਂ ਪੰਜਾਬ ਵਿਚੋਂ ਮਿਲੀਆਂ ਹਨ, ਜਿਨ੍ਹਾਂ ਦੀ ਦੋ ਵਰ੍ਹਿਆਂ ਦੀ ਗਿਣਤੀ 135 ਬਣਦੀ ਹੈ ਜਦ ਕਿ ਇਹੋ ਗਿਣਤੀ ਹਰਿਆਣਾ ਵਿਚ ਸਿਰਫ 72 ਹੈ। ਕੇਂਦਰੀ ਮੰਤਰਾਲੇ ਅਨੁਸਾਰ ਮੁਲਕ ਭਰ ਵਿਚੋਂ ਇਨ੍ਹਾਂ ਦੋ ਵਰ੍ਹਿਆਂ ਦੌਰਾਨ ਜਿਣਸ ਦੀ ਖਰੀਦ ਵਿਚ ਕੁੱਲ 321 ਸ਼ਿਕਾਇਤਾਂ ਹੋਈਆਂ ਹਨ। ਪੰਜਾਬ ਵਿਚ 14 ਸ਼ਿਕਾਇਤਾਂ ਵੱਡੀ ਗੜਬੜ ਦੀਆਂ ਸਨ ਤੇ 121 ਸ਼ਿਕਾਇਤਾਂ ਛੋਟੀ ਤੇ ਦਰਮਿਆਨੀ ਗੜਬੜ ਨਾਲ ਸਬੰਧਤ ਸਨ। ਭਾਰਤੀ ਖੁਰਾਕ ਨਿਗਮ ਇਨ੍ਹਾਂ ਗੜਬੜਾਂ ਦੀ ਪੜਤਾਲ ਕਰਕੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕਰਦਾ ਹੈ।

## ਗੰਭੀਰ ਅਪਰਾਧ 'ਚ 16 ਤੋਂ 18 ਸਾਲ ਦੇ ਨਾਬਾਲਗਾਂ 'ਤੇ ਚੱਲੇਗਾ ਮੁਕੱਦਮਾ

**ਨਵੀਂ ਦਿੱਲੀ:** ਗੰਭੀਰ ਜ਼ੁਲਮ ਵਾਲੇ ਅਪਰਾਧਾਂ ਵਿਚ 16 ਤੋਂ 18 ਸਾਲਾਂ ਦੇ ਨਾਬਾਲਗਾਂ 'ਤੇ ਵੀ ਬਾਲਗ ਕਾਨੂੰਨ ਤਹਿਤ ਕੇਸ ਚਲਾਏ ਜਾਣ ਦੀ ਤਜਵੀਜ਼ ਨੂੰ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਹੈ। ਇਥੇ ਕੈਬਨਿਟ ਮੀਟਿੰਗ ਤੋਂ ਬਾਅਦ ਸੂਚਨਾ ਤੇ ਪ੍ਰਸਾਰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਦੱਸਿਆ ਕਿ ਕੈਬਨਿਟ ਨੇ ਜੁਵੇਨਾਇਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ ਐਕਟ) ਵਿਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਜੇ ਹੁਣ 16 ਤੋਂ 18 ਸਾਲਾਂ ਦੀ ਉਮਰ ਵਾਲੇ ਨਾਬਾਲਗ ਗੰਭੀਰ ਜ਼ੁਲਮਾਂ ਵਾਲੇ ਅਪਰਾਧਾਂ ਵਿਚ ਸ਼ਾਮਲ ਹਨ ਤਾਂ ਉਨ੍ਹਾਂ ਨੂੰ ਵੀ ਆਈ.ਪੀ.ਸੀ. ਦੀ ਧਾਰਾ ਹੇਠ ਦੋਸ਼ੀ ਬਣਾਇਆ ਜਾਵੇਗਾ।

ਇਸ ਮੁੱਦੇ ਨੂੰ ਕੈਬਨਿਟ ਦੇ ਸਾਹਮਣੇ ਪੰਦਰਾ ਦਿਨ ਪਹਿਲਾਂ ਲਿਆਂਦਾ ਗਿਆ ਸੀ, ਪਰ ਆਖਰੀ ਸਮੇਂ 'ਤੇ ਇਸ ਨੂੰ ਏਜੰਡੇ ਤੋਂ ਹਟਾ ਦਿੱਤਾ ਗਿਆ ਤੇ ਇਹ ਫੈਸਲਾ ਕੀਤਾ ਗਿਆ ਕਿ ਇਸ ਮੁੱਦੇ ਨੂੰ ਗੈਰ-ਰਸਮੀ ਮੰਤਰੀਆਂ ਦਾ ਸਮੂਹ ਵੇਖੇਗਾ। ਸੰਸਦੀ ਸਟੈਂਡਿੰਗ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਖਾਰਜ ਕਰਦਿਆਂ ਮਹਿਲਾ ਤੇ ਬੱਚਿਆ ਦੇ ਵਿਕਾਸ



ਮੰਤਰਾਲੇ ਨੇ ਇਸ ਤਜਵੀਜ਼ ਉਤੇ ਅੱਗੇ ਵਧਣ ਦਾ ਫੈਸਲਾ ਲਿਆ ਸੀ।

## ਐਂਟਰੀ ਟੈਕਸ ਲਈ ਆਰਡੀਨੈਂਸ ਲਿਆਵੇਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਬਾਹਰਲੇ ਸੂਬਿਆਂ ਤੋਂ ਮੰਗਵਾਈਆਂ ਜਾਣ ਵਾਲੀਆਂ ਵੱਖ-ਵੱਖ ਵਸਤਾਂ ਉੱਤੇ ਐਂਟਰੀ ਟੈਕਸ ਲਾਉਣ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸੂਤਰਾਂ ਮੁਤਾਬਕ ਮੰਤਰੀ ਮੰਡਲ ਦੀ ਮੀਟਿੰਗ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਬਾਰੇ ਜ਼ੁਬਾਨੀ ਮਤਾ ਪੇਸ਼ ਕੀਤਾ ਜਿਸ ਉਤੇ ਐਂਟਰੀ ਟੈਕਸ ਸਬੰਧੀ ਆਰਡੀਨੈਂਸ ਜਾਰੀ ਕਰਨ ਲਈ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ।

ਪੰਜਾਬ ਦੇ ਖੰਡ ਮਿੱਲ ਮਾਲਕਾਂ ਨੇ ਮੁੱਖ ਮੰਤਰੀ ਨੂੰ ਮਿਲ ਕੇ ਅਜਿਹਾ ਟੈਕਸ ਲਾਉਣ ਦੀ ਮੰਗ ਕੀਤੀ ਸੀ। ਸਰਕਾਰ ਨੂੰ ਐਂਟਰੀ ਟੈਕਸ ਤੋਂ 150 ਕਰੋੜ ਰੁਪਏ ਦੇ ਕਰੀਬ ਦਾ ਮਾਲੀਆ ਇਕੱਠਾ ਕਰਨ ਦਾ ਵਿਚਾਰ ਬਣਾ ਰਹੀ ਹੈ। ਐਂਟਰੀ ਟੈਕਸ ਦੀ ਦਰ ਕਿੰਨੀ ਹੋਵੇਗੀ ਇਸ ਬਾਰੇ ਵੀ ਫੈਸਲਾ ਵਿਭਾਗ ਵੱਲੋਂ ਲਿਆ ਜਾਵੇਗਾ। ਕੁਝ ਸਾਲ ਪਹਿਲਾਂ ਹੀ ਸਰਕਾਰ ਨੇ ਖੰਡ ਉਤੇ ਐਂਟਰੀ ਟੈਕਸ ਲਾਇਆ ਸੀ ਤੇ ਅਦਾਲਤੀ ਫ਼ੈਸਲੇ ਕਾਰਨ ਟੈਕਸ ਹਟਾਉਣਾ ਪਿਆ ਸੀ। ਇਸ ਵਾਰੀ ਸਰਕਾਰ ਪੱਕੇ ਪੈਰੀਂ ਫ਼ੈਸਲਾ ਲਵੇਗੀ।



ਇਹ ਵੀ ਜ਼ਿਕਰਯੋਗ ਹੈ ਕਿ ਦੋ ਕੁ ਸਾਲ ਪਹਿਲਾਂ ਰਾਜ ਸਰਕਾਰ ਨੇ ਖੰਡ ਉਤੇ ਵੈਟ ਲਗਾ ਦਿੱਤਾ ਸੀ। ਸਰਕਾਰ ਦੇ ਇਸ ਫ਼ੈਸਲੇ ਦਾ ਭਿਆਲ ਭਾਰਤੀ ਜਨਤਾ ਪਾਰਟੀ ਨੇ ਜ਼ਬਰਦਸਤ ਵਿਰੋਧ ਕੀਤਾ ਸੀ ਜਿਸ ਕਾਰਨ ਸਰਕਾਰ ਨੂੰ ਵੈਟ ਦਾ ਫ਼ੈਸਲਾ ਵਾਪਸ ਲੈਣਾ ਪਿਆ ਸੀ।

ਸੂਤਰਾਂ ਮੁਤਾਬਕ ਐਂਟਰੀ ਟੈਕਸ ਦੇ ਮੁੱਦੇ ਉਤੇ ਮੰਤਰੀ ਮੰਡਲ ਵਿਚ ਹੋਈ ਚਰਚਾ ਦੌਰਾਨ ਭਾਜਪਾ ਦੇ ਮੰਤਰੀਆਂ ਨੇ ਕੋਈ ਉਜ਼ਰ ਨਹੀਂ ਕੀਤਾ। ਕਰ ਤੇ ਆਬਕਾਰੀ ਵਿਭਾਗ ਦੇ ਇਕ ਅਧਿਕਾਰੀ ਦਾ ਦੱਸਣਾ ਹੈ ਕਿ ਸੂਬੇ ਵਿਚ ਖਪਤ ਹੋਣ ਵਾਲੀ ਕੁੱਲ ਖੰਡ ਦਾ 50 ਫੀਸਦੀ ਤੋਂ ਵਧੇਰੇ ਹਿੱਸਾ ਹੋਰਨਾਂ ਸੂਬਿਆਂ ਤੋਂ ਆਉਂਦਾ ਹੈ। ਵਪਾਰੀਆਂ ਵੱਲੋਂ ਬਾਹਰਲੇ ਸੂਬਿਆਂ ਤੋਂ ਖੰਡ ਇਸ ਕਰਕੇ ਮੰਗਵਾਈ ਜਾਂਦੀ ਹੈ ਕਿਉਂਕਿ ਹੋਰਨਾਂ ਸੂਬਿਆਂ ਦੀਆਂ ਖੰਡ ਮਿੱਲਾਂ ਵੱਲੋਂ ਪੰਜਾਬ ਦੀਆਂ ਮਿੱਲਾਂ ਦੇ ਮੁਕਾਬਲਤਨ ਸਸਤੇ ਭਾਅ ਉਤੇ ਖੰਡ ਵੇਚੀ ਜਾਂਦੀ ਹੈ।

## ਸਰਕਾਰੀ ਫੰਡਾਂ ਸਹਾਰੇ ਪ੍ਰਾਈਵੇਟ ਬੈਂਕਾਂ ਦੇ ਵਾਰੇ-ਨਿਆਰੇ

**ਬਠਿੰਡਾ:** ਪੰਜਾਬ ਸਰਕਾਰ ਪ੍ਰਾਈਵੇਟ ਬੈਂਕਾਂ 'ਤੇ ਮਿਹਰਬਾਨ ਹੋਈ ਹੈ। ਸੂਬਾ ਸਰਕਾਰ ਨੇ ਕੌਮੀ ਬੈਂਕਾਂ ਨੂੰ ਲਾਂਭੇ ਕਰਕੇ ਮੁਆਵਜ਼ਾ ਰਾਸ਼ੀ ਦੇ ਤਕਰੀਬਨ ਇਕ ਹਜ਼ਾਰ ਕਰੋੜ ਰੁਪਏ ਇਕ ਪ੍ਰਾਈਵੇਟ ਬੈਂਕ ਵਿਚ ਜਮ੍ਹਾ ਕਰਵਾ ਦਿੱਤੇ। ਹਾਲਾਂਕਿ ਲੋਕ ਨਿਰਮਾਣ ਵਿਭਾਗ ਨੇ ਇਹ ਫੰਡ ਕੌਮੀ ਬੈਂਕਾਂ ਵਿਚ ਰੱਖਣ ਦੀ ਹਦਾਇਤ ਕੀਤੀ ਸੀ। ਸਰਕਾਰੀ ਅਫ਼ਸਰਾਂ ਨੇ ਇਕੋ ਪ੍ਰਾਈਵੇਟ ਬੈਂਕ ਵਿਚ ਖਾਤੇ ਖੋਲ੍ਹ ਕੇ ਸਾਰਾ ਪੈਸਾ ਡਿਪਾਜ਼ਿਟ ਕਰ ਦਿੱਤਾ ਹੈ। ਕੇਂਦਰੀ ਸੜਕ ਮੰਤਰਾਲੇ ਵੱਲੋਂ ਪੰਜ ਜਨਵਰੀ ਨੂੰ ਬਠਿੰਡਾ-ਅੰਮ੍ਰਿਤਸਰ ਸੜਕ ਵਾਸਤੇ ਜ਼ਮੀਨ ਐਕੁਆਇਰ ਕਰਨ ਲਈ 1769.24 ਕਰੋੜ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਸੀ। ਉਸ ਤੋਂ ਪਹਿਲਾਂ ਲੋਕ ਨਿਰਮਾਣ ਵਿਭਾਗ ਦੇ ਨਿਗਰਾਨ ਇੰਜੀਨੀਅਰ (ਕੇਂਦਰੀ ਡਿਵੀਜ਼ਨ) ਫਿਰੋਜ਼ਪੁਰ ਨੇ ਪਿਛਲੇ ਸਾਲ 18 ਦਸੰਬਰ ਨੂੰ ਪੱਤਰ ਜਾਰੀ ਕਰਕੇ ਹਦਾਇਤ ਕੀਤੀ ਸੀ ਕਿ ਕੇਂਦਰੀ ਮੁਆਵਜ਼ਾ ਰਾਸ਼ੀ ਦਾ ਪੈਸਾ ਕੌਮੀ ਬੈਂਕਾਂ ਵਿਚ ਰੱਖਿਆ ਜਾਵੇ ਤੇ ਕੇਨਰਾ ਬੈਂਕ ਦੀ ਸਲਾਹ ਦਿੱਤੀ ਸੀ।

ਸਰਕਾਰ ਨੇ ਇਸ ਸਲਾਹ ਵਿਚ ਸੋਧ ਕਰਕੇ ਵਪਾਰਕ ਬੈਂਕਾਂ ਨੂੰ ਸ਼ਾਮਲ ਕਰ ਲਿਆ ਸੀ। ਉਪ ਮੰਡਲ ਮੈਜਿਸਟਰੇਟ ਬਠਿੰਡਾ ਨੇ ਮੁਆਵਜ਼ਾ ਰਾਸ਼ੀ ਦੇ 364 ਕਰੋੜ ਰੁਪਏ ਇਸ ਪ੍ਰਾਈਵੇਟ ਬੈਂਕ ਵਿਚ ਰੱਖੇ ਹਨ। ਐਸ.ਡੀ.ਐਮ. ਨੇ ਨਿਗਰਾਨ ਇੰਜਨੀਅਰ (ਫਿਰੋਜ਼ਪੁਰ) ਨੂੰ ਪੱਤਰ ਲਿਖ ਕੇ ਦੱਸਿਆ ਕਿ ਜਿਨ੍ਹਾਂ ਪਿੰਡਾਂ ਵਿਚ ਮੁਆਵਜ਼ਾ ਦਿੱਤਾ ਜਾਣਾ ਹੈ, ਉਨ੍ਹਾਂ ਪਿੰਡਾਂ ਵਿਚ ਕੇਨਰਾ ਬੈਂਕ ਦਾ




ਨੈਟਵਰਕ ਨਹੀਂ ਹੈ। ਇਸ ਕਰਕੇ ਉਨ੍ਹਾਂ ਨੇ ਐਚ.ਡੀ.ਐਫ.ਸੀ. ਬੈਂਕ ਵਿਚ ਖਾਤਾ ਖੁਲ੍ਹਵਾ ਲਿਆ ਹੈ। ਉਪ ਮੰਡਲ ਮੈਜਿਸਟਰੇਟ ਕੋਟਕਪੂਰਾ ਵੱਲੋਂ ਵੀ ਮੁਆਵਜ਼ਾ ਰਾਸ਼ੀ ਦੇ 98.30 ਕਰੋੜ ਰੁਪਏ ਇਸੇ ਪ੍ਰਾਈਵੇਟ ਬੈਂਕ ਵਿਚ ਰੱਖ ਦਿੱਤੇ ਗਏ ਹਨ। ਐਸ.ਡੀ.ਐਮ. ਕੋਟਕਪੂਰਾ ਹਰਜੀਤ ਸਿੰਘ ਦਾ ਪ੍ਰਤੀਕਰਮ ਸੀ ਕਿ ਸਰਕਾਰ ਨੇ ਮੁਆਵਜ਼ਾ ਰਾਸ਼ੀ ਕੌਮੀ ਤੇ ਵਪਾਰਕ ਬੈਂਕਾਂ ਵਿਚ ਰੱਖਣ ਦੀ ਹਦਾਇਤ ਕੀਤੀ ਹੈ ਤੇ ਉਨ੍ਹਾਂ ਨੇ ਨਿਯਮਾਂ ਅਨੁਸਾਰ ਹੀ ਐਚ.ਡੀ.ਐਫ.ਸੀ. ਬੈਂਕ ਵਿਚ ਰਾਸ਼ੀ ਰੱਖੀ ਹੈ। ਐਸ.ਡੀ.ਐਮ. ਫ਼ਰੀਦਕੋਟ ਨੇ ਵੀ ਰਾਸ਼ੀ ਪ੍ਰਾਈਵੇਟ ਬੈਂਕ ਵਿਚ ਰੱਖੀ ਹੈ।

ਸੂਤਰਾਂ ਅਨੁਸਾਰ ਸਾਰੇ ਕੌਮੀ ਬੈਂਕਾਂ ਨੇ ਐਸ.ਡੀ.ਐਮਜ਼ ਤੱਕ ਡਿਪਾਜ਼ਿਟ ਵਾਸਤੇ ਪਹੁੰਚ ਕੀਤੀ ਸੀ ਪਰ ਲਾਟਰੀ ਇਕੋ ਪ੍ਰਾਈਵੇਟ ਬੈਂਕ ਦੀ ਨਿਕਲੀ ਹੈ। ਸਰਕਾਰੀ ਰਕਮਾਂ ਕੌਮੀਕ੍ਰਿਤ ਬੈਂਕਾਂ ਦੀ ਥਾਂ ਪ੍ਰਾਈਵੇਟ ਬੈਂਕਾਂ ਵਿਚ ਰੱਖਣ ਦੀ ਇਹ ਕੋਈ ਪਹਿਲੀ ਮਿਸਾਲ ਨਹੀਂ ਹੈ। ਉੱਪਰ ਤੋਂ ਲੈ ਕੇ ਹੇਠਲੇ ਪੱਧਰ ਤੱਕ ਉੱਚ ਅਧਿਕਾਰੀਆਂ ਵੱਲੋਂ ਆਪਣੇ ਨਿੱਜੀ ਹਿੱਤਾਂ ਖਾਤਿਰ ਇਹ ਕਾਰਵਾਈ ਤਕਰੀਬਨ ਡੇਢ-ਦੋ ਦਹਾਕਿਆਂ ਤੋਂ ਕੀਤੀ ਜਾ ਰਹੀ ਹੈ। ਕਈ ਅਧਿਕਾਰੀਆਂ ਵੱਲੋਂ ਵੱਡੀਆਂ ਸਰਕਾਰੀ ਰਕਮਾਂ ਪ੍ਰਾਈਵੇਟ ਬੈਂਕਾਂ ਵਿਚ ਜਮ੍ਹਾਂ ਕਰਵਾਉਣ ਦੇ ਇਵਜ਼ ਵਿਚ ਵੱਡੇ-ਵੱਡੇ ਤੋਹਫ਼ਿਆਂ ਤੋਂ ਇਲਾਵਾ ਆਪਣੇ ਪੁੱਤਰ-ਧੀਆਂ ਨੂੰ ਇਨ੍ਹਾਂ ਵਿਚ ਅਧਿਕਾਰੀ ਭਰਤੀ ਕਰਵਾਉਣ ਦੇ ਦੋਸ਼ ਵੀ ਸਾਹਮਣੇ ਆਏ ਹਨ। ਇਹੀ ਕਾਰਨ ਹੈ ਕਿ ਸਰਕਾਰੀ ਪੂੰਜੀ ਸਰਕਾਰੀ ਬੈਂਕਾਂ ਦੀ ਥਾਂ ਨਿੱਜੀ ਬੈਂਕਾਂ ਵਿਚ ਜਾ ਰਹੀ ਹੈ।

ਦੱਸਣਯੋਗ ਹੈ ਕਿ ਪੰਜਾਬ ਦੇ ਪ੍ਰਿੰਸੀਪਲ ਅਕਾਊਂਟਸ ਜਨਰਲ ਨੇ ਮਾਰਚ ਵਿਚ ਸਾਰੇ ਵਿਭਾਗਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਸਨ ਕਿ ਬੈਂਕ ਖਾਤਿਆਂ ਵਿਚੋਂ ਸਾਰੀ ਰਾਸ਼ੀ ਕਢਵਾ ਕੇ 31 ਮਾਰਚ ਤੱਕ ਖ਼ਜ਼ਾਨੇ ਵਿਚ ਜਮ੍ਹਾਂ ਕਰਾਈ ਜਾਵੇ ਪਰ ਬਹੁਤੇ ਦਫ਼ਤਰਾਂ ਨੇ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਨ ਤੋਂ ਪਾਸਾ ਹੀ ਵੱਟ ਲਿਆ ਸੀ। ਆਲ ਇੰਡੀਆ ਬੈਂਕ ਆਫੀਸਰਜ਼ ਕਨਫੈਡਰੇਸ਼ਨ ਬਠਿੰਡਾ ਦੇ ਜ਼ਿਲ੍ਹਾ ਕਨਵੀਨਰ ਐਮ.ਐਮ. ਬਹਿਲ ਦਾ ਕਹਿਣਾ ਸੀ ਕਿ ਜਦੋਂ ਜਨ ਧਨ ਯੋਜਨਾ ਦੇ ਖਾਤੇ ਖੋਲ੍ਹਣੇ ਸਨ ਤਾਂ ਕੌਮੀ ਬੈਂਕਾਂ ਨੇ ਦਿਨ ਰਾਤ ਇਕ ਕਰਕੇ ਸਮੇਂ ਤੋਂ ਪਹਿਲਾਂ ਟੀਚਾ ਪੂਰਾ ਕੀਤਾ। ਜਦੋਂ ਡਿਪਾਜ਼ਿਟ ਦੇਣ ਦੀ ਗੱਲ ਹੁੰਦੀ ਹੈ ਤਾਂ ਪੰਜਾਬ ਸਰਕਾਰ ਪ੍ਰਾਈਵੇਟ ਬੈਂਕਾਂ ਨੂੰ ਖ਼ੁਸ਼ ਕਰਨ ਵਾਸਤੇ ਪੱਬਾਂ ਭਾਰ ਹੋ ਜਾਂਦੀ ਹੈ। ਇਕ ਕੌਮੀ ਬੈਂਕ ਦੇ ਸੀਨੀਅਰ ਅਧਿਕਾਰੀ ਦਾ ਕਹਿਣਾ ਸੀ ਕਿ ਪ੍ਰਾਈਵੇਟ ਬੈਂਕਾਂ ਕੋਲ ਹਰ ਤਰ੍ਹਾਂ ਦਾ ਚੋਗਾ ਹੁੰਦਾ ਹੈ। ਬਠਿੰਡਾ-ਅੰਮ੍ਰਿਤਸਰ ਮਾਰਗ ਦੇ ਨੋਡਲ ਅਫ਼ਸਰ ਅੰਗਰੇਜ ਸਿੰਘ ਦਾ ਕਹਿਣਾ ਸੀ ਕਿ ਡਿਪਾਜ਼ਿਟ ਵਾਸਤੇ ਸਾਰੇ ਹੀ ਕੌਮੀ ਤੇ ਵਪਾਰਕ ਬੈਂਕ ਯੋਗ ਹਨ। ਐਚ.ਡੀ.ਐਫ.ਸੀ. ਬੈਂਕ ਵੱਲੋਂ ਬਿਹਤਰ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਕਰਕੇ ਉਪ ਮੰਡਲ ਮੈਜਿਸਟਰੇਟਾਂ ਨੇ ਮੁਆਵਜ਼ਾ ਰਾਸ਼ੀ ਦਾ ਡਿਪਾਜ਼ਿਟ ਇਸ ਬੈਂਕ ਵਿਚ ਰੱਖ ਦਿੱਤਾ ਹੈ।

## ਟਾਈਟਲਰ ਕੇਸ ਵਿਚ ਕਲੋਜ਼ਰ ਰਿਪੋਰਟ ਉਤੇ ਸੁਣਵਾਈ ਤਿੰਨ ਜੂਨ ਨੂੰ

**ਨਵੀਂ ਦਿੱਲੀ:** ਦਿੱਲੀ ਦੀ ਅਦਾਲਤ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਕੇਸ ਬੰਦ ਕਰਨ ਦੀ ਸੀ.ਬੀ.ਆਈ. ਵੱਲੋਂ ਪੇਸ਼ ਰਿਪੋਰਟ ਉਤੇ ਤਿੰਨ ਜੂਨ ਨੂੰ ਸੁਣਵਾਈ ਕਰੇਗੀ। ਉਧਰ ਸ਼ਿਕਾਇਤ ਕਰਤਾ ਨੇ ਇਸ ਫ਼ੈਸਲੇ ਖ਼ਿਲਾਫ਼ ਪਟੀਸ਼ਨ ਦਾਖ਼ਲ ਕਰਨ ਦਾ ਐਲਾਨ ਕੀਤਾ ਹੈ। ਵਧੀਕ ਮੈਟਰੋਪਾਲਿਟਨ ਜੱਜ ਸੌਰਭ ਪ੍ਰਤਾਪ ਸਿੰਘ ਨੇ ਕਲੋਜ਼ਰ ਰਿਪੋਰਟ ਦੀਆਂ ਕਾਪੀਆਂ ਫਰਿਆਦਕਰਤਾ ਨੂੰ ਦੇ ਦਿੱਤੀਆਂ ਹਨ ਤੇ ਸੁਣਵਾਈ ਦੀ ਤਾਰੀਕ ਤਿੰਨ ਜੂਨ ਤੈਅ ਕਰ ਦਿੱਤੀ ਹੈ। ਫਰਿਆਦੀ ਲਖਵਿੰਦਰ ਕੌਰ ਦੇ ਵਕੀਲ ਐਚਐਸ ਫੂਲਕਾ ਨੇ ਕਿਹਾ ਹੈ ਕਿ ਉਨ੍ਹਾਂ ਵੱਲੋਂ ਕਲੋਜ਼ਰ ਰਿਪੋਰਟ ਖ਼ਿਲਾਫ਼ ਪ੍ਰੋਟੈਸਟ ਪਟੀਸ਼ਨ ਉਸੇ ਦਿਨ ਪਾਈ ਜਾਵੇਗੀ।



# ਲੋਕ ਭਲਾਈ ਸਕੀਮਾਂ ਵਾਸਤੇ ਲੋੜਵੰਦਾਂ ਨਾਲੋਂ ਲਿਹਾਜ਼ੀ ਵੱਧ

**ਚੰਡੀਗੜ੍ਹ:** ਪੰਜਾਬ ਵਿਚ ਲੋਕ ਭਲਾਈ ਦੀਆਂ ਚੱਲ ਰਹੀਆਂ ਜ਼ਿਆਦਾਤਰ ਸਕੀਮਾਂ ਦਾ ਫਾਇਦਾ ਲੋੜਵੰਦਾਂ ਨਾਲੋਂ ਸਰਕਾਰ ਦੇ ਲਿਹਾਜੀ ਵੱਧ ਚੁੱਕ ਰਹੇ ਹਨ। ਇਨ੍ਹਾਂ ਲਾਭਪਾਤਰੀਆਂ ਨੇ ਜਿਲ੍ਹਾ ਪੱਧਰੀ ਆਗੂਆਂ ਨਾਲ ਗੰਢਤੁਪ ਕਰਕੇ ਫਰਜ਼ੀ ਕਾਗਜ਼ਾਤ ਤਿਆਰ ਕੀਤੇ ਹੋਏ ਹਨ ਤੇ ਸਕੀਮਾਂ ਦਾ ਲਾਭ ਲੈ ਰਹੇ ਹਨ। ਸੂਤਰਾਂ ਅਨੁਸਾਰ ਕਈ ਸਰਪੰਚ ਤਾਂ ਮ੍ਰਿਤਕ ਬਜ਼ੁਰਗਾਂ ਦੀ ਸਹੀ ਸੂਚਨਾ ਦਿੰਦੇ ਹੀ ਨਹੀਂ ਤੇ ਉਨ੍ਹਾਂ ਦੀ ਬੁਢਾਪਾ ਪੈਨਸ਼ਨ ਦਾ ਕੋਈ ਹਿਸਾਬ ਕਿਤਾਬ ਵੀ ਨਹੀਂ ਦਿੰਦੇ।

ਸਰਕਾਰ ਵੱਲੋਂ ਬੀਤੇ ਨਵੰਬਰ-ਦਸੰਬਰ ਮਹੀਨਿਆਂ ਦੌਰਾਨ ਬੁਢਾਪਾ ਪੈਨਸ਼ਨਰਾਂ ਦੀ ਸ਼ਨਾਖ਼ਤ ਲਈ ਸਰਵੇਖਣ ਕਰਵਾਇਆ ਗਿਆ ਸੀ, ਜਿਸ ਵਿਚ 2.35 ਲੱਖ ਪੈਨਸ਼ਨਰ ਅਜਿਹੇ ਸਾਹਮਣੇ ਆਏ ਸਨ, ਜਿਨ੍ਹਾਂ ਦੀ ਉਮਰ ਘਟ ਸੀ, ਪਰ ਉਹ ਪੈਨਸ਼ਨ ਹਾਸਲ ਕਰ ਰਹੇ ਸਨ। ਪੰਜਾਬ ਵਿਚ ਤਕਰੀਬਨ 1.42 ਕਰੋੜ ਲੋਕਾਂ ਨੂੰ ਆਟਾ-ਦਾਲ ਸਕੀਮ ਦਾ ਲਾਭ ਮਿਲ ਰਿਹਾ ਹੈ। ਇਨ੍ਹਾਂ ਵਿਚੋਂ ਤਕਰੀਬਨ 70 ਲੱਖ ਲੋਕ 'ਮੁੜ ਤਸਦੀਕ ਪ੍ਰਕਿਰਿਆ' ਦੌਰਾਨ ਪਛਾਣ ਲਈ ਸਾਹਮਣੇ ਆਏ ਹਨ। ਇਸ ਦਾ ਭਾਵ ਹੈ ਕਿ ਅੱਧਿਆਂ ਨਾਲੋਂ ਵੱਧ ਲਾਭਕਾਰੀ ਜਾਅਲੀ ਸਨ।

ਪਤਾ ਲੱਗਿਆ ਹੈ ਕਿ ਇਸ ਸਕੀਮ ਦਾ ਲਾਹਾ ਲੈਣ ਵਾਲੇ ਵੱਡੀ ਗਿਣਤੀ ਲੋਕ ਸ਼ਨਾਖਤ ਲਈ ਸਾਹਮਣੇ ਹੀ ਨਹੀਂ ਆਏ। ਪੰਜਾਬ ਦੀ ਕੁੱਲ 2.77 ਕਰੋੜ ਆਬਾਦੀ ਵਿਚ 93 ਫੀਸਦੀ ਲੋਕਾਂ ਨੂੰ ਆਧਾਰ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ। ਉਪਰੋਕਤ ਸਕੀਮ ਦੇ ਲਾਭਕਾਰੀਆਂ ਨੂੰ ਆਪਣੇ 'ਗਰੀਬ' ਹੋਣ ਦੀ ਸ਼ਨਾਖਤ ਪੇਸ਼ ਕਰਨ ਲਈ ਕਈ ਵਾਰ ਮੌਕੇ ਦਿੱਤੇ ਗਏ ਸਨ। ਪੰਜਾਬ ਖੁਰਾਕ ਤੇ ਸਪਲਾਈ ਵਿਭਾਗ ਨੇ ਤਕਰੀਬਨ 72 ਲੋਕਾਂ ਵਿਚ ਸਸਤੀ ਕਣਕ ਵੰਡਣ 'ਤੇ ਉਦੋਂ ਤੱਕ ਰੋਕ ਲਾ ਦਿੱਤੀ ਜਦੋਂ ਤੱਕ ਉਨ੍ਹਾਂ ਦੀ ਸ਼ਨਾਖਤ ਪ੍ਰਕਿਰਿਆ ਮੁਕੰਮਲ ਨਹੀਂ ਹੋ ਜਾਂਦੀ। ਸਰਕਾਰ ਨੇ ਛੇ ਮਹੀਨੇ ਪਹਿਲਾਂ ਭਾਵ ਨਵੰਬਰ ਵਿਚ ਸਾਰੇ ਨੀਲੇ ਕਾਰਡਾਂ ਦੀ ਜਾਂਚ ਦੇ ਆਦੇਸ਼ ਦਿੱਤੇ ਸਨ। ਉਸ ਸਮੇਂ ਖਦਸ਼ਾ ਪਾਇਆ ਗਿਆ ਸੀ ਕਿ ਬਹੁਤ ਸਾਰੇ ਉਹ ਲਾਭਕਾਰੀ ਸਸਤੀ ਆਟਾ-ਦਾਲ ਸਕੀਮ ਦਾ ਲਾਭ ਲੈ ਰਹੇ ਹਨ ਜਿਹੜੇ ਗਰੀਬ ਨਹੀਂ। ਉਹ ਇਸ ਸਕੀਮ ਦੇ ਯੋਗ ਨਹੀਂ ਹਨ। ਇਸ ਸਕੀਮ ਤਹਿਤ ਹਰੇਕ ਗਰੀਬ ਵਿਅਕਤੀ ਦੋ ਰੁਪਏ ਕਿਲੋ ਕਣਕ ਸਾਲ ਵਿਚ ਦੋ ਵਾਰ ਦਸੰਬਰ ਤੇ ਜੂਨ ਦੌਰਾਨ 60 ਕਿਲੋ ਤੱਕ ਲੈਣ ਦੇ ਯੋਗ ਹੈ। ਇਸ ਤੋਂ ਇਲਾਵਾ 5500 ਪੈਨਸ਼ਨਰ ਅਜਿਹੇ ਹਨ, ਜੋ ਕਿ ਸਵਰਗਵਾਸੀ ਹੋਣ ਦੇ ਬਾਵਜੂਦ ਪੈਨਸ਼ਨ ਹਾਸਲ ਕਰ ਰਹੇ ਸਨ। 2.43 ਲੱਖ ਪੈਨਸ਼ਨਰ ਅਜਿਹੇ ਸਾਹਮਣੇ ਆਏ ਸਨ, ਜੋ ਆਮਦਨੀ ਤੇ ਹੋਰ ਕਾਰਨ ਕਰਕੇ ਅਯੋਗ ਪਾਏ ਗਏ ਸਨ। ਪੈਨਸ਼ਨ ਅਦਾਇਗੀਆਂ ਦੇ ਅਮਲ ਵਿਚ ਬੇਨਿਯਮੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਵਿਭਾਗ ਨੇ ਪਿੰਡਾਂ ਵਿਚ ਰਹਿੰਦੇ ਸਮੂਹ ਪੈਨਸ਼ਨਰਾਂ ਨੂੰ ਭਵਿੱਖ ਵਿਚ ਸਰਪੰਚਾਂ ਦੀ ਬਜਾਇ ਇਲੈਕਟ੍ਰਾਨਿਕ ਫੰਡ ਟਰਾਂਸਫਰ (ਈ.ਐਫ.ਟੀ.) ਪ੍ਰਣਾਲੀ ਰਾਹੀਂ ਅਦਾਇਗੀ ਦਾ ਫੈਸਲਾ ਕੀਤਾ ਸੀ, ਪਰ ਕਪੂਰਥਲਾ ਮਾਮਲੇ ਕਾਰਨ ਸਰਕਾਰ ਦੀ ਹੋਈ ਕਿਰਕਿਰੀ ਦੇ ਚੱਲਦਿਆਂ ਸਰਕਾਰ ਛੇਤੀ ਹੀ ਪੈਨਸ਼ਨਰਾਂ ਤੱਕ ਰਾਸ਼ੀ ਪਹੁੰਚਾਉਣ ਦੇ ਰੌਂਅ ਵਿਚ ਹੈ।

ਭਲਾਈ ਸਕੀਮਾਂ ਵਿਚ ਬੇਨੇਮੀਆਂ ਕਾਰਨ ਅਸਲ ਲੋੜਵੰਦ ਲਾਭ ਤੋਂ ਵਾਂਝੇ ਰਹੇ ਜਾਂਦੇ ਹਨ। ਪੰਜਾਬ ਵਿਚ ਤਕਰੀਬਨ ਪੌਣੇ ਦੋ ਲੱਖ ਬਜ਼ੁਰਗ ਬੁਢਾਪਾ ਪੈਨਸ਼ਨ ਦੀ ਉਡੀਕ ਵਿਚ ਹੀ ਜਹਾਨ ਤੋਂ ਰੁਖ਼ਸਤ ਹੋ ਗਏ ਹਨ। ਪੰਜਾਬ ਵਿਚ ਹਰ ਵਰ੍ਹੇ ਬੁਢਾਪਾ ਪੈਨਸ਼ਨ ਲੈਣ ਵਾਲੇ ਔਸਤਨ 25 ਹਜ਼ਾਰ ਬਜ਼ੁਰਗਾਂ ਦੀ ਮੌਤ ਹੋ ਜਾਂਦੀ ਹੈ। ਮ੍ਰਿਤਕ ਬਜ਼ੁਰਗਾਂ ਦੀ ਪੈਨਸ਼ਨ ਮੁੜ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਹੋ ਗਈ ਹੈ। ਬਠਿੰਡਾ ਜਿਲ੍ਹਾ ਇਸ ਮਾਮਲੇ ਵਿਚ ਪੰਜਾਬ ਭਰ ਵਿਚੋਂ ਅੱਗੇ ਹੈ ਜਿਥੋਂ ਦੇ 23069 ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਲੈਣੀ ਨਸੀਬ ਨਾ ਹੋ ਸਕੀ। ਪੰਜਾਬ ਸਰਕਾਰ ਵੱਲੋਂ ਕਦੇਂ ਵੀ ਬੁਢਾਪਾ ਪੈਨਸ਼ਨ ਨਿਰੰਤਰ ਨਹੀਂ ਦਿੱਤੀ ਗਈ ਹੈ। ਹੁਣ ਵੀ ਸਤੰਬਰ 2014 ਤੋਂ ਮਗਰੋਂ ਦੀ ਬੁਢਾਪਾ ਪੈਨਸ਼ਨ ਜਾਰੀ ਨਹੀਂ ਕੀਤੀ ਗਈ ਹੈ। ਬਹੁਤੇ ਮ੍ਰਿਤਕ ਬਜ਼ੁਰਗਾਂ ਦੀ ਪੈਨਸ਼ਨ ਦਾ ਹਿਸਾਬ ਕਿਤਾਬ ਵੀ ਨਹੀਂ ਦਿੱਤਾ ਗਿਆ ਹੈ।ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਆਰ.ਟੀ.ਆਈ. ਤਹਿਤ ਦਿੱਤੀ ਸੂਚਨਾ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਸਾਲ 2007-08 ਤੋਂ ਦਸੰਬਰ 2014 ਤੱਕ ਪੰਜਾਬ ਵਿਚ ਬੁਢਾਪਾ ਪੈਨਸ਼ਨ ਲੈ ਰਹੇ 1.76 ਲੱਖ ਬਜ਼ੁਰਗਾਂ ਦੀ ਮੌਤ ਹੋ ਚੁੱਕੀ ਹੈ। ਭਾਵੇਂ ਇਨ੍ਹਾਂ ਬਜ਼ੁਰਗਾਂ ਦੀ ਮੌਤ ਵਿਚ ਬੁਢਾਪਾ ਪੈਨਸ਼ਨ ਦੀ ਕੋਈ ਭੂਮਿਕਾ ਨਹੀਂ ਪਰ ਇਨ੍ਹਾਂ ਬਜ਼ੁਰਗਾਂ ਨੂੰ ਸਰਕਾਰ ਨੇ ਕਦੇ ਵੀ ਢਾਈ ਸੌ ਰੁਪਏ ਸਰਕਾਰ ਨੇ ਸਮੇਂ ਸਿਰ ਨਹੀਂ ਘੱਲੇ ਸਨ।



## ਜ਼ਿਆਦਾਤਰ ਸਕੀਮਾਂ ਨੂੰ ਲੱਗੀਆਂ ਬਰੇਕਾਂ

ਪੰਜਾਬ ਸਰਕਾਰ ਦੀ ਮਾਲੀ ਤੰਗੀ ਤੇ ਬੇਨੇਮੀਆਂ ਕਾਰਨ ਲੋਕ ਭਲਾਈ ਦੀਆਂ ਜ਼ਿਆਦਾਤਰ ਸਕੀਮਾਂ ਨੂੰ ਬਰੇਕਾਂ ਲੱਗ ਗਈਆਂ ਹਨ। ਇਥੋਂ ਤੱਕ ਕਿ ਸੂਬੇ ਵਿਚ ਤਕਰੀਬਨ ਦਸ ਹਜ਼ਾਰ ਧੀਆਂ ਸਰਕਾਰੀ ਸ਼ਗਨ ਦੀ ਉਡੀਕ ਵਿਚ ਹਨ। ਬੁਢਾਪਾ ਪੈਨਸ਼ਨ ਲੈਣ ਲਈ ਬਜ਼ੁਰਗਾਂ ਨੂੰ ਵਿਭਾਗ ਦੇ ਹਾੜੇ ਕੱਢਣੇ ਪੈ ਰਹੇ ਹਨ। ਸ਼ਗਨ ਸਕੀਮਾਂ ਤਹਿਤ ਪਹਿਲਾਂ ਹਰ ਮਹੀਨੇ ਰਕਮ ਜਾਰੀ ਹੋ ਰਹੀ ਸੀ ਪਰ ਹੁਣ ਮਾਲੀ ਅੜਚਨ ਖੜ੍ਹੀ ਹੋ ਗਈ ਹੈ। ਪੰਜਾਬ ਵਿਚ ਸੁਰੱਖਿਅਤ ਜਣੇਪੇ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤੀ ਗਈ ਮਾਤਾ ਕੁਸ਼ੱਲਿਆ ਕਲਿਆਣ ਯੋਜਨਾ ਵੀ ਲੜਖੜਾ ਗਈ ਹੈ। 31 ਮਾਰਚ 2014 ਤੋਂ ਬਾਅਦ ਪੰਜਾਬ ਦੇ ਹਸਪਤਾਲਾਂ ਵਿਚ ਇਸ ਯੋਜਨਾ ਤਹਿਤ ਕੋਈ ਫ਼ੰਡ ਨਹੀਂ ਪਹੁੰਚੇ। ਡਾ. ਜੀ.ਵੀ. ਸਿੰਘ ਸਹਾਇਕ ਡਾਇਰੈਕਟਰ ਐਮ.ਸੀ.ਐੱਚ. ਸਿਹਤ ਵਿਭਾਗ ਪੰਜਾਬ ਦਾ ਕਹਿਣਾ ਹੈ ਕਿ ਸੂਬੇ ਵਿਚ ਇਕ ਅਪ੍ਰੈਲ ਤੋਂ 30 ਸਤੰਬਰ 2014 ਤੱਕ ਕੁੱਲ 202477 ਜਣੇਪੇ ਹੋਏ ਜਿਨ੍ਹਾਂ ਵਿਚੋਂ 180703 ਪ੍ਰਵਾਨਿਤ ਹਸਪਤਾਲਾਂ ਵਿਚ ਹੋਏ ਹਨ। ਇਨ੍ਹਾਂ ਜਣੇਪਿਆਂ ਵਿਚੋਂ 101561 ਜਣੇਪੇ ਸਰਕਾਰੀ ਹਸਪਤਾਲਾਂ ਵਿਚ ਜਦਕਿ 79142 ਜਣੇਪੇ ਪ੍ਰਾਈਵੇਟ ਹਸਪਤਾਲਾਂ ਵਿਚ ਹੋਏ ਹਨ।


# ਤੰਦੂਰੀਏ ਕੁੱਕ ਦੀ ਲੋੜ ਹੈ

ਸੈਂਟਾ ਕਲੈਰੀਟਾ, ਐਲ ਏ ਏਰੀਆ, ਕੈਲੀਫੋਰਨੀਆ ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ ਦੀ ਲੋੜ ਹੈ ਜੋ ਵੱਖ ਵੱਖ ਪੰਜਾਬੀ ਤੇ ਭਾਰਤੀ ਖਾਣੇ ਤਿਆਰ ਕਰ ਸਕਦਾ ਹੋਵੇ।

*ਚੰਗੀ ਤਨਖਾਹ, ਸਿਰਫ ਲੀਗਲ ਵਰਕਰ*

**Cook needed for Indian restaurant at Santa Clarita, LA area CA.**

*Good Salary.*
*Only legal workers.*



Please call
**661-644-3430 or 661-263-2300**

18-19



# SUPER TRAVEL

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***

AMERICAN AIR, CONTINENTAL AIR



JET AIRWAYS, DELTA, AIR INDIA, KLM, LUFTHANSA.

*For Emergency Call anytime at 847-673-3825*

EARLY BIRD SALE!!!!

India $545
London $250




DHOL RADIO

WEBSITE - DHOLRADIO.CO

# DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

REQUEST SONG
MUSIC 24/7
LISTEN ON PHONE



ਹੁਣ ਸ਼ਿਕਾਗੋ ਤੋਂ

Application For Android and iPhone - Dhol Radio

LIVE CALLS ➡ USA 951-824-6365

skype - DHOLRADIO.ORG

LISTEN BY CALL ➡ USA 702-489-0211

Sukhpal Gill 10 pm to 12 am (IST)
Puran singh waraich 2:30 pm to 4 pm (IST)



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

ਗਰਾਊਂਡ ਜ਼ੀਰੋ

# ਸਿਆਸੀ ਸ਼ਤਰੰਜ ਦੇ ਮਹਾਨ ਖਿਡਾਰੀ ਪ੍ਰਕਾਸ਼ ਸਿੰਘ ਬਾਦਲ

ਪੰਜਾਬ ਦੇ ਪੰਜਵੀਂ ਵਾਰੀ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ ਨੂੰ ਸਿਆਸੀ ਸ਼ਤਰੰਜ ਦਾ ਮਹਾਨ ਖਿਡਾਰੀ ਦੇ ਖਿਤਾਬ ਨਾਲ ਸਨਮਾਨਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੀ ਹਰ ਸਿਆਸੀ ਚਾਲ ਨਾ ਸਿਰਫ ਆਮ ਲੋਕਾਂ ਲਈ ਸਗੋਂ ਸਿਆਸੀ ਮਾਹਰਾਂ ਲਈ ਵੀ ਬੁਝਾਰਤ ਬਣੀ ਰਹਿੰਦੀ ਹੈ। ਇਹੋ ਹੀ ਉਨ੍ਹਾਂ ਦੀ ਲੰਘੇ ਸੋਮਵਾਰ ਦੀ ਦਿੱਲੀ ਫੇਰੀ ਸਮੇਂ ਵਾਪਰਿਆ ਜਦੋਂ ਉਹ ਉਤਰੀ ਜ਼ੋਨ ਦੇ

**ਜਗਤਾਰ ਸਿੰਘ**

ਮੁੱਖ ਮੰਤਰੀਆਂ ਦੀ ਮੀਟਿੰਗ ਵਿਚ ਸ਼ਿਰਕਤ ਕਰਨ ਗਏ ਸਨ। ਇਹ ਵੱਖਰਾ ਵਿਸ਼ਾ ਹੈ ਕਿ ਇਹ ਢੁਕਵਾਂ ਮੰਚ ਸੀ ਜਾਂ ਨਹੀਂ, ਪਰ ਮੁੱਖ ਮੰਤਰੀ ਨੇ ਇਸ ਮੌਕੇ ਬੜੇ ਹੀ ਗੰਭੀਰ ਸਿੱਖ ਮੁੱਦੇ ਉਭਾਰੇ ਅਤੇ ਆਸ ਪ੍ਰਗਟ ਕੀਤੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਾਲਸਾ ਪੰਥ ਦੀ ਆਨ ਤੇ ਸ਼ਾਨ ਬਹਾਲ ਕਰਨਗੇ। ਉਨ੍ਹਾਂ ਇੱਕ ਵਾਰੀ ਫਿਰ ਪੰਥਕ ਮੁਹਾਵਰੇ ਵਿਚ ਆਪਣੀ ਪੁਰਾਣੀ ਗੱਲ ਕੀਤੀ ਹੈ।

ਉਤਰੀ ਸੂਬਿਆਂ ਦੀ ਇਸ ਮੀਟਿੰਗ ਵਿਚ ਪੰਜਾਬ ਤੇ ਪੰਥਕ ਮੁੱਦਿਆਂ ਦੀ ਗੱਲ ਤਿੱਖੀ ਸੁਰ ਵਿਚ ਕਰਨ ਤੋਂ ਕੁਝ ਘੰਟਿਆਂ ਬਾਅਦ ਹੀ ਸ. ਬਾਦਲ ਨੇ ਉਸ ਕਾਂਗਰਸ ਪਾਰਟੀ ਦੇ ਆਗੂ ਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਬੂਹਾ ਜਾ ਖੜਕਾਇਆ ਜਿਸ ਨੂੰ ਉਹ ਸਿੱਖਾਂ ਦੀ ਸਭ ਤੋਂ ਵੱਡੀ ਦੁਸ਼ਮਣ ਦਸਦੇ ਹਨ। ਉਹ ਸਾਬਕਾ ਪ੍ਰਧਾਨ ਮੰਤਰੀ ਨਾਲ ਤਕਰੀਬਨ ਵੀਹ ਮਿੰਟ ਇਕੱਲੇ ਗੱਲਾਂ ਕਰਦੇ ਰਹੇ ਤੇ ਇਸ ਸਮੇਂ ਦੌਰਾਨ ਉਨ੍ਹਾਂ ਦੇ ਸਾਥੀ ਤੇ ਅਧਿਕਾਰੀ ਬਾਹਰ ਖੜੇ ਉਡੀਕਦੇ ਰਹੇ। ਉਨ੍ਹਾਂ ਦੇ ਪੁੱਤਰ ਤੇ ਸੂਬੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਉਨ੍ਹਾਂ ਨੂੰ ਅਗਲੇ ਪੜਾਅ ਉਤੇ ਮਿਲੇ ਤੇ ਉਨ੍ਹਾਂ ਦੋਹਾਂ ਨੇ ਮੁਲਕ ਦੇ ਖਜ਼ਾਨਾ ਮੰਤਰੀ ਅਰੁਣ ਜੇਤਲੀ ਨਾਲ ਪੰਜ ਕੁ ਮਿੰਟਾਂ ਦੀ ਮੁਲਾਕਾਤ ਕੀਤੀ।

ਚਰਚਾ ਇਹ ਵੀ ਹੈ ਕਿ ਪ੍ਰਕਾਸ਼ ਸਿੰਘ ਬਾਦਲ ਪ੍ਰਧਾਨ ਮੰਤਰੀ ਨਾਲ ਵੀ ਮੁਲਾਕਾਤ ਕਰਨੀ ਚਾਹੁੰਦੇ ਸਨ, ਪਰ ਪ੍ਰਧਾਨ ਮੰਤਰੀ ਦਫਤਰ ਵਲੋਂ ਉਨ੍ਹਾਂ ਨੂੰ ਸਮਾਂ ਨਹੀਂ ਮਿਲ ਸਕਿਆ। ਇਹ ਸਾਰਾ ਘਟਨਾ-ਕ੍ਰਮ ਸ. ਬਾਦਲ ਵਲੋਂ ਇਹ ਕਹਿਣ ਤੋਂ ਬਾਅਦ ਵਾਪਰਿਆ ਕਿ ਮੋਦੀ ਖਾਲਸਾ ਪੰਥ ਦੀ ਆਨ ਤੇ ਸ਼ਾਨ ਬਹਾਲ ਕਰਨ ਲਈ ਜ਼ਰੂਰ ਢੁਕਵੇਂ ਕਦਮ ਚੁੱਕਣਗੇ।

ਸੋਚਣ ਵਾਲੀ ਗੱਲ ਇਹ ਹੈ ਕਿ ਖਾਲਸਾ ਪੰਥ ਦੀ ਆਨ ਤੇ ਸ਼ਾਨ ਨੂੰ ਵੱਟਾ ਕਦੋਂ ਤੇ ਕਿਵੇਂ ਲੱਗਿਆ ਹੈ ਕਿਉਂਕਿ ਸਿਰਫ ਪੰਜ ਸਾਲਾਂ ਦੇ ਅਰਸੇ ਨੂੰ ਛੱਡ ਕੇ ਪੰਜਾਬ ਵਿਚ 1997 ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦਾ ਹੀ ਰਾਜ ਰਿਹਾ ਹੈ। ਕਾਂਗਰਸ ਪਾਰਟੀ ਦੇ ਰਾਜ ਦੇ ਇਨ੍ਹਾਂ ਪੰਜਾਂ ਸਾਲਾਂ ਦੌਰਾਨ ਵੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੀ ਰਿਹਾ ਹੈ ਜਿਸ ਨੇ ਸ੍ਰੀ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਦੇ ਰੋਸ ਵਜੋਂ ਲੋਕ ਸਭਾ ਦੀ ਮੈਂਬਰੀ ਤੇ ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ। ਕੈਪਟਨ ਨੇ ਤਾਂ ਆਪਣੀ ਪਾਰਟੀ ਦੀ ਹਾਈ ਕਮਾਂਡ ਦੀ ਨਾਰਾਜ਼ਗੀ ਸਹੇੜਦਿਆਂ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਪੰਜਾਬ ਸਿਰ ਥੋਪੇ ਸਾਰੇ ਸਮਝੌਤਿਆਂ ਨੂੰ ਰੱਦ ਕਰਨ ਦਾ ਕਾਨੂੰਨ ਵੀ ਬਣਾ ਦਿੱਤਾ ਸੀ।

ਕੇਂਦਰ ਵਿਚ ਕਾਂਗਰਸ ਦੇ ਪਿਛਲੇ ਦਸ ਸਾਲਾਂ ਦੇ ਰਾਜ ਦੌਰਾਨ ਪ੍ਰਧਾਨ ਮੰਤਰੀ ਵੀ ਉਘੇ ਸਿੱਖ ਡਾ. ਮਨਮੋਹਨ ਸਿੰਘ ਹੀ ਰਹੇ ਹਨ ਅਤੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਸਿੱਖ ਹੋਣ ਕਰਕੇ ਨਹੀਂ ਸਗੋਂ ਉਨ੍ਹਾਂ ਦੇ ਗੁਣਾਂ ਤੇ ਸ਼ਖਸੀਅਤ ਕਰਕੇ ਬਣਾਇਆ ਗਿਆ ਸੀ। ਆਮ ਆਦਮੀ ਲਈ ਖਾਲਸਾ ਪੰਥ ਦੀ ਆਨ ਤੇ ਸ਼ਾਨ ਨੂੰ ਲੱਗੇ ਖੋਰੇ ਅਤੇ ਇਸ ਨੂੰ ਬਹਾਲ ਕਰਨ ਲਈ ਮੋਦੀ ਉਤੇ ਲਾਈ ਗਈ ਟੇਕ ਬਾਰੇ ਆਮ ਵਿਅਕਤੀ ਭੰਬਲਭੂਸੇ ਵਿਚ ਪਿਆ ਹੋਇਆ ਹੈ।

ਸ. ਬਾਦਲ ਨੇ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਨ ਦੀ ਖੁਦ ਤਾਂ ਵਧਾਈ ਕੀ ਦੇਣੀ ਸੀ, ਸਗੋਂ ਸੀਨੀਅਰ ਅਕਾਲੀ ਆਗੂ ਮਨਜੀਤ ਸਿੰਘ ਕਲਕੱਤਾ ਨੂੰ ਸਿਰਫ ਇਸ ਲਈ ਪਾਰਟੀ ਵਿਚੋਂ ਕੱਢ ਦਿੱਤਾ ਸੀ ਕਿ ਉਨ੍ਹਾਂ ਨੇ ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਏ ਜਾਣ ਦਾ ਸਵਾਗਤ ਕਰਦਿਆਂ ਕਿਹਾ ਸੀ ਕਿ ਡਾ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਬਣਨ ਨਾਲ ਦੁਨੀਆਂ ਭਰ ਵਿਚ ਸਿੱਖਾਂ ਦਾ ਵੱਕਾਰ ਵਧਿਆ ਹੈ। ਪਰ ਬਾਦਲ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਡਾ. ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਬਣਨ ਨਾਲ ਸ਼ਹਿਰੀ ਸਿੱਖ ਵੋਟ ਸ਼੍ਰੋਮਣੀ ਅਕਾਲੀ ਦਲ ਦੀ ਥਾਂ



ਕਾਂਗਰਸ ਦੀ ਝੋਲੀ ਵਿਚ ਜਾ ਪਵੇਗੀ ਅਤੇ ਇਸ ਖੋਰੇ ਨੂੰ ਰੋਕਣ ਲਈ ਹੀ ਉਨ੍ਹਾਂ ਪਹਿਲੀ ਵਾਰੀ ਹੀ ਮੈਂਬਰ ਬਣੇ ਸ਼ਹਿਰੀ ਸਿੱਖ ਅਵਤਾਰ ਸਿੰਘ ਮੱਕੜ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਾਇਆ ਸੀ। ਇਸੇ ਕਰਕੇ ਹੀ ਪ੍ਰਕਾਸ਼ ਸਿੰਘ ਬਾਦਲ ਵਲੋਂ ਸਾਬਕਾ ਪ੍ਰਧਾਨ ਮੰਤਰੀ ਨਾਲ ਕੀਤੀ ਗਈ ਮੁਲਾਕਾਤ ਪ੍ਰਤੀ ਸਿਆਸੀ ਮਾਹਰਾਂ ਵਲੋਂ ਦਿਲਚਸਪੀ ਦਿਖਾਈ ਜਾ ਰਹੀ ਹੈ।

ਪ੍ਰਧਾਨ ਮੰਤਰੀ ਹੁੰਦਿਆਂ ਡਾ. ਮਨਮੋਹਨ ਸਿੰਘ ਦਾ ਆਪਣੇ ਜੱਦੀ ਸੂਬੇ ਪ੍ਰਤੀ ਜ਼ਰੂਰ ਕੁਝ ਨਾ ਕੁਝ ਲਗਾਓ ਰਿਹਾ ਹੋਵੇਗਾ ਅਤੇ ਇਸ ਲਗਾਓ ਦਾ ਲਾਹਾ ਲਿਆ ਜਾ ਸਕਦਾ ਸੀ। ਪਹਿਲੇ ਸਾਲਾਂ ਵਿਚ ਉਸ ਦਾ ਕੈਪਟਨ ਅਮਰਿੰਦਰ ਸਿੰਘ ਨਾਲ ਬਹੁਤਾ ਰਾਬਤਾ ਨਹੀਂ ਸੀ ਬਣ ਸਕਿਆ ਅਤੇ ਉਸ ਤੋਂ ਬਾਅਦ ਸ. ਬਾਦਲ ਸੂਬੇ ਦੇ ਮੁੱਖ ਮੰਤਰੀ ਬਣ ਗਏ। ਉਹ ਲਗਾਤਾਰ ਕਾਂਗਰਸ ਉਤੇ ਸਿੱਖਾਂ ਨਾਲ ਬੇਇਨਸਾਫੀ ਕਰਨ ਦੇ ਦੋਸ਼ ਲਾਉਂਦੇ ਰਹੇ।

ਡਾ. ਮਨਮੋਹਨ ਸਿੰਘ ਨੇ ਮੁਲਕ ਦੇ ਖਜ਼ਾਨਾ ਮੰਤਰੀ ਹੁੰਦਿਆਂ ਇੱਕ ਵਾਰੀ ਜਲੰਧਰ ਵਿਚ ਇੱਕ ਜਨਤਕ ਸਮਾਗਮ ਦੌਰਾਨ ਸ਼ਰੇਆਮ ਇਹ ਕਿਹਾ ਸੀ ਕਿ ਬਾਦਲ ਨੇ ਕਦੇ ਵੀ ਉਨ੍ਹਾਂ ਨਾਲ ਪੰਜਾਬ ਜਾਂ ਸਿੱਖ ਮਾਮਲਿਆਂ ਦੀ ਗੱਲ ਨਹੀਂ ਕੀਤੀ ਅਤੇ ਜਿਹੜੇ ਨਿੰਜੀ ਕੰਮ ਲੈ ਕੇ ਉਹ ਆਉਂਦੇ ਰਹੇ ਹਨ, ਉਹ ਸਾਰੇ ਹੋ ਜਾਂਦੇ ਰਹੇ ਹਨ। ਬਾਦਲ ਵਲੋਂ ਕਾਂਗਰਸ ਨੂੰ ਵਾਰ ਵਾਰ ਪੰਜਾਬ ਤੇ ਸਿੱਖ ਦੁਸ਼ਮਣ ਜਮਾਤ ਕਹੇ ਜਾਣ ਦੇ ਬਾਵਜੂਦ ਡਾ. ਮਨਮੋਹਨ ਸਿੰਘ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਕਦੇ ਵੀ ਖਾਲੀ ਨਹੀਂ ਸੀ ਮੋੜਿਆ। ਬਾਦਲ ਨੇ ਸੋਮਵਾਰ ਫਿਰ ਉਤਰੀ ਸੂਬਿਆਂ ਦੀ ਮੀਟਿੰਗ ਵਿਚ ਇਹ ਗੱਲ ਕਹੀ ਹੈ।

ਧੂਰੀ ਦੀ ਜ਼ਿਮਨੀ ਚੋਣ ਜਿੱਤਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਆਪਣੀ ਸਰਕਾਰ ਲਈ ਹੁਣ ਭਾਰਤੀ ਜਨਤਾ ਪਾਰਟੀ ਉਤੇ ਨਿਰਭਰ ਨਹੀਂ ਰਿਹਾ। ਪਰ ਇਸ ਦਾ ਕੋਈ ਸਿੱਧਾ ਸਬੰਧ ਸਾਬਕਾ ਪ੍ਰਧਾਨ ਮੰਤਰੀ ਨਾਲ ਸ਼ਿਸ਼ਟਾਚਾਰ ਦੇ ਨਾਤੇ ਕੀਤੀ ਗਈ ਮੁਲਾਕਾਤ ਨਾਲ ਬਣਦਾ ਹਾਲੇ ਨਹੀਂ ਦਿਸ ਰਿਹਾ।

ਅਸਲ ਵਿਚ ਬਾਦਲ ਨੇ ਉਤਰੀ ਸੂਬਿਆਂ ਦੀ ਕੌਂਸਲ ਦੀ ਮੀਟਿੰਗ ਵਿਚ ਮੋਦੀ ਸਰਕਾਰ ਦੀ ਹੀ ਸਖਤ ਨੁਕਤਾਚੀਨੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬਿਆਂ ਨੂੰ ਕੇਂਦਰੀ ਟੈਕਸਾਂ ਵਿਚ ਦਿੱਤਾ ਗਿਆ ਵਧੇਰੇ ਹਿੱਸਾ ਵੀ ਛਲਾਵਾ ਹੀ ਹੈ, ਜਦੋਂ ਕਿ ਇਸ ਤੋਂ ਪਹਿਲਾਂ ਉਹ ਲਗਾਤਾਰ ਇਹ ਕਹਿੰਦੇ ਰਹੇ ਹਨ ਕਿ ਕੇਂਦਰੀ ਟੈਕਸਾਂ ਵਿਚ ਸੂਬਿਆਂ ਦਾ ਹਿੱਸਾ ਵਧਾ ਕੇ ਮੋਦੀ ਸਰਕਾਰ ਨੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਹੈ। ਮੀਟਿੰਗ 'ਚ ਬਾਦਲ ਨੇ ਕਾਂਗਰਸ ਸਰਕਾਰਾਂ ਵਲੋਂ ਪੰਜਾਬ ਨਾਲ ਕੀਤੇ ਗਏ ਵਿਤਕਰਿਆਂ ਦਾ ਆਪਣਾ ਪੁਰਾਣਾ ਰਾਗ ਵੀ ਅਲਾਪਿਆ।

ਸ. ਬਾਦਲ ਵਲੋਂ ਸੂਬਿਆਂ ਦੀ ਕੌਂਸਲ ਵਿਚ ਦਿੱਤੇ ਗਏ ਭਾਸ਼ਣ ਦੀ ਉਸ ਦੇ ਆਪਣੇ ਸਾਥੀਆਂ ਤੇ ਸਲਾਹਕਾਰਾਂ ਵਲੋਂ ਬੜੀ ਦਿਲਚਸਪ ਵਿਆਖਿਆ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਕੇਂਦਰ ਨੇ ਬਾਦਲ ਵਲੋਂ ਉਭਾਰੇ ਗਏ ਮੁੱਦਿਆਂ ਦਾ ਕੋਈ ਹੱਲ ਨਾ ਕੱਢਿਆ ਤਾਂ ਪੰਜਾਬ ਵਿਚ ਇੱਕ ਵਾਰੀ ਫਿਰ ਅਤਿਵਾਦ ਪੈਦਾ ਹੋ ਸਕਦਾ ਹੈ ਜਿਸ ਨਾਲ ਅਮਨ-ਸ਼ਾਂਤੀ ਤੇ ਆਪਸੀ ਭਾਈਚਾਰਾ ਭੰਗ ਹੋਵੇਗਾ। ਇਸ ਵਿਆਖਿਆ ਵਿਚੋਂ ਜਿਹੜਾ ਸੰਕੇਤ ਨਿਕਲਦਾ ਹੈ ਉਹ ਮੋਦੀ ਸਰਕਾਰ ਨੂੰ ਦਿੱਤੀ ਗਈ ਚਿਤਾਵਨੀ ਹੈ। ਪਰ ਇਸ ਸੂਰਤ ਵਿਚ ਸ਼ਤਰੰਜ ਦੇ ਇਸ ਮਾਹਰ ਖਿਡਾਰੀ ਵਲੋਂ ਮੋਦੀ ਨੂੰ ਮਾਤ ਦੇਣੀ ਪਵੇਗੀ। ਸਿਆਸਤ ਦੀ ਇਹ ਵੱਡੀ ਸ਼ਤਰੰਜੀ ਖੇਡ ਜਾਰੀ ਹੈ।

# ਬਾਦਲ ਦੀ ਕੋਠੀ ਅੱਗੇ ਖੁਦ ਨੂੰ ਅੱਗ ਲਾਉਣ ਵਾਲੀ ਗੁਰਪ੍ਰੀਤ ਕੌਰ ਦੀ ਮੌਤ

**ਚੰਡੀਗੜ੍ਹ:** ਪਿਛਲੇ ਵਰ੍ਹੇ 12 ਦਸੰਬਰ ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਅੱਗੇ ਆਤਮਦਾਹ ਦਾ ਯਤਨ ਕਰਨ ਵਾਲੀ 38 ਸਾਲਾ ਗੁਰਸਿਖ ਲੜਕੀ ਗੁਰਪ੍ਰੀਤ ਕੌਰ ਨੇ ਇਥੇ ਸੈਕਟਰ-16 ਦੇ ਸਰਕਾਰੀ ਹਸਪਤਾਲ ਵਿਚ ਦਮ ਤੋੜ ਦਿੱਤਾ। ਉਸ ਨੇ ਬੇਰੁਜ਼ਗਾਰੀ ਤੋਂ ਤੰਗ ਆ ਕੇ ਆਤਮਦਾਹ ਦੀ ਕੋਸ਼ਿਸ਼ ਕੀਤੀ ਸੀ। ਪਿਛਲੇ ਸਵਾ ਚਾਰ ਮਹੀਨਿਆਂ ਦੌਰਾਨ ਗੁਰਪ੍ਰੀਤ ਦੀ ਸਿਹਤ ਵਿਚ ਕਈ ਬਦਲਾਅ ਆਏ। ਉਸ ਨੂੰ ਦੋ-ਤਿੰਨ ਵਾਰ ਪੀ.ਜੀ.ਆਈ. ਵੀ ਭੇਜਿਆ ਗਿਆ ਪਰ ਉਥੋਂ ਦੇ ਡਾਕਟਰਾਂ ਵੱਲੋਂ ਉਸ ਨੂੰ ਵਾਪਸ ਸੈਕਟਰ-16 ਦੇ ਹਸਪਤਾਲ ਵਿਚ ਭੇਜ ਦਿੱਤਾ ਜਾਂਦਾ ਸੀ। ਉਹ ਇਸ ਘਟਨਾ ਦੌਰਾਨ 40 ਫੀਸਦੀ ਝੁਲਸੀ ਸੀ। ਲਾਵਾਰਸ ਗੁਰਪ੍ਰੀਤ ਦਾ ਇਲਾਜ ਹਸਪਤਾਲ ਪ੍ਰਸ਼ਾਸਨ ਆਪਣੀ ਜ਼ਿੰਮੇਵਾਰੀ 'ਤੇ ਹੀ ਕਰ ਰਿਹਾ ਸੀ। ਉਹ ਹਸਪਤਾਲ ਦੀ ਤੀਜੀ ਮੰਜ਼ਿਲ ਉਤੇ ਸਥਿਤ ਜਨਾਨਾ ਵਾਰਡ ਵਿਚ ਦਾਖਲ ਸੀ। ਹਸਪਤਾਲ ਦੇ ਸਟਾਫ਼ ਅਨੁਸਾਰ ਕਦੇ-ਕਦੇ ਗੁਰਪ੍ਰੀਤ ਖਾਣਾ-ਪੀਣਾ ਵੀ ਛੱਡ ਦਿੰਦੀ ਸੀ ਤੇ ਗੁੰਮਸੁੰਮ ਰਹਿੰਦੀ ਸੀ। ਜਦੋਂ ਇਸ ਲੜਕੀ ਨੇ ਸ. ਬਾਦਲ ਦੀ ਕੋਠੀ ਮੂਹਰੇ ਪੈਟਰੋਲ ਪਾ ਕੇ ਆਤਮਦਾਹ ਦਾ ਯਤਨ ਕੀਤਾ ਸੀ ਤਾਂ ਕਾਂਗਰਸ ਸਮੇਤ ਹੋਰ ਵਿਰੋਧੀ ਧਿਰਾਂ ਨੇ ਬੇਰੁਜ਼ਗਾਰੀ ਦੇ ਮੁੱਦੇ ਉਪਰ ਅਕਾਲੀ-ਭਾਜਪਾ ਗਠਜੋੜ ਸਰਕਾਰ ਦੀ ਖੂਬ ਭੰਡੀ ਕੀਤੀ ਸੀ ਪਰ ਪਿਛਲੇ ਸਵਾ ਚਾਰ



ਮਹੀਨਿਆਂ ਦੌਰਾਨ ਕਿਸੇ ਵੀ ਪਾਰਟੀ ਨੇ ਹਸਪਤਾਲ ਵਿਚ ਗੁਰਪ੍ਰੀਤ ਦੀ ਸਾਰ ਨਹੀਂ ਲਈ। ਗੁਰਪ੍ਰੀਤ ਦੀ ਮਾਤਾ ਦੀ ਉਸ ਦੇ ਜਨਮ ਸਮੇਂ ਹੀ ਮੌਤ ਹੋ ਗਈ ਸੀ, ਜਦੋਂ ਕਿ ਪਿਤਾ ਉਸ ਦੇ ਜਨਮ ਤੋਂ ਇਕ ਮਹੀਨਾ ਪਹਿਲਾਂ ਹੀ ਚੱਲ ਵਸਿਆ ਸੀ।

ਗੁਰਪ੍ਰੀਤ ਦਾ ਪਾਲਣ ਪੋਸ਼ਣ ਨਾਨੀ ਨੇ ਕੀਤਾ ਪਰ ਉਹ ਵੀ 1995 ਵਿਚ ਚਲਾਣਾ ਕਰ ਗਈ। ਇਸ ਤੋਂ ਬਾਅਦ ਉਹ ਖੁਦ ਸੰਘਰਸ਼ ਕਰ ਕੇ ਬਾਰ੍ਹਵੀਂ ਤੇ ਕੰਪਿਊਟਰ ਦਾ ਕੋਰਸ ਕਰਨ ਮਗਰੋਂ ਕਈ ਸਾਲ ਨੌਕਰੀ ਦੀ ਭਾਲ ਵਿਚ ਭਟਕਦੀ ਰਹੀ। ਉਹ 15 ਸਾਲਾਂ ਤੋਂ ਅਨਾਥਾਂ ਵਾਂਗ ਸ੍ਰੀ ਹਰਿਮੰਦਰ ਸਾਹਿਬ ਦੇ ਸ੍ਰੀ ਮੰਜੀ ਸਾਹਿਬ ਹਾਲ ਵਿਚਲੇ ਇਕ ਸਟੋਰਨੁਮਾ ਕਮਰੇ ਵਿਚ ਰਹਿੰਦੀ ਸੀ। ਉਸ ਨੇ ਅਧੀਨ ਸੇਵਾਵਾਂ ਚੋਣ ਬੋਰਡ ਵਿਚ ਲੈਬ ਅਟੈਂਡੈਂਟ ਦੀ ਆਸਾਮੀ ਲਈ ਅਰਜ਼ੀ ਦਿੱਤੀ ਸੀ। ਪਿਛਲੇ ਵਰ੍ਹੇ 12 ਦਸੰਬਰ ਨੂੰ ਗੁਰਪ੍ਰੀਤ ਨੇ ਪੈਟਰੋਲ ਪਾ ਕੇ ਮੁੱਖ ਮੰਤਰੀ ਦੀ ਕੋਠੀ ਮੂਹਰੇ ਆਤਮਦਾਹ ਦਾ ਯਤਨ ਕੀਤਾ ਸੀ। ਇਸ ਮੌਕੇ ਉਸ ਨੇ ਦੋਸ਼ ਲਾਇਆ ਸੀ ਕਿ ਉਸ ਨੇ ਸ. ਬਾਦਲ ਨੂੰ ਨੌਕਰੀ ਲਈ ਅਰਜ਼ੀ ਦਿੱਤੀ ਸੀ। ਜਦੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸ੍ਰੀ ਹਰਿਮੰਦਰ ਸਾਹਿਬ ਆਏ ਸਨ ਤਾਂ ਉਨ੍ਹਾਂ ਵੀ ਨੌਕਰੀ ਦੇਣ ਦਾ ਭਰੋਸਾ ਦਿੱਤਾ ਸੀ ਪਰ ਨੌਕਰੀ ਨਹੀਂ ਮਿਲੀ ਤੇ ਉਹ ਨੌਕਰੀ ਲਈ ਉਮਰ ਹੱਦ ਨੂੰ ਪਾਰ ਕਰ ਗਈ।

ਸੂਤਰਾਂ ਅਨੁਸਾਰ ਪੋਸਟਮਾਰਟਮ ਦੀ ਮੁੱਢਲੀ ਰਿਪੋਰਟ ਤੋਂ ਸੰਕੇਤ ਮਿਲੇ ਹਨ ਕਿ ਲੜਕੀ ਦੀ ਮੌਤ ਝੁਲਸਣ ਕਾਰਨ ਨਹੀਂ ਸਗੋਂ ਲੰਮਾਂ ਸਮਾਂ ਹਸਪਤਾਲ ਵਿਚ ਦਾਖਲ ਰਹਿਣ ਕਾਰਨ ਸੈਪਟਿਸੀਮਾ ਇਨਫੈਕਸ਼ਨ ਹੋਣ ਕਾਰਨ ਹੋਈ ਹੈ।

# ਪੰਜਾਬ ਪੁਲਿਸ ਲਈ ਨਮੋਸ਼ੀ ਬਣੀ ਜੇਲ੍ਹਾਂ ਵਿਚ ਬੇਰੋਕ ਨਸ਼ੇ ਦੀ ਸਪਲਾਈ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿਚ ਨਸ਼ੇ ਦੀ ਹੋ ਰਹੀ ਬੇਰੋਕ ਸਪਲਾਈ ਪੰਜਾਬ ਪੁਲਿਸ ਲਈ ਨਮੋਸ਼ੀ ਦਾ ਸਬੱਬ ਬਣੀ ਹੋਈ ਹੈ। ਪੰਜਾਬ ਦੀਆਂ ਕਈ ਜੇਲ੍ਹਾਂ ਵਿਚ ਬਾਹਰੋਂ ਨਸ਼ੇ ਤੇ ਹੋਰ ਨਾਜਾਇਜ਼ ਸਾਮਾਨ ਸੁੱਟਿਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਪਿਛਲੇ ਸਮੇਂ ਜੇਲ੍ਹ ਵਿਭਾਗ ਵੱਲੋਂ ਅਬਾਦੀ ਵਿਚਲੇ ਖੇਤਰਾਂ ਨੇੜਲੀਆਂ ਕੁਝ ਜੇਲ੍ਹਾਂ ਦੀਆਂ ਬਾਹਰਲੀਆਂ ਕੰਧਾਂ ਉਚੀਆਂ ਕਰਨ ਦੀਆਂ ਤਜਵੀਜ਼ਾਂ ਸਨ ਪਰ ਇਹ ਕੰਮ ਸਿਰੇ ਨਾ ਲੱਗਣ ਕਾਰਨ ਬਾਹਰੋਂ ਜੇਲ੍ਹਾਂ ਵਿਚ ਨਾਜਾਇਜ਼ ਸਾਮਾਨ ਲਗਾਤਾਰ ਸੁੱਟਿਆ ਜਾ ਰਿਹਾ ਹੈ।

ਜੇਲ੍ਹ ਵਿਭਾਗ ਵੱਲੋਂ ਕੀਤੀ ਪੜਤਾਲ ਦੌਰਾਨ ਸਪੱਸ਼ਟ ਹੋ ਗਿਆ ਹੈ ਕਿ ਬਠਿੰਡਾ ਜੇਲ੍ਹ ਵਿਚ ਪਿਸਤੌਲ ਕੰਧ ਉਪਰੋਂ ਸੁੱਟਿਆ ਗਿਆ ਸੀ। ਇਸ ਬਾਰੇ ਮੁਲਜ਼ਮ ਨੇ ਜਿਥੇ ਸਾਰੀ ਗੱਲ ਕਬੂਲ ਕਰ ਲਈ ਹੈ, ਉਥੇ ਪੁਲਿਸ ਨੇ ਵੀ ਬਾਹਰੋਂ ਪਿਸਤੌਲ ਸੁੱਟਣ ਵਾਲੇ ਤੇ ਜੇਲ੍ਹ ਅੰਦਰੋਂ ਪਿਸਤੌਲ ਅੱਗੇ ਮੁਲਜ਼ਮ ਨੂੰ ਪਹੁੰਚਾਉਣ ਵਾਲੇ ਦੀ ਨਿਸ਼ਾਨਦੇਹੀ ਕਰ ਲਈ ਹੈ। ਪਿਛਲੇ ਵਰ੍ਹੇ ਚਾਰ ਫਰਵਰੀ ਨੂੰ ਜ਼ਿਲ੍ਹਾ ਜੇਲ੍ਹ ਰੂਪਨਗਰ ਵਿਚ ਅਣਪਛਾਤੇ ਵਿਅਕਤੀਆਂ ਨੇ 12 ਬੀੜੀਆਂ ਦੇ ਬੰਡਲ ਤੇ ਦੋ ਜ਼ਰਦੇ ਦੀਆਂ ਪੁੜੀਆਂ ਸੁੱਟੀਆਂ ਸਨ, ਜੋ ਬਰਾਮਦ ਕਰ ਲਈਆਂ ਸਨ। ਇਸੇ ਤਰ੍ਹਾਂ 30 ਅਪਰੈਲ ਨੂੰ ਕੁਝ ਵਿਅਕਤੀਆਂ ਨੇ ਨਾਲ ਲੱਗਦੇ ਰਿਹਾਇਸ਼ੀ ਮਕਾਨਾਂ ਦੀ ਆੜ ਵਿਚ ਜ਼ਿਲ੍ਹਾ ਜੇਲ੍ਹ ਹੁਸ਼ਿਆਰਪੁਰ ਵਿਚ ਲਿਫਾਫੇ ਵਿਚ ਲਪੇਟ ਕੇ 0.50 ਗ੍ਰਾਮ ਨਸ਼ੀਲਾ ਪਾਊਡਰ ਸੁੱਟਿਆ, ਜੋ ਬਾਅਦ ਵਿਚ ਬਰਾਮਦ ਕਰ ਲਿਆ ਹੈ। ਪਿਛਲੇ ਵਰ੍ਹੇ 31 ਮਈ ਨੂੰ ਜ਼ਿਲ੍ਹਾ ਜੇਲ੍ਹ ਹੁਸ਼ਿਆਰਪੁਰ ਵਿਚ ਬਾਹਰੋਂ ਕਿਸੇ ਨੇ ਕਾਲੇ ਰੰਗ ਦੇ ਲਿਫਾਫੇ ਵਿਚ ਲਪੇਟੀ ਗੋਲਨੁਮਾ ਵਸਤੂ ਸੁੱਟੀ ਸੀ, ਜਿਸ ਨੂੰ ਬੈਰਕ ਨੰਬਰ 21 ਵਿਚ ਬੰਦ ਇਕ ਹਵਾਲਾਤੀ ਚੁੱਕ ਕੇ ਲੈ ਗਿਆ ਸੀ। ਉਸ ਨੂੰ ਬਾਅਦ ਵਿਚ ਕਾਬੂ ਕਰ ਲਿਆ ਸੀ ਤੇ ਤਲਾਸ਼ੀ ਦੌਰਾਨ ਉਸ ਕੋਲੋਂ ਦੋ ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਕੀਤਾ ਸੀ। ਕੇਂਦਰੀ ਜੇਲ੍ਹ ਗੁਰਦਾਸਪੁਰ ਵਿਚ ਵੀ ਕਿਸੇ ਵੱਲੋਂ ਪਿਛਲੇ ਸਾਲ ਤਿੰਨ ਅਗਸਤ ਨੂੰ ਜੇਲ੍ਹ ਦੇ ਮੁਲਾਜ਼ਮ ਦੀ ਮਿਲੀਭੁਗਤ ਨਾਲ ਬਾਹਰੋਂ ਸਾਮਾਨ ਸੁੱਟਣ ਦਾ ਖੁਲਾਸਾ ਹੋਇਆ ਸੀ।

ਵਾਰਡਰ ਦਵਿੰਦਰ ਸਿੰਘ ਜੇਲ੍ਹ ਵਿਚ ਡਿਊਟੀ ਉਤੇ ਸਨ ਕਿ ਸੁਰੱਖਿਆ ਵਾਰਡ ਨੰਬਰ ਦੋ ਦੀ ਕੰਧ ਉਪਰ 2-3 ਬੰਦੀਆਂ ਨੂੰ ਚੜ੍ਹਦਿਆਂ ਦੇਖਿਆ ਗਿਆ। ਜਦੋਂ ਇਹ ਵਾਰਡਰ ਮੌਕੇ ਉਤੇ ਪੁੱਜਿਆ ਤਾਂ ਉਸ ਨੇ ਉਥੇ ਤਾਇਨਾਤ ਪੈਸਕੋ ਦੇ ਇਕ ਮੁਲਾਜ਼ਮ ਨੂੰ ਬਾਹਰੋਂ ਕੋਈ ਸਾਮਾਨ ਸੁੱਟਣ ਬਾਰੇ ਪੁੱਛਿਆ ਗਿਆ ਤਾਂ ਇਸ ਮੁਲਾਜ਼ਮ ਨੇ ਨਾ ਕਹਿ ਦਿੱਤੀ। ਇਸ ਵਾਰਡਰ ਨੇ ਹੋਰ ਮੁਲਾਜ਼ਮਾਂ ਨੂੰ ਮੌਕੇ 'ਤੇ ਸੱਦ ਕੇ ਤਲਾਸ਼ੀ ਲਈ ਤਾਂ ਬੀੜੀਆਂ ਦੇ 40 ਬੰਡਲ ਤੇ ਜ਼ਰਦੇ ਦੀਆਂ ਤਿੰਨ ਪੁੜੀਆਂ ਬਰਾਮਦ ਹੋਈਆਂ। ਡੀ.ਆਈ.ਜੀ. (ਜੇਲ੍ਹਾਂ) ਕੈਪਟਨ ਐਲ.ਐਸ. ਜਾਖੜ ਨੇ ਕਿਹਾ ਕਿ ਕੇਂਦਰੀ ਜੇਲ੍ਹ ਬਠਿੰਡਾ ਵਿਚ ਪਿਸਤੌਲ ਮਿਲਣ ਦੇ ਮਾਮਲੇ ਦੀ ਕੀਤੀ ਪੜਤਾਲ ਦੌਰਾਨ ਤਕਰੀਬਨ ਸਭ ਕੁਝ ਸਪੱਸ਼ਟ ਹੋ ਗਿਆ ਹੈ। ਇਸ ਸਾਜ਼ਿਸ਼ ਵਿਚ ਸ਼ਾਮਲ ਮੁਲਜ਼ਮਾਂ ਦੀ ਵੀ ਨਿਸ਼ਾਨਦੇਹੀ ਹੋ ਗਈ ਹੈ।

## ਹਰਿਆਣਾ ਵਿਚ ਪੰਜਾਬੀ ਨੂੰ ਬਣਦਾ ਹੱਕ ਦੇਣ ਦਾ ਭਰੋਸਾ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਵਿਸ਼ੇਸ਼ ਪ੍ਰਿੰਸੀਪਲ ਸੈਕਟਰੀ ਆਰ. ਕੇ. ਖੁੱਲਰ ਨੇ ਭਰੋਸਾ ਦਿਵਾਇਆ ਹੈ ਕਿ ਰਾਜ ਸਰਕਾਰ ਵੱਲੋਂ ਪੰਜਾਬੀ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇਗਾ ਕਿਉਂਕਿ ਕਾਨੂੰਨੀ ਤੌਰ ਉਤੇ ਇਸ ਭਾਸ਼ਾ ਨੂੰ ਰਾਜ ਸਰਕਾਰ ਦੀ ਦੂਜੀ ਭਾਸ਼ਾ ਐਲਾਨਿਆ ਜਾ ਚੁੱਕਿਆ ਹੈ। ਸ੍ਰੀ ਖੁੱਲਰ ਜੋ ਅੰਬਾਲਾ ਦੇ ਜੰਮਪਲ ਹਨ ਤੇ ਰਾਜ ਸਰਕਾਰ ਦੇ ਲੋਕ ਸੰਪਰਕ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਵੀ ਹਨ, ਨੇ ਇਸ ਸੁਝਾਅ 'ਤੇ ਹਮਦਰਦੀ ਨਾਲ ਵਿਚਾਰ ਕਰਨ ਦੀ ਗੱਲ ਵੀ ਕੀਤੀ ਕਿ ਭਾਵੇਂ ਮੁੱਖ ਮੰਤਰੀ ਦੇ ਸਕੱਤਰੇਤ ਵਿਚ ਪੰਜਾਬੀ ਲਾਗੂ ਕਰਨ ਲਈ ਵੱਖਰਾ ਸੈਲ ਵੀ ਕਿਉਂ ਨਾ ਕਾਇਮ ਕਰਨਾ ਪਵੇ, ਜੋ ਪੰਜਾਬੀ ਵਿਚ ਚਿੱਠੀ ਪੱਤਰ ਕਰਨ ਦੇ ਕੰਮ ਦੀ ਨਿਗਰਾਨੀ ਕਰੇ।

# ਦੇਸ਼ ਲਈ ਮਰ-ਮਿਟਣ ਵਾਲਿਆਂ ਨੂੰ ਸ਼ਹੀਦ ਨਹੀਂ ਮੰਨਦੀ ਭਾਰਤ ਸਰਕਾਰ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਕ ਮਹੀਨਾ ਪਹਿਲਾਂ ਭਾਵੇਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਹੁਸੈਨੀਵਾਲਾ ਵਿਖੇ ਸਮਾਧਾਂ ਉਤੇ ਸਿਜਦਾ ਕਰਕੇ ਗਏ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਦੇਸ਼ ਵਿਚ ਸਰਕਾਰੀ ਤੌਰ ਉਤੇ ਅੱਜ ਤੱਕ ਕਿਸੇ ਵੀ ਵਿਅਕਤੀ ਨੂੰ ਸ਼ਹੀਦ ਨਹੀਂ ਐਲਾਨਿਆ ਗਿਆ ਹੈ।

ਭਾਰਤੀ ਗ੍ਰਹਿ ਮੰਤਰਾਲੇ ਦੇ ਡਿਪਟੀ ਸਕੱਤਰ (ਈ) ਤੇ ਸੀ.ਪੀ.ਆਈ.ਓ. ਵੀ.ਕੇ. ਰਾਜਨ ਦੇ ਹਸਤਾਖਰਾਂ ਹੇਠ 16 ਅਪ੍ਰੈਲ ਨੂੰ ਨਵੀਂ ਦਿੱਲੀ ਤੋਂ ਜਾਰੀ ਪੱਤਰ ਨੰਬਰ ਏ43020/01/2015 ਆਰ.ਟੀ.ਆਈ. ਤਹਿਤ ਇਹ ਖੁਲਾਸਾ ਹੋਇਆ ਹੈ ਜਿਸ ਵਿਚ ਸਪੱਸ਼ਟ ਕਿਹਾ ਗਿਆ ਹੈ ਕਿ ਗ੍ਰਹਿ ਮੰਤਰਾਲੇ ਵੱਲੋਂ ਭਾਰਤ ਅੰਦਰ ਕਿਸੇ ਵੀ ਜੀਵਤ ਜਾਂ ਮ੍ਰਿਤ ਵਿਅਕਤੀ ਨੂੰ 'ਸ਼ਹੀਦ' ਨਹੀਂ ਐਲਾਨਿਆ ਗਿਆ ਹੈ ਤੇ ਨਾ ਹੀ ਅਜਿਹੇ ਅਧਿਕਾਰਤ ਤੌਰ 'ਤੇ ਘੋਸ਼ਿਤ ਸ਼ਹੀਦਾਂ ਦੀ ਕੋਈ ਸੂਚੀ ਬਣਾਈ ਕੀਤੀ ਗਈ ਹੈ।

ਇਹ ਪੱਤਰ ਹਾਈਕੋਰਟ ਦੇ ਵਕੀਲ ਐਡਵੋਕੇਟ ਅਰੋੜਾ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਮੰਗੀ ਗਈ ਇਕ ਜਾਣਕਾਰੀ ਦੇ ਜਵਾਬ ਵਿਚ ਜਾਰੀ ਕੀਤਾ ਗਿਆ ਹੈ। ਗ੍ਰਹਿ ਮੰਤਰਾਲੇ ਨੇ ਇਸ ਦਾ ਉਕਤ ਦੋਟੁੱਕ ਜਵਾਬ ਦਿੰਦਿਆਂ ਸਪੱਸ਼ਟ ਕਹਿ ਦਿੱਤਾ ਹੈ ਕਿ ਦੇਸ਼ ਅੰਦਰ ਕਿਸੇ ਨੂੰ ਸਰਕਾਰੀ ਤੌਰ ਉਤੇ ਸ਼ਹੀਦ ਹੀ ਨਾ ਐਲਾਨਿਆ ਗਿਆ ਹੋਣ ਕਾਰਨ ਉਨ੍ਹਾਂ ਨੂੰ ਮੰਗੀ ਗਈ ਜਾਣਕਾਰੀ ਬਾਬਤ ਕੋਈ ਸੂਚਨਾ ਮੁਹੱਈਆ ਨਹੀਂ ਕਰਵਾਈ ਜਾ ਸਕਦੀ, ਪਰ ਉਨ੍ਹਾਂ ਦੀ ਅਰਜ਼ੀ ਆਰ.ਟੀ.ਆਈ. ਐਕਟ 2005 ਦੀ ਧਾਰਾ 6(3) ਦੇ ਤਹਿਤ ਨੈਸ਼ਨਲ ਆਰਕਾਈਜ਼ ਆਫ ਇੰਡੀਆ ਨੂੰ ਜ਼ਰੂਰ ਭੇਜ ਦਿੱਤੀ ਗਈ ਹੈ, ਤਾਂ ਜੋ ਉਨ੍ਹਾਂ ਕੋਲ ਅਜਿਹੀ ਕੋਈ ਸੂਚਨਾ ਮੌਜੂਦ ਹੋਣ ਦੀ ਸੂਰਤ ਵਿਚ ਮੁਹੱਈਆ ਕਰਵਾਈ ਜਾ ਸਕੇ।

# ਦਿਲ 'ਚ ਗੂੰਜਦੀ ਰਹੇਗੀ ਸੁਰਜੀਤ ਬਿੰਦਰਖੀਏ ਦੀ ਯਾਦ




ਐਸ. ਅਸ਼ੋਕ ਭੌਰਾ
ਫੋਨ: 510-415-3315

ਕੋਈ ਸ਼ੱਕ ਨਹੀਂ ਕਿ ਕਲਾਕਾਰ ਹੁਸਨ ਦੇ ਸ਼ੈਦਾਈ, ਮੌਜੀ ਠਾਕੁਰ ਤੇ ਆਸ਼ਕ ਮਿਜਾਜ਼ ਹੁੰਦੇ ਹਨ, ਤੇ ਮਰਹੂਮ ਸੁਰਜੀਤ ਬਿੰਦਰਖੀਆ ਵੀ ਅਜਿਹਾ ਹੀ ਸੀ। ਜਿਹੜੇ ਉਚੀ ਪਿਚ ਦੀ ਗਾਇਕੀ ਨਾਲ ਮੁਹੱਬਤ ਕਰਦੇ ਰਹਿਣਗੇ, ਇਸ ਬੁਲੰਦ ਆਵਾਜ਼ ਦਾ ਨਾਂ ਉਨ੍ਹਾਂ ਦੇ ਲਬਾਂ 'ਤੇ ਸਦਾ ਰਹੇਗਾ। ਸੁਰਜੀਤ ਕਿਉਂਕਿ ਵਕਤ ਤੋਂ ਪਹਿਲਾਂ ਤੁਰ ਗਿਆ, ਇਸ ਲਈ ਪੰਜਾਬੀ ਗਾਇਕੀ ਨਾਲ ਤਿਹੁ ਰੱਖਣ ਵਾਲੇ ਲੋਕ ਉਹਦਾ ਹੌਲ ਵੀ ਹਮੇਸ਼ਾ ਕਰਦੇ ਰਹਿਣਗੇ।

ਮੈਂ ਹਾਲਾਂਕਿ ਸ਼ਮਸ਼ੇਰ ਸੰਧੂ ਵਾਂਗ ਉਹਦੇ ਲਈ ਗੀਤ ਵੀ ਨਹੀਂ ਸੀ ਲਿਖਦਾ, ਪਰ ਮੇਰੇ ਨਾਲ



*ਸੁਰਜੀਤ ਬਿੰਦਰਖੀਆ*

ਉਹਦੀਆਂ ਯਾਦਾਂ ਦਾ ਲੰਮਾ ਚਿੱਠਾ ਨੱਕੋ-ਨੱਕ ਭਰਿਆ ਰਹੇਗਾ। ਗੱਲ 1985 ਦੀ ਹੈ। ਮੈਂ ਨਵਾਂ ਨਵਾਂ ਰੋਪੜ ਜ਼ਿਲ੍ਹੇ ਦੇ ਪਿੰਡ ਖੇੜਾ ਕਲਮੋਟ ਵਿਚ ਅਧਿਆਪਕ ਲੱਗਾ ਸਾਂ। ਮੇਰੇ ਨਾਲ ਇਕ ਸਾਇੰਸ ਅਧਿਆਪਕਾ ਬੇਬੀ ਬਾਲਾ ਸੀ। ਉਹ ਅਕਸਰ ਉਹਦੀਆਂ ਗੱਲਾਂ ਕਰਦੀ। ਗਾਇਕਾਂ ਬਾਰੇ ਲਿਖਦਾ ਹੋਣ ਕਰ ਕੇ ਉਹਨੇ ਅਕਸਰ ਕਹਿਣਾ-"ਮਾਸਟਰ ਜੀ, ਸਾਡੇ ਨਾਲ ਰੋਪੜ ਦੇ ਸਰਕਾਰੀ ਕਾਲਜ ਵਿਚ ਬਿੰਦਰਖ ਦਾ ਮੁੰਡਾ ਪੜ੍ਹਦਾ ਹੁੰਦਾ ਸੀ। ਪਹਿਲਾਂ ਭੰਗੜਾ ਟੀਮ ਨਾਲ ਬੋਲੀਆਂ ਪਾਉਂਦਾ ਸੀ, ਹੁਣ ਕਿਆ ਕਮਾਲ ਗਾਉਂਦਾ ਹੈ। ਹੇਕ ਲਾਉਂਦੈ ਕਿਤੇ! ਕੋਈ ਗਾਇਕ ਨਹੀਂ ਲਾ ਸਕਦਾ ਮਾਲ ਗੱਡੀ ਵਾਂਗ ਉਹਦੇ ਵਰਗੀ। ਕਿਤੇ ਉਹਦੇ ਬਾਰੇ ਚਾਰ ਅੱਖਰ ਜ਼ਰੂਰ ਲਿਖੋ", ਪਰ ਗੱਲ ਆਈ-ਗਈ ਹੁੰਦੀ ਰਹੀ।

1989 ਵਿਚ ਜਦੋਂ ਮੈਂ ਮਾਹਿਲਪੁਰ ਸ਼ੌਕੀ ਮੇਲਾ ਆਰੰਭ ਕੀਤਾ ਤਾਂ ਉਹਨੂੰ ਸ਼ਮਸ਼ੇਰ ਸੰਧੂ ਤੇ 'ਪੁੱਤ ਜੱਟਾ ਦੇ' ਵਾਲਾ ਚੂਹੜ ਚੱਕੀਆ ਜਗਜੀਤ ਨਾਲ ਲੈ ਕੇ ਆਏ। ਉਨ੍ਹਾਂ ਦੇ ਵਾਰ ਵਾਰ ਕਹਿਣ 'ਤੇ ਮੌਕਾ ਦਿੱਤਾ ਤਾਂ 'ਬੋਲ ਮਿੱਟੀ ਦਿਆ ਬਾਵਿਆ' ਗੀਤ ਕਾਹਦਾ ਗਾਇਆ ਕਿ 'ਲਾ-ਲਾ ਲਾ-ਲਾ ਹੋ ਗਈ।'। ਮੇਲੇ ਵਿਚ ਕਮਲਜੀਤ ਨੀਲੋਂ 'ਸੌਂ ਜਾ ਬੱਬੂਆ, ਮਾਣੋ ਬਿੱਲੀ ਆਈ ਆ' ਨਾਲ ਅਤੇ ਸੁਰਜੀਤ ਇਕ ਤਰ੍ਹਾਂ ਨਾਲ ਪਟਕੇ ਦੇ ਘੋਲ ਵਾਂਗ ਭਿੜੇ। ਉਹਦੀ 29 ਸਕਿੰਟ ਵਾਲੀ ਹੇਕ ਮੇਲੇ 'ਤੇ ਰਿਕਾਰਡ ਬਣੀ। ਉਸ ਤੋਂ ਬਾਅਦ ਉਹ ਮੇਰੇ ਸੰਪਰਕ ਵਿਚੋਂ ਤਾਂ ਨਿਕਲ ਗਿਆ, ਪਰ ਚਰਚਾ ਵਿਚ ਖੂਬ ਰਹਿਣ ਲੱਗਾ।


ਫਿਰ ਉਹ ਚੰਡੀਗੜ੍ਹ ਦੇ ਇਕ ਸੈਕਟਰ ਦੇ ਗੈਸਟ ਹਾਊਸ ਵਿਚ ਮਿਲਿਆ। ਸਬੱਬ ਇਹ ਸੀ ਕਿ ਸਤਵਿੰਦਰ ਬਿੱਟੀ ਵਾਲੀ ਹਿੱਟ ਵੀਡੀਓ 'ਗਿੱਧਾ ਪਾਓ ਕੁੜੀਓ' ਰਿਲੀਜ਼ ਕਰਨ ਵਾਲੇ, ਇੰਗਲੈਂਡ ਵਸਦੇ ਜੌਨੀ ਧਨੋਆ ਨੇ ਰਿਕਾਰਡਿੰਗ ਕੰਪਨੀ ਖੋਲ੍ਹ ਲਈ ਸੀ, ਤੇ ਗੈਸਟ ਹਾਊਸ ਦੇ ਖੁੱਲ੍ਹੇ ਆਂਗਣ ਵਿਚ ਰਾਤ ਵੇਲੇ ਕੜਾਕੇ ਦੀ ਠੰਢ ਵਿਚ ਸੁਖਵਿੰਦਰ ਪੰਛੀ ਦੀ ਕੈਸਿਟ 'ਛੱਲੇ ਮੁੰਦੀਆਂ' ਰਿਲੀਜ਼ ਹੋਣੀ ਸੀ। ਫਗਵਾੜੇ ਵਾਲਾ ਐਚ.ਐਸ. ਪ੍ਰੀਤ ਤੇ ਬਾਅਦ ਵਿਚ ਪੰਛੀ ਦੀ ਦੂਜੀ ਪਤਨੀ ਬਣਨ ਵਾਲੀ ਰਜਿੰਦਰ ਰੂਬੀ ਦਾ ਹੁਸਨ ਵੀ ਉਥੇ ਚਰਚਾ ਬਣਿਆ ਸੀ। ਸੁਭੇਕੀ ਸੁਰਿੰਦਰ ਸਿੰਘ (ਪੰਜਾਬੀ ਟ੍ਰਿਬਿਊਨ), ਸੰਗੀਤਕਾਰ ਵਰਿੰਦਰ ਬਚਨ ਤੇ ਅਜਾਇਬ ਔਜਲਾ ਤਾਂ ਆਏ, ਪਰ ਸ਼ਮਸ਼ੇਰ ਸੰਧੂ ਨਾਲ ਸੁਰਜੀਤ ਬਿੰਦਰਖੀਆ ਆ ਗਿਆ। ਸੱਚ ਇਹ ਹੈ ਕਿ ਕੈਸਿਟ ਤਾਂ ਪੰਛੀ ਦੀ ਰਿਲੀਜ਼ ਹੋਣੀ ਸੀ, ਪਰ ਗਾ ਕੇ ਇਸ ਮੁੰਡੇ ਨੇ ਲੋਹੜਾ ਲਿਆ'ਤਾ। ਉਨ੍ਹਾਂ ਦਿਨਾਂ ਵਿਚ ਮੈਂ ਜਲੰਧਰ ਦੂਰਦਰਸ਼ਨ ਦੇ ਪ੍ਰੋਗਰਾਮ ਦੀ ਪੇਸ਼ਕਾਰੀ ਵਿਚ ਵੀ ਸਰਗਰਮ ਹੋ ਗਿਆ ਸੀ। ਉਸ ਦਿਨ ਮੇਰੇ ਕੰਨ ਵਿਚ ਸ਼ਮਸ਼ੇਰ ਦੇ ਕਹੇ ਬੋਲ ਅੱਜ ਵੀ ਯਾਦ ਹਨ। ਉਹ ਕਹਿਣ ਲੱਗਾ, "ਅਸ਼ੋਕ, ਇਸ ਮੁੰਡੇ ਨੂੰ ਇਕ ਵਾਰ ਜਲੰਧਰ ਦੂਰਦਰਸ਼ਨ ਤੋਂ ਗੁਆ।" ਜਿੰਨੀ ਕੁ ਮੱਦਦ ਮੈਂ ਇਸ ਮਾਮਲੇ ਵਿਚ ਕਰ ਸਕਿਆ, ਉਹ ਤਾਂ ਕਰ ਦਿੱਤੀ, ਪਰ ਉਦੋਂ ਤੱਕ ਇਹ ਨਹੀਂ ਸੀ ਪਤਾ ਕਿ ਸ਼ਮਸ਼ੇਰ ਤੇ ਸੁਰਜੀਤ, ਗੀਤਕਾਰ ਤੇ ਗਾਇਕ ਵਜੋਂ ਪਜਾਮੇ ਕੁੜਤੇ ਵਾਂਗ ਇੰਨੇ ਹਿੱਟ ਹੋ ਜਾਣਗੇ। ਨਾ ਹੀ ਬਹੁਤਿਆਂ ਨੂੰ ਪਤਾ ਸੀ ਕਿ ਸੰਧੂ ਗੀਤ ਵੀ ਲਿਖ ਲੈਂਦਾ ਹੋਵੇਗਾ, ਕਿਉਂਕਿ ਸੰਧੂ ਦਾ ਇਕ ਹੀ ਗੀਤ ਨਰਿੰਦਰ ਬੀਬਾ ਨੇ 'ਪੁੱਤਰ ਜੱਟਾਂ ਦੇ' ਫਿਲਮ ਲਈ ਗਾਇਆ ਸੀ ਅਤੇ ਕਿਸੇ ਕਾਰਨ ਇਹ ਗੀਤ ਫਿਲਮ ਦਾ ਹਿੱਸਾ ਵੀ ਨਹੀਂ ਸੀ ਬਣ ਸਕਿਆ।

ਫਿਰ ਜਦੋਂ 'ਦੁਪੱਟਾ' ਲਹਿਰਾਇਆ ਤਾਂ ਪੰਜਾਬੀ ਗਾਇਕੀ ਵਿਚ ਸੁਰਜੀਤ ਬਿੰਦਰਖੀਏ ਦੇ ਨਾਂ ਦੀ ਨ੍ਹੇਰੀ ਚੜ੍ਹ ਗਈ, ਅਤੇ 'ਤੇਰੇ 'ਚ ਤੇਰਾ ਯਾਰ ਬੋਲਦਾ' ਨਾਲ ਤੂਫਾਨ ਆ ਗਿਆ। ਜਿੱਦਣ 'ਜੱਟ ਦੀ ਪਸੰਦ ਜੱਟ ਨੇ ਵਿਆਹੁਣੀ ਆ' ਵਾਲੀ ਟੇਪ ਰਿਲੀਜ਼ ਹੋਈ, ਮੈਂ ਚੰਡੀਗੜ੍ਹ ਹੀ ਸੀ। ਸ਼ਮਸ਼ੇਰ ਕੋਲ ਗਿਆ ਤਾਂ ਉਹਨੇ ਇਕ ਕਾਪੀ ਮੈਨੂੰ ਫੜਾ ਦਿੱਤੀ। ਪਿੰਡ ਤੱਕ ਢਾਈ-ਤਿੰਨ ਘੰਟੇ ਦੇ ਸਫਰ ਦੌਰਾਨ ਇਹ ਟੇਪ ਕਈ ਵਾਰ ਸੁਣੀ। ਸੰਧੂ ਨੇ ਰਾਏ ਪੁੱਛੀ, ਪਰ ਮੈਂ ਕੁਝ ਕਹਿ ਨਾ ਸਕਿਆ। ਮਹੀਨੇ ਕੁ ਬਾਅਦ ਟੀ-ਸੀਰੀਜ਼ ਵਾਲਾ ਦਰਸ਼ਨ ਕਹਿਣ ਲੱਗਾ, "ਟੁੱਟ ਗਏ ਸਾਰੇ ਰਿਕਾਰਡ।" ਉਦਣ ਅਹਿਸਾਸ ਹੋਇਆ ਸੀ ਕਿ ਬਿੰਦਰਖੀਆ, ਉਹਦਾ ਸੰਗੀਤਕਾਰ ਅਤੁਲ ਸ਼ਰਮਾ ਤੇ ਸ਼ਮਸ਼ੇਰ ਦੀ ਤ੍ਰਿਵੈਣੀ ਭਾਗਾਂ ਵਾਲੀ ਕਿਉਂ ਹੈ! ਫਿਰ ਉਹਦੇ ਦੁਆਲੇ ਫਿਲਮਾਂ ਵਾਲੇ ਘੁੰਮਣ ਲੱਗੇ ਤੇ ਉਹ ਜਹਾਜ਼ ਵਾਂਗ ਗਾਇਕੀ ਦੇ ਅੰਬਰ ਵਿਚ ਆਪਣੀ ਕਲਾ ਦੇ ਭਾਰ ਨਾਲ ਟਿਕ ਗਿਆ।

ਫਿਰ ਸਾਡੀਆਂ ਮੁਲਾਕਾਤਾਂ ਅਕਸਰ ਹੁੰਦੀਆਂ ਰਹੀਆਂ; ਕਦੇ ਚੰਡੀਗੜ੍ਹ ਦੇ ਰਿਕਾਡਿੰਗ ਸਟੂਡੀਓ ਵਿਚ, ਕਦੇ ਮੇਲਿਆਂ 'ਤੇ; ਕਦੇ ਸ਼ਮਸ਼ੇਰ ਦੇ ਘਰ ਤੇ ਕਦੇ ਜਲੰਧਰ ਦੂਰਦਰਸ਼ਨ, ਪਰ ਉਹ ਮੇਰੇ ਹੱਥ ਵਿਚੋਂ ਤਿਲਕਦਾ ਰਿਹਾ। ਇਕ ਦਹਾਕੇ ਦੀ ਪੂਰੀ ਚੜ੍ਹਾਈ ਵਿਚ ਉਹਨੇ ਇਕ ਵਾਰ ਵੀ ਮੇਰਾ ਕਹਿਣਾ ਨਾ ਮੰਨਿਆ। ਨਾ ਉਹ ਫਿਰ ਕਦੇ ਸ਼ੌਕੀ ਮੇਲੇ 'ਤੇ ਆਇਆ, ਨਾ ਮੇਰੇ ਘਰੇਲੂ ਸਮਾਗਮਾਂ ਵਿਚ। ਬਾਅਦ ਵਿਚ ਪਤਾ ਲੱਗਿਆ ਕਿ ਉਹ ਸਮਝਦੈ, ਅਸ਼ੋਕ ਪੁਲਿਸ ਵਾਲਿਆਂ ਵਾਂਗ ਮੁਫ਼ਤ ਗਾਉਣ ਦੀ ਵਗਾਰ ਵੱਧ ਪਾਉਂਦਾ। ਸ਼ੱਕ ਮੈਨੂੰ ਇਹ ਵੀ ਪੈਣ ਲੱਗਾ ਸੀ ਕਿ ਸ਼ਾਇਦ 'ਹੱਥੋਂ ਨਾ ਖੋਹ ਲਵੇ' ਵਾਲੇ ਚੱਕਰ ਵਿਚ ਸ਼ਮਸ਼ੇਰ ਈਰਖਾ ਕਰਦਾ ਹੈ। ਉਂਜ ਅਜਿਹਾ ਹੈ ਕੁਝ ਨਹੀਂ ਸੀ। ਜੋ ਸੀ, ਉਹ ਤੁਹਾਡੇ ਨਾਲ ਸਾਂਝਾ ਕਰਨ ਲੱਗਾ ਹਾਂ। ਮਾਹਿਲਪੁਰ ਸਾਡੇ ਮੇਲੇ ਦੇ ਹਮਦਰਦ ਜ਼ੋਰਾਵਰ ਸਿੰਘ ਬੈਂਸ ਦੇ ਮੁੰਡੇ ਦਾ ਵਿਆਹ ਸੀ। ਉਹ ਕਹਿਣ ਲੱਗਾ, "ਰਿਸੈਪਸ਼ਨ 'ਤੇ ਬਿੰਦਰਖੀਆ ਲਿਆਉਣੈ।" ਮੈਂ ਕਿਹਾ, "ਉਹਨੇ ਮੇਰੇ ਕਹੇ 'ਤੇ ਪੈਸੇ ਨਹੀਂ ਘੱਟ ਕਰਨੇ, ਕੁਲਦੀਪ ਮਾਣਕ ਨੂੰ ਲੈ ਆਉਂਦੇ ਆਂ।" ਉਹਦਾ ਜੁਆਬ ਵੀ ਚੇਤੇ ਹੈ, ਬੋਲਿਆ, "ਮੈਂ ਤਾਂ ਚਾਹੁੰਦਾ, ਪਰ ਨਿਆਣੇ ਬਿੰਦਰਖੀਏ 'ਤੇ ਅੜੇ ਪਏ ਆ।" ਖੈਰ! ਗੱਲ 93-94 ਦੀ ਹੋਊ, ਉਹ ਪੰਜਾਹ ਕੁ ਹਜ਼ਾਰ ਲੈਂਦਾ ਸੀ, ਉਹਨੇ ਮੇਰਾ ਮਾਣ ਰੱਖ ਲਿਆ ਤੇ ਚਾਲੀ ਵਿਚ ਪ੍ਰੋਗਰਾਮ ਬੁੱਕ ਹੋ ਗਿਆ। ਉਹ ਆਇਆ ਤਾਂ ਪੁੱਛਣ ਲੱਗਾ, "ਤੇਰਾ ਯਾਰ ਮਾਣਕ ਨੀਂ ਆਇਆ?" ਮੇਰੇ ਇਸ ਉਤਰ, "ਨਹੀਂ, ਕੀ ਗੱਲ?", ਕਹਿਣ ਲੱਗਾ, "ਮੈਂ ਤਾਂ ਕਿਹਾ, ਆਊਗਾ! ਸੱਦ ਲੈਣਾ ਸੀ ਅੱਜ। ਫਿਰ ਦੇਖਦੇ ਕਿ ਜੁਗਨੀ ਕੀਹਦੀ ਹੁੰਦੀ ਐ?" ਮੈਂ ਗੱਲ ਨੂੰ ਗੰਭੀਰਤਾ ਨਾਲ ਨਾ ਲਿਆ, ਤੇ ਪਤਾ ਹੁਣ ਆ ਕੇ ਲੱਗਾ ਹੈ ਕਿ ਮਾਜਰਾ ਕੀ ਸੀ! ਕੈਨੇਡਾ ਵਸਦੇ ਮੇਰੇ ਮਿੱਤਰ ਪ੍ਰਿਤਪਾਲ ਗਿੱਲ ਨੇ ਇਸ ਘਟਨਾ ਨੂੰ ਅਸਾਧਾਰਨ ਦੱਸਦਿਆਂ ਕਹਾਣੀ ਦੱਸੀ, ਕਿਤੇ ਸਰੀ ਵਿਚ ਮਨਿੰਦਰ ਗਿੱਲ ਦੇ ਸੱਦੇ 'ਤੇ ਪ੍ਰਿਤਪਾਲ ਦੇ ਘਰ ਮਾਣਕ ਨੂੰ ਵੀ ਸ਼ਮਸ਼ੇਰ ਲੈ ਆਇਆ। ਮਾਣਕ ਨੇ ਦੋ ਪੈਗ ਪੀ ਵੀ ਲਏ, ਪਰ ਉਹ ਕਮਰੇ ਵਿਚੋਂ ਨਾ ਨਿਕਲੇ। ਫਿਰ ਆਇਆ ਤਾਂ ਦੋ ਪੀ ਕੇ ਚਲੇ ਗਿਆ। ਅੰਦਰ ਜਾ ਕੇ ਕਹਿਣ ਲੱਗੇ, "ਮਾਣਕ ਨਾਲ ਲੈਣੀ ਆਂ ਕਿਤੇ ਟੱਕਰ। ਇਹਨੇ ਆਲਮ ਲੁਹਾਰ ਭਜਾ ਲਿਆ ਸੀ, ਬਿੰਦਰਖੀਆ ਨੀਂ ਭਜਾ ਹੋਣਾ।" ਫਿਰ ਮੈਂ ਓਹਲੇ ਹੋ ਕੇ ਕਹਿੰਦੇ ਦੀ ਗੱਲ ਤਾਂ ਸੁਣੀ ਸੀ ਉਹਦੀ, ਕਿ 'ਜੱਟ ਵਰਗੀ ਆਵਾਜ਼ ਮੀਰ ਆਲਮ ਕੋਲ ਕਿੱਥੇ?' ਪਰ ਉਹ ਖੁੱਲ੍ਹ ਕੇ ਨਹੀਂ ਸੀ ਕਹਿੰਦਾ। ਮਾਣਕ ਨਾਲ ਮੇਰੀ ਯਾਰੀ ਕਰ ਕੇ ਉਹ ਮੈਨੂੰ ਇਕਪਾਸੜ ਸਮਝਦਿਆਂ ਮੈਥੋਂ ਦੂਰੀ ਬਣਾ ਕੇ ਰੱਖਦਾ ਰਿਹਾ।



*ਇੱਕ ਸਦੀਵੀਂ ਯਾਦ...ਸੁਰਜੀਤ ਬਿੰਦਰਖੀਆ ਤੇ ਕਮਲ ਪ੍ਰੀਤ ਬੈਂਸ ਆਪਣੇ ਵਿਆਹ ਦੀ ਸਵਾਗਤੀ ਪਾਰਟੀ ਵੇਲੇ।*



*ਕਮਲਪ੍ਰੀਤ ਬੈਂਸ ਆਪਣੇ ਬੱਚਿਆਂ, ਬੇਟੇ ਗਿਤਾਜ ਬਿੰਦਰਖੀਆ ਤੇ ਮਿਨਾਜ ਨਾਲ*

ਬਾਰਾਂ ਸਾਲ ਪਹਿਲਾਂ 2003 ਦੀ ਘੜੀ ਵੱਲ ਘੁੰਮਦੇ ਹਾਂ। ਉਨ੍ਹਾਂ ਦਿਨਾਂ ਵਿਚ ਮੈਂ ਸੁਖਬੀਰ ਬੋਲੀਨਾ ਨਾਲ ਜਲੰਧਰ ਦੂਰਦਰਸ਼ਨ ਦਾ 'ਸੰਦਲੀ ਦਰਵਾਜ਼ਾ' ਪੇਸ਼ ਕਰਦਾ ਸਾਂ। 17 ਨਵੰਬਰ ਨੂੰ ਮੇਰੇ, ਸ਼ਮਸ਼ੇਰ ਤੇ ਹਰਿੰਦਰ ਬੀਸਲਾ ਦੇ ਸਾਂਝੇ ਮਿੱਤਰ ਮਾਸਟਰ ਜੋਗਾ ਸਿੰਘ ਦੇ ਮੁਕੰਦਪੁਰ ਲਾਗਲੇ ਪਿੰਡ ਚਾਹਲ ਕਲਾਂ ਵਿਚ ਅਸੀਂ ਜਸਵੰਤ ਸੰਦੀਲੇ ਦੇ ਦੋਗਾਣਿਆਂ 'ਤੇ ਅਖਾੜਾ ਫਿਲਮਾਉਣਾ ਸੀ। ਸੈਟ ਲੱਗ ਚੁੱਕਾ ਸੀ, ਸੈਟ ਦੇ ਐਨ ਪਿੱਛੇ ਭਰ ਭਰ ਨਿੱਕੀਆਂ ਟਿੰਡਾਂ ਪਾਣੀ ਗੇੜਦੀ ਹਲਟੀ ਭਜਾਉਣ ਲਈ ਸ਼ਿੰਗਾਰੇ ਬਲਦ ਤਿਆਰ ਸਨ, ਮੇਕਅਪ ਹੋ ਚੁੱਕਾ ਸੀ। 'ਐਕਸ਼ਨ' ਕਹਿ ਕੇ ਕੈਮਰਾ ਆਨ ਹੋਇਆ ਤਾਂ ਬੋਲੀਨਾ ਦੇ ਫੋਨ ਦੀ ਘੰਟੀ ਵੱਜ ਪਈ। ਮੈਂ ਅਜੇ ਦੋ ਕੁ ਸਤਰਾਂ ਹੀ ਬੋਲੀਆਂ ਹੋਣਗੀਆਂ, ਕੈਮਰੇ ਬੰਦ। ਬੋਲੀਨਾ ਫੋਨ ਸੁਣ ਕੇ ਮੇਰੇ ਕੋਲ ਸਟੇਜ 'ਤੇ ਆਇਆ, ਚਿਹਰਾ ਕੁਝ ਉਦਾਸ ਸੀ। ਬੋਲਿਆ, "ਮਨਹੂਸ ਖਬਰ ਐ...ਸੁਰਜੀਤ ਬਿੰਦਰਖੀਏ ਦੀ ਮੌਤ ਹੋ ਗਈ।" ਮੈਂ ਹੋਠਾਂ ਉਤਰ ਕੇ ਪਹਿਲਾਂ ਸੰਧੂ ਦੇ ਘਰ ਫੋਨ ਲਾਇਆ, ਕਿਸੇ ਨਾ ਚੁੱਕਿਆ। ਗਿਆਰਾਂ ਕੁ ਵਜੇ 'ਅਜੀਤ' ਦੇ ਦਫ਼ਤਰ ਦਾ ਫੋਨ ਮਿਲਾਇਆ, ਰਿਸੈਪਸ਼ਨਿਸਟ ਨੂੰ ਕਿਹਾ, "ਅਸ਼ੋਕ ਭੌਰਾ ਬੋਲਦਾਂ" ਸ਼ਬਦ ਅਜੇ ਅੱਧਾ ਮੂੰਹ ਵਿਚ ਹੀ ਸੀ ਕਿ ਉਹ ਕਹਿਣ ਲੱਗੀ, "ਭੌਰਾ ਜੀ, ਬਿੰਦਰਖੀਏ ਦੀ ਮੌਤ ਬਾਰੇ ਖਬਰ ਆ ਗਈ ਹੈ, ਤੁਸੀਂ ਇਹੀ ਪੁੱਛਣਾ ਸੀ?" ਮੈਂ ਬਿਨਾਂ ਕੁਝ ਕਹੇ ਫੋਨ ਕੱਟ ਦਿੱਤਾ। ਬੋਲੀਨਾ ਕਹਿ ਰਿਹਾ ਸੀ, "ਘੰਟਾ ਕੁ ਲੱਗੇਗਾ, ਲੋਕ ਆਏ ਹਨ, ਸੰਦੀਲਾ ਤਿਆਰ ਹੈ, ਕੰਮ ਮੁਕਾ ਲੈਨੇ ਆਂ।" ਸਿਰ ਤਾਂ ਸੰਦੀਲੇ ਨੇ ਵੀ ਹਿਲਾ ਦਿੱਤਾ ਨਾਂਹ ਵਿਚ, ਪਰ ਮੈਂ ਭਰੇ ਗਲੇ ਨਾਲ ਲੋਕਾਂ ਨੂੰ ਆਖਿਆ, "ਹੁਣ 'ਸੰਦਲੀ ਦਰਵਾਜ਼ਾ' ਕਦੇ ਫਿਰ ਸਹੀ।" ਮੈਂ ਤੇ ਜੋਗਾ ਸਿੰਘ ਸਿੱਧੇ ਬਿੰਦਰਖ। ਸਾਡੇ ਪੁੱਜਦਿਆਂ ਨੂੰ ਸਸਕਾਰ ਹੋ ਚੁੱਕਾ ਸੀ। ਲੱਕੜੀ ਪਾਉਣ ਦੇ ਬਹਾਨੇ ਸ਼ਮਸ਼ਾਨਘਾਟ ਪੁੱਜੇ, ਤਾਂ ਅੱਗੇ ਰੋਂਦਿਆਂ ਗੁਰਦਾਸ ਮਾਨ ਲਟ ਲਟ ਬਲਦੇ ਸਿਵੇ ਨਾਲ ਗੱਲਾਂ ਕਰ ਰਿਹਾ ਸੀ, "ਓਏ ਜਿਗਰੀ ਯਾਰਾ! ਕਿਥੇ ਚਲਾ ਗਿਓਂ। ਕੁਛ ਦੱਸ ਤਾਂ ਜਾਂਦਾ? ਕੌਣ ਲਾਵੇਗਾ ਹੁਣ ਲੰਮੀਆਂ ਹੇਕਾਂ...!" ਤੇ ਅਸੀਂ ਜਿੰਨੇ ਕੁ ਪੰਚੀ-ਤੀਹ ਜਣੇ ਹੋਵਾਂਗੇ, ਸਾਰੇ ਛਲਕ ਪਏ। ਲੋਕੀ ਕਹਿ ਵੀ ਰਹੇ ਸਨ, ਸੁਣ ਵੀ ਰਹੇ ਸਾਂ, ਤੇ ਸੋਚ ਮੈਂ ਵੀ ਰਿਹਾ ਸਾਂ ਕਿ ਇੰਨੇ ਮਹਾਨ ਗਾਇਕ ਦਾ ਇੰਨੀ ਛੇਤੀ, ਕਾਹਲੀ ਵਿਚ ਸਸਕਾਰ ਕਿਉਂ? ਤੇ ਪਤਾ ਮੈਨੂੰ ਹਾਲੇ ਤੱਕ ਨਹੀਂ ਲੱਗਾ। ਉਸ ਦਿਨ ਪਹਿਲੀ ਵਾਰ ਸੀ ਜਦੋਂ ਮੈਂ 'ਅਜੀਤ' ਲਈ ਭੋਗ ਮੌਕੇ 23 ਨਵੰਬਰ ਨੂੰ ਐਤਵਾਰ ਮੈਗਜ਼ੀਨ ਵਿਚ ਛਪਿਆ ਲੇਖ ਕਈ ਵਾਰ ਰੋ ਕੇ ਲਿਖਿਆ, ਤੇ ਕਈ ਵਾਰ ਵਾਹ-ਵਾਹ ਕੇ ਵੀ।

ਭੋਗ ਵਾਲੇ ਦਿਨ 26 ਨਵੰਬਰ ਨੂੰ ਬਿੰਦਰਖ ਪਿੰਡ ਨੂੰ ਜਾਣ ਵਾਲੇ ਸਾਰੇ ਰਾਹ ਟਰੈਕਟਰ-ਟਰਾਲੀਆਂ, ਕਾਰਾਂ, ਸਕੂਟਰਾਂ ਤੋਂ ਜਿਵੇਂ ਵੀ ਕਿਸੇ ਤੋਂ ਜਾਇਆ ਜਾਂਦਾ ਸੀ, ਜਾ ਰਿਹਾ ਸੀ। ਪੂਰੇ ਤਿੰਨ ਘੰਟੇ ਗੁਰਦੁਆਰੇ ਦੇ ਦੁਆਰ ਉਤੇ ਮੈਂ ਤੇ ਸ਼ਮਸ਼ੇਰ ਸੰਧੂ ਖੜ੍ਹੇ ਰਹੇ। ਥੋੜ੍ਹੀ ਦੇਰ ਪੰਮੀ ਬਾਈ, ਗਾਇਕਾ ਸਰਬਜੀਤ ਮਾਂਗਟ, ਭੁਪਿੰਦਰ ਮਟੌਰੀਆ ਤੇ ਅਮਰ ਨੂਰੀ ਵੀ ਖੜ੍ਹੇ। ਉਦਣ ਲੱਗਾ ਸੀ ਕਿ ਪੰਜਾਬੀ ਸੰਗੀਤ ਨੂੰ ਪਿਆਰ ਕਰਨ ਵਾਲੀ ਹਰ ਅੱਖ ਭਰ ਕੇ ਡੁੱਲ੍ਹੀ ਹੈ। ਕਿਸੇ ਨੂੰ ਪਤਾ ਹੀ ਨਾ ਲੱਗਾ, ਗੁਰਦਾਸ ਕਿਹੜੇ ਵੇਲੇ, ਕਿਧਰੋਂ ਗੁਰੂ ਘਰ ਅੰਦਰ ਦਾਖਲ ਹੋ ਗਿਆ। ਉਹ ਬੋਲਿਆ ਨਹੀਂ। ਬੱਸ, ਇਕ ਗੀਤ ਦੀਆਂ ਸਤਰਾਂ 'ਬਿੰਦਰਖੀਏ ਦੀ ਯਾਦ ਕਿਸੇ ਕੋਨੇ ਵਿਚ ਗੂੰਜੇਗੀ' ਕਾਹਦੀਆਂ ਸੁਣਾ ਬੈਠਾ ਕਿ ਹਾਜ਼ਰ ਲੋਕਾਂ ਦੀਆਂ ਆਂਦਰਾਂ ਝੁੰਬੀਆਂ ਰੋ ਉਠੀਆਂ। ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ, ਰਾਜ ਗਾਇਕ ਹੰਸ ਰਾਜ ਹੰਸ ਤੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਲੈ ਕੇ ਹੋਰਾਂ ਦੇ ਰਾਜਨੀਤਕ ਬਿਆਨ ਅਜੇ ਤੱਕ ਚੇਤੇ ਹਨ। ਉਥੇ ਮੌਤ 'ਤੇ ਰਾਜਨੀਤੀ, ਗਾਇਕੀ ਵਿਚ ਪਹਿਲੀ ਵਾਰ ਦੇਖੀ ਸੀ।

ਜਿੰਨੀਆਂ ਕੁ ਯਾਦਾਂ ਮੇਰੇ ਸੀਨੇ ਵਿਚ ਧੜਕਦੇ ਦਿਲ ਵਾਂਗ ਸੁਰਜੀਤ ਬਿੰਦਰਖੀਏ ਦੀਆਂ ਉਛਲਦੀਆਂ ਨੇ, ਉਹ ਮੈਂ ਤੁਹਾਡੇ ਹਵਾਲੇ ਵੀ ਕਰ ਦਿੰਨਾਂ:

ਚਾਰ ਭੈਣਾਂ ਦੇ ਇਕਲੌਤੇ ਭਰਾ ਦੀ ਮੌਤ ਅਸਹਿ ਸੀ। ਪਹਿਲਵਾਨ ਬਾਪੂ ਸੁੱਚਾ ਸਿੰਘ ਪਹਿਲਾਂ ਇਸ ਗੱਲ ਤੋਂ ਨਾਰਾਜ਼ ਰਿਹਾ ਕਿ ਉਹਦੇ ਮਗਰ ਘੁਲਣ ਆਹਰੇ ਲੱਗਾ ਪੁੱਤ ਗਵੱਈਆ ਕਾਹਤੋਂ ਬਣ ਗਿਆ। ਫਿਰ ਪੋਡ਼ ਤੇ ਪਿਛਲ-ਖਿੱਚੂ ਵਿਚਾਰਾਂ ਕਰ ਕੇ ਝੁਰਦਾ ਰਿਹਾ ਕਿ ਅੰਤਰ-ਜਾਤੀ ਵਿਆਹ ਉਹਨੇ ਕਾਹਤੋਂ ਕਰਵਾਇਆ; ਹਾਲਾਂਕਿ ਉਹਦੀ ਪਤਨੀ ਕਮਲਪ੍ਰੀਤ ਬੈਂਸ ਸਾਊ ਸੁਭਾਅ ਦੀ, ਪੜ੍ਹੇ-ਲਿਖੇ ਤੇ ਚੰਗੇ ਘਰਾਣੇ ਵਿਚੋਂ ਸੀ।

ਸਾਲ 1988 ਵਿਚ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਗਾਇਕੀ ਦਾ ਸਿਹਤਮੰਦ ਮੁਕਾਬਲਾ ਹੋ ਰਿਹਾ ਸੀ। ਕਈਆਂ ਨੇ ਗਾਇਆ, ਸ਼ਹਿਰ ਪਟਿਆਲੇ ਵਾਲੇ ਹਰਦੀਪ ਨੇ ਵੀ, ਪਰ ਜਦੋਂ ਲਵੇ ਤੇ ਨਵੇਂ ਮੁੰਡੇ ਸੁਰਜੀਤ ਬਿੰਦਰਖੀਏ ਨੇ 'ਕਾਵਾਂ ਕਿਤੋਂ ਲੱਭ ਕੇ ਲਿਆ ਸਿਰਨਾਵਾਂ' ਗਾਇਆ ਤਾਂ 'ਚੱਕ ਦੇ ਓਏ...ਜਿੱਤ ਗਿਆ ਓਏ, ਲੁੱਟ ਲਿਆ ਓਏ' ਹੋਈ ਤਾਂ ਉਹਦੇ ਹੱਕ ਵਿਚ ਆਵਾਜ਼ਾਂ ਉਠੀਆਂ। ਪਹਿਲਾ ਇਨਾਮ ਉਹਨੂੰ ਮਿਲਿਆ ਤਾਂ

(ਬਾਕੀ ਸਫਾ 33 ਉਤੇ)




*23 ਨਵੰਬਰ 2003 ਦੀ 'ਅਜੀਤ' ਅਖਬਾਰ ਦਾ ਐਤਵਾਰੀ ਅੰਕ ਜਿਸ ਵਿਚ ਅਸ਼ੋਕ ਭੌਰਾ ਦਾ ਸ਼ਰਧਾਂਜਲੀ ਵਾਲਾ ਲੇਖ ਛਪਿਆ ਸੀ*

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਯਾਰੀ ਦੇ ਡਰਾਮੇ

ਵੇਖ ਕੇ ਬੂਹੇ ਢੋ ਲੈਂਦੇ ਨੇ ਲੋਕੀ ਅੱਜ ਕੱਲ੍ਹ ਮਿੱਤਰੋ,
ਉਂ ਯਾਰੀ ਦੇ ਰੋਜ਼ ਡਰਾਮੇ ਕਰਦੇ ਰਹਿਣ ਹਜ਼ਾਰਾਂ।
ਬਹੁਤਿਆਂ 'ਤੇ ਇਲਜ਼ਾਮ ਇਹੋ ਨੇ ਇੱਜ਼ਤ 'ਤੇ ਅੱਖ ਰੱਖਣ,
ਜਿਨ੍ਹਾਂ ਨਾਲ ਸੀ ਘਰ ਵਿਚ ਲੱਗਦਾ ਖਿੜੀਆਂ ਨੇ ਗੁਲਜ਼ਾਰਾਂ।
ਦਿਨ ਢਲਦੇ ਨਾਲ ਦਿਲ ਡੁੱਬ ਜਾਂਦਾ ਧੀਰਜ ਕਿੱਥੋਂ ਰਹਿ ਜੂ,
ਅੱਧੀ ਦੁਨੀਆਂ ਲੁੱਟ ਲਈ ਇਥੇ ਝੂਠੇ ਕੌਲ ਕਰਾਰਾਂ।
ਸੁਦਾਮੇ ਦੇ ਹੱਥ ਸੱਤੂ ਹੈ ਨਹੀਂ ਕਿੱਦਾਂ ਕ੍ਰਿਸ਼ਨ ਮਨਾ ਲਊ,
ਉਲਟ ਸਿਕੰਦਰ ਪੋਰਸ ਹੱਥੋਂ ਖਾਣ ਲੱਗ ਪਿਆ ਹਾਰਾਂ।
ਪਹਿਲਾਂ ਜਿਗਰੀ ਯਾਰ ਬਣਾਇਆ ਫੇਰ ਬਦਲ ਲਏ ਰਿਸ਼ਤੇ,
ਪੁੱਠੀਆਂ ਹੀ ਹੁਣ ਜੁੜ ਰਹੀਆਂ ਨੇ ਇਸ਼ਕ ਦੀਆਂ ਸਭ ਤਾਰਾਂ।
ਫਰੈਂਡ ਬੜੇ ਨੇ ਫੇਸਬੁੱਕ 'ਤੇ ਬਿਨ ਪਰਖੇ ਹੀ ਬਣ ਗਏ,
ਲੱਕੜੀ ਗੁਣੀਏ ਦੇ ਵਿਚ ਕਰ'ਤੀ ਧੱਕੇ ਨਾਲ ਲੁਹਾਰਾਂ।
ਰਾਮ ਨੂੰ ਇਥੇ ਲੱਭਣਾ ਨਹੀਓਂ ਲਛਮਣ ਵਰਗਾ ਭਾਈ,
ਰੂਪ-ਬਸੰਤ ਵੀ ਰੱਖਣ ਲੱਗ ਪਏ ਦਿਲ ਦੇ ਅੰਦਰ ਖਾਰਾਂ।
ਪਹਿਲਾਂ 'ਭੌਰੇ' ਪੱਗ ਵਟਾਉਂਦੇ ਫਿਰ ਲਾਹੁਣ ਨੂੰ ਫਿਰਦੇ,
ਚਿੱਤ ਕਿਥੇ ਹੁਣ ਕਹਿਣ ਨੂੰ ਕਰਦਾ ਯਾਰਾਂ ਨਾਲ ਬਹਾਰਾਂ।

ਗੁਰਮਤਿ ਗਿਆਨ

# ਧਰਮ ਨਿਰਪੇਖਤਾ, ਸਮਾਜਿਕ ਨਿਆਉਂ ਤੇ ਗਦਰੀ ਯੋਧੇ (2)



ਡਾ. ਗੁਰਨਾਮ ਕੌਰ, ਕੈਨੇਡਾ

ਗੁਰਮਤਿ ਮਾਰਗ ਇੱਕ ਜੀਵਨ ਜਾਚ ਹੈ ਜਿਸ ਦੀ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਸਿੱਖ ਗੁਰੂ ਸਾਹਿਬਾਨ ਦਾ ਆਪਣਾ ਜੀਵਨ ਅਤੇ ਇਸ ਜੀਵਨ ਜਾਚ ਦੇ ਅਮਲੀ ਪ੍ਰਕਾਸ਼ਨ ਲਈ ਉਨ੍ਹਾਂ ਵਲੋਂ ਸਥਾਪਤ ਸੰਸਥਾਵਾਂ ਅਤੇ ਸੰਸਕਾਰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਾਤ, ਜਨਮ, ਨਸਲ, ਧਾਰਮਿਕ ਹੱਦਬੰਦੀਆਂ ਤੋਂ ਪਾਰ ਕੁਲ ਲੁਕਾਈ ਨੂੰ ਸਰਬ ਸਾਂਝੀਵਾਲਤਾ ਅਤੇ ਮਨੁੱਖ ਨੂੰ ਇਸ ਸੰਸਾਰ 'ਤੇ ਰਹਿੰਦਿਆਂ 'ਪਤਿ ਸੇਤੀ' ਜਿਉਣ ਅਤੇ ਇਸ ਸੰਸਾਰ ਤੋਂ ਪਤਿ ਸੇਤੀ ਰੁਖਸਤ ਹੋਣ ਦਾ ਸੰਦੇਸ਼ ਦਿੰਦੀ ਹੈ। ਪਿਛਲੇ ਲੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦੇ ਹਵਾਲੇ ਨਾਲ ਹੀ ਗੱਲ ਕੀਤੀ ਗਈ ਸੀ ਕਿ ਹਿੰਦੂ ਸ਼ਾਸਤਰਾਂ ਅਨੁਸਾਰ ਕਿਵੇਂ ਹਿੰਦੂ ਸਮਾਜ ਵੱਖ ਵੱਖ ਜਾਤਾਂ ਅਤੇ ਵਰਣਾਂ ਵਿਚ ਵੰਡਿਆ ਹੋਇਆ ਸੀ ਅਤੇ ਉਚੀਆਂ ਕਹੀਆਂ ਜਾਣ ਵਾਲੀਆਂ, ਖਾਸ ਕਰਕੇ ਸਮਾਜ ਅਤੇ ਧਰਮ ਦੀ ਕਰਤਾ ਧਰਤਾ ਕਹੀ ਜਾਣ ਵਾਲੀ ਉਚੀ ਜਾਤ ਬ੍ਰਾਹਮਣ ਦਾ ਅਖੌਤੀ ਛੋਟੀਆਂ ਜਾਤਾਂ ਵੱਲ ਕਿਹੋ ਜਿਹਾ ਨਜ਼ਰੀਆ ਸੀ। ਸਿੱਖ ਧਰਮ ਚਿੰਤਨ ਵਿਚ ਮਨੁੱਖ ਦੀ ਧਰਮ, ਜਾਤ, ਨਸਲ ਜਾਂ ਇਸਤਰੀ/ਪੁਰਸ਼ ਹੋਣ ਦੇ ਨਾਤੇ ਵੰਡ ਨੂੰ ਨਕਾਰਿਆ ਗਿਆ ਹੈ ਕਿਉਂਕਿ ਸਾਰੇ ਜੀਵ ਉਸ ਇੱਕ ਰੱਬ ਨੇ ਪੈਦਾ ਕੀਤੇ ਹੋਏ ਪ੍ਰਵਾਨ ਕੀਤੇ ਗਏ ਹਨ ਅਤੇ ਹਰ ਜੀਵ ਅੰਦਰ ਉਸ ਦਾ ਨੂਰ ਵਿਆਪਕ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ "ਸਭਿ ਮੈ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣੁ ਸਭ ਮਹਿ ਚਾਨਣ ਹੋਇ॥" ਅਤੇ ਗੁਰੂ ਅਮਰਦਾਸ ਨੇ 'ਮਨਿ ਤੂ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ' ਕਿਹਾ ਹੈ। ਭਗਤ ਕਬੀਰ ਲੋਕਾਈ ਨੂੰ ਆਗਾਹ ਕਰਦੇ ਹਨ ਕਿ ਮਨੁੱਖ ਜਨਮ ਪ੍ਰਤੀ ਆਪਣੇ ਮਨਾਂ ਨੂੰ ਭਰਮ ਵਿਚ ਪਾ ਕੇ ਖੁਆਰ ਨਾ ਹੋਣ ਅਤੇ ਕਿਸੇ ਭੁਲੇਖੇ ਵਿਚ ਨਾ ਰਹਿਣ। ਉਹ ਦੱਸਦੇ ਹਨ ਕਿ ਉਸੇ ਰੱਬੀ ਹਸਤੀ ਨੇ ਸਭ ਨੂੰ ਪੈਦਾ ਕੀਤਾ ਹੈ ਅਤੇ ਹਰ ਇੱਕ ਦੇ ਅੰਦਰ ਵਸ ਰਹੀ ਹੈ। ਸਾਰੀ ਦੁਨੀਆਂ ਉਸੇ ਇੱਕ ਰੱਬੀ ਨੂਰ ਤੋਂ ਪੈਦਾ ਹੋਈ ਹੈ, ਕਿਉਂਕਿ ਹਰ ਇੱਕ ਦੀ ਹੋਂਦ ਉਸੇ ਤੋਂ ਹੈ ਅਤੇ ਉਹ ਹਰ ਇੱਕ ਵਿਚ ਵਿਆਪਕ ਹੈ। ਇਸ ਲਈ ਇਹ ਨਹੀਂ ਕਿਹਾ ਜਾ ਸਕਦਾ ਕਿ ਜਨਮ ਕਰਕੇ ਕੌਣ ਉਚਾ ਹੈ ਜਾਂ ਕੌਣ ਨੀਵਾਂ। ਜਿਸ ਤਰ੍ਹਾਂ ਘੁਮਿਆਰ ਇੱਕੋ ਮਿੱਟੀ ਤੋਂ ਅਨੇਕ ਕਿਸਮ ਦੇ ਭਾਂਡੇ ਬਣਾਉਂਦਾ ਹੈ, ਉਸੇ ਨੇ ਆਪਣੇ ਆਪ ਤੋਂ ਵੱਖੋ ਵੱਖ ਰੂਪ ਸਿਰਜ ਕੇ ਸਾਰੀ ਖ਼ਲਕਤ ਪੈਦਾ ਕੀਤੀ ਹੈ। ਇਹ ਸਭ ਸਿਰਜਣਾ ਉਸ ਦੇ ਹੁਕਮ ਵਿਚ ਹੋਈ ਹੈ। ਜਿਹੜਾ ਮਨੁੱਖ ਉਸ ਪਰਮ ਹਸਤੀ ਦੇ ਇਸ ਹੁਕਮ ਨੂੰ ਪਛਾਣ ਲੈਂਦਾ ਹੈ, ਉਸ ਨੂੰ ਹੀ ਉਸ ਦਾ ਬੰਦਾ ਕਹਿਣਾ ਚਾਹੀਦਾ ਹੈ,

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ॥੧॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ
ਪੂਰਿ ਰਹਿਓ ਸ੍ਰਬ ਠਾਂਈ॥੧॥ਰਹਾਉ॥...
(ਪੰਨਾ ੧੩੪੯-੫੦)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਭਾਈਚਾਰਕ ਸਾਂਝੀਵਾਲਤਾ, ਆਪਸੀ ਪ੍ਰੇਮ ਅਤੇ ਸ਼ਾਂਤੀ, ਸਰਬੱਤ ਦਾ ਭਲਾ, ਸਭ ਨੂੰ ਇਕਸਾਰ ਅਧਿਆਤਮਕ ਅਨੁਭਵ ਅਤੇ ਸਮਾਜਿਕ ਬਰਾਬਰੀ ਦਾ ਹੱਕ, ਸਾਰੀ ਮਨੁੱਖਤਾ ਦੀ ਆਜ਼ਾਦੀ ਦਾ ਸੰਦੇਸ਼ ਦਿੱਤਾ ਗਿਆ ਹੈ। ਗੁਰੂ ਨਾਨਕ ਸਾਹਿਬ ਰੱਬ ਅੱਗੇ ਅਰਦਾਸ ਕਰਕੇ ਉਨ੍ਹਾਂ ਦੀ ਸੰਗਤ ਮੰਗਦੇ ਹਨ ਜਿਨ੍ਹਾਂ ਨੂੰ ਇਸ ਸਮਾਜਿਕ ਦਰਜਾਬੰਦੀ ਕਾਰਨ ਨੀਵੇਂ ਸਮਝਿਆ ਜਾਂਦਾ ਹੈ। ਉਹ ਆਪਣੀਆਂ ਚਾਰ ਉਦਾਸੀਆਂ ਦੌਰਾਨ ਜਿਥੇ ਵੀ ਗਏ, ਉਨ੍ਹਾਂ ਨੇ ਗ਼ਰੀਬ ਅਤੇ ਨੀਵੇਂ ਕਹੇ ਜਾਣ ਵਾਲੇ ਸਮਾਜਿਕ ਤੌਰ 'ਤੇ ਦੱਬੇ-ਕੁਚਲੇ ਭਾਈ ਲਾਲੋ ਵਰਗੇ ਹੱਥੀਂ ਕਿਰਤ ਕਮਾਈ ਕਰਕੇ ਖਾਣ ਵਾਲੇ ਲੋਕਾਂ ਦੀ ਸੰਗਤ ਕੀਤੀ। ਭਾਈ ਮਰਦਾਨਾ, ਜੋ ਸਮਾਜਿਕ ਦਰਜਬੰਦੀ ਵਿਚ ਨੀਵੀਂ ਕਹੀ ਜਾਣ ਵਾਲੀ ਜਾਤ ਨਾਲ ਸਬੰਧਤ ਸੀ, ਨੇ ਆਪਣੀ ਸਾਰੀ ਉਮਰ ਗੁਰੂ ਨਾਨਕ ਸਾਹਿਬ ਨਾਲ ਰਬਾਬ ਵਜਾਉਂਦਿਆਂ ਸਾਰੀਆਂ ਉਦਾਸੀਆਂ ਵੇਲੇ ਸਾਥ ਨਿਭਾਇਆ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਥੇ ਨੀਵੇਂ ਕਹੇ ਜਾਣ ਵਾਲੇ ਤੇ ਗਰੀਬ ਲੋਕਾਂ ਦੀ ਸੰਭਾਲ ਹੁੰਦੀ ਹੈ, ਉਥੇ ਰੱਬ ਦੀ ਬਖਸ਼ਿਸ਼ ਹੁੰਦੀ ਹੈ। ਇਸ ਲਈ ਗੁਰੂ ਸਾਹਿਬ ਕਹਿੰਦੇ ਹਨ ਕਿ ਵੱਡੇ ਲੋਕਾਂ ਤੋਂ ਮੈਂ ਕੀ ਲੈਣਾ ਹੈ, ਮੇਰਾ ਸੰਗ ਦੱਬੇ ਕੁਚਲਿਆਂ ਨਾਲ ਹੈ,

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥ (ਪੰਨਾ ੧੫)

ਵਰਣ ਅਤੇ ਜਾਤਿ ਦੇ ਅਹੰਕਾਰ ਨੂੰ ਗੁਰੂ ਨਾਨਕ ਸਾਹਿਬ ਨੇ ਨਿੰਦਿਆ ਹੈ ਕਿਉਂਕਿ ਰੱਬ ਦੀ ਦਰਗਾਹ ਵਿਚ ਮਨੁੱਖ ਜਾਤ ਤੋਂ ਨਹੀਂ ਪਛਾਣਿਆ ਜਾਣਾ, ਉਸ ਦੀ ਪਛਾਣ ਉਸ ਵਲੋਂ ਕੀਤੇ ਕਰਮਾਂ ਅਨੁਸਾਰ ਹੋਣੀ ਹੈ ਕਿ ਉਸ ਨੇ ਇਸ ਸੰਸਾਰ 'ਤੇ ਵਿਚਰਦਿਆਂ ਚੰਗੇ ਕਰਮ ਕੀਤੇ ਹਨ ਜਾਂ ਮੰਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸਿਧਾਂਤਾਂ ਅਤੇ ਸੰਕਲਪਾਂ ਦਾ ਜਿੱਥੇ ਅਧਿਆਤਮਕ ਸੰਦਰਭ ਹੈ, ਉਥੇ ਉਹ ਦੁਨਿਆਵੀ ਜੀਵਨ ਨਾਲ ਵੀ ਓਨੇ ਹੀ ਸਬੰਧਤ ਹਨ ਕਿਉਂਕਿ ਅਧਿਆਤਮਕ ਜੀਵਨ ਸੰਸਾਰਕ ਜੀਵਨ ਨਾਲ ਜੁੜਿਆ ਹੋਇਆ ਹੈ। ਇਸ ਲਈ ਸਿੱਖ ਧਰਮ ਚਿੰਤਨ ਵਿਚ ਸੰਸਾਰਕ ਅਤੇ ਅਧਿਆਤਮਕ ਜੀਵਨ ਅੰਤਰ-ਸਬੰਧਤ ਹਨ। ਇਸ ਦੁਨੀਆਂ 'ਤੇ ਰਹਿੰਦਿਆਂ ਪਤਿ-ਸੇਤੀ ਜਿਉਣ ਦੀ ਸਿਫਾਰਸ਼ ਗੁਰੂ ਸਾਹਿਬਾਨ ਨੇ ਕੀਤੀ ਹੈ ਅਤੇ ਪਤਿ ਸੇਤੀ ਉਹ ਮਨੁੱਖ ਹੀ ਜਿਉਂਦਾ ਹੈ ਜੋ ਸੱਚ ਦੀ ਪਛਾਣ ਕਰਦਾ ਹੈ।

ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਇਸ ਦੁਨੀਆਂ 'ਤੇ ਉਹ ਮਨੁੱਖ ਹੀ ਜਿਉਂਦਾ ਹੈ ਜਿਸ ਦੇ ਅੰਦਰ ਪਰਮਾਤਮਾ ਵੱਸ ਰਿਹਾ ਹੈ, ਜੋ ਆਪਣੇ ਅੰਦਰ ਵੱਸ ਰਹੇ ਪਰਮਾਤਮਾ ਨੂੰ ਅਨੁਭਵ ਨਹੀਂ ਕਰਦਾ, ਉਹ ਜਿਉਂਦਾ ਨਹੀਂ ਹੈ (ਭਾਈਚਾਰਕ ਸਾਂਝ ਉਸ ਪਰਮਾਤਮਾ ਨੂੰ ਅੰਦਰ ਵੱਸ ਰਿਹਾ ਅਨੁਭਵ ਕਰਨ ਨਾਲ ਹੀ ਹੁੰਦੀ ਹੈ ਕਿਉਂਕਿ ਸਭ ਅੰਦਰ ਉਸ ਦੀ ਜੋਤਿ ਵੱਸ ਰਹੀ ਹੈ)। ਜੇ ਮਨੁੱਖ ਇਸ ਦੁਨੀਆਂ 'ਤੇ ਇੱਜ਼ਤ ਗੁਆ ਕੇ ਜਿਉਂਦਾ ਹੈ, ਉਸ ਦਾ ਖਾਣਾ-ਪੀਣਾ ਸਭ ਹਰਾਮ ਹੈ। ਜਿਸ ਮਨੁੱਖ ਨੂੰ ਰਾਜ-ਮਾਲ ਨਾਲ ਪਿਆਰ ਹੈ, ਉਹ ਇਸ ਦੇ ਨਸ਼ੇ ਵਿਚ ਹੰਕਾਰ ਨਾਲ ਰਹਿੰਦਾ ਹੈ। ਉਹ ਅੱਗੇ ਦੱਸਦੇ ਹਨ ਕਿ ਅਕਾਲ ਪੁਰਖ ਦੇ ਨਾਮ ਤੋਂ ਬਿਨਾ ਮਨੁੱਖ ਠੱਗਿਆ ਜਾ ਰਿਹਾ ਹੈ ਤੇ ਸੰਸਾਰ ਤੋਂ ਆਪਣੀ ਇੱਜ਼ਤ ਗੁਆ ਕੇ ਜਾਂਦਾ ਹੈ,

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥
ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥
ਰਾਜਿ ਰੰਗੁ ਮਾਲਿ ਰੰਗੁ॥
ਰੰਗਿ ਰਤਾ ਨਚੈ ਨੰਗੁ॥
ਨਾਨਕ ਠਗਿਆ ਮੁਠਾ ਜਾਇ॥
ਵਿਣੁ ਨਾਵੈ ਪਤਿ ਗਇਆ ਗਵਾਇ॥੧॥
(ਪੰਨਾ ੧੪੨)

ਧਰਮ-ਨਿਰਪੇਖਵਾਦ ਦੀ ਵਿਆਖਿਆ ਇੱਕ ਲਹਿਰ ਵਜੋਂ ਕੀਤੀ ਜਾਂਦੀ ਹੈ ਜੋ ਇਰਾਦਾਤਨ ਨੈਤਿਕਤਾ ਪੱਖੀ ਤਾਂ ਹੈ ਪਰ ਧਰਮ ਪੱਖੀ ਨਹੀਂ ਹੈ ਅਤੇ ਜਿਸ ਦੀ ਪ੍ਰਮੁੱਖਤਾ ਰਾਜਨੀਤਕ ਅਤੇ ਸਿਧਾਂਤਕ ਹੈ। ਇਸ ਦਾ ਮੁੱਢ ਪ੍ਰਤੱਖ ਤੌਰ 'ਤੇ ਜੀਵਨ ਅਤੇ ਵਿਹਾਰ ਦਾ ਖਾਸ ਸਿਧਾਂਤ ਸਿਰਜਣਾ ਸੀ। ਇਸ ਦਾ ਮਕਸਦ ਧਰਮ ਦੀ ਆੜ ਜਾਂ ਸਹਾਇਤਾ ਤੋਂ ਬਿਨਾ ਨੈਤਿਕ ਪ੍ਰਾਪਤੀ ਕਰਨਾ ਹੈ। ਇਸ ਦਾ ਭਾਵ ਇਹ ਹੈ ਕਿ ਧਰਮ ਨਿਰਪੇਖਵਾਦ ਦਾ ਲਾਜ਼ਮੀ ਸਿਧਾਂਤ ਪਦਾਰਥਕ ਸਾਧਨਾਂ ਰਾਹੀਂ ਮਨੁੱਖ ਦੀ ਬਿਹਤਰੀ ਅਤੇ ਵਿਕਾਸ ਕਰਨਾ ਤਸੱਵਰ ਕੀਤਾ ਗਿਆ ਹੈ ਕਿਉਂਕਿ ਧਰਮ-ਨਿਰਪੇਖਵਾਦ ਅਨੁਸਾਰ ਪਦਾਰਥਕ ਸਾਧਨ ਜ਼ਿਆਦਾ ਮਹੱਤਵਪੂਰਨ ਹਨ, ਉਹ ਮਨ-ਇੱਛਤ ਨਤੀਜੇ ਪ੍ਰਾਪਤ ਕਰਨ ਦੇ ਜ਼ਿਆਦਾ ਸਮਰੱਥ ਹਨ। ਇਤਿਹਾਸਕ ਪੱਖ ਤੋਂ ਦੇਖਿਆਂ ਧਰਮ-ਨਿਰਪੇਖਵਾਦ ਦੀ ਲਹਿਰ ਪੱਛਮ ਵਿਚ ਉਸ ਸਮੇਂ ਸ਼ੁਰੂ ਹੋਈ ਜਦੋਂ ਧਰਮ ਅਤੇ ਵਿਗਿਆਨ ਇੱਕ ਦੂਸਰੇ ਦੇ ਟਾਕਰੇ ਵਿਚ ਆ ਗਏ ਅਤੇ ਆਪਸੀ ਵਿਰੋਧ ਪੈਦਾ ਹੋ ਗਿਆ। ਪੱਛਮੀ ਸਿਧਾਂਤ ਅਨੁਸਾਰ ਧਰਮ-ਨਿਰਪੇਖਵਾਦ ਤੋਂ ਭਾਵ ਧਾਰਮਿਕ ਵਿਸ਼ਵਾਸਾਂ ਦੇ ਉਲਟ ਸਮਾਜਿਕ ਜੀਵਨ ਨੂੰ ਅਜਿਹੀਆਂ ਧਰਮ-ਨਿਰਪੇਖੀ ਸੰਸਥਾਵਾਂ ਦੁਆਰਾ ਨਿਯੰਤਰਤ ਕਰਨਾ ਜਿਹੜੀਆਂ ਧਰਮ ਦੀ ਮੁਖ਼ਾਲਫਤ ਕਰਨ।

ਭਾਰਤ ਦੇ ਸੰਦਰਭ ਵਿਚ ਧਰਮ-ਨਿਰਪੇਖਵਾਦ ਦਾ ਅਰਥ ਥੋੜੇ ਬਦਲੇ ਹੋਏ ਰੂਪ ਵਿਚ ਲਾਗੂ ਹੈ। ਭਾਰਤੀ ਸੰਵਿਧਾਨ ਵਿਚ ਇਹ ਐਲਾਨ ਕੀਤਾ ਗਿਆ ਹੈ ਕਿ ਸਟੇਟ ਕਿਸੇ ਇੱਕ ਧਰਮ ਨਾਲ ਨਹੀਂ ਹੈ ਅਰਥਾਤ ਸਟੇਟ ਦੇ ਨਜ਼ਰੀਏ ਤੋਂ ਸਾਰੇ ਧਰਮ ਬਰਾਬਰ ਹਨ। ਭਾਰਤ ਵਿਚ ਵਸਣ ਵਾਲੇ ਲੋਕਾਂ ਦਾ ਕੋਈ ਇੱਕ ਧਰਮ ਨਹੀਂ ਹੈ। ਭਾਰਤ ਬਹੁ-ਧਰਮੀ ਦੇਸ਼ ਹੈ ਜਿੱਥੇ ਹਿੰਦੂ, ਜੈਨ, ਬੁੱਧ, ਸਿੱਖ, ਇਸਲਾਮ, ਪਾਰਸੀ, ਈਸਾਈ ਅਤੇ ਯਹੂਦੀ ਆਦਿ ਸਾਰਿਆਂ ਨੂੰ ਸੰਵਿਧਾਨ ਅਨੁਸਾਰ ਇੱਕੋ ਜਿਹੀ ਮਾਨਤਾ ਪ੍ਰਾਪਤ ਹੈ ਅਰਥਾਤ ਸਟੇਟ ਕਿਸੇ ਧਰਮ ਵਿਸ਼ੇਸ਼ ਦੇ ਹੱਕ ਵਿਚ ਹੋਣ ਦਾ ਸੰਵਿਧਾਨਕ ਤੌਰ 'ਤੇ ਦਾਅਵਾ ਨਹੀਂ ਕਰ ਸਕਦਾ।

ਸਿੱਖ ਧਰਮ ਚਿੰਤਨ ਵਿਚ ਧਰਮ ਨਿਰਪੇਖਤਾ ਦਾ ਨਵਾਂ ਅਤੇ ਨਿਵੇਕਲਾ ਹੀ ਨਹੀਂ ਬਲਕਿ ਜ਼ਿਆਦਾ ਉਸਾਰੂ ਅਤੇ ਸਰਬ-ਪੱਖੀ ਸਿਧਾਂਤ ਮਿਲਦਾ ਹੈ। ਇਸ ਦੀ ਸਭ ਤੋਂ ਨਿਵੇਕਲੀ ਉਦਾਹਰਣ ਇਸ ਦੇ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਹੈ ਜਿਸ ਨੂੰ ਗੁਰੂ ਅਰਜਨ ਦੇਵ ਨੇ ਆਪ ਤਰਤੀਬ ਦਿੱਤੀ ਅਤੇ ਆਪਣੀ ਨਿਗਰਾਨੀ ਵਿਚ ਸੰਕਲਨ ਕਰਾਇਆ ਅਤੇ ਇਸ ਦੇ ਪਹਿਲੇ ਲਿਖਾਰੀ ਭਾਈ ਗੁਰਦਾਸ ਜੀ ਹੋਏ। ਦਸਵੇਂ ਗੁਰੂ ਗੋਬਿੰਦ ਸਿੰਘ ਨੇ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ ਕਰਕੇ ਇਸ ਨੂੰ ਸੰਪੂਰਨ ਕੀਤਾ ਅਤੇ ਸਰਬ ਸਮਿਆਂ ਵਾਸਤੇ ਬਾਕਾਇਦਾ ਪਰੰਪਰਕ ਰੂਪ ਵਿਚ ਗੁਰਗੱਦੀ ਸੌਂਪੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂਆਂ ਦੀ ਬਾਣੀ ਤੋਂ ਇਲਾਵਾ ਹਿੰਦੂ ਵੈਸ਼ਨਵ ਭਗਤਾਂ, ਸੂਫੀ ਸੰਤਾਂ (ਜਿਨ੍ਹਾਂ ਦਾ ਸਬੰਧ ਇਸਲਾਮ ਨਾਲ ਹੈ), ਭੱਟਾਂ ਦੀ ਬਾਣੀ ਵੀ ਸ਼ਾਮਲ ਕੀਤੀ ਗਈ। ਇਸ ਬਾਣੀ ਨੂੰ ਸ਼ਾਮਲ ਕਰਨ ਦੀ ਕਸੌਟੀ ਸਿਧਾਂਤਕ ਮੇਲ ਜਾਂ ਇਕਸੁਰਤਾ ਰੱਖੀ ਗਈ ਨਾ ਕਿ ਕੋਈ ਵਿਸ਼ੇਸ਼ ਧਰਮ ਜਾਂ ਜਾਤਿ ਆਦਿ। ਭਗਤ ਕਬੀਰ, ਭਗਤ ਰਵਿਦਾਸ, ਭਗਤ ਨਾਮਦੇਵ ਆਦਿ ਭਗਤਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਨੂੰ ਉਹੀ ਦਰਜਾ ਪ੍ਰਾਪਤ ਹੈ ਜੋ ਗੁਰੂ ਸਾਹਿਬਾਨ ਦੀ ਬਾਣੀ ਨੂੰ ਪ੍ਰਾਪਤ ਹੈ। ਇਹ ਭਗਤ ਵੱਖੋ ਵੱਖਰੇ ਵਰਣਾਂ ਜਾਂ ਜਾਤਾਂ ਨਾਲ ਹੀ ਸਬੰਧਤ ਨਹੀਂ ਸਨ ਬਲਕਿ ਭਾਰਤ ਦੇ ਵੱਖ ਵੱਖ ਇਲਾਕਿਆਂ ਨਾਲ ਸਬੰਧਤ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਸ਼ੇਖ ਫਰੀਦ ਵਰਗੇ ਸੂਫੀ ਸੰਤ ਦੀ ਬਾਣੀ ਸ਼ਾਮਲ ਹੈ ਜੋ ਕਹਿੰਦੇ ਹਨ,

ਉਠੁ ਫਰੀਦਾ ਉਜੂ ਸਾਜਿ
ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਂਈ ਨਾ ਨਿਵੈ
ਸੋ ਸਿਰੁ ਕਪਿ ਉਤਾਰਿ॥ (ਪੰਨਾ ੧੩੮੧)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਕੱਟੜ ਧਾਰਮਿਕ ਕਰਮ ਕਾਂਡ ਨੂੰ ਨਿੰਦਿਆ ਗਿਆ ਹੈ ਅਤੇ ਮਨੁੱਖ ਨੂੰ ਧਰਮੀ ਹੋਣ ਲਈ ਆਪਣੇ ਅੰਦਰ ਸਤਿ, ਸੰਤੋਖ, ਦਇਆ, ਪ੍ਰੇਮ ਆਦਿ ਨੈਤਿਕ ਗੁਣ ਪੈਦਾ ਕਰਨ ਅਤੇ ਰੱਬ ਸੱਚੇ ਦੀ ਬੰਦਗੀ ਕਰਨ ਲਈ ਕਿਹਾ ਗਿਆ ਹੈ। ਬਾਣੀ ਵਿਚ ਗੁਰੂ ਦਾ ਸਿੱਖ ਕਿਹੋ ਜਿਹਾ ਹੋਣਾ ਚਾਹੀਦਾ ਹੈ, ਇਸ ਦੀ ਹੀ ਵਿਆਖਿਆ ਨਹੀਂ ਕੀਤੀ ਗਈ, ਇਹ ਵੀ ਦੱਸਿਆ ਗਿਆ ਹੈ ਕਿ ਅਸਲੀ ਪੰਡਤ, ਹਿੰਦੂ ਜਾਂ ਮੁਸਲਮਾਨ ਕਹਾਉਣ ਦਾ ਹੱਕਦਾਰ ਕੌਣ ਹੈ। ਉਦਾਹਰਣ ਲਈ ਗੁਰੂ ਨਾਨਕ ਦੇਵ ਮੁਸਲਮਾਨ ਨੂੰ ਦੱਸਦੇ ਹਨ ਕਿ ਉਸ ਨੂੰ ਸੱਚਾ ਮੁਸਲਮਾਨ ਹੋਣ ਲਈ ਮਿਹਰ, ਸਿਦਕ, ਈਮਾਨਦਾਰੀ ਦੀ ਕਮਾਈ, ਉਦਮ, ਉਚਾ ਆਚਰਣ, ਨੇਕ ਅਮਲ ਆਦਿ ਦਾ ਧਾਰਨੀ ਹੋਣਾ ਚਾਹੀਦਾ ਹੈ। ਦੱਸਿਆ ਗਿਆ ਹੈ ਕਿ ਇਨ੍ਹਾਂ ਨੈਤਿਕ ਗੁਣਾਂ ਨੂੰ ਆਪਣੇ ਅੰਦਰ ਪੈਦਾ ਕਰਨਾ ਹੀ ਧਾਰਮਿਕ ਰਸਮਾਂ ਅਤੇ ਪੰਜ ਨਮਾਜ਼ਾਂ ਨੂੰ ਸਾਰਥਕ ਬਣਾਉਂਦਾ ਹੈ,

ਮਿਹਰ ਮਸੀਤਿ ਸਿਦਕੁ ਮੁਸਲਾ
ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ
ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ
ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ
ਨਾਨਕ ਰਖੈ ਲਾਜ॥੧॥ (ਪੰਨਾ ੧੪੦-੪੧)

ਇਸੇ ਤਰ੍ਹਾ ਪੰਜ ਨਮਾਜ਼ਾਂ ਦਾ ਜ਼ਿਕਰ ਕਰਦਿਆਂ ਉਪਦੇਸ਼ ਕੀਤਾ ਹੈ,

ਪੰਜਿ ਨਿਵਾਜਾ ਵਖਤ ਪੰਜਿ
ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲੁ ਦੁਇ
ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ
ਪੰਜਵੀਂ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ
ਤਾ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ
ਕੂੜੈ ਕੂੜੀ ਪਾਇ॥੩॥ (ਪੰਨਾ ੧੪੧)

ਜਪੁਜੀ, ਆਸਾ ਦੀ ਵਾਰ, ਸਿਧ ਗੋਸਟਿ, ਦਖਣੀਓਅੰਕਾਰ ਅਤੇ ਹੋਰ ਅਨੇਕ ਬਾਣੀਆਂ ਵਿਚ ਪੰਡਤ, ਬ੍ਰਾਹਮਣ, ਜੋਗੀਆਂ, ਜੈਨੀ ਸਾਧੂਆਂ ਨੂੰ ਸੰਬੋਧਨ ਕੀਤਾ ਮਿਲ ਜਾਂਦਾ ਹੈ। ਬਾਣੀ ਵਿਚ ਰਾਜਨੀਤਕ ਅਧੀਨਤਾ, ਸਭਿਆਚਾਰਕ ਗੁਲਾਮੀ ਦਾ ਅਹਿਸਾਸ ਹਿੰਦੁਸਤਾਨੀਆਂ ਨੂੰ ਪੂਰੀ ਤਰ੍ਹਾਂ ਕਰਾਇਆ ਗਿਆ ਹੈ। ਮਨੁੱਖ ਨੂੰ ਸਵੈਮਾਨ ਨਾਲ ਜਿਉਣ ਵਾਸਤੇ ਮੌਤ ਦੇ ਭੈ ਤੋਂ ਨਿਜਾਤ ਪਾਉਣ ਦਾ ਅਦੇਸ਼ ਕੀਤਾ ਹੈ ਜਿਸ ਨੂੰ 'ਪਹਿਲਾ ਮਰਣੁ ਕਬੂਲਿ' ਅਤੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਕਿਹਾ ਹੈ। ਭਗਤ ਕਬੀਰ ਨੇ ਸੂਰਮਾ ਉਸ ਨੂੰ ਕਿਹਾ ਹੈ ਜੋ ਦੀਨਾਂ, ਗਰੀਬਾਂ ਦੀ ਖਾਤਰ ਲੜ ਮਰਦਾ ਹੈ। ਜਿਹੜਾ ਮਨੁੱਖ ਸਾਰੀ ਮਨੁੱਖਤਾ ਨੂੰ ਆਪਣਾ ਹਮਸਾਇਆ ਮੰਨਦਾ ਹੈ। ਜੋ ਮਨੁੱਖ 'ਸਭੈ ਸਾਝੀਵਾਲ ਸਦਾਇਨਿ' ਦੀ ਧਾਰਨਾ 'ਤੇ ਚੱਲਦਾ ਹੈ ਉਹੀ ਪਰਮਾਤਮਾ ਨੂੰ ਸੱਚਾ ਪ੍ਰੇਮ ਕਰਨ ਦੇ ਯੋਗ ਹੋ ਸਕਦਾ ਹੈ। ਗੁਰੂ ਨਾਨਕ ਸਹਿਬ ਜਦੋਂ ਕਿਸੇ ਖਾਸ ਧਰਮ ਨੂੰ ਮੰਨਣ ਵਾਲੇ ਨੂੰ ਸਿੱਖਿਆ ਦਿੰਦੇ ਹਨ ਤਾਂ ਉਸ ਧਰਮ ਦੇ ਨਾਂ ਨਾਲ ਸੰਬੋਧਨ ਕਰਦੇ ਹਨ ਜਿਵੇਂ ਉਤੇ ਮੁਸਲਮਾਨ ਦੇ ਸਬੰਧ ਵਿਚ ਦੱਸਿਆ ਹੈ ਪਰ ਜਦੋਂ ਹਿੰਦੁਸਤਾਨ ਦੀ ਗੱਲ ਕਰਦੇ ਹਨ ਤਾਂ ਇੱਕ ਮੁਲਕ ਦੀ ਗੱਲ ਕਰਦੇ ਹਨ ਜਿਥੇ ਹਿੰਦੂ, ਮੁਸਲਮਾਨ ਅਤੇ ਹਰ ਜਾਤ ਦੇ ਲੋਕ ਵੱਸਦੇ ਹਨ। ਬਾਬਰ ਦੇ ਹਿੰਦੁਸਤਾਨ ਉਤੇ ਹਮਲੇ ਦੇ ਜ਼ਿਕਰ ਵਿਚ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ,

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ॥ (ਪੰਨਾ ੩੬੦)
---
ਮੁਸਲਮਾਨੀਆ ਪੜਹਿ ਕਤੇਬਾ
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ
ਏਹਿ ਭੀ ਲੇਖੈ ਲਾਇ ਵੇ ਲਾਲੋ॥
(ਪੰਨਾ ੭੨੨)

ਇਨ੍ਹਾਂ ਸਿਧਾਂਤਾਂ ਦੇ ਅਮਲੀ ਪ੍ਰਕਾਸ਼ਨ ਲਈ ਗੁਰਦੁਆਰਾ, ਲੰਗਰ, ਸੰਗਤਿ ਆਦਿ ਸੰਸਥਾਵਾਂ ਕਾਇਮ ਕੀਤੀਆਂ ਗਈਆਂ ਅਤੇ ਖਾਲਸੇ ਦੀ ਸਿਰਜਣਾ ਕੀਤੀ ਗਈ। ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਚਾਰ ਦਰਵਾਜ਼ੇ ਇਸ ਗੱਲ ਦਾ ਪ੍ਰਤੀਕ ਹਨ ਕਿ ਇਥੇ ਹਰ ਇੱਕ ਨੂੰ ਆਉਣ ਦੀ ਆਗਿਆ ਹੈ ਬਿਨਾ ਕਿਸੇ ਭੇਦ ਭਾਵ ਦੇ। ਜਿਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਬਾਹਰਲੇ ਮੁਲਕਾਂ ਖਾਸ ਕਰਕੇ ਕੈਨੇਡਾ ਅਤੇ ਅਮਰੀਕਾ ਦੀ ਧਰਤੀ 'ਤੇ ਜਾ ਕੇ ਗਦਰ ਲਹਿਰ ਸ਼ੁਰੂ ਕੀਤੀ, ਉਨ੍ਹਾਂ ਵਿਚ 90% ਪੰਜਾਬੀ ਸਨ ਅਤੇ ਪੰਜਾਬੀਆਂ ਵਿਚ 99% ਸਿੱਖ ਸਨ। ਇਹ ਸਿੱਖ ਜਿਸ ਬਾਣੀ ਨੂੰ ਪੜ੍ਹਦਿਆਂ ਸੁਣਦਿਆਂ ਜੰਮੇ ਪਲੇ, ਵੱਡੇ ਹੋਏ ਉਨ੍ਹਾਂ ਸਿਧਾਂਤਾਂ ਨੂੰ ਆਪਣੇ ਨਾਲ ਲੈ ਕੇ ਗਏ। ਜਿਹੜੇ ਉਨ੍ਹਾਂ ਨੂੰ ਸਿੱਖ ਮੰਨਣ ਲਈ ਤਿਆਰ ਨਹੀਂ, ਉਨ੍ਹਾਂ ਨੂੰ ਇਹ ਮੰਨ ਕੇ ਤੁਰਨਾ ਚਾਹੀਦਾ ਹੈ ਕਿ ਇਨ੍ਹਾਂ ਬਾਬਿਆਂ ਵਿਚੋਂ ਬਹੁਤੇ ਅੰਮ੍ਰਿਤਧਾਰੀ ਸਿੱਖ ਸਨ, ਲਹਿਰ ਦੇ ਮੋਢੀ ਭਾਈ ਭਗਵਾਨ ਸਿੰਘ ਵਰਗੇ ਗੁਰਦੁਆਰੇ ਦੇ ਗ੍ਰੰਥੀ ਸਿੰਘ ਸਨ, ਗੁਰਦੁਆਰਿਆਂ ਤੋਂ ਗਦਰ ਲਹਿਰ ਚਲਾਈ ਗਈ ਅਤੇ ਗੁਰੂ ਘਰਾਂ ਨੂੰ ਕੇਂਦਰ ਬਣਾਇਆ ਗਿਆ ਜਿਥੇ ਮੀਟਿੰਗਾਂ ਹੁੰਦੀਆਂ ਅਤੇ ਹਰ ਧਰਮ ਨੂੰ ਮੰਨਣ ਵਾਲੇ ਹਿੰਦੁਸਤਾਨੀ ਆਉਂਦੇ। ਜਿਹੜਾ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਦਾ, ਸੁਣਦਾ ਅਤੇ ਉਸ 'ਤੇ ਅਮਲ ਕਰਦਾ ਹੈ, ਉਹ ਧਾਰਮਿਕ ਜਨੂੰਨੀ ਨਹੀਂ ਹੋ ਸਕਦਾ।

ਧਾਰਮਿਕ ਕਰਮ ਕਾਂਡ ਅਤੇ ਕੱਟੜਤਾ ਦੀ ਨਿਖੇਧੀ ਕਰਨੀ (ਉਹ ਭਾਵੇਂ ਕਿਸੇ ਵੀ ਧਰਮ ਵਿਚ ਆ ਜਾਵੇ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਇੱਕ ਬਿਲਕੁਲ ਅਲੱਗ ਗੱਲ ਹੈ ਅਤੇ ਦੂਸਰੇ ਧਰਮਾਂ ਦਾ ਸਤਿਕਾਰ ਕਰਨਾ ਇਹ ਇਸ ਤੋਂ ਵੱਖਰੀ ਗੱਲ ਹੈ (ਬਾਬਾ ਫਰੀਦ ਦੀ ਬਾਣੀ ਅਤੇ ਦੂਸਰੇ ਭਗਤਾਂ ਦੀ ਬਾਣੀ ਦਾ ਸ਼ਾਮਲ ਹੋਣਾ ਇਸ ਦਾ ਸਬੂਤ ਹੈ)। ਇਸ ਲਈ ਗ਼ਦਰੀ ਬਾਬੇ ਸਿੱਖ ਸਨ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਅਤੇ ਬਾਣੀ ਪੜ੍ਹਨ ਵਾਲਾ ਸਿੱਖ ਤੰਗ ਦਿਲ ਹੋ ਹੀ ਨਹੀਂ ਸਕਦਾ। ਜ਼ੁਲਮ ਭਾਵੇਂ ਕਿਸੇ ਨਾਲ ਵੀ ਹੋ ਰਿਹਾ ਹੋਵੇ, ਉਸ ਨਾਲ ਟੱਕਰ ਲਵੇਗਾ। ਹਿੰਦੁਸਤਾਨ ਵਿਚ ਰਹਿਣ ਵਾਲਾ ਹਰ ਬਸ਼ਰ ਹਿੰਦੂ ਨਹੀਂ ਹੈ, ਹਿੰਦੀ ਹੈ ਅਤੇ ਅਤੇ ਹਿੰਦੂ ਧਰਮ ਸ਼ਾਸਤਰਾਂ ਜਿਵੇਂ ਵੇਦਾਂ, ਪੁਰਾਣਾਂ ਅਤੇ ਸਿਮ੍ਰਤੀਆਂ ਨੂੰ ਮੰਨਣ ਵਾਲਾ ਸਖਸ਼ ਹੀ ਹਿੰਦੂ ਹੈ। ਭਾਰਤ ਵਿਚ ਰਹਿਣ ਵਾਲੇ ਬੋਧੀ, ਜੈਨੀ, ਸਿੱਖ, ਮੁਸਲਮਾਨ, ਈਸਾਈ ਪਾਰਸੀ, ਯਹੂਦੀ ਹਿੰਦੂ ਨਹੀਂ ਹਨ, ਪਰ ਭਾਰਤੀ ਜਾਂ ਹਿੰਦੀ ਹਨ। ਜੇ ਸੋਚਿਆ ਜਾਵੇ ਤਾਂ ਵੈਦਿਕ ਧਰਮ ਦੇ ਸੰਸਥਾਪਕ ਆਰੀਆ ਵੀ ਬਾਹਰੋਂ ਆਏ ਸੀ, ਭਾਰਤ ਵਿਚ ਪੈਦਾ ਨਹੀਂ ਸੀ ਹੋਏ। ਪਸ਼ੂ ਚਾਰਦੇ ਨਵੀਆਂ ਚਾਰਗਾਹਾਂ ਅਤੇ ਰੋਟੀ ਰੋਜ਼ੀ ਦੀ ਭਾਲ ਵਿਚ ਆਏ ਅਤੇ ਇਥੇ ਹੀ ਵੱਸ ਗਏ।

# ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ

ਗੁਰੂ ਅਮਰਦਾਸ ਨੇ ਜੋਤੀ ਜੋਤਿ ਸਮਾਉਣ ਸਮੇਂ ਦਾਹ-ਸਸਕਾਰ ਸਬੰਧੀ ਕੁਝ ਬੋਲ ਬਖਸ਼ਿਸ਼ ਕੀਤੇ ਸਨ। ਇਨ੍ਹਾਂ ਨੂੰ ਬਾਬਾ ਸੁੰਦਰ ਜੀ ਨੇ ਰਾਮਕਲੀ ਰਾਗ ਵਿਚ 'ਸਦ' ਸਿਰਲੇਖ ਹੇਠ ਦਰਜ ਕੀਤਾ ਹੈ। ਬਾਬਾ ਸੁੰਦਰ ਜੀ ਤੀਜੇ ਗੁਰੂ ਜੀ ਦੇ ਪੜਪੋਤੇ ਸਨ (ਗੁਰੂ ਅਮਰਦਾਸ ਜੀ ਤੋਂ ਬਾਬਾ ਮੋਹਰੀ ਜੀ, ਬਾਬਾ ਮੋਹਰੀ ਜੀ ਤੋਂ ਬਾਬਾ ਅਨੰਦ ਤੇ ਬਾਬਾ ਅਨੰਦ ਜੀ ਤੋਂ ਬਾਬਾ ਸੁੰਦਰ ਜੀ)। ਗੁਰੂ ਅਰਜਨ ਦੇਵ ਨੇ ਇਹ ਰਚਨਾ 'ਆਦਿ ਬੀੜ' ਜਾਂ 'ਪੋਥੀ ਸਾਹਿਬ' ਵਿਚ ਦਰਜ ਕਰਵਾਈ ਸੀ।

ਵਿਚਾਰਅਧੀਨ ਤੁਕ 'ਸਦ' ਰਚਨਾ ਦੀ ਪੰਜਵੀਂ ਪਉੜੀ ਵਿਚੋਂ ਹੈ। 'ਸਦ' ਸ਼ਬਦ ਸੰਸਕ੍ਰਿਤ ਦੇ 'ਸ਼ਬਦ' ਦਾ ਪ੍ਰਾਕ੍ਰਿਤ ਰੂਪ ਹੈ ਤੇ ਪੰਜਾਬੀ ਵਿਚ ਵੀ 'ਸੱਦ' ਹੀ ਹੈ। ਅਰਥ ਹੈ, ਸੱਦਾ ਜਾਂ ਆਵਾਜ਼। ਇਸ ਪਉੜੀ ਵਿਚ ਗੁਰੂ ਜੀ ਦਾ ਉਪਦੇਸ਼ ਹੈ,

ਤੁਕ ਨੰਬਰ 1: ਅੰਤ ਸਮੇਂ ਤੀਜੇ ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਉਨ੍ਹਾਂ ਤੋਂ ਪਿੱਛੋਂ ਨਿਰੋਲ ਕੀਰਤਨ ਹੀ ਕੀਤਾ ਜਾਵੇ।

ਤੁਕ ਨੰਬਰ 2: ਰੱਬ ਦੇ ਸਿਮਰਨ ਵਾਲੇ ਗੁਰਸਿੱਖਾਂ ਨੂੰ ਹਰੀ ਪ੍ਰਭੂ ਸਿਫਤਿ ਸਾਲਾਹ ਕਰਨ ਲਈ ਬੁਲਾਇਓ (ਪ੍ਰਚਲਿਤ ਰੀਤੀ ਅਨੁਸਾਰ ਕੇਵਲ ਇੱਕ ਹੀ ਅਚਾਰਜ ਕਿਰਿਆ ਕਰਮ ਕਰ ਸਕਦਾ ਸੀ। ਗੁਰੂ ਜੀ ਨੇ ਇਥੇ ਇੱਕ ਦੀ ਨਹੀਂ, ਬਹੁਤਿਆਂ ਨੂੰ ਕਿਰਿਆ ਵਾਸਤੇ ਸੱਦਣ ਦੀ ਗੱਲ ਕੀਤੀ ਹੈ। ਸਪੱਸ਼ਟ ਹੈ ਕਿ ਇਸ ਗਲਤ ਰੀਤੀ ਤੋਂ ਬਚਣ ਲਈ ਉਪਦੇਸ਼ ਹੈ ਕਿਉਂਕਿ ਸਿੱਖਾਂ ਦੇ ਘਰਾਂ ਦਾ ਕੋਈ ਅਚਾਰਜ ਨਹੀਂ ਹੁੰਦਾ। ਅਚਾਰਜ ਦੀ ਅਧੀਨਗੀ ਤੋਂ ਗੁਰੂ ਜੀ ਨੇ ਸਿੱਖਾਂ ਨੂੰ ਬਚਾਇਆ ਹੈ। ਸ਼ਬਦ 'ਪੰਡਿਤ' ਵੀ ਬਹੁ-ਵਚਨ ਹੈ, ਇਸ ਦਾ ਇੱਕ-ਵਚਨ 'ਪੰਡਿਤੁ' ਹੁੰਦਾ ਹੈ। ਸ਼ਬਦ ਜੋੜਾਂ ਵਿਚ ਅੰਤਰ ਵੇਖਣਯੋਗ ਹੈ)। ਇਹ ਸਿਫਤਿ ਸਾਲਾਹ ਹੀ 'ਪੁਰਾਣ' ਪੜ੍ਹਨਾ ਹੈ, ਭਾਵ, ਕਿਸੇ ਹੋਰ 'ਗਰੁੜ ਪੁਰਾਣ' ਆਦਿ ਦੀ ਪੜ੍ਹਨ ਦੀ ਲੋੜ ਨਹੀਂ।

ਤੁਕ ਨੰਬਰ 3: ਹਰੀ ਪ੍ਰਭੂ ਦੀ ਸਿਫਤਿ ਸਾਲਾਹ ਹੀ ਪੜ੍ਹਨੀ ਹੈ ਤੇ ਪ੍ਰਭੂ ਦੇ ਨਾਮ ਦੀ ਹੀ ਵਡਿਆਈ ਕਰਨੀ ਹੈ। ਕੋਈ 'ਬੇਬਾਣ' ਕੱਢਣ ਦੀ ਲੋੜ ਨਹੀਂ ਹੈ। ਪ੍ਰਭੂ ਦਾ ਪਿਆਰ ਹੀ 'ਬੇਬਾਣ' ਹੈ ਜੋ ਗੁਰੂ ਨੂੰ ਚੰਗਾ ਲੱਗਦਾ ਹੈ, ਬਾਬਾ ਸੁੰਦਰ ਜੀ ਲਿਖਦੇ ਹਨ।

ਤੁਕ ਨੰਬਰ 4: ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ॥

ਅਰਥ: ਗੁਰੂ ਤਾਂ ਜੌਆਂ ਦੇ ਆਟੇ ਦੇ, ਪੱਤਲਾਂ ਉਤੇ ਰੱਖੇ ਪਿੰਨੇ, ਸਾਰੀ ਅੰਤਮ ਦੀ ਕਿਰਿਆ, ਮਰਨ 'ਤੇ 360 ਦੀਵੇ ਬਾਲਣੇ ਅਤੇ ਬਚੀਆਂ ਹੱਡੀਆਂ ਦੇ ਅਗੀਠੇ ਵਿਚੋਂ ਚੁਗਣ ਨੂੰ ਹਰਿ ਸਰਿ (ਸਤਿਸੰਗਤ) ਤੋਂ ਸਦਕੇ ਕਰਦਾ ਹੈ। 'ਪਾਵਏ' ਸ਼ਬਦ ਤੀਜੇ ਪੁਰਖ ਦੀ ਵਰਤਮਾਨ ਕਾਲ ਦੀ ਇੱਕ-ਵਚਨ ਕਿਰਿਆ ਹੈ। 'ਪਾਵਹੁ' ਸ਼ਬਦ ਦੂਜਿਆਂ ਨੂੰ ਉਪਦੇਸ਼ ਹੁੰਦਾ ਹੈ ਕਿ ਤੁਸੀਂ ਪਾਇਓ। ਪਾਵਏ-ਪਾਉਂਦਾ ਹੈ। ਕੌਣ ਪਾਉਂਦਾ ਹੈ? ਉਤਰ ਹੈ-ਗੁਰੂ ਅਮਰਦਾਸ ਜੀ। ਕੀ ਪਉਂਦਾ ਹੈ? ਉਤਰ ਹੈ-ਪਿੰਡ ਪਤਲਿ ਕਿਰਿਆ ਦੀਵਾ ਫੁਲ ('ਕਿਰਿਆ' ਕਿਤੇ ਵੀ ਪਾਈ ਨਹੀਂ ਜਾ ਸਕਦੀ ਕਿਉਂਕਿ ਇਹ ਸਥੂਲ ਵਸਤੂ ਨਹੀਂ ਹੈ, ਇਹ ਤਾਂ ਪ੍ਰਚਲਿਤ ਰੀਤੀ ਦਾ ਨਾਂ ਹੈ। ਸਪੱਸ਼ਟ ਹੈ ਕਿ ਗੁਰੂ ਜੀ ਕੁਝ ਕਿਤੇ ਜਾ ਕੇ ਪਉਣ ਲਈ ਨਹੀਂ ਆਖ ਰਹੇ) ਕਿੱਥੇ

*(ਬਾਕੀ ਅਗਲੇ ਸਫੇ 'ਤੇ)*

# ਗੁਰਮਤਿ ਦੀ ਕਸਵੱਟੀ ਅਤੇ ਫਿਲਮ 'ਨਾਨਕ ਸ਼ਾਹ ਫਕੀਰ'

*ਵਿਵਾਦਾਂ ਵਿਚ ਘਿਰੀ ਫਿਲਮ 'ਨਾਨਕ ਸ਼ਾਹ ਫਕੀਰ' ਫਿਲਹਾਲ ਵਾਪਸ ਲੈ ਲਈ ਗਈ ਹੈ। ਇਸ ਫਿਲਮ ਦੇ ਹੱਕ ਅਤੇ ਵਿਰੋਧ ਵਿਚ ਹੁਣ ਤੱਕ ਬੜਾ ਕੁਝ ਲਿਖਿਆ/ਬੋਲਿਆ ਗਿਆ ਹੈ। ਸ. ਮਝੈਲ ਸਿੰਘ ਸਰਾਂ ਨੇ ਇਸ ਫਿਲਮ ਬਾਰੇ ਆਪਣੀ ਇਹ ਟਿੱਪਣੀ ਭਵਿੱਖ ਨੂੰ ਧਿਆਨ ਵਿਚ ਰੱਖ ਕੇ ਕੀਤੀ ਹੈ ਅਤੇ ਸਿੱਖੀ ਨੂੰ ਸੰਨ੍ਹ ਲਾਉਣ ਦਾ ਯਤਨ ਕਰਨ ਵਾਲਿਆਂ ਦੀ ਨਿਸ਼ਾਨਦੇਹੀ ਕਰਦਿਆਂ ਸਮੁੱਚੇ ਸਿੱਖ ਜਗਤ ਨੂੰ ਇਸ ਬਾਬਤ ਸੁਚੇਤ ਕੀਤਾ ਹੈ। ਉਨ੍ਹਾਂ ਸਿਨੇਮਾ ਰਾਹੀਂ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਵਿਚਾਰਾਂ ਦੀ ਚੀਰ-ਫਾੜ ਵੀ ਕੀਤੀ ਹੈ ਅਤੇ ਨਾਲ ਹੀ ਸਿੱਖੀ ਦੇ ਪ੍ਰਚਾਰ ਵਿਚ ਪਛੜ ਰਹੀਆਂ ਮੋਹਰੀ ਸੰਸਥਾਵਾਂ ਨੂੰ ਵੀ ਸਵਾਲਾਂ ਦੇ ਘੇਰੇ ਵਿਚ ਲਿਆਂਦਾ ਹੈ। -ਸੰਪਾਦਕ*

**ਮਝੈਲ ਸਿੰਘ ਸਰਾਂ**

ਫਿਲਮ 'ਨਾਨਕ ਸ਼ਾਹ ਫਕੀਰ' ਬਾਰੇ ਪਿਛਲੇ ਦਿਨਾਂ ਦੌਰਾਨ ਸਿੱਖ ਜਗਤ ਵਿਚ ਬੜੀ ਚਰਚਾ ਹੋਈ। ਚੰਗਾ ਹੀ ਹੋਇਆ ਹੈ ਕਿ ਫਿਲਮ ਦੇ ਨਿਰਮਾਤਾ ਨੇ ਫਿਲਮ ਵਾਪਸ ਲੈ ਲਈ ਹੈ। ਇਸ ਲੇਖ ਵਿਚ ਇਸ ਫਿਲਮ ਦੇ ਅਸਲ ਅਸਰਾਂ ਬਾਰੇ ਕੁਝ ਗੱਲਾਂ ਸਾਂਝੀਆਂ ਕਰਨੀਆਂ ਹਨ। ਕੁਝ ਸਿੱਖ ਇੰਦਾਂ ਦੀ ਫਿਲਮ ਦਿਖਾਉਣੀ ਤਾਂ ਇਕ ਪਾਸੇ ਰਹੀ, ਇਹੋ ਜਿਹੀ ਫਿਲਮ ਬਣਾਉਣ ਦੇ ਵੀ ਸਖ਼ਤ ਖਿਲਾਫ ਹਨ ਜਿਸ ਵਿਚ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਵਕਤ ਦੀਆਂ ਮਹਾਨ ਗੁਰੂ ਕੁਲ ਤੇ ਸਿੱਖ ਸ਼ਖ਼ਸੀਅਤਾਂ ਦੇ ਸੁੱਚੇ ਕਿਰਦਾਰ ਨੂੰ ਕੋਈ ਕਲਾਕਾਰ ਨਿਭਾਏ। ਦੂਜਾ ਸਿੱਖ ਵਰਗ ਇਸ ਤਰ੍ਹਾਂ ਦੀਆਂ ਫਿਲਮਾਂ ਦੇ ਹੱਕ ਵਿਚ ਇਸ ਦਲੀਲ ਨਾਲ ਉਤਰਿਆ ਸੀ ਕਿ ਇਸ ਨਾਲ ਸਿੱਖੀ ਦੇ ਪ੍ਰਚਾਰ ਦੇ ਨਾਲ ਨਾਲ ਗੁਰੂ ਸਾਹਿਬ ਦੀ ਵਿਲੱਖਣ ਸ਼ਖ਼ਸੀਅਤ ਜਿਹੜੀ ਦੁਨੀਆਂ ਨੂੰ ਅਜੇ ਤੱਕ ਪਤਾ ਨਹੀਂ, ਬਾਰੇ ਜਾਣਕਾਰੀ ਦਿੱਤੀ ਜਾ ਸਕੇਗੀ ਤੇ ਇਸ ਨਾਲ ਸਿੱਖੀ ਹੋਰ ਵਧੇਗੀ-ਫੁੱਲੇਗੀ। ਦੋਵੇਂ ਗਰੁਪ ਆਪਣੀ ਥਾਂ ਠੀਕ ਲੱਗਦੇ ਹਨ।

ਦਰਅਸਲ ਇਨ੍ਹਾਂ ਦੋਵਾਂ ਵਿਚਾਰਾਂ ਵਾਲੇ ਸਿੱਖ ਵੀਰ, ਸਿੱਖਾਂ ਦੇ ਭਲੇ ਦੀ ਹੀ ਸੋਚਦੇ ਹਨ। ਆਮ ਸਿੱਖ, ਗੁਰੂਆਂ ਵਿਚ ਅਥਾਹ ਸ਼ਰਧਾ ਭਾਵਨਾ ਰੱਖਦਾ ਹੋਇਆ ਦੂਰ ਦੇ ਅੰਦੇਸ਼ਿਆਂ ਤੋਂ ਨਾਵਾਕਿਫ਼, ਇਸ ਤਰ੍ਹਾਂ ਦੀਆਂ ਫਿਲਮਾਂ ਦੇ ਜੇ ਹੱਕ ਵਿਚ ਨਹੀਂ, ਤਾਂ ਵਿਰੋਧ ਵਿਚ ਵੀ ਨਹੀਂ ਖੜ੍ਹਦਾ, ਸਗੋਂ ਨਰਮੀ ਵਰਤਦੇ ਹੋਏ ਜੇ ਦਿਖਾਈ ਜਾਵੇ ਤਾਂ ਹਰਜ ਵੀ ਕੋਈ ਨਹੀਂ ਸਮਝਦਾ।

ਇਕ ਹੋਰ ਵਰਗ ਹੈ ਜਿਹੜਾ ਅਸਲ ਵਿਚ ਸਾਰੀ ਖੇਡ ਖੇਡ ਰਿਹਾ ਹੈ। ਇਹ ਨਾ ਤਾਂ ਸਿੱਖੀ ਨੂੰ ਹੀ ਸਮਰਪਿਤ ਹੈ, ਤੇ ਨਾ ਹੀ ਗੁਰੂ ਸਾਹਿਬ ਦੀ ਮਹਾਨਤਾ ਨੂੰ ਜੱਗ ਦੇ ਸਾਹਮਣੇ ਲਿਆਉਣਾ ਇਸ ਦਾ ਮਕਸਦ ਹੈ। ਇਸ ਦਾ ਮਕਸਦ ਹੈ ਤਾਂ ਸਿਰਫ ਤੇ ਸਿਰਫ ਪੈਸਾ ਕਮਾਉਣਾ। ਇਹ ਸਿੱਖੀ ਦੇ ਭੇਸ ਵਿਚ ਵੀ ਹੋ ਸਕਦਾ ਹੈ। ਇਹਦੇ ਪਿਛੇ ਅਣਦਿਸਦਾ ਤੇ ਖਤਰਨਾਕ ਹੱਥ ਹੈ ਜਿਹੜਾ ਸਾਰੀ ਚਾਬੀ ਭਰਦਾ ਹੈ। ਇਹਦਾ ਮਕਸਦ ਬੜਾ ਗੁੱਝਾ ਅਤੇ ਬਾਹਲਾ ਹੀ ਸੰਗੀਨ ਹੈ। ਇਸ ਬਾਰੇ ਤੌਖਲਾ ਸਿੱਖ ਚਿੰਤਕਾਂ, ਬੁੱਧੀਜੀਵੀਆਂ, ਵਿਦਵਾਨਾਂ ਤੇ ਪੰਥ ਪ੍ਰੇਮੀਆਂ ਨੂੰ ਸਤਾ ਰਿਹਾ ਹੈ, ਤਾਂ ਹੀ ਤਾਂ ਉਹ ਇਸ ਤਰ੍ਹਾਂ ਦੀ ਫਿਲਮ ਦੇ ਖਿਲਾਫ਼ ਉਠ ਖੜ੍ਹੇ ਹੋਏ। ਇਨ੍ਹਾਂ ਦਾ ਡਰ ਜਾਇਜ਼ ਵੀ ਹੈ, ਕਿਉਂਕਿ ਜਿਸ ਤਰ੍ਹਾਂ ਦੇ ਤੌਰ-ਤਰੀਕੇ ਤੇ ਹੱਥਕੰਡੇ ਅਪਨਾ ਕੇ ਅੱਜ ਭਾਰਤੀ ਸਟੇਟ ਘੱਟ-ਗਿਣਤੀਆਂ ਦੇ ਮਗਰ ਪੈ ਕੇ ਇਨ੍ਹਾਂ ਨੂੰ ਜ਼ਜ਼ਬ ਕਰ ਕੇ ਬਹੁ-ਗਿਣਤੀ ਦਾ ਦੂਜੇ ਤੀਜੇ ਦਰਜੇ ਦਾ ਨਾਗਰਿਕ ਬਣਾਉਣ 'ਤੇ ਤੁਲੀ ਹੋਈ ਹੈ, ਇਹ ਫਿਲਮ ਵੀ ਉਸ ਦਾ ਖਤਰਨਾਕ ਜ਼ਰੀਆ ਹੈ। ਮਕਸਦ ਸਿੱਖ ਗੁਰੂਆਂ ਦੀ ਇਲਾਹੀ ਰਹਿਬਰੀ ਨੂੰ ਘਟਾ ਕੇ ਦੁਨਿਆਵੀ ਦੇਵਤੇ ਜਾਂ ਅਵਤਾਰ ਦੇ ਤੁੱਲ ਖੜ੍ਹਾ ਕਰਨਾ ਹੈ ਜਿਹੜਾ ਜਨਾਨੀ ਨੂੰ ਉਹਦੇ ਹੀ ਪਤੀ ਤੋਂ ਜੂਏ ਵਿਚ ਦਾਅ 'ਤੇ ਲੁਆ ਕੇ, ਫਿਰ ਇਕ ਧਿਰ ਨਾਲ ਖੜ੍ਹ ਕੇ ਮਹਾਂਭਾਰਤ ਵਰਗਾ ਯੁੱਧ ਕਰਵਾਏ। ਯੁੱਧ ਤਾਂ ਗੁਰੂ ਸਾਹਿਬਾਨ ਨੂੰ ਵੀ ਕਰਨੇ ਪਏ, ਪਰ ਕਿਉਂ ਕੀਤੇ? ਸਟੇਟ ਦੇ ਸਥਾਪਤ ਅਨਿਆਂ ਵਿਰੁਧ 'ਹਲੇਮੀ ਰਾਜ' ਲਈ। ਸੋ, ਹੁਣ ਜੇ ਅੱਜ 'ਨਾਨਕ ਸ਼ਾਹ ਫਕੀਰ' ਵਰਗੀ ਫਿਲਮ ਚਲਾਈ ਜਾਂਦੀ ਤਾਂ ਇਹੋ ਜਿਹੀਆਂ ਫਿਲਮਾਂ ਨੇ ਇਹ ਸਭ ਮਨਫ਼ੀ ਕਰ ਕੇ ਪੇਸ਼ ਕਰਨਾ ਹੈ ਆਉਣ ਵਾਲੇ ਵਕਤ ਵਿਚ।

ਇਸ ਫਿਲਮ ਦੇ ਹੱਕ ਵਿਚ ਖੜ੍ਹਨ ਵਾਲਿਆਂ ਦਾ ਤਰਕ ਸੀ ਕਿ ਮਾਡਰਨ ਯੁੱਗ ਵਿਚ ਸਿਨੇਮਾ ਪ੍ਰਚਾਰ ਦਾ ਵਧੀਆ ਸਾਧਨ ਹੈ। ਕਿਉਂ ਨਾ ਇਸ ਨੂੰ ਸਿੱਖੀ ਦੇ ਪ੍ਰਚਾਰ ਲਈ ਵੀ ਵਰਤਿਆ ਜਾਵੇ, ਕਿਉਂਕਿ ਅੱਜ ਦੀ ਨਵੀਂ ਪੀੜ੍ਹੀ ਸਕਰੀਨ ਤੋਂ ਬਹੁਤ ਪ੍ਰਭਾਵਿਤ ਹੁੰਦੀ ਹੈ। ਇਹ ਜਦੋਂ ਪਰਦੇ ਉਤੇ ਗੁਰੂ ਨੂੰ ਗੱਲਾਂ ਕਰਦਾ ਵੇਖੇਗੀ, ਤਾਂ ਸਿੱਖੀ ਵੱਲ ਆਵੇਗੀ। ਕੋਈ ਖਾਸ ਵਜ਼ਨ ਨਹੀਂ ਇਸ ਤਰਕ ਵਿਚ, ਸਗੋਂ ਇਉਂ ਤਾਂ ਨਵੀਂ ਪੀੜ੍ਹੀ ਗੁਰੂ ਦਾ ਮਾਨਵ-ਅਕਸ ਬਣਾ ਲਵੇਗੀ, ਉਹਦੇ ਦੁਨਿਆਵੀ ਚਮਤਕਾਰ ਇਹਦੇ ਮਨ ਨੂੰ ਜ਼ਿਆਦਾ ਪੋਹਣਗੇ। ਇਉਂ ਤਾਂ ਸਿਨੇਮਾ ਗੁਰੂ ਜਿਹੜਾ ਸਰਬ ਕਲਾ ਭਰਪੂਰ ਹੈ, ਨੂੰ ਚਮਤਕਾਰੀ ਇਨਸਾਨ ਵਜੋਂ ਪੇਸ਼ ਕਰੇਗਾ। ਗੁਰੂ ਸਾਹਿਬ ਦੇ ਦੈਵੀ ਗੁਣ ਕਦੇ ਵੀ ਪਰਦੇ 'ਤੇ ਨਹੀਂ ਉਲੀਕੇ ਜਾ ਸਕਦੇ। ਗੁਰੂ ਦੀ ਇਲਾਹੀ ਮੌਜ ਗੁਰੂ ਖੁਦ ਹੀ ਦਰਸਾ ਸਕਦਾ ਹੈ ਤੇ ਸਾਡਾ ਗੁਰੂ ਹੁਣ ਹੈ ਕੌਣ? ਬਿਨਾਂ ਕਿਸੇ ਸ਼ੱਕ, ਸ੍ਰੀ ਗੁਰੂ ਗ੍ਰੰਥ ਸਾਹਿਬ; ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਿਆਂ, ਸੁਣਿਆਂ ਤੇ ਸਮਝਿਆਂ ਹੀ ਗੁਰੂ ਦੀ ਇਲਾਹੀ ਜੋਤ ਦੇ ਦਰਸ਼ਨ ਹੋਣੇ ਹਨ।

ਇਸ ਤਰਕ ਵਿਚੋਂ ਇਕ ਗੱਲ ਹੋਰ ਵੀ ਸਾਹਮਣੇ ਆਈ ਹੈ ਕਿ ਜੇ ਹੁਣ ਸੱਚੀਂ ਹੀ ਸਿੱਖੀ ਦੇ ਪ੍ਰਚਾਰ ਨੂੰ ਸਿਨੇਮੇ ਦਾ ਸਹਾਰਾ ਲੱਭਣਾ ਪਿਆ, ਤਾਂ ਕੀ ਜਿਹੜਾ ਪ੍ਰਚਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਜਿਸ ਦਾ ਅਰਬਾਂ ਦਾ ਬਜਟ ਹੈ) ਸਿੱਖੀ ਲਈ ਕਰਦੀ ਹੈ, ਉਹ ਇਸ ਮਕਸਦ ਵਿਚ ਫੇਲ੍ਹ ਹੋ ਗਈ ਹੈ? ਹਜ਼ਾਰਾਂ ਸੰਤ ਮਹਾਂਪੁਰਸ਼ ਜਿਹੜੇ ਆਪਣੇ ਆਪ ਨੂੰ ਸਿੱਖੀ ਦੇ ਅਲੰਬਰਦਾਰ ਸਮਝੀ ਬੈਠੇ ਆ, ਕਿਤੇ ਉਹੀ ਤਾਂ ਨਹੀਂ ਗੁਰੂ ਦੀ ਸਿੱਖੀ ਨੂੰ ਢਾਹ ਲਾਉਣ 'ਤੇ ਤੁਲੇ ਹੋਏ? ਜਥੇਦਾਰ ਸਾਹਿਬ ਜਿਹੜੇ ਸਿੱਖੀ ਦੇ ਪ੍ਰਚਾਰ ਦੀ ਆੜ ਵਿਚ, ਚੜ੍ਹੇ ਮਹੀਨੇ ਜਹਾਜੇ ਚੜ੍ਹ ਆ ਧਮਕਦੇ ਆ ਬਾਹਰਲੇ ਮੁਲਕਾਂ ਵਿਚ ਸੈਰਾਂ ਲਈ ਤੇ ਮਹਿਮਾਨ ਨਿਵਾਜ਼ੀ ਕਰਵਾਉਣ, ਕੀ ਦੱਸਣਗੇ ਕਿ ਉਨ੍ਹਾਂ ਕਿੰਨੇ ਗੈਰ-ਸਿੱਖਾਂ ਨੂੰ ਇਕ ਗੇੜੇ ਦੌਰਾਨ ਸਿੱਖੀ ਵੱਲ ਪ੍ਰੇਰਿਆ? ਸਿੱਖਾਂ ਵਿਚ ਸਿੱਖੀ ਦੇ ਪ੍ਰਚਾਰ ਦੀ ਕਿੰਨੀ ਕੁ ਲੋੜ ਹੈ ਭਲਾ? ਜੋ ਪਹਿਲਾਂ ਹੀ ਸਿੱਖ ਹਨ, ਉਨ੍ਹਾਂ ਨੂੰ ਹੋਰ ਕਿਹੜਾ ਸਿੱਖ ਬਣਾਉਣਾ ਹੈ? ਇਹ ਲੇਖਾ-ਜੋਖਾ ਵੀ ਸਿੱਖ ਸੰਗਤ ਕਦੇ ਪੁੱਛਿਆ ਕਰੇ, ਤਾਂ ਕਿ ਕੋਝੇ ਫਿਲਮੀ ਪ੍ਰਚਾਰ ਨੂੰ ਠੱਲ੍ਹ ਪਾਈ ਜਾ ਸਕੇ।


ਸਿਨੇਮਾ ਕਦੇ ਵੀ ਪ੍ਰਚਾਰ ਦਾ ਨੰਬਰ ਵੰਨ ਸਾਧਨ ਨਹੀਂ ਗਿਣਿਆ ਗਿਆ। ਇਹਦਾ ਪਹਿਲਾ ਮਨੋਰਥ ਹੈ ਮਨੋਰੰਜਨ ਕਰਨਾ ਅਤੇ ਇਵਜ਼ ਵਿਚ ਪੈਸਾ ਕਮਾਉਣਾ। ਬਾਕੀ ਸਭ ਬਾਅਦ ਵਿਚ ਆਉਂਦਾ ਹੈ। ਕੀ ਭਲਾ ਸਿੱਖ ਇਹ ਬਰਦਾਸ਼ਤ ਕਰਨਗੇ ਕਿ ਉਨ੍ਹਾਂ ਦੇ ਗੁਰੂ ਦੇ ਦੈਵੀ ਗੁਣਾਂ ਵਿਚੋਂ ਲੋਕ ਆਪਣਾ ਮਨੋਰੰਜਨ ਕਰਨ? ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਨੂੰ ਫਿਲਮੀ ਪਰਦੇ 'ਤੇ ਲਿਆ ਕੇ, ਸਿੱਖਾਂ ਨੂੰ ਹੀ ਭਾਵੁਕ ਕਰ ਕੇ ਪੈਸਾ ਕਮਾਉਣ ਵਾਲੇ ਰੱਜ ਕੇ ਪੈਸਾ ਕਮਾਉਣਗੇ, ਤੇ ਸਾਡੇ ਹੀ ਉਚ ਧਾਰਮਿਕ ਅਸਥਾਨਾਂ ਤੋਂ ਸਿਰੋਪਾਓ ਨਾਲ ਸਨਮਾਨਿਤ ਵੀ ਹੋਣਗੇ, ਫਿਰ ਇਸ ਰੱਜਵੀਂ ਕਮਾਈ ਵਿਚੋਂ ਕੁਝ ਦਾਨ ਕਰ ਕੇ ਵੱਡੇ ਦਾਨੀ ਵੀ ਕਹਾਉਣਗੇ।

ਗੁਰੂ ਸਾਹਿਬ ਦੇ ਦੈਵੀ ਗੁਣਾਂ ਨੂੰ ਕੋਈ ਕਲਾਕਾਰ ਕਿਸੇ ਵੀ ਸੂਰਤ ਵਿਚ ਪੇਸ਼ ਨਹੀਂ ਕਰ ਸਕਦਾ। ਬਾਬੇ ਨਾਨਕ ਨੇ ਆਖਿਆ ਹੈ, ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥ ਉਨ੍ਹਾਂ ਦੀ ਰੀਸ ਕੋਈ ਕਰ ਹੀ ਨਹੀਂ ਸਕਦਾ, ਫਿਲਮ ਪਰਦੇ 'ਤੇ ਵੀ ਨਹੀਂ। ਕੋਈ ਕਲਾਕਾਰ ਗੁਰੂ ਨਾਨਕ ਦਾ ਕਿਰਦਾਰ ਨਿਭਾਉਂਦਾ ਹੋਇਆ ਉਨ੍ਹਾਂ ਦੀ ਬਾਣੀ ਨੂੰ ਆਪਣੇ ਮੂੰਹੋਂ ਬਾਬਾ ਨਾਨਕ ਬਣ ਕੇ ਉਚਾਰੇ ਤਾਂ ਜਗਤ ਜਲੰਦਾ ਰੱਖਣ ਦੀ ਗੱਲ ਸਿੱਖਾਂ ਨੂੰ ਨਹੀਂ ਭਾਉਂਦੀ। ਗੁਰੂ ਨਾਨਕ ਦੇ ਬਾਣੀ ਦੇ ਬੋਲ ਖੁਦ ਰੱਬ ਦੀ ਰਹਿਮਤ ਹਨ। ਬਾਬੇ ਨੇ ਤਾਂ ਆਪ ਕਿਹਾ ਹੈ, ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥

ਫਿਲਮ ਦੇ ਹੱਕ ਵਿਚ ਇਹ ਵੀ ਕਿਹਾ ਗਿਆ ਕਿ ਸਿੱਖੀ ਦੇ ਪ੍ਰਚਾਰ ਵਾਲੇ ਪਹਿਲੇ ਤਰੀਕਿਆਂ ਤੋਂ ਥੋੜ੍ਹਾ ਹਟਣਾ ਪਵੇਗਾ, ਕਿਉਂਕਿ ਇਹ ਜ਼ਿਆਦਾ ਕਾਰਗਰ ਸਾਬਤ ਨਹੀਂ ਹੋ ਰਹੇ। ਪਹਿਲੇ ਤਰੀਕਿਆਂ ਵਿਚ ਕਿਤੇ ਕਠੋਰਤਾ ਹੈ, ਜਿਸ ਨਾਲ ਲੋਕ ਸਿੱਖੀ ਨਾਲ ਨਹੀਂ ਜੁੜ ਰਹੇ। ਸਿੱਖੀ ਦਾ ਪ੍ਰਚਾਰ ਕੇਵਲ ਗੁਰਦੁਆਰਿਆਂ ਤੱਕ ਸੀਮਤ ਹੋ ਚੁੱਕਾ ਹੈ ਤੇ ਗੈਰ-ਸਿੱਖ ਹੁਣ ਗੁਰਦੁਆਰੇ ਜਾਂਦੇ ਨਹੀਂ। ਸਿਨੇਮਾ ਇਸੇ ਕਰ ਕੇ ਪ੍ਰਚਾਰ ਦਾ ਵਧੀਆ ਸਾਧਨ ਹੈ, ਕਿਉਂਕਿ ਇਥੇ ਬੜੀ ਸਹਿਜੇ ਤੇ ਨਰਮੀ ਨਾਲ ਗੁਰੂ ਨਾਨਕ ਦੇ ਮੂੰਹੋਂ ਮਿੱਠੇ ਬੋਲ ਸੁਣਾਏ ਜਾ ਸਕਦੇ ਹਨ ਤੇ ਇਉਂ ਗੈਰ-ਸਿੱਖ ਸਿੱਖੀ ਵੱਲ ਪ੍ਰੇਰਿਤ ਹੋਵੇਗਾ। ਮੈਂ ਇਸ ਵਿਚਾਰ ਨਾਲ ਬਿਲਕੁਲ ਸਹਿਮਤ ਨਹੀਂ ਹਾਂ। ਮਿਸਾਲ ਲੈਂਦੇ ਹਾਂ ਇਕ...ਗੁਰੂ ਨਾਨਕ ਦੇ ਨਿਰਮਲ ਪੰਥ ਦਾ ਸਭ ਤੋਂ ਵੱਧ ਪ੍ਰਚਾਰ, ਆਉਣ ਵਾਲੇ ਨੌਂ ਗੁਰੂ ਸਾਹਿਬਾਨ ਨੇ ਹੀ ਕੀਤਾ ਸੀ ਅਤੇ ਅੰਤਿਮ ਛੋਹ ਇਸ ਪ੍ਰਚਾਰ ਨੂੰ ਗੁਰੂ ਗੋਬਿੰਦ ਸਿੰਘ ਨੇ ਦਿੱਤੀ। 1699 ਦੀ ਵਿਸਾਖੀ ਨੂੰ ਜਦੋਂ ਨੰਗੀ ਕਿਰਪਾਨ ਕੱਢ ਕੇ ਹਜ਼ਾਰਾਂ ਦੀ ਗਿਣਤੀ ਵਿਚ ਜੁੜੀ ਸੰਗਤ ਨੂੰ ਉਨ੍ਹਾਂ ਕਿਹਾ ਕਿ ਸਿਰ ਚਾਹੀਦਾ ਹੈ, ਉਨ੍ਹਾਂ ਇਕ ਨਹੀਂ ਪੰਜ ਸਿਰ ਮੰਗੇ। ਜੇ ਦੁਨਿਆਵੀ ਨੁਕਤਾ ਨਿਗ੍ਹਾ ਤੋਂ ਦੇਖੀਏ ਤਾਂ ਇਹਦੇ ਨਾਲੋਂ ਵੱਡਾ ਕਠੋਰਤਾ ਵਾਲਾ ਪ੍ਰਚਾਰ ਭਲਾ ਕੀ ਹੋ ਸਕਦਾ ਹੈ! ਇਸ ਪਿੱਛੇ ਗੁਰੂ ਜੀ ਦੇ ਦੈਵੀ ਗੁਣ ਸਿਰਫ਼ ਗੁਰੂ ਹੀ ਜਾਣਦਾ ਸੀ ਕਿ ਇਸ ਕਠੋਰ ਪ੍ਰਚਾਰ ਵਿਚੋਂ ਹੀ ਨਿਰਮਲ ਖਾਲਸਾ ਸਿਰਜਿਆ ਜਾਣਾ ਹੈ, ਤੇ ਉਹ ਸਿਰਜਿਆ ਵੀ ਗਿਆ। ਅੱਜ ਵੀ ਖੰਡੇ ਦੇ ਪ੍ਰਚਾਰ ਨਾਲ ਸਿੱਖੀ ਬਚੀ ਆ, ਫਿਲਮਾਂ ਨਾਲ ਨਹੀਂ।

ਸ਼ਾਇਦ ਕੁਝ ਵੀਰ ਇਹ ਮਹਿਸੂਸ ਕਰਨ ਕਿ ਖੰਡੇ ਕਿਰਪਾਨਾਂ ਤੋਂ ਡਰਦੇ ਲੋਕੀਂ ਹੀ ਤਾਂ ਸਿੱਖੀ ਤੋਂ ਪਰ੍ਹੇ ਰਹਿੰਦੇ ਆ, ਪਰ ਗੱਲ ਇਹ ਨਹੀਂ! ਗੁਰੂ ਜੀ ਨੇ ਨੰਗੀ ਕਿਰਪਾਨ ਲਈ ਸਿਰ ਮੰਗੇ ਸੀ, ਤੇ ਇਵਜ਼ ਵਿਚ ਸਿੱਖਾਂ ਦੀ ਝੋਲੀ ਵਿਚ ਕੀ ਪਾਇਆ ਸੀ! ਗੁਰੂ ਦੀ ਬਾਣੀ, ਨਿਰਮਲਾ ਸਰੂਪ, ਦਇਆ, ਰਹਿਮ, ਵੰਡ ਛੱਕਣਾ, ਇਖਲਾਕੀ ਜੀਵਨ, ਸਭੈ ਸਾਂਝੀਵਾਲ, ਸਰਬੱਤ ਦਾ ਭਲਾ, ਸੁੱਚੀ ਕਿਰਤ; ਕਹਿਣ ਦਾ ਭਾਵ ਸਾਰੀਆਂ ਹੀ ਰਹਿਮਤਾਂ ਤੇ ਬਖਸ਼ਿਸ਼ਾਂ। ਇਹ ਸਭ ਕੁਝ ਫਿਲਮ ਤੋਂ ਨਹੀਂ ਦਿੱਤਾ ਜਾਣਾ।

ਇਕ ਹੋਰ ਤਰਕ ਫਿਲਮ ਦੇ ਹੱਕ ਵਿਚ ਇਹ ਦਿੱਤਾ ਗਿਆ ਕਿ ਇਸ ਰਾਹੀਂ ਸਿੱਖ ਗੁਰੂਆਂ ਦਾ ਇਤਿਹਾਸ ਦਰਸਾਇਆ ਜਾਵੇਗਾ ਜਿਸ ਤੋਂ ਦੁਨੀਆਂ ਵਾਲੇ ਅਜੇ ਤੱਕ ਵਾਂਝੇ ਰਹੇ ਹਨ। ਇਸ ਸੋਚ ਵਾਲੇ ਸਿੱਖ ਇਹ ਦਲੀਲ ਇਸ ਕਰ ਕੇ ਦਿੰਦੇ ਹਨ ਕਿ ਹਿੰਦੂ ਧਰਮ ਨੇ ਆਪ ਯੁੱਗ ਪੁਰਸ਼ ਅਵਤਾਰਾਂ ਨੂੰ ਨਾਟਕਾਂ, ਡਰਾਮਿਆਂ ਤੇ ਫਿਲਮਾਂ ਵਿਚ ਦਿਖਾ ਕੇ ਐਨਾ ਪ੍ਰਚਾਰ ਕਰ ਦਿੱਤਾ ਕਿ ਹਿੰਦੂ ਮਤ ਬਹੁਤ ਫੈਲ ਚੁਕਾ ਹੈ, ਤੇ ਅਸੀਂ ਸਿੱਖ ਅਜਿਹਾ ਨਾ ਕਰ ਕੇ ਪਛੜ ਗਏ ਹਾਂ। ਇਹ ਕੋਈ ਠੋਸ ਦਲੀਲ ਹੈ ਨਹੀਂ। ਹਿੰਦੂ ਮਤ ਵਾਲੇ ਅਜਿਹਾ ਪ੍ਰਚਾਰ ਜਿੰਨਾ ਵੱਧ ਕਰਦੇ ਆ, ਉਨੇ ਹੀ ਇਸ ਵਿਚ ਗਿਰਾਵਟ ਤੇ ਥੋਥੇਪਣ ਦੇ ਦਰਸ਼ਨ ਹੁੰਦੇ ਹਨ। ਇਸੇ ਕਰ ਕੇ ਹੀ ਤਾਂ ਮਹਾਤਮਾ ਬੁੱਧ ਤੇ ਮਹਾਂਵੀਰ ਜੈਨ ਨੂੰ ਇਸ ਦੇ ਉਲਟ ਵੱਖਰੇ ਧਰਮ ਚਲਾਉਣੇ ਪਏ। ਕਿਸੇ ਵੇਲੇ ਅਰਬ ਤੋਂ ਮੁਸਲਮਾਨ ਤਾਂ ਕੁਝ ਹਜ਼ਾਰ ਹੀ ਭਾਰਤ ਵਿਚ ਆਏ ਸਨ, ਤੇ ਦੇਖਦਿਆਂ ਦੇਖਦਿਆਂ ਇਹ ਲੱਖਾਂ ਕਰੋੜਾਂ ਤੱਕ ਕਿਵੇਂ ਪਹੁੰਚ ਗਏ? ਇਹ ਹਿੰਦੂ ਧਰਮ ਵਿਚੋਂ ਹੀ ਗਏ ਆ! ਜੇ ਪ੍ਰਚਾਰ ਸੱਚੀਂ ਹੀ ਕਿਸੇ ਕਲਾਕਾਰ ਦੇ ਪੂਛ ਲਾ ਕੇ ਲੰਮਾ ਸੀਰੀਅਲ ਬਣਾ ਕੇ ਹੋਇਆ ਹੁੰਦਾ ਤਾਂ ਅੱਜ ਕਿਉਂ ਹਿੰਦੂਆਂ ਨੂੰ ਕਿਹਾ ਜਾਂਦਾ ਕਿ ਵੱਧ ਨਿਆਣੇ ਪੈਦਾ ਕਰੋ! ਸਾਰੀ ਦੁਨੀਆਂ ਹੀ ਕਿਉਂ ਨਾ ਬਣ ਗਈ ਹਿੰਦੂ? ਇਸ ਕਰ ਕੇ ਹੇ ਸਿੱਖੋ! ਅਜਿਹੇ ਡਰਾਮੇ ਕਦੇ ਵੀ ਪ੍ਰਚਾਰ ਦਾ ਜ਼ਰੀਆ ਨਹੀਂ ਬਣੇ, ਉਹ ਵੀ ਉਸ ਧਰਮ ਦਾ ਜਿਸ ਦੀ ਹੋਂਦ ਨਿਰਮਲਤਾ ਵਿਚੋਂ ਉਪਜੀ ਹੋਵੇ। 'ਨਾਨਕ ਸ਼ਾਹ ਫਕੀਰ' ਬਾਬੇ ਨਾਨਕ ਦੀ ਇਲਾਹੀ ਜੋਤ ਨੂੰ ਘਟਾਉਣ ਵੱਲ ਪੁੱਟਿਆ ਗਿਆ ਕਦਮ ਹੈ। ਇਤਿਹਾਸ ਕਦੇ ਫਿਲਮਾਂ ਨਹੀਂ ਦੱਸ ਸਕਦੀਆਂ। ਇਹ ਲਿਖਿਆ ਜਾਂਦਾ ਹੈ ਤੇ ਸਾਂਭਿਆ ਜਾਂਦਾ ਹੈ ਆਉਣ ਵਾਲੀਆਂ ਪੀੜ੍ਹੀਆਂ ਲਈ, ਤਾਂ ਕਿ ਵਕਤ ਬੀਤਣ ਨਾਲ ਇਸ ਤੋਂ ਸਬਕ ਸਿੱਖਿਆ ਜਾਵੇ।




ਸਿੱਖਾਂ ਵਲੋਂ ਇਸ ਫਿਲਮ ਨੂੰ ਰੋਕਣਾ ਕਿਉਂ ਜ਼ਰੂਰੀ ਸੀ? ਇਹ ਵੱਡਾ ਸਵਾਲ ਹੈ। ਫਿਲਮ ਦੇ ਨਿਰਮਾਤਾ ਵਲੋਂ ਫਿਲਮ ਵਾਪਸ ਲੈਣ ਦਾ ਐਲਾਨ ਹੋ ਚੁੱਕਾ ਹੈ, ਪਰ ਉਸ ਦੀ ਅਕਾਲ ਤਖ਼ਤ ਦੇ ਜਥੇਦਾਰ ਨਾਲ ਜਿਹੜੀ ਮੁਲਾਕਾਤ ਹੋਈ ਦੱਸੀਦੀ ਹੈ, ਉਸ ਬਾਰੇ ਕਿਹਾ ਗਿਆ ਹੈ ਕਿ ਹੁਣ ਇਹ ਫਿਲਮ, ਇਤਰਾਜ਼ਯੋਗ ਸੀਨ ਕੱਟ ਕੇ ਦਿਖਾਈ ਜਾਵੇਗੀ। ਓ ਭਾਈਓ! ਗੁਰਮਤਿ ਦੀ ਕਸਵੱਟੀ 'ਤੇ ਤਾਂ ਇਹ ਸਾਰੀ ਹੀ ਫਿਲਮ ਇਤਰਾਜ਼ਯੋਗ ਹੈ।

ਇਹ ਫਿਲਮ ਗੁਰੂਆਂ ਦੇ ਜੀਵਨ 'ਤੇ ਫਿਲਮਾਂ ਬਣਾਉਣ ਲਈ ਆਉਣ ਵਾਲੇ ਸਮੇਂ ਲਈ ਰਾਹ ਖੋਲ੍ਹ ਰਹੀ ਹੈ। ਸਿੱਖਾਂ ਨੂੰ ਇਸੇ ਨੁਕਤੇ ਉਤੇ ਧਿਆਨ ਰੱਖਣਾ ਪੈਣਾ ਹੈ ਕਿ ਪਹਿਲਾਂ ਵੀ ਸਿੱਖ ਗੁਰੂਆਂ ਦੇ ਜੀਵਨ ਨਾਲ ਬੜੀਆਂ ਕੋਝੀਆਂ ਸਾਖੀਆਂ ਜੋੜ ਦਿੱਤੀਆਂ ਗਈਆਂ ਹਨ। ਹੋਰ ਤਾਂ ਹੋਰ ਗੁਰੂ ਨਾਨਕ ਦੇ ਜੀਵਨ ਨਾਲ ਜੁੜਦੀ ਬੜੀ ਅਸ਼ਲੀਲ ਸਾਖੀ 'ਭਾਈ ਬਾਲੇ ਜੀ ਵਾਲੀ ਜਨਮ ਸਾਖੀ' ਵਿਚ ਮਿਲਦੀ ਹੈ। ਬਿਪਰ ਨੇ ਗੁਰੂ ਗੋਬਿੰਦ ਸਿੰਘ ਦਾ ਜਿਹੜਾ ਰੂਪ ਦਸਮ ਗ੍ਰੰਥ ਵਿਚ ਚਿਤਰਿਆ ਹੋਇਆ ਹੈ, ਕੱਲ੍ਹ ਨੂੰ ਆਹ ਸੌਦੇ ਸਾਧ ਵਾਲਾ ਜਾਂ ਕੋਈ ਹੋਰ ਵੀ ਫਿਲਮ ਬਣਾ ਕੇ ਦੁਨੀਆਂ ਨੂੰ ਦਿਖਾਏਗਾ ਕਿ ਸਰਬੰਸਦਾਨੀ ਕਿਸੇ ਅੱਯਾਸ਼ੀ ਰਾਜੇ ਵਰਗਾ ਸੀ, ਕੀ ਉਦੋਂ ਹੀ ਸਿੱਖਾਂ ਨੂੰ ਹੋਸ਼ ਆਉਣੀ ਹੈ? ਫਿਰ ਪਿੱਟਣ ਦਾ ਕੀ ਫਾਇਦਾ ਹੋਊ ਜੇ ਅੱਜ 'ਨਾਨਕ ਸ਼ਾਹ ਫਕੀਰ' ਖਿਲਾਫ ਆਵਾਜ਼ ਨਾ ਉਠਾਈ ਤਾਂ, ਕਿਉਂਕਿ ਹਾਕਮ ਤੇ ਅਦਾਲਤਾਂ ਬਿਪਰ ਦੇ ਪ੍ਰਭਾਵ ਵਿਚ ਕੰਮ ਕਰਦੀਆਂ ਤੇ ਇਨ੍ਹਾਂ ਨੇ ਇਸ ਦਾ ਪੱਖ ਸਦਾ ਦਾ ਹੀ ਪੂਰਨਾ।

ਅੰਤ ਵਿਚ ਨਿਹਾਇਤ ਜ਼ਰੂਰੀ ਗੱਲ ਸਾਂਝੀ ਕਰਨੀ ਹੈ ਕਿ ਜਿਹੜਾ ਜਨੇਊ ਅੱਜ ਤੋਂ ਕੋਈ ਸਾਢੇ ਪੰਜ ਸੌ ਸਾਲ ਪਹਿਲਾਂ ਬਿਪਰ ਨੇ ਬਾਬੇ ਨਾਨਕ ਦੇ ਗਲ ਵਿਚ ਪਾਉਣ ਲਈ ਵੱਟਿਆ ਸੀ, ਤੇ ਬਾਬੇ ਨੇ ਪੁਆਇਆ ਨਹੀਂ ਸੀ, ਉਹ ਬਿਪਰ ਨੇ ਸੁੱਟਿਆ ਨਹੀਂ ਅਜੇ ਤੱਕ। ਉਹ ਅੱਜ ਵੀ ਇਹ ਜਨੇਊ ਹੱਥ ਵਿਚ ਹੀ ਫੜੀ ਬੈਠਾ, ਇਸੇ ਤਾਕ ਵਿਚ ਕਿ ਜਦੋਂ ਦਾਅ ਲੱਗਿਆ, ਇਹ ਸਿੱਖਾਂ ਦੇ ਗਲ ਵਿਚ ਪਾਉਣਾ ਹੀ ਪਾਉਣਾ ਹੈ। ਬੜੀ ਸ਼ਰਮਿੰਦਗੀ ਹੁੰਦੀ ਹੈ ਇਹ ਗੱਲ ਸਾਂਝੀ ਕਰਦਿਆਂ ਕਿ ਅਸਿੱਧੇ ਤਰੀਕੇ ਨਾਲ ਬਿਪਰ ਦਾ ਇਹ ਜਨਊ ਜਿਸ ਤੋਂ ਬਾਬਾ ਨਾਨਕ ਇਨਕਾਰੀ ਹੋਇਆ ਸੀ, ਅਸੀਂ ਅੱਧ-ਪਚੱਧਾ ਆਪਣੇ ਆਪ ਹੀ ਪੁਆ ਲਿਆ ਹੈ, ਭਾਵੇਂ ਇਹਦਾ ਰੂਪ ਗਾਤਰੇ ਵਿਚ ਹੀ ਕਿਉਂ ਨਹੀਂ ਬਦਲ ਕੇ ਪਾਇਆ! ਤਾਂ ਹੀ ਅੱਜ ਸੰਤਾਂ ਦੇ ਡੇਰਿਆਂ 'ਤੇ ਮਨਮਤਿ ਦਾ ਪ੍ਰਚਾਰ ਸਿਖਰ 'ਤੇ ਹੈ। ਇਹ ਬਿਪਰ ਦਾ ਹੀ ਕ੍ਰਿਸ਼ਮਾ ਹੈ ਕਿ ਪਰਦੇਸੀ ਧਰਤੀ ਦੇ ਇਕ ਮੁੱਖ ਗੁਰਦੁਆਰੇ ਦੇ ਦਰਵਾਜ਼ੇ ਸਿੱਖਾਂ ਲਈ ਬੰਦ ਕਰ ਕੇ ਇਕ ਕਥਿਤ ਕਾਤਲ ਹਾਕਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਨਮਾਨਿਤ ਕੀਤਾ ਗਿਆ। ਬਾਹਰਲੇ ਮੁਲਕਾਂ ਵਿਚ ਬਿਪਰ ਬੜੀ ਤਾਕਤ ਨਾਲ ਗੁਰਦੁਆਰਿਆਂ ਵਿਚ ਪੈਰ ਜਮਾ ਰਿਹਾ ਹੈ, ਤਾਂ ਹੀ ਤਾਂ ਕਿਸੇ ਸ਼ਬਦ ਗੁਰੂ ਦਾ ਪ੍ਰਚਾਰ ਕਰਨ ਵਾਲੇ ਪ੍ਰਚਾਰਕ ਨੂੰ ਬੋਲਣ ਤੋਂ ਮਨ੍ਹਾਂ ਕੀਤਾ ਜਾਂਦਾ ਹੈ।

ਸਿੱਖ ਨੂੰ ਦਸਤਾਰ ਗੁਰੂ ਨੇ ਬਖਸ਼ੀ, ਤੇ ਗੁਰੂ ਦੀ ਨਿਸ਼ਾਨੀ ਦੀ ਬੇਅਦਬੀ ਲਗਦੀ ਵਾਹ ਸਿੱਖ ਹੋਣ ਨਹੀਂ ਦਿੰਦਾ, ਪਰ ਜਦੋਂ ਪੰਥ ਦਾ 'ਫਖਰ-ਏ-ਕੌਮ' ਉਸ ਸ਼ੈਤਾਨ ਦਾ ਹਸਪਤਾਲ ਵਿਚ ਜਾ ਕੇ ਹਾਲ-ਚਾਲ ਪੁੱਛਣ ਲਈ ਗੇੜੇ ਲਾਵੇ ਜਿਸ ਨੇ ਦਸਤਾਰ ਨੂੰ ਸ਼ਰ੍ਹੇਆਮ ਭੀੜ ਦੀ ਹਾਜ਼ਰੀ ਵਿਚ ਬਾਜ਼ਾਰ ਵਿਚਕਾਰ ਰੋਲਿਆ ਹੋਵੇ, ਤਾਂ ਸਮਝੋ ਸਾਡੀ ਦਸਤਾਰ ਨੂੰ ਹੱਥ ਪਾਉਣ ਵਾਲਾ ਬਿਪਰ ਹੋਰ ਕੋਈ ਨਹੀਂ, ਗਾਤਰਾ ਪਹਿਨੀ ਜਨੇਊ ਬਿਰਤੀ ਵਾਲਾ ਬੜਾ ਹਾਕਮ ਹੈ।

'ਨਾਨਕ ਸ਼ਾਹ ਫਕੀਰ' ਫਿਲਮ ਵੀ ਬਿਪਰ ਦੀ ਹੀ ਚਾਲ ਹੈ, ਤਾਂ ਹੀ ਤਾਂ ਕੋਈ ਸੰਤ ਜਾਂ ਬਾਬਾ ਇਹਦੇ ਖਿਲਾਫ਼ ਮੂੰਹ ਨਹੀਂ ਖੋਲ੍ਹਦਾ। ਉਲਟਾ ਇਹ ਸਾਧ ਲਾਣਾ ਤਾਂ ਇਸ ਫਿਲਮ ਦੇ ਹੱਕ ਵਿਚ ਹੀ ਭੁਗਤੇਗਾ, ਕਿਉਂਕਿ ਆਪਣੇ ਡੇਰਿਆਂ ਵਿਚ ਇਹ ਰੱਬ ਬਣ ਕੇ ਹੀ ਤਾਂ ਪੂਜਾ ਕਰਵਾ ਰਹੇ ਹਨ। ਇਹੋ ਜਿਹੀਆਂ ਫਿਲਮਾਂ ਇਨ੍ਹਾਂ ਨੂੰ ਰਾਸ ਵੀ ਆਉਣਗੀਆਂ ਜਿਹੜੀਆਂ ਸੰਗਤ ਨੂੰ ਸ਼ਬਦ ਗੁਰੂ ਨਾਲੋਂ ਤੋੜ ਕੇ ਦੇਹਧਾਰੀ ਦੀ ਪੂਜਾ ਵੱਲ ਪ੍ਰੇਰਨ।

ਜੇ ਅੱਜ ਸਿੱਖਾਂ ਨੇ ਇਸ ਤਰ੍ਹਾਂ ਦੀਆਂ ਫਿਲਮਾਂ ਨਾ ਰੋਕੀਆਂ ਤਾਂ ਅਸੀਂ ਗੁਰੂ ਗੋਬਿੰਦ ਸਿੰਘ ਨੂੰ ਬੇਦਾਵਾ ਦੇਣ ਵਾਲੇ ਹੋਵਾਂਗੇ, ਕਿਉਂਕਿ ਸਾਡੇ ਉਸੇ ਗੁਰੂ ਨੇ ਸਾਰਾ ਸਰਬੰਸ ਸਿੱਖੀ ਤੋਂ ਵਾਰ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਾਡਾ ਸਦੀਵੀ ਗੁਰੂ ਥਾਪ ਦਿੱਤਾ ਸੀ। ਕਿਸੇ ਕਲਾਕਾਰ ਵਿਚੋਂ ਅਸੀਂ ਕਿਵੇਂ ਆਪਣਾ ਗੁਰੂ ਤਲਾਸ਼ ਸਕਦੇ ਹਾਂ? ਇਹ ਨਾ-ਮੁਮਕਿਨ ਹੈ। ਬਿਪਰ ਨੇ ਹੁਣ ਗੁਰੂ ਨਾਨਕ ਨੂੰ 'ਨਾਨਕ ਸ਼ਾਹ ਫਕੀਰ' ਦਾ ਵਪਾਰਕ ਨਾਂ ਦੇ ਦਿੱਤਾ ਹੈ।

---

## ਪਿੰਡੁ ਪਤਲਿ ਕਿਰਿਆ ਦੀਵਾ...

*(ਪਿਛਲੇ ਸਫੇ ਦੀ ਬਾਕੀ)*

ਪਾਉਂਦਾ ਹੈ? ਉਤਰ ਹੈ- ਹਰਿ ਸਰਿ ਵਿਚ। ਦੁਨੀਆਂ ਵਿਚ ਕਿਤੇ ਜੀ 'ਹਰਿਸਰਿ' ਨਾਂ ਦਾ ਕੋਈ ਤੀਰਥ ਨਹੀਂ ਹੈ। ਪ੍ਰਚਲਿਤ ਰੀਤੀ ਅਨੁਸਾਰ ਜਿੱਥੇ ਹੱਡੀਆਂ ਪਾਈਆਂ ਜਾਂਦੀਆਂ ਸਨ, ਉਸ ਥਾਂ ਦਾ ਨਾਂ 'ਹਰਿਦੁਆਰ' ਹੈ, 'ਹਰਿਸਰਿ' ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਰਾਮ ਸਰਿ', 'ਹਰਿ ਸਰਿ', 'ਰਾਮਦਾਸ ਸਰਿ', 'ਅੰਮ੍ਰਿਤ ਸਰਿ', 'ਸਤਿ ਸਰਿ', 'ਸਤ ਸਰਿ' 'ਸਚੈ ਸਰਿ' ਆਦਿਕ ਸ਼ਬਦ ਕਿਸੇ ਸਥਾਪਤ ਕੀਤੇ ਤੀਰਥ ਲਈ ਨਹੀਂ ਵਰਤੇ ਗਏ ਸਗੋਂ 'ਸਤਿ ਸੰਗਤਿ' ਲਈ ਵਰਤੇ ਗਏ ਹਨ। ਗੁਰੂ ਜੀ ਬਖ਼ਸ਼ਸ਼ ਕਰਦੇ ਹਨ ਕਿ ਉਹ ਸਤਿ ਸੰਗਤਿ ਨੂੰ ਹੀ ਫੁੱਲ ਚੁਗਣ ਨਾਲੋਂ ਸ੍ਰੇਸ਼ਟ ਮੰਨਦੇ ਹਨ। ਸਤਿ ਸੰਗਤਿ ਦੀ ਮਹਿਮਾ ਨਾਲੋਂ ਫੁੱਲ ਪਾਉਣ ਦੀ ਕਿਰਿਆ ਤੁੱਛ ਤੇ ਵਿਅਰਥ ਹੈ।

ਨੋਟ: ਤੀਜੇ ਗੁਰੂ ਜੀ ਦੇ ਇਸ ਲਿਖਤ ਉਪਦੇਸ਼ ਦੇ ਹੁੰਦਿਆਂ ਹੋਇਆਂ ਵੀ ਸਿੱਖ ਦਾਹ-ਸਸਕਾਰ ਦੇ ਰਹੱਸ ਨੂੰ ਅਮਲ ਵਿਚ ਨਹੀਂ ਲਿਆ ਸਕੇ। ਅਜੇ ਵੀ ਸਿੱਖ ਅੰਗੀਠੇ ਦੇ ਫੁੱਲ ਚੁੱਕੀ ਹਰਿ ਦੁਆਰ ਗੰਗਾ ਤੇ ਪਾਤਾਲ ਪੁਰੀ ਕੀਰਤਪੁਰ ਸਾਹਿਬ ਲੈ ਜਾਣ ਤੋਂ ਹਟੇ ਨਹੀਂ ਜਦੋਂ ਕਿ ਪ੍ਰਾਣੀ ਦੀ ਮੁਕਤੀ ਦਾ ਇਸ ਕਿਰਿਆ ਨਾਲ ਕੋਈ ਲੈਣ-ਦੇਣ ਨਹੀਂ। ਵਾਤਾਵਰਣ ਦੀ ਸਫ਼ਾਈ ਨੂੰ ਦੇਖਦਿਆਂ ਸਾਰੇ ਅਗੀਠੇ ਦੀ ਸੁਆਹ ਕਾਨੂੰਨ ਨੂੰ ਪਾਲਦੇ ਹੋਏ ਨੇੜੇ ਦੇ ਕਿਸੇ ਵੀ ਵਗਦੇ ਪਾਣੀ ਵਿਚ ਪਾ ਦੇਣੀ ਜਾਂ ਕਿਸੇ ਯੋਗ ਥਾਂ 'ਤੇ ਟੋਆ ਪੁੱਟ ਕੇ ਉਪਰ ਮਿੱਟੀ ਪਾ ਕੇ ਦੱਬ ਦੇਣੀ ਯੋਗ ਹੈ। ਵਿਛੜੇ ਪ੍ਰਾਣੀ ਦੀ ਮੜ੍ਹੀ ਆਦਿਕ ਕੋਈ ਯਾਦਗਾਰ ਬਣਾਉਣੀ ਅਯੋਗ ਹੈ। ਸਿੱਖ ਰਹਿਤ ਮਰਿਆਦਾ ਵਿਚ ਵੀ ਅਜਿਹਾ ਹੀ ਲਿਖਿਆ ਹੈ। ਹਰ ਸਿੱਖ ਨੂੰ ਆਪ ਅਰਥਾਂ ਸਮੇਤ ਬਾਣੀ ਪੜ੍ਹਨ ਦੀ ਲੋੜ ਹੈ, ਨਹੀਂ ਤਾਂ ਮਨਮਤਾਂ ਭਾਰੂ ਹੋ ਨਹੀਆਂ ਹਨ ਤੇ ਸੱਚ ਵੀ ਝੂਠ ਵਿਚ ਲਪੇਟਿਆ ਜਾ ਰਿਹਾ ਹੈ। ਸਿੱਖ ਦਾ ਗੁਰੂ ਗਿਆਨ ਹੋਵੇ ਪਰ ਸਿੱਖ ਆਪ ਅਗਿਆਨ ਦੇ ਹਨੇਰੇ ਵਿਚ ਹੋਵੇ ਤਾਂ ਜ਼ਰੂਰ ਸੋਚਣ ਤੇ ਚਿੰਤਾ ਵਾਲੀ ਗੱਲ ਹੈ।

ਤੁਕ ਨੰਬਰ 5: ਹਰੀ ਪ੍ਰਭੂ ਨੂੰ ਚੰਗਾ ਲੱਗਾ। ਗੁਰੂ ਜੀ ਨੇ ਉਪਦੇਸ਼ ਦਿੱਤਾ। ਗੁਰੂ ਜੀ ਪ੍ਰਭੂ ਵਿਚ ਲੀਨ ਹੋ ਗਏ। ਤੁਕ ਨੰਬਰ 6: ਇਸ ਤੋਂ ਪਹਿਲਾਂ ਭਾਈ ਜੇਠਾ ਜੀ ਨੂੰ ਗੁਰਗੱਦੀ ਦਾ ਵਾਰਸ ਥਾਪਿਆ ਗਿਆ। ਗੁਰ ਸ਼ਬਦ ਰੂਪ ਸੱਚੀ ਰਾਹਦਾਰੀ ਦੀ ਤੀਜੇ ਗੁਰੂ ਜੀ ਵਲੋਂ ਬਖ਼ਸ਼ਸ਼ ਕੀਤੀ ਗਈ।

*-ਪ੍ਰੋ. ਕਸ਼ਮੀਰਾ ਸਿੰਘ*
*ਫੋਨ: 801-414-0171*

# ਪਾਰਾਵਾਰ ਪਾਈਏ

## ਸ਼ਬਦ ਝਰੋਖਾ




ਬਲਜੀਤ ਬਾਸੀ
ਫੋਨ: 734-259-9353

ਪਰਮਾਤਮਾ ਦੇ ਬੇਅੰਤ ਹੋਣ ਦੀ ਸਿਫਤ ਸਾਲਾਹ ਵਜੋਂ ਪਾਰਾਵਾਰ ਸ਼ਬਦ ਦੀ ਧਾਰਮਕ ਸਾਹਿਤ ਵਿਚ ਖਾਸ ਕਰਕੇ ਤੇ ਬੋਲਚਾਲ ਵਿਚ ਆਮ ਕਰਕੇ ਚੋਖੀ ਵਰਤੋਂ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ "ਅੰਤੁ ਨ ਪਾਰਾਵਾਰੁ" ਉਕਤੀ ਅਨੇਕਾਂ ਵਾਰ ਆਈ ਹੈ, ਮਸਲਨ ਗੁਰੂ ਨਾਨਕ ਦੇਵ ਜੀ ਦੀ ਇਹ ਤੁਕ, "ਲਿਖੁ ਨਾਮੁ ਸਾਲਾਹ ਲਿਖੁ ਅੰਤੁ ਨ ਪਾਰਾਵਾਰੁ॥" ਅਕਾਲ ਉਸਤਿਤ 'ਚ ਵੀ ਇਸ ਤਰ੍ਹਾਂ ਦੇ ਭਾਵ ਹਨ, "ਪੂਰਨ ਅਵਤਾਰ ਨਿਰਾਧਾਰ ਹੈ ਨ ਪਾਰਾਵਾਰ ਪਾਈਐ ਨ ਪਾਰ ਪੈ ਅਪਾਰ ਕੈ ਬਖਾਨੀਐ॥" ਪਰਮਾਤਮਾ ਦਾ ਪਾਰਾਵਾਰ ਪਾਉਣ ਦਾ ਦਾਅਵਾ ਤਾਂ ਗੁਰੂਆਂ ਭਗਤਾਂ ਨੇ ਵੀ ਨਹੀਂ ਕੀਤਾ ਪਰ ਆਪਾਂ ਅੱਜ ਇਸ ਸ਼ਬਦ ਦਾ ਪਾਰਾਵਾਰ ਪਾਉਣ ਦਾ ਜਤਨ ਕਰਦੇ ਹਾਂ।

ਇਸ ਸ਼ਬਦ ਦਾ ਅਰਥ ਹੈ ਆਰ ਪਾਰ, ਕਿਸੇ ਜਲ ਭੰਡਾਰ ਦੇ ਦੋਨੋਂ ਤਟ, ਸੀਮਾ, ਅੰਤ। ਜਿਸ ਚੀਜ਼ ਦਾ ਨਾ ਆਰ ਮਲੂਮ ਹੋਵੇ ਨਾ ਪਾਰ ਉਹ ਬੇਅੰਤ ਹੀ ਕਹੀ ਜਾਵੇਗੀ। ਪਾਰਾਵਾਰ ਸ਼ਬਦ ਦੋ ਜੁਜ਼ਾਂ ਤੋਂ ਬਣਿਆ ਹੈ, ਪਾਰ+ਅਵਾਰ। ਅਵਾਰ ਦਾ ਭਾਵ ਹੈ ਇਸ ਪਾਰ, ਨੇੜਲਾ ਕਿਨਾਰਾ, ਉਰਲਾ ਪਾਸਾ, ਦਰਿਆ ਆਦਿ ਦਾ ਏਧਰਲਾ ਪਾਸਾ। ਇਸ ਤਰ੍ਹਾਂ ਦੋਨੋਂ ਸ਼ਬਦ ਜੁੜ ਕੇ ਜੋ ਭਾਵ ਦਿੰਦੇ ਹਨ, ਉਸ ਦਾ ਇਕ ਅਰਥ ਸੀਮਾ, ਅੰਤ, ਸਿਰਾ ਹੀ ਬਣਦਾ ਹੈ, "ਨਾਨਕ ਅੰਤ ਨ ਜਾਪਨੀ ਹਰਿ ਤਾਕੇ ਪਾਰਾਵਾਰ" ਵਿਚ ਪਾਰਾਵਾਰ ਦੀ ਥਾਂ ਹੱਦ ਜਾਂ ਸੀਮਾ ਲਾ ਕੇ ਦੇਖੋ ਸਹੀ ਅਰਥ ਲੱਭਣਗੇ। ਇੰਜ 'ਨਾ ਪਾਰਾਵਾਰ' ਦਾ ਅਰਥ ਉਰਲੇ ਜਾਂ ਪਰਲੇ ਕੰਢਿਆਂ ਤੋਂ ਬਗੈਰ ਜਾਂ ਕਹਿ ਲਵੋ ਬੇਕਿਨਾਰਾ ਬਣਦਾ ਹੈ। ਸੰਸਕ੍ਰਿਤ 'ਚ ਪਾਰਾਵਾਰ ਦਾ ਇਕ ਅਰਥ ਸਮੁੰਦਰ ਵੀ ਹੈ। ਪਾਰਾਵਾਰ ਸ਼ਬਦ ਆਮ ਬੋਲਚਾਲ ਵਿਚ ਵੀ ਅੰਤ ਦੇ ਅਰਥਾਂ ਵਜੋਂ ਵਰਤ ਲਿਆ ਜਾਂਦਾ ਹੈ ਜਿਵੇਂ ਦੇਸ਼ 'ਚ ਗੁਰਬਤ ਦਾ ਕੋਈ ਪਾਰਾਵਾਰ ਨਹੀਂ।

ਲਿਲੀ ਟਰਨਰ ਅਤੇ ਮੋਨੀਅਰ ਵਿਲੀਅਮਜ਼ ਅਨੁਸਾਰ ਸ਼ਬਦ ਦਾ ਦੂਜਾ ਜੁਜ਼ 'ਅਵਾਰ' ਸ਼ਬਦ ਅਪਾਰ ਦਾ ਬਦਲਿਆ ਰੂਪ ਹੈ। 'ਵ' ਤੇ 'ਪ' ਧੁਨੀਆਂ ਅਕਸਰ ਹੀ ਆਪਸ ਵਿਚ ਵਟ ਜਾਂਦੀਆ ਹਨ। ਅਪ ਵਿਚ ਦੂਰ, ਕਿਨਾਰਾ, ਪਾਣੀ, ਸਮੁੰਦਰ ਆਦਿ ਦੇ ਭਾਵ ਹਨ ਤੇ ਅਵ ਦੇ ਵੀ ਲਗਭਗ ਇਹੋ ਹਨ। ਅਵਾਰ ਦੇ ਸੰਕੁਚਤ ਰੂਪ ਵਾਰ ਜਾਂ ਇਸ ਦੇ ਕੁਝ ਰੁਪਾਂਤਰਾਂ ਦਾ ਕਈ ਭਾਰਤੀ ਆਰਿਆਈ ਭਾਸ਼ਾਵਾਂ ਵਿਚ ਅਰਥ ਉਰਲਾ ਕਿਨਾਰਾ ਆਦਿ ਹੈ। ਹਿੰਦੀ ਵਿਚ ਵਾਰਪਾਰ ਦਾ ਮਤਲਬ ਉਰਲਾ-ਪਰਲਾ ਕਿਨਾਰਾ ਹੈ। ਪੰਜਾਬੀ ਵਿਚ ਵੀ ਕਿਧਰੇ ਕਿਧਰੇ ਅਜਿਹੇ ਅਰਥ ਦੇਖਣ ਨੂੰ ਮਿਲਦੇ ਹਨ। ਗੁਰੂ ਅਮਰ ਦਾਸ ਦੀ ਇਸ ਤੁਕ ਵਿਚ ਕਾਹਨ ਸਿੰਘ ਨੇ ਵਾਰ ਦਾ ਅਰਥ ਅੰਤ, ਸਿਰਾ ਦਰਸਾਇਆ ਹੈ, "ਹਰਿ ਜੀਓ ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰ॥" ਅਵਾਰ ਤੋਂ ਹੀ 'ਓਰ' ਸ਼ਬਦ ਬਣਿਆ ਜਿਸ ਵਿਚ ਵੀ ਪਾਸਾ, ਦਿਸ਼ਾ, ਤਰਫ ਦਾ ਭਾਵ ਹੈ। ਇਹ ਸ਼ਬਦ ਆਮ ਤੌਰ 'ਤੇ ਤਾਂ ਹਿੰਦੀ ਵਿਚ ਹੀ ਵਰਤਿਆ ਜਾਂਦਾ ਹੈ ਜਿਵੇਂ "ਕਿਸ ਓਰ ਜਾ ਰਹੇ ਹੋ?" ਗੁਰੂ ਗ੍ਰੰਥ ਸਾਹਿਬ ਵਿਚ ਵੀ ਇਹ ਸ਼ਬਦ ਇਨ੍ਹਾਂ ਅਰਥਾਂ ਵਿਚ ਆਇਆ ਹੈ, "ਭੀਤਿ ਊਪਰੇ ਕੇਤਕੁ ਧਾਈਐ ਅੰਤ ਓਰ ਕੋ ਆਹਾ॥" (ਗੁਰੂ ਅਰਜਨ ਦੇਵ) ਅਰਥਾਤ ਕੰਧ 'ਤੇ ਕਿਥੋਂ ਤੱਕ ਦੌੜਿਆ ਜਾ ਸਕਦਾ ਹੈ, ਆਖਰ ਉਸ ਦਾ ਅਖੀਰਲਾ ਸਿਰਾ ਆ ਹੀ ਜਾਣਾ ਹੈ। ਹੋਰ ਦੇਖੋ, "ਕਥਨੀ ਕਥਉ ਨ ਆਵੈ ਓਰ॥" -ਜਪੁ।



ਠੇਠ ਪੰਜਾਬੀ ਵਿਚ ਇਸ ਦਾ ਵਰਤੀਂਦਾ ਰੂਪ ਹੈ, ਉਰੇ। ਇਸ ਦਾ ਭਾਵ ਹੈ ਬੋਲਣਹਾਰੇ ਦੇ ਦ੍ਰਿਸ਼ਟੀਕੋਣ ਤੋਂ ਉਸ ਵੱਲ ਦਾ ਪਾਸਾ, "ਉਰੇ ਆਈਂ ਜ਼ਰਾ।" ਮਲਵਈ ਵਿਚ ਉਰੇ ਸ਼ਬਦ ਦਾ ਅਰਥ ਬੋਲਣਹਾਰੇ ਦਾ ਰਹਿਣ ਸਥਾਨ, ਨਗਰ ਆਦਿ ਜਾਂ ਕਹਿ ਲਵੋ 'ਏਥੇ ਵੀ ਹੈ' ਜਿਵੇਂ "ਉਹ ਉਰੇ ਰਹਿੰਦਾ ਹੈ।" ਅਮਰੀਕਾ ਵਿਚ ਰਹਿੰਦਾ ਮਲਵਈ ਕੁਝ ਇਸ ਤਰ੍ਹਾਂ ਕਹੇਗਾ, "ਉਰੇ ਤਾਂ ਭਾਈ ਬਹੁਤ ਕੰਮ ਲੈਂਦੇ ਨੇ।" ਇਸ ਦਾ ਇਕ ਅਰਥ 'ਇਹ ਲੋਕ' ਵੀ ਹੁੰਦਾ ਹੈ। ਇਸੇ ਦਾ ਇਕ ਹੋਰ ਰੂਪ ਹੈ ਉਰਾਂਹ। ਇਸ ਤੋਂ ਹੀ ਇਕ ਵਿਸ਼ੇਸ਼ਣ ਬਣਿਆ ਹੈ, ਉਰਲਾ ਅਰਥਾਤ ਬੋਲਣਹਾਰੇ ਵੱਲ ਦਾ, ਜਿਵੇਂ ਨਦੀ ਦਾ ਉਰਲਾ ਕਿਨਾਰਾ। 'ਓਰ' ਦੀ ਰ ਧੁਨੀ ੜ ਵਿਚ ਬਦਲ ਕੇ ਓੜ ਸ਼ਬਦ ਬਣ ਗਿਆ, ਜਿਸ ਦਾ ਅਰਥ ਸ਼ਰਣ ਜਿਹਾ ਹੈ, "ਜਨ ਨਾਨਕ ਓੜਿ ਤੁਹਾਰੀ ਪਰਿਓ ਆਇਓ ਸਰਣਾਗਿਓ॥" (ਗੁਰੂ ਅਰਜਨ ਦੇਵ) ਇਸ ਦਾ ਅਰਥ ਤਰਫ, ਦਿਸ਼ਾ ਵੀ ਹੈ। ਓੜ ਤੋਂ ਅੱਗੇ ਓੜਕ ਸ਼ਬਦ ਬਣ ਗਿਆ ਜਿਸ ਦਾ ਅਰਥ, ਅਖੀਰ, ਛੇਕੜ ਅੰਤ, ਸਿਰਾ ਹੁੰਦਾ ਹੈ, "ਓੜਕ ਓੜਕ ਭਾਲਿ ਥਕੇ ਵੇਦ ਕਹਿਨ ਇਕ ਵਾਤ॥" ਅਵਾਰ ਦਾ ਹੋਰ ਵਿਉਤਪਤ ਰੂਪ ਹੈ, ਆਰ। ਇਹ ਸ਼ਬਦ ਸੁਤੰਤਰ ਤੌਰ 'ਤੇ ਘਟ ਹੀ ਵਰਤਿਆ ਜਾਂਦਾ ਹੈ, ਬਹੁਤਾ ਆਰ-ਪਾਰ ਸ਼ਬਦ ਜੁੱਟ ਵਿਚ ਹੀ ਕੈਦ ਰਹਿੰਦਾ ਹੈ। ਹਾਂ, ਇਸ ਬੁਝਾਰਤ ਵਿਚ ਜ਼ਰੂਰ ਇਸ ਦੀ ਸੁਤੰਤਰ ਹਸਤੀ ਨਜ਼ਰ ਆਉਂਦੀ ਹੈ, "ਆਰ ਢਾਂਗਾ, ਪਾਰ ਢਾਂਗਾ ਵਿਚ ਟੱਲਮਟੱਲੀਆਂ...।" ਅਵਾਰ ਸ਼ਬਦ ਦਾ ਧਾਤੂ ਹੈ 'ਵ੍ਰ' ਜਿਸ ਵਿਚ ਉਪਰ ਉਠਣਾ, ਤਰ ਕਰਨਾ, ਬਰਸਣਾ ਆਦਿ ਦੇ ਭਾਵ ਹਨ। (ਮੀਂਹ ਦਾ) ਵਸਣਾ, ਵਰਖਾ ਜਿਹੇ ਸ਼ਬਦ ਵੀ ਇਸ ਦੀ ਪੈਦਾਵਾਰ ਹਨ। ਇਸ ਤੋਂ ਬੇਸ਼ੁਮਾਰ ਹੋਰ ਸ਼ਬਦ ਬਣੇ ਹਨ ਜਿਨ੍ਹਾਂ ਦੀ ਵਿਆਖਿਆ ਸਮੇਂ ਸਮੇਂ ਹੁੰਦੀ ਰਹੇਗੀ।

ਪਾਰਾਵਰ ਵਿਚਲੇ ਪਾਰ ਸ਼ਬਦ ਦਾ ਪ੍ਰਚਲਤ ਅਰਥ ਹੈ ਦਰਿਆ ਆਦਿ ਦਾ ਪਰਲਾ ਕੰਢਾ ਤੇ ਵਿਸਤ੍ਰਿਤ ਅਰਥ ਹੋਇਆ ਦਰਿਆ ਆਦਿ ਦਾ ਪਰਲਾ ਪਾਸਾ ਜਾਂ ਇਲਾਕਾ। ਪਾਰ ਤੋਂ ਅਸਲ ਵਿਚ ਅੱਗੇ ਵਧਣ ਦਾ ਭਾਵ ਹੈ। ਧਿਆਨ ਦਿਓ, ਅੱਗੇ ਵਧਣ ਨਾਲ ਹੀ ਦਰਿਆ ਆਦਿ ਨੂੰ ਪਾਰ ਕਰ ਸਕੀਦਾ ਹੈ। "ਬੁਲ੍ਹੇ ਸ਼ਾਹ ਦੀ ਸੁਣੋ ਹਕਾਇਤ, ਹਾਦੀ ਪਕੜਿਆ ਹੋਗ ਹਦਾਇਤ। ਮੇਰਾ ਮੁਰਸ਼ਦ ਸ਼ਾਹ ਅਨਾਇਤ, ਉਹ ਲੰਘਾਇ ਪਾਰ।" ਅੱਗੇ ਵਧਣ ਦੇ ਭਾਵ ਤੋਂ ਕਿਸੇ ਚੀਜ਼ ਦੇ ਵਿਚ ਦੀ ਲੰਘਣ ਦਾ ਭਾਵ ਵੀ ਆ ਜਾਂਦਾ ਹੈ। ਇਸੇ ਲਈ ਇਸ ਦਾ ਇਕ ਅਰਥ ਪਾੜ ਜਾਂ ਸੰਨ੍ਹ ਵੀ ਹੈ, "ਇਸ ਕੋ ਪਾਰ ਦਯੋ ਦਰਸਾਵੋ।" "ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰੁ॥" (ਗੁਰੂ ਅਰਜਨ ਦੇਵ) ਦੁਆਬੇ ਵਿਚ ਮਾਲਵੇ ਨੂੰ ਪਾਰ ਕਿਹਾ ਜਾਂਦਾ ਹੈ ਅਰਥਾਤ ਦੁਆਬੇ ਦੇ ਨਜ਼ਰੀਏ ਤੋਂ ਸਤਲੁਜ ਦੇ ਪਾਰਲਾ ਇਲਾਕਾ। ਮੇਰੇ ਪਿੰਡ ਸਾਡੇ ਗੁਆਂਢ ਦੀ ਇਕ ਔਰਤ ਪਾਰ ਤੋਂ ਵਿਆਹੀ ਆਈ ਸੀ। ਹੋਰ ਗੁਆਂਢਣਾਂ ਉਸ ਦੇ ਤੌਰ ਤਰੀਕਿਆਂ ਦੀ ਨਿਖੇਧੀ ਕਰਦੀਆਂ ਕਹਿੰਦੀਆਂ ਰਹਿੰਦੀਆਂ, "ਪਾਰੋਂ ਆਈ ਹੈ ਨਾ।" ਪਾਰ ਤੋਂ ਬਣਿਆ ਅਪਾਰ ਪਾਰ ਦੇ ਵਿਪਰੀਤ ਭਾਵ ਦਿੰਦਾ ਹੈ ਮਤਲਬ ਉਰਲਾ ਪਾਸਾ। ਇਸ ਦਾ ਅਰਥ ਹੈ ਜਿਸ ਦਾ ਕੋਈ ਸਿਰਾ ਜਾਂ ਕਿਨਾਰਾ ਨਹੀਂ, ਹੈ ਵੀ। "ਆਪੇ ਸਾਗਰ ਬੋਹਿਥਾ ਆਪੇ ਪਾਰ ਅਪਾਰ॥" (ਗੁਰੂ ਨਾਨਕ ਦੇਵ) ਬੇਅੰਤ ਅਸੀਮ ਦੇ ਅਰਥਾਂ ਵਿਚ, "ਅਪਾਰ ਅਗਮ ਗੋਬਿੰਦ ਠਾਕੁਰ" (ਗੁਰੂ ਅਰਜਨ ਦੇਵ) ਗ. ਸ. ਰਿਆਲ ਨੇ ਇਸ ਦੇ ਟਾਕਰੇ ਵਿਚ ਫਾਰਸੀ ਦੀ 'ਮੁਹੀਤ-ਏ-ਬੇਕਰਾਂ' ਉਕਤੀ ਪੇਸ਼ ਕੀਤੀ ਹੈ ਜਿਸ ਦਾ ਸ਼ਾਬਦਿਕ ਅਰਥ ਕੰਢਿਆਂ ਤੋਂ ਰਹਿਤ ਸਮੁੰਦਰ ਹੈ ਜੋ ਪਰਮਾਤਮਾ ਦੇ ਅਥਾਹ ਹੋਣ ਦੀ ਲਖਾਇਕ ਉਪਾਧੀ ਹੈ, "ਤੂ ਹੈ ਮਹੀਤ-ਏ-ਬੇਕਰਾਂ, ਮੈਂ ਹੂੰ ਜ਼ਰਾ ਸੀ ਆਬ ਜੋ" (ਛੋਟੀ ਨਦੀ)। ਇਹ ਸ਼ਬਦ ਪਰਮਾਤਮਾ ਤੋਂ ਇਲਾਵਾ ਧਰਤੀ ਅਤੇ ਅਕਾਸ਼ ਦੇ ਵਿਸ਼ੇਸ਼ਣ ਵਜੋਂ ਵੀ ਵਰਤਿਆ ਜਾਂਦਾ ਹੈ। ਇਸੇ ਤੋਂ ਅਪਰੰਪਾਰ ਸ਼ਬਦ ਬਣਿਆ ਅਰਥਾਤ ਜਿਸ ਦਾ ਪਾਰ ਨਾ ਪਾਇਆ ਜਾ ਸਕੇ, "ਆਦਿ ਪੁਰਖ ਅਪਰੰਪਾਰ ਦੇਵ" (ਗੁਰੂ ਅਰਜਨ ਦੇਵ) ਅਤੇ "ਕਹੁ ਨਾਨਕ ਅਪਰੰਪਾਰ ਮਾਨੁ" (ਗੁਰੂ ਨਾਨਕ ਦੇਵ)। ਪਾਰ ਤੋਂ ਹੀ ਪਰਲਾ ਤੇ ਪਾਰਲਾ ਸ਼ਬਦਾਂ ਦਾ ਨਿਰਮਾਣ ਹੋਇਆ। ਇਸ ਸ਼ਬਦ ਦੀ ਇਕ ਵਰਤੋਂ ਦੇਖੋ, "ਉਹ ਤਾਂ ਪਰਲੇ ਦਰਜੇ ਦਾ ਬੇਈਮਾਨ ਹੈ।" ਪਾਰ ਜਾਂ ਪਰ ਅਗੇਤਰ-ਪਿਛੇਤਰ ਲੱਗ ਕੇ ਅਨੇਕਾਂ ਸ਼ਬਦ ਬਣੇ ਹਨ, ਕੁਝ ਗਿਣਾਉਂਦੇ ਹਾਂ, ਪਾਰਗਾਮੀ, ਪਾਰ ਉਤਾਰਾ, ਪਾਰਬ੍ਰਹਮ, ਪਾਰਦਰਸ਼ਕ, ਪਰਜੀਵੀ, ਪਰੰਪਰਾ ਆਦਿ। ਹੋਰ ਤਾਂ ਹੋਰ ਪਾਰ ਬੁਲਾਉਣਾ ਮੁਹਾਵਰਾ ਵੀ ਬਣ ਗਿਆ ਹੈ। ਪਾਰ ਦਾ ਧਾਤੂ ਹੈ 'ਪ੍ਰ' ਜਿਸ ਵਿਚ ਅੱਗੇ ਵਧਣ ਦਾ ਭਾਵ ਹੈ। ਇਸ ਧਾਤੂ ਦਾ ਵੀ ਅਸਲ ਵਿਚ ਕੋਈ ਪਾਰਾਵਾਰ ਨਹੀਂ। ਇਸ ਤੋਂ ਪ੍ਰਗਤੀ ਤੇ ਹੋਰ ਕਿੰਨੇ ਸਾਰੇ ਸ਼ਬਦ ਬਣੇ ਹਨ। ਇਸ ਦੇ ਅਨੇਕਾਂ ਭਾਰੋਪੀ ਰਿਸ਼ਤੇਦਾਰ ਹਨ, ਜਿਨ੍ਹਾਂ ਦੀ ਨਿਸ਼ਾਨਦੇਹੀ ਫਿਰ ਕਦੇ ਕੀਤੀ ਜਾਵੇਗੀ।

ਪਾਰ ਤੇ ਅਵਾਰ/ਅਪਾਰ ਦੇ ਜੋੜ ਤੋਂ ਕੁਝ ਹੋਰ ਨਿੱਤ ਵਰਤੀਂਦੇ ਸ਼ਬਦ ਬਣੇ ਹਨ ਜਿਨ੍ਹਾਂ ਦੇ ਜ਼ਿਕਰ ਤੋਂ ਬਿਨਾਂ ਇਹ ਚਰਚਾ ਅਧੂਰੀ ਹੈ। ਉਰਵਾਰ ਸ਼ਬਦ ਦਾ ਅਰਥ ਹੈ ਦਰਿਆ ਦਾ ਉਰਲਾ ਕਿਨਾਰਾ ਜਾਂ ਪਾਸਾ, "ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰ।" (ਗੁਰੂ ਅਮਰ ਦਾਸ) ਇਥੇ ਉਰਵਾਰ ਤੋਂ ਭਾਵ ਇਹ ਲੋਕ ਹੈ। 'ਉਰਵਾਰ ਪਾਰ' ਦਾ ਅਰਥ ਹੈ ਇਹ ਲੋਕ ਤੇ ਪ੍ਰਲੋਕ, "ਉਰਵਾਰ ਪਾਰ ਕੇ ਦਾਨੀਆ" (ਭਗਤ ਰਵਿਦਾਸ) ਉਵਾਰ ਦਾ ਸੰਕੁਚਿਤ ਰੂਪ ਉਰਾਰ ਹੈ। 'ਉਰਾ-ਪਰਾ' ਦਾ ਅਰਥ ਹੈ, ਫੁਟਕਲ ਚੀਜ਼ਾਂ। ਮੇਰੀ ਬੀਬੀ ਉਰਾ-ਪਰਾ ਪਾ ਕੇ ਬਹੁਤ ਜ਼ਾਇਕੇਦਾਰ ਚਾਹ ਬਣਾਇਆ ਕਰਦੀ ਸੀ। ਪੁਲਿਸ ਆਈ ਤੇ ਸ਼ਰਾਬ ਕਢਣ ਵਾਲਿਆਂ ਨੇ ਸਾਰਾ ਸਮਾਨ ਉਰੇ-ਪਰੇ ਕਰ ਦਿੱਤਾ। ਇਸ ਸ਼ਬਦ ਜੁੱਟ ਦਾ ਇਕ ਤੀਜੀ ਡਿਗਰੀ ਦਾ ਰੂਪ ਹੈ 'ਉਰਲਮ-ਪਰਲਮ' ਮੈਂ ਵੀ ਤਾਂ ਉਰਲਮ-ਪਰਲਮ ਹੀ ਮਾਰ ਰਿਹਾ ਹਾਂ!

# ਮਹੂਰਤ

ਹਿੰਦੂ ਧਰਮ ਵਿਚ ਇਹ ਸਦੀਆਂ ਤੋਂ ਚਲਿਆ ਆ ਰਿਹਾ ਹੈ ਕਿ ਕੋਈ ਵੀ ਨਵਾਂ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਪੰਡਿਤ ਕੋਲੋਂ ਮਹੂਰਤ ਦਾ ਦਿਨ ਤੇ ਟਾਈਮ ਕਢਵਾਇਆ ਜਾਂਦਾ ਹੈ, ਪੂਜਾ ਕੀਤੀ ਜਾਂਦੀ ਹੈ। ਜਿਹੜੇ ਲੋਕ ਹਿੰਦੂ ਧਰਮ ਨੂੰ ਮੰਨਦੇ ਹਨ, ਉਹ ਭਾਵੇਂ ਡਾਕਟਰ-ਇੰਜੀਨੀਅਰ ਹੋਣ ਜਾਂ ਕਿਸੇ ਉਚੇ ਅਹੁਦੇ 'ਤੇ, ਮੰਤਰੀ ਹੋਵੇ ਜਾਂ ਸੰਤਰੀ, ਕੋਈ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਵੀ ਕਿਉਂ ਨਾ ਹੋਵੇ, ਉਹ ਪੰਡਿਤ ਦੇ ਦੱਸੇ ਮੁਤਾਬਕ ਹੀ ਸਭ ਕੁਝ ਕਰਦਾ ਹੈ। ਪੰਡਿਤ ਨੇ ਡਰ ਹੀ ਅਜਿਹਾ ਪਾਇਆ ਹੁੰਦਾ ਹੈ ਕਿ ਜੇ ਇਸ ਤਰ੍ਹਾਂ ਨਾ ਕੀਤਾ ਗਿਆ, ਤਾਂ ਕੋਈ ਵੱਡਾ ਅਨਰਥ ਹੋ ਜਾਵੇਗਾ! ਜੇ ਕਿਤੇ ਕੁਝ



ਬੌਬ ਖਹਿਰਾ, ਮਿਸ਼ੀਗਨ
ਫੋਨ: 734-925-0177

ਗਲਤ ਹੋ ਜਾਵੇ ਤਾਂ ਫਿਰ ਪੰਡਿਤ ਜੀ ਹੋਰ ਦਕਸ਼ਣਾ ਲੈ ਕੇ ਉਪਾਅ ਵੀ ਕਰ ਦਿੰਦੇ ਹਨ।

ਹੁਣ ਸਵਾਲ ਹੈ ਕਿ ਜਿਹੜੇ ਡਾਕਟਰ, ਇੰਜੀਨੀਅਰ ਜਾਂ ਹੋਰ ਵੱਡੀਆਂ ਪੋਸਟਾਂ 'ਤੇ ਅਫ਼ਸਰ ਲੱਗੇ ਹੋਏ ਹਨ, ਉਨ੍ਹਾਂ ਦੇ ਦਿਮਾਗ਼ ਵਿਚ ਕਦੀ ਨਹੀਂ ਆਉਂਦਾ ਕਿ ਪੰਡਿਤ ਨੂੰ ਚੰਗੇ ਦਿਨ ਬਾਰੇ ਕਿਵੇਂ ਪਤਾ ਹੈ, ਤੇ ਕਿਸ ਟਾਈਮ ਉਤੇ ਮਹੂਰਤ ਕਰਨਾ ਸ਼ੁਭ ਹੈ? ਪੰਡਿਤ ਕੋਲ ਐਸੀ ਕਿਹੜੀ ਅੱਖ ਹੈ ਜੋ ਵੇਖ ਸਕਦੀ ਹੈ, ਜਾਂ ਕਿਹੜੀ ਐਸੀ ਵੱਖਰੀ ਕਿਤਾਬ ਹੈ ਜੋ ਇਹ ਸਭ ਕੁਝ ਦੱਸ ਦਿੰਦੀ ਹੈ ਜੋ ਅੱਜ ਤੱਕ ਕਿਸੇ ਸਾਇੰਸਦਾਨ ਨੂੰ ਨਹੀਂ ਲੱਭੀ? ਕੋਈ ਜੋਤਸ਼ੀ ਜਾਂ ਪੰਡਿਤ ਨਵ-ਜਨਮੇ ਬੱਚੇ ਦਾ ਟੇਵਾ ਲਾਉਂਦਾ ਹੈ, ਉਸ ਦੀ ਜਨਮ ਪੱਤਰੀ ਤੇ ਕੁੰਡਲੀ ਤਿਆਰ ਕਰਦਾ ਹੈ ਤੇ ਫਿਰ ਅੰਧ-ਵਿਸ਼ਵਾਸੀ ਮਾਪੇ ਉਸ ਬੱਚੇ ਨੂੰ ਉਸ ਟੇਵੇ ਦੇ ਹਿਸਾਬ ਨਾਲ ਪਾਲਦੇ-ਪੋਸਦੇ ਹਨ, ਤੇ ਬੱਚੇ ਨੂੰ ਉਸ ਪੰਡਿਤ/ਜੋਤਸ਼ੀ ਦੀ ਸੋਚ ਦਾ ਗੁਲਾਮ ਬਣਾ ਦਿੰਦੇ ਹਨ। ਬੱਚਾ ਵੱਡਾ ਹੋ ਕੇ ਵੀ ਉਸ ਜੋਤਸ਼ੀ/ਪੰਡਿਤ ਦੀ ਸੋਚ ਤੋਂ ਅੱਗੇ ਨਹੀਂ ਜਾਂਦਾ, ਚਾਹੇ ਉਹ ਜ਼ਿੰਦਗੀ ਦੇ ਕਿਸੇ ਵੀ ਮੁਕਾਮ 'ਤੇ ਕਿਉਂ ਨਾ ਪੁੱਜ ਜਾਵੇ! ਇਉਂ ਇਨ੍ਹਾਂ ਪੰਡਿਤਾਂ/ਜੋਤਸ਼ੀਆਂ ਦਾ ਕਾਰੋਬਾਰ ਲਗਾਤਾਰ ਚਲਦਾ ਰਹਿੰਦਾ ਹੈ। ਕਈ ਸਦੀਆਂ ਤੋਂ ਇਹੀ ਸਭ ਹੋ ਰਿਹਾ ਹੈ। ਜਦ ਤੱਕ ਲੋਕ ਸਿਆਣੇ ਤੇ ਸਮਝਦਾਰ ਨਹੀਂ ਬਣ ਜਾਂਦੇ, ਉਨ੍ਹਾਂ ਦੀ ਸੋਚ ਨਹੀਂ ਬਦਲਦੀ, ਉਹ ਡਰ ਤੇ ਲਾਲਚ ਤੋਂ ਉਪਰ ਨਹੀਂ ਉਠਦੇ, ਸ਼ਾਇਦ ਇਸੇ ਤਰ੍ਹਾਂ ਹੀ ਹੁੰਦਾ ਰਹੇਗਾ।

ਸਿੱਖ ਧਰਮ ਦੇ ਮੋਢੀਆਂ ਨੇ ਇਨ੍ਹਾਂ ਪਾਖੰਡਾਂ ਖਿਲਾਫ ਲੋਕਾਂ ਨੂੰ ਸੁਚੇਤ ਕੀਤਾ ਸੀ, ਪਰ ਹੁਣ ਸਿੱਖਾਂ ਨੇ ਵੀ ਹਿੰਦੂਆਂ ਦੀ ਰੀਸੇ ਇਸੇ ਤਰ੍ਹਾਂ ਕਰਨਾ ਸ਼ੁਰੂ ਕੀਤਾ ਹੋਇਆ ਹੈ। ਕੁਝ ਨਾਂਵਾਂ ਦਾ ਫਰਕ ਹੈ, ਕੁਝ ਢੰਗ-ਤਰੀਕੇ ਬਦਲੇ ਹਨ, ਬਾਕੀ ਸਭ ਕੁਝ ਉਨ੍ਹਾਂ ਦੇ ਪੂਰਨਿਆਂ 'ਤੇ ਹੀ ਹੋ ਰਿਹਾ ਹੈ। ਜਦੋਂ ਬੱਚਾ ਜੰਮਦਾ ਹੈ ਤਾਂ ਬਹੁਤ ਸਾਰੇ ਲੋਕ ਬੱਚੇ ਨੂੰ ਗੁਰਦੁਆਰੇ ਲੈ ਕੇ ਜਾਂਦੇ ਹਨ, ਗੁਰਦੁਆਰੇ ਦੇ ਭਾਈ ਕੋਲੋਂ ਨਾਮ ਦਾ ਪਹਿਲਾ ਅੱਖਰ ਕਢਵਾਉਂਦੇ ਹਨ ਤੇ ਫਿਰ ਉਸ ਪਹਿਲੇ ਅੱਖਰ ਦੇ ਹਿਸਾਬ ਨਾਲ ਬੱਚੇ ਦਾ ਨਾਮ ਰੱਖਿਆ ਜਾਂਦਾ ਹੈ। ਹੁਣ ਸੋਚੋ, ਪੰਜਾਬੀ ਦੇ ਕੁੱਲ 35 ਅੱਖਰ ਹਨ, ਬਾਣੀ ਇਨ੍ਹਾਂ 35 ਅੱਖਰਾਂ ਵਿਚ ਹੀ ਲਿਖੀ ਤੇ ਪੜ੍ਹੀ ਜਾਂਦੀ ਹੈ, ਜੇ ਇਨ੍ਹਾਂ 35 ਅੱਖਰਾਂ ਵਿਚੋਂ ਸਾਰੇ ਹੀ ਅੱਖਰ ਬਾਣੀ ਵਿਚ ਮੌਜੂਦ ਹਨ, ਫਿਰ ਕਿਸੇ ਇਕ ਅੱਖਰ ਦੀ ਮਹੱਤਤਾ ਵਧੇਰੇ ਕਿਸ ਤਰ੍ਹਾਂ ਹੋਈ? ਅਸੀਂ ਬੱਚੇ ਦਾ ਨਾਂ ਜਿਸ ਵੀ ਅੱਖਰ ਤੋਂ ਰੱਖਾਂਗੇ, ਉਹ ਬਾਣੀ ਵਿਚ ਜ਼ਰੂਰ ਹੋਵੇਗਾ। ਇਹ ਵੀ ਸੋਚੋ ਕਿ ਗੁਰਦੁਆਰੇ ਦਾ ਭਾਈ ਜੋ ਤਨਖਾਹ ਲੈ ਕੇ ਬਾਣੀ ਪੜ੍ਹਦਾ ਹੈ, ਅਰਦਾਸ ਕਰਨ ਦੇ ਪੈਸੇ ਵੱਖਰੇ ਲੈਂਦਾ ਹੈ, ਅਖੰਡਪਾਠ ਕਰਨ ਦੀ ਵੀ ਉਹਦੀ ਵੱਖਰੀ ਫੀਸ (ਭੇਟਾ) ਹੈ, ਫੇਰੇ ਕਰਾਉਣ ਦੀ ਵੱਖਰੀ ਤੇ ਕੀਰਤਨ ਕਰਨ ਦੀ ਵੱਖਰੀ; ਫਿਰ ਉਸ ਵਲੋਂ ਨਾਂ ਲਈ ਕੱਢਿਆ ਇਕ ਅੱਖਰ ਕਿਸ ਤਰ੍ਹਾਂ ਸ਼ੁਭ ਹੋ ਗਿਆ? ਜਿਸ ਮਾਂ ਨੇ 9 ਮਹੀਨੇ ਬੱਚੇ ਨੂੰ ਆਪਣੀ ਕੁੱਖ ਵਿਚ ਰੱਖਿਆ, ਅਤਿਅੰਤ ਦਰਦ ਸਹਿ ਕੇ ਉਸ ਨੂੰ ਜੰਮਿਆ ਤੇ ਅੱਗੇ ਪਾਲਣ-ਪੋਸਣ ਤੇ ਹੋਰ ਵੀ ਕਿੰਨਾ ਕੁਝ ਉਸ ਨੇ ਹੀ ਕਰਨਾ ਹੈ, ਫਿਰ ਉਹ ਮਾਂ ਕਿਉਂ ਨਹੀਂ ਉਸ ਬੱਚੇ ਦਾ ਨਾਮ ਰੱਖ ਸਕਦੀ? ਉਹ ਪਿਤਾ ਜਿਸ ਨੇ ਜ਼ਿੰਦਗੀ ਦੇ ਕਦਮ-ਕਦਮ 'ਤੇ ਉਸ ਬੱਚੇ ਲਈ ਆਪਣਾ ਖੂਨ ਪਸੀਨਾ ਇਕ ਕਰਨਾ ਹੈ, ਉਹ ਕਿਉਂ ਨਹੀਂ ਆਪਣੇ ਬੱਚੇ ਦਾ ਨਾਮ ਰੱਖ ਸਕਦਾ? ਦਰਅਸਲ ਇਹ ਸਭ ਦੇਖਾ-ਦੇਖੀ ਹੀ ਹੋ ਰਿਹਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਕਦੇ ਵੀ ਕੋਈ ਵੀ ਇਸ ਬਾਰੇ ਨਹੀਂ ਸੋਚਦਾ ਕਿ ਇਹ ਸਭ ਕਿੰਨਾ ਕੁ ਸਹੀ ਹੈ।

ਇਕ ਗੱਲ ਹੋਰ ਵੀ ਸਿੱਖਾਂ ਵਿਚ ਹੈ ਹਿੰਦੂਆਂ ਵਾਂਗ (ਵੈਸੇ ਤਾਂ ਤਕਰੀਬਨ ਸਭ ਕੁਝ ਹੀ ਹੈ) ਕਿ ਕੋਈ ਮਕਾਨ ਬਣਾਉਣਾ ਹੋਵੇ, ਭਾਵੇਂ ਤੂੜੀ ਵਾਲਾ ਕੋਠਾ ਹੀ ਕਿਉਂ ਨਾ ਪਾਉਣਾ ਹੋਵੇ, ਤੇ ਭਾਵੇਂ ਨਵਾਂ ਗੁਰਦੁਆਰਾ ਬਣਾਉਣਾ ਹੋਵੇ, ਨੀਂਹ ਪੁੱਟਣ ਤੋਂ ਪਹਿਲਾਂ ਤੇਲ ਚੋਇਆ ਜਾਂਦਾ ਹੈ ਤੇ ਨਾਰੀਅਲ ਵੀ ਤੋੜਿਆ ਜਾਂਦਾ ਹੈ, ਅਰਦਾਸ ਕੀਤੀ ਜਾਂਦੀ ਹੈ, ਫਿਰ ਕਿਤੇ ਜਾ ਕੇ ਨੀਂਹ ਪੁੱਟੀ ਜਾਂਦੀ ਹੈ। ਫਿਰ ਬਦਲਿਆ ਕੀ ਹੈ? ਪਹਿਲਾਂ ਪੂਜਾ ਲਈ ਪੰਡਿਤ ਆਉਂਦਾ ਸੀ, ਹੁਣ ਅਰਦਾਸ ਲਈ ਭਾਈ ਆਉਂਦਾ ਹੈ। ਅਗਲੇ ਆਪਣੀ ਫੀਸ ਲੈ ਕੇ ਤੁਰਦੇ ਬਣਦੇ ਹਨ। ਮਗਰੋਂ ਜੋ ਕੁਝ ਮਰਜ਼ੀ ਹੋਵੇ, ਕੋਈ ਦੁਰਘਟਨਾ ਹੋ ਜਾਵੇ, ਖਰਾਬ ਮੌਸਮ ਹੋਣ ਕਰ ਕੇ ਕੋਈ ਹੋਰ ਪ੍ਰੇਸ਼ਾਨੀ ਆ ਜਾਵੇ, ਕਦੇ ਕੋਈ ਭਾਈ ਜਾਂ ਪੰਡਿਤ ਨੂੰ ਜਾ ਕੇ ਨਹੀਂ ਪੁੱਛੇਗਾ, ਤੂੰ ਪੂਜਾ ਕੀਤੀ ਸੀ ਜਾਂ ਅਰਦਾਸ ਕੀਤੀ ਸੀ, ਫਿਰ ਇਸ ਤਰ੍ਹਾਂ ਕਿਉਂ ਹੋਇਆ?

ਇਹ ਗੱਲਾਂ ਸਾਡੇ ਹਿੰਦੂ-ਸਿੱਖ ਸਮਾਜ ਵਿਚ ਰੋਜ਼ਾਨਾ ਵਾਪਰਦੀਆਂ ਹਨ, ਪਰ ਕਦੇ ਕੋਈ ਨਹੀਂ ਸੋਚਦਾ ਇਨ੍ਹਾਂ ਬਾਰੇ, ਇਕ-ਦੂਜੇ ਦੀ ਦੇਖਾ-ਦੇਖੀ ਸਭ ਇਹੀ ਕੁਝ ਕਰੀ ਜਾਂਦੇ ਹਨ। ਇਸ ਲੇਖ ਦਾ ਇਕੋ ਹੀ ਮਕਸਦ ਹੈ ਕਿ ਤੁਸੀਂ ਇਕ-ਦੂਜੇ ਦੀ ਦੇਖਾ-ਦੇਖੀ ਕੀਤੀਆਂ ਜਾ ਰਹੀਆਂ ਇਨ੍ਹਾਂ ਕਾਰਵਾਈਆਂ ਬਾਰੇ ਸੋਚੋ। ਕੋਈ ਵੀ ਕੰਮ ਕਰਨ ਤੋਂ ਪਹਿਲਾਂ ਸੋਚੋ ਕਿ ਇਹ ਕਰਨਾ ਜ਼ਰੂਰੀ ਹੈ? ਜੇ ਜ਼ਰੂਰੀ ਹੈ ਤਾਂ ਕਿਉਂ? ਤੇ ਕਿਵੇਂ? ਕੋਈ ਵੀ ਦਿਨ ਚੰਗਾ ਜਾਂ ਮਾੜਾ ਨਹੀਂ, ਆਮ ਜਾਂ ਖਾਸ ਨਹੀਂ, ਇਸ ਨੂੰ ਚੰਗਾ ਜਾਂ ਮਾੜਾ ਅਸੀਂ ਆਪ ਬਣਾਉਂਦੇ ਹਾਂ, ਜਾਂ ਕੋਈ ਸਾਡਾ ਦੁਸ਼ਮਣ ਜਾਂ ਸ਼ੁਭਚਿੰਤਕ ਬਣਾਉਂਦਾ ਹੈ। ਇਸੇ ਤਰ੍ਹਾਂ ਕਿਸੇ ਕੰਮ ਲਈ ਕੋਈ ਖਾਸ ਟਾਈਮ ਨਹੀਂ ਹੁੰਦਾ। ਹਾਂ, ਮੌਸਮ ਦੇ ਹਿਸਾਬ ਨਾਲ ਤਾਂ ਜ਼ਰੂਰ ਦੇਖਣਾ ਪਵੇਗਾ, ਕਿਸੇ ਪੰਡਿਤ ਜਾਂ ਜੋਤਸ਼ੀ ਦੇ ਦੱਸਣ ਦੇ ਹਿਸਾਬ ਨਾਲ ਨਹੀਂ। ਇਸ ਲਈ ਇਨ੍ਹਾਂ ਚੱਕਰਾਂ ਵਿਚ ਆਪਣਾ ਸਮਾਂ ਅਤੇ ਪੈਸਾ ਬਰਬਾਦ ਨਾ ਕਰੋ। ਜੇ ਤੁਸੀਂ ਸੱਚੇ ਦਿਲੋਂ ਸ਼ਾਂਤ ਦਿਮਾਗ਼ ਨਾਲ ਸੋਚੋਗੇ ਤਾਂ ਸ਼ਰਤੀਆ ਤੁਹਾਨੂੰ ਜਵਾਬ ਮਿਲੇਗਾ ਕਿ ਇਨ੍ਹਾਂ ਚੀਜ਼ਾਂ ਦਾ ਕੋਈ ਮਤਲਬ ਨਹੀਂ ਹੈ। ਕਿਸੇ ਮਹੂਰਤ ਦਾ ਕੋਈ ਮਤਲਬ ਨਹੀਂ। ਅਜਿਹੀ ਝੂਠੀ ਤਸੱਲੀ ਤੋਂ ਬਿਨਾਂ ਹੀ ਆਪਣੀ ਸੋਚ ਦਾ ਦਾਇਰਾ ਵੱਡਾ ਕਰੋ। ਜੇ ਕੋਈ ਦਾਅਵਾ ਕਰਦਾ ਹੈ ਕਿ ਪੂਜਾ ਜਾਂ ਅਰਦਾਸ ਨਾਲ ਸਭ ਕੁਝ ਠੀਕ ਕਰ ਸਕਦਾ ਹੈ, ਤਾਂ ਉਹ ਤਰਕਸ਼ੀਲ ਸੁਸਾਇਟੀ (ਭਾਰਤ) ਵਲੋਂ ਰੱਖਿਆ ਇਕ ਕਰੋੜ ਰੁਪਏ ਦਾ ਇਨਾਮ ਜਿੱਤ ਸਕਦਾ ਹੈ।

## ਮਿੰਨੀ ਕਹਾਣੀ

### ਫੈਸਲਾ

ਉਹ ਦੋਵੇਂ ਇੱਕ ਦੂਜੇ ਨੂੰ ਬਹੁਤ ਪਿਆਰ ਕਰਨ ਲੱਗੇ ਸਨ ਪਰ ਦੋਵਾਂ ਦੀ ਜਾਤ ਮੇਲ ਨਹੀਂ ਖਾਂਦੀ ਸੀ ਜਿਸ ਕਰਕੇ ਉਹ ਘਰ ਵਿਚ ਆਪਣੇ ਪਿਆਰ ਦੀ ਗੱਲ ਕਿਸੀ ਨੂੰ ਵੀ ਦੱਸ ਨਹੀਂ ਸਕਦੇ ਸਨ। ਕੁਝ ਮਹੀਨਿਆਂ ਮਗਰੋਂ ਉਨ੍ਹਾਂ ਦਾ ਪਿਆਰ ਏਨਾ ਗੂੜ੍ਹਾ ਹੋ ਗਿਆ ਕਿ ਹੁਣ ਉਹ ਇਕ ਦੂਜੇ ਵਗੈਰ ਨਹੀਂ ਰਹਿ ਸਕਦੇ। ਫਿਰ ਇਕ ਦਿਨ ਲੜਕੇ ਨੇ ਕਿਹਾ, "ਚੱਲ ਆਪਾਂ ਕਿਧਰੇ ਭੱਜ ਚੱਲੀਏ, ਸ਼ਹਿਰ ਜਾ ਕੇ ਕਿਸੇ ਮੰਦਰ ਵਿਚ ਵਿਆਹ ਕਰ ਲਵਾਂਗੇ।"

"ਨਹੀਂ, ਭਾਵੇਂ ਅਸੀਂ ਸੱਚ-ਮੁੱਚ ਰੀਤੀ-ਰਿਵਾਜ ਨਾਲ ਵਿਆਹ ਵੀ ਕਰ ਲਿਆ ਤਾਂ ਵੀ ਮੇਰੇ 'ਤੇ ਘਰੋਂ ਭੱਜਣ ਦਾ ਦਾਗ ਲੱਗ ਹੀ ਜਾਣਾ ਹੈ," ਲੜਕੀ ਨੇ ਜਵਾਬ ਦਿੱਤਾ। "ਫਿਰ ਤਾਂ ਬਿਹਤਰ ਹੈ ਆਪਾਂ ਖੁਦਕਸ਼ੀ ਕਰ ਲਈਏ," ਲੜਕੇ ਨੇ ਸੁਝਾਅ ਦਿੱਤਾ। "ਹਾਂ, ਇਹ ਠੀਕ ਹੈ।" "ਚੱਲ ਫਿਰ।" ਫਿਰ ਦੋਵੇਂ ਖੁਦਕਸ਼ੀ ਕਰਨ ਲਈ ਚੱਲ ਪਏ ਸਨ।

ਕੁਝ ਦੂਰੀ ਤੈਅ ਕਰਨ ਮਗਰੋਂ ਲੜਕੀ ਦੇ ਮਨ ਵਿਚ ਖਿਆਲ ਆਇਆ ਕਿ ਸਾਡੇ ਮਰਨ ਤੋਂ ਬਾਅਦ ਲੋਕਾਂ ਨੇ ਘਰ ਦਿਆਂ ਦੀ ਬਦਨਾਮੀ ਜ਼ਿਆਦਾ ਕਰਨੀ ਹੈ, ਸਾਡੇ ਮਰੇ ਦਾ ਅਫਸੋਸ ਕਿਸੇ ਨੇ ਨਹੀਂ ਕਰਨਾ। ਇਹ ਖਿਆਲ ਜਦੋਂ ਉਸ ਨੇ ਲੜਕੇ ਨਾਲ ਸਾਂਝਾ ਕੀਤਾ ਤਾਂ ਉਹ ਵੀ ਝੁੰਜਲਾ ਉਠਿਆ ਤੇ ਫਿਰ ਉਨ੍ਹਾਂ ਨੇ ਖੁਦਕਸ਼ੀ ਦਾ ਫੈਸਲਾ ਤਿਆਗਿਆ ਤੇ ਘਰ ਵਾਪਸ ਆ ਕੇ ਆਪਣੇ ਆਪਣੇ ਮਾਪਿਆਂ ਨੂੰ ਸਾਰੀ ਗੱਲ ਦੱਸ ਦਿੱਤੀ, ਤੇ ਘਰ ਦਿਆਂ ਨੇ ਵੀ ਉਨ੍ਹਾਂ ਦਾ ਪਿਆਰ ਦੇਖ ਕੇ ਕੁਝ ਹੀ ਦਿਨਾਂ ਵਿਚ ਉਨ੍ਹਾਂ ਦਾ ਵਿਆਹ ਕਰ ਦਿੱਤਾ। ਹੁਣ ਦੋਵੇਂ ਪਰਿਵਾਰ ਖੁਸ਼ ਸਨ।

*-ਨਾਇਬ ਸਿੰਘ 'ਸੈਂਪਲੇ'*
*ਫੋਨ: 91-98724-05203*

ਕਹਾਣੀ

# ਇਹ ਪਿੰਡ ਹੈ

*ਕਹਾਣੀਕਾਰ ਬੂਟਾ ਸਿੰਘ (1919-1983) ਦੀ ਕਹਾਣੀ "ਇਹ ਪਿੰਡ ਹੈ" ਵਿਚ ਪੁਰਾਣੇ ਪੰਜਾਬ ਦੇ ਝਲਕਾਰੇ ਪੈਂਦੇ ਹਨ। ਜਿਸ ਤਰ੍ਹਾਂ ਦੇ ਸਹਿਜ ਪਿਆਰ ਦਾ ਕਿੱਸਾ ਇਸ ਕਹਾਣੀ ਵਿਚ ਨਮੂਦਾਰ ਹੋਇਆ ਹੈ, ਉਸ ਤਰ੍ਹਾਂ ਦੇ ਬਥੇਰੇ ਕਿੱਸੇ ਉਸ ਵੇਲੇ ਦੇ ਪੰਜਾਬ ਬਾਰੇ ਸੁਣਨ ਨੂੰ ਮਿਲਦੇ ਹਨ। ਅਜਿਹੇ ਕਈ ਦਿਲ ਚੀਰਵੇਂ ਰੋਸਿਆਂ ਦਾ ਜ਼ਿਕਰ ਵੀ ਛਿੜਦਾ ਰਹਿੰਦਾ ਹੈ ਜੋ ਨਿੱਕੀ ਜਿਹੀ ਗੱਲ ਪਿੱਛੇ ਅਕਸਰ "ਬਾਤ ਦਾ ਬਤੰਗੜ" ਬਣ ਜਾਂਦੇ ਹਨ। ਕਹਾਣੀਕਾਰ ਨੇ ਇਸ ਸਹਿਜ ਪਿਆਰ ਅਤੇ ਰੋਸੇ ਨੂੰ ਬਿਆਨ ਕਰਦਿਆਂ ਪੰਜਾਬ ਦੇ ਉਸ ਦੌਰ ਨੂੰ ਆਪਣੀ ਰਚਨਾ ਵਿਚ ਬੰਨ੍ਹ ਕੇ ਬਿਠਾ ਲਿਆ ਲਗਦਾ ਹੈ। -ਸੰਪਾਦਕ*

ਜਿਸ ਦਿਨ ਦਾ ਇਕਬਾਲ ਆਇਆ ਸੀ, ਉਸ ਦੀ ਮਾਸੀ ਦੀ ਅੱਡੀ ਭੋਇੰ "ਤੇ ਨਹੀਂ ਸੀ ਲਗਦੀ ਤੇ ਉਸ ਨੂੰ ਇੰਝ ਜਾਪਦਾ ਸੀ ਜਿਵੇਂ ਵਰ੍ਹਿਆਂ ਦੀਆਂ ਉਡੀਕਾਂ ਬਾਅਦ ਉਸ ਦੇ ਘਰ ਇਕ ਹੋਰ ਪੁੱਤਰ ਨੇ ਜਨਮ ਲਿਆ ਹੈ। ਉਹ ਸਾਰਾ-ਸਾਰਾ ਦਿਨ ਇਕਬਾਲ ਦੇ ਆਹਰ ਵਿਚ ਲੱਗੀ ਰਹਿੰਦੀ, ਦਿਹਾੜੀ ਵਿਚ ਕਿੰਨੀ-ਕਿੰਨੀ ਵਾਰੀ ਉਸ ਲਈ ਚਾਹ ਬਣਾਂਦੀ, ਵੰਨ-ਸਵੰਨੇ ਚੌਲ ਬਣਾ ਬਣਾ ਰੱਖਦੀ। ਕਦੇ ਖੀਰ, ਕਦੇ ਕੜਾਹ ਤੇ ਸਬਜ਼ੀਆਂ ਵਿਚ ਘਿਓ ਪਾ-ਪਾ ਦੇਂਦੀ, ਤੇ ਸੋਚਦੀ, ਕਿਤੇ ਇਕਬਾਲ ਦੀ ਖ਼ਾਤਰਦਾਰੀ ਵਿਚ ਕਸਰ ਨਾ ਰਹਿ ਜਾਵੇ। ਕਿੰਨੇ ਵਰ੍ਹਿਆਂ ਬਾਅਦ ਉਹ ਉਸ ਦੇ ਘਰ ਆਇਆ ਹੈ। ਉਸ ਵੱਲ ਕਿੰਨੀਆਂ ਚਿੱਠੀਆਂ ਪਵਾਈਆਂ ਤੇ ਕਿੰਨੇ ਸਾਲ ਹੀ ਸੁਨੇਹੇ ਭੇਜਦੀ ਰਹੀ, ਸੁਨੇਹਿਆਂ ਤੇ ਖ਼ਤਾਂ ਦਾ ਜਵਾਬ ਇਹੀ ਮਿਲਦਾ ਕਿ ਉਹ ਅਜੇ ਪੜ੍ਹ ਰਿਹਾ ਹੈ, ਉਸ ਦੀ ਨੌਕਰੀ ਨਹੀਂ ਲੱਗੀ, ਅਜੇ ਨੌਕਰੀ ਨਵੀਂ ਹੈ। ਉਹ ਇਸ ਵਰ੍ਹੇ ਦੀਆਂ ਛੁੱਟੀਆਂ ਵਿਚ ਆਵੇਗਾ, ਪਰ ਉਹ ਵਰ੍ਹਾ ਵੀ ਮਾਸੀ ਦਾ ਉਡੀਕ ਵਿਚ ਲੰਘ ਜਾਂਦਾ।

ਜਿਸ ਦਿਨ ਦਾ ਇਕਬਾਲ ਆਇਆ ਸੀ, ਉਹ ਘਰ ਦਾ ਕੰਮ ਭੱਜ-ਭੱਜ ਕਰਦੀ, ਕਿਤੇ ਇਕ ਘੜੀ ਨਾ ਠਹਿਰਦੀ ਤੇ ਘਰ ਨੂੰ ਜਲਦੀ ਮੁੜਨ ਦੀ ਕਰਦੀ। ਕਿਤੇ ਬਾਲ ਦੀ ਚਾਹ ਦਾ ਵੇਲਾ ਨਾ ਲੰਘ ਜਾਵੇ, ਕਿਤੇ ਉਹ ਪੜ੍ਹਦਾ-ਪੜ੍ਹਦਾ ਭੁੱਖਾ ਨਾ ਸੌਂ

**ਬੂਟਾ ਸਿੰਘ**

ਜਾਵੇ, ਉਹ ਤਿਹਾਇਆ ਨਾ ਬੈਠਾ ਹੋਵੇ। ਉਸ ਦੇ ਮਨ ਵਿਚ ਸਦਾ ਇਹੀ ਖ਼ਿਆਲ ਰਹਿੰਦੇ, ਹਾਲਾਂਕਿ ਉਹ ਚੰਗੀ ਤਰ੍ਹਾਂ ਜਾਣਦੀ ਸੀ ਕਿ ਉਸ ਦੀ ਧੀ ਨਾਮੀ ਵੀ ਉਸ ਵਾਂਗ ਆਪਣੇ ਮਾਸੀ ਦੇ ਪੁੱਤ ਦਾ ਖ਼ਿਆਲ ਰੱਖਦੀ ਹੈ।

ਮਾਸੀ ਜਿਥੇ ਵੀ ਜਾਂਦੀ, ਇਕਬਾਲ ਦੀਆਂ ਗੱਲਾਂ ਛੋਹ ਬਹਿੰਦੀ। ਜੇ ਉਹ ਭੱਠੀ 'ਤੇ ਜਾਂਦੀ ਤਾਂ ਇਕਬਾਲ ਦੇ ਸੋਹਲੇ ਗਾਉਂਦੀ, ਜੇ ਖੇਤਾਂ ਵਿਚ ਜਾਂਦੀ ਤਾਂ ਕਾਮਿਆਂ ਨੂੰ ਆਖਦੀ, "ਝਬਦੇ ਰੋਟੀ ਫੁੱਟੋ, ਮੈਂ ਅਜੇ ਜਾ ਕੇ ਆਪਣੇ ਬਾਲੇ ਲਈ ਰੋਟੀ ਪਕਾਉਣੀ ਹੈ। ਉਹ ਪਾਹੜ੍ਹ ਮੁੰਡਾ ਹੈ, ਭੁੱਖ ਨਹੀਂ ਜਰ ਸਕਦਾ।" ਜੇ ਉਹ ਗੰਗੀ ਝਿਊਰੀ ਦੇ ਘਰ ਜਾਂਦੀ ਤਾਂ ਆਖਦੀ, "ਗੰਗੀਏ ਸਾਡਾ ਪਾਣੀ ਦੋ ਵੇਰ ਭਰਿਆ ਕਰ, ਤੈਨੂੰ ਪਤਾ ਨਹੀਂ ਮੇਰਾ ਬਾਲਾ ਆਇਆ ਹੋਇਆ ਈ, ਤੇ ਉਹ ਸੱਜਰਾ ਪਾਣੀ ਪੀ ਕੇ ਖੁਸ਼ ਹੁੰਦਾ ਏ। ਮੈਂ ਤੈਨੂੰ ਦੂਣੇ ਪੈਸੇ ਦੇ ਦਿਆਂਗੀ। ਗੰਗੀਏ ਤੂੰ ਨਹੀਂ ਜਾਣਦੀ, ਮੇਰਾ ਬਾਲਾ ਬੜਾ ਮਲੂਕ ਈ।" ਸੰਤੂ ਖਰਾਸੀਏ ਨੂੰ ਆਖਦੀ, "ਵੇ ਆਟਾ ਚੰਗਾ ਪੀਹਵੀਂ, ਕਿਤੇ ਮੇਰਾ ਬਾਲਾ ਬਿਮਾਰ ਨਾ ਹੋ ਜਾਵੇ, ਉਹ ਦਿੱਲੀ ਦਾ ਰਹਿਣ ਵਾਲਾ ਸੋਹਲ ਜਿਹਾ ਮੁੰਡਾ ਈ।"

ਇਸੇ ਤਰ੍ਹਾਂ ਮਾਸੀ ਸਾਰਾ ਸਾਰਾ ਦਿਨ ਇਕਬਾਲ ਵਾਸਤੇ ਕੁਝ ਨਾ ਕੁਝ ਕਰਦੀ ਰਹਿੰਦੀ, ਤੇ ਜਿਥੇ ਜਾਂਦੀ, ਆਪਣੇ ਬਾਲੇ ਦੀਆਂ ਸਿਫ਼ਤਾਂ ਛੋਹ ਬੈਠਦੀ। ਉਸ ਨੇ ਸਾਰੇ ਪਿੰਡ ਨੂੰ ਆਪਣੇ ਬਾਲੇ ਦੀਆਂ ਗੱਲਾਂ ਸੁਣਾਈਆਂ ਸਨ, ਪਰ ਉਸ ਦਾ ਢਿੱਡ ਅਜੇ ਹੌਲਾ ਨਹੀਂ ਸੀ ਹੋਇਆ। ਉਹ ਆਉਂਦੀ-ਜਾਂਦੀ ਆਪਣੀ ਗੁਆਂਢਣ ਸੁੰਦਰ ਕੌਰ ਦੀ ਡਿਓਢੀ ਵਿਚ ਜ਼ਰੂਰ ਝਾਤ ਮਾਰ ਜਾਂਦੀ, ਪਰ ਉਹ ਦੋ-ਤਿੰਨ ਦਿਨਾਂ ਤੋਂ ਉਸ ਦੀ ਨਜ਼ਰੇ ਨਹੀਂ ਸੀ ਚੜ੍ਹੀ। ਸੁੰਦਰ ਕੌਰ ਭਾਵੇਂ ਉਸ ਦੇ ਸ਼ਰੀਕੇ ਵਿਚੋਂ ਨੂੰਹ ਲਗਦੀ ਸੀ, ਤੇ ਬਾਲਾ ਵੀ ਉਸ ਦਾ ਦੂਰੋਂ-ਨੇੜਿਓਂ ਕੁਝ ਲਗਦਾ ਸੀ, ਪਰ ਉਹ ਚਾਹੁੰਦੀ ਸੀ ਕਿ ਇਕ ਵਾਰੀ ਬਾਲੇ ਦੀਆਂ ਸਾਰੀਆਂ ਸਿਫ਼ਤਾਂ ਸੁੰਦਰ ਕੌਰ ਨੂੰ ਸੁਣਾ ਜਾਵੇ। ਉਹ ਸੋਚਦੀ, ਕੀ ਹੋਇਆ ਜੇ ਸੁੰਦਰ ਕੌਰ ਦਾ ਸੁਭਾਅ ਬਹੁਤ ਚੰਗਾ ਹੈ, ਪਰ ਹੈ ਤਾਂ ਸ਼ਰੀਕਣੀ। ਉਹ ਸ਼ਰੀਕਣ ਦਾ ਦਿਲ ਬਾਲੇ ਦੀਆਂ ਸਿਫ਼ਤਾਂ ਸੁਣਾ-ਸੁਣਾ ਲੂਹ ਦੇਣਾ ਚਾਹੁੰਦੀ ਸੀ। ਉਹ ਸੋਚਦੀ, ਸੁੰਦਰ ਕੌਰ ਨੂੰ ਬੜਾ ਮਾਣ ਹੈ, ਉਸ ਦੀ ਨਨਾਣ ਮਨੋ ਜਿਹੀ ਪਿੰਡ ਵਿਚ ਸਿਆਣੀ ਕੁੜੀ ਨਹੀਂ, ਪਰ ਬਾਲੇ ਜਿਹਾ ਮੁੰਡਾ ਸਾਰੇ ਪਿੰਡ ਕੀ, ਉਸ ਦੀ ਜੱਦ ਵਿਚ ਨਹੀਂ ਹੋ ਸਕਦਾ।

ਤੇਜਾ ਸਿੰਘ ਲੰਬੜ ਨੇ ਮਰ-ਮਰ ਕੇ ਆਪਣਾ ਮੁੰਡਾ ਠਾਣੇਦਾਰ ਲਵਾਇਆ ਹੈ। ਚੌਧਰੀ ਹਰਸਾ ਸਿੰਘ ਦਾ ਜਿੰਦਰ ਵਲੈਤੋਂ ਹੋ ਕੇ ਵੀ ਤਹਿਸੀਲਦਾਰ ਹੀ ਲੱਗਾ ਹੈ, ਠਾਣੇਦਾਰੀ ਤੇ ਤਹਿਸੀਲਦਾਰੀ ਵੀ ਭਲਾ ਅੱਜ ਕੱਲ੍ਹ ਕੋਈ ਨੌਕਰੀਆਂ ਨੇ, ਪਰ ਮੇਰਾ ਬਾਲਾ ਬਿਨਾਂ ਕਿਸੇ ਸਿਫ਼ਾਰਸ਼ੋਂ ਏਡੀ ਛੋਟੀ ਉਮਰ ਵਿਚ ਵੱਡਾ ਅਫ਼ਸਰ ਲੱਗ ਗਿਆ ਹੈ। ਬਾਲੇ ਜਿਹਾ ਕੋਈ ਹੋ ਕੇ ਦੱਸੇ। ਇਹੋ ਜਿਹੀਆਂ ਗੱਲਾਂ ਉਹ ਸੋਚਦੀ ਹੀ ਰਹਿੰਦੀ ਤੇ ਚਾਹੁੰਦੀ, ਇਕ ਵਾਰੀ ਸੁੰਦਰ ਕੌਰ ਨੂੰ ਬਾਲੇ ਦੀਆਂ ਗੱਲਾਂ ਸੁਣਾ ਆਪਣਾ ਜੀਅ ਹੌਲਾ ਕਰ ਲਏ।

ਉਸ ਲੰਘਦੀ-ਲੰਘਦੀ ਨੇ ਜਦ ਫਿਰ ਸੁੰਦਰ ਕੌਰ ਦੀ ਡਿਓਢੀ ਵਿਚ ਝਾਤ ਮਾਰੀ ਤਾਂ ਉਸ ਨੂੰ ਦੋਵੇਂ ਨਨਾਣ-ਭਰਜਾਈ ਬੈਠੀਆਂ ਦਿਸੀਆਂ। ਜਦ ਉਹ ਜ਼ਰਾ ਅਗੇਰੇ ਹੋਈ, ਤਾਂ ਸੁੰਦਰ ਕੌਰ ਨੇ ਦੂਰੋਂ ਹੀ ਸਿਰ ਨਿਵਾ ਮੱਥਾ ਟੇਕਿਆ ਤੇ ਕਿਹਾ, "ਤਾਈ ਜੀ, ਤੁਸੀਂ ਤੇ ਹੁਣ ਨਜ਼ਰ ਹੀ ਨਹੀਂ ਆਉਂਦੇ, ਪਤਾ ਨਹੀਂ ਕਿਥੇ ਰਹਿੰਦੇ ਹੋ। ਮੈਂ ਅਜੇ ਤੁਹਾਡੀਆਂ ਹੀ ਗੱਲਾਂ ਮਨੋ ਨਾਲ ਕਰਦੀ ਪਈ ਸਾਂ, ਤੁਹਾਡੀ ਤੇ ਉਮਰ ਬੜੀ ਵੱਡੀ ਏ....।"

"ਪੁੱਤ ਕੀ ਦੱਸਾਂ, ਤੈਨੂੰ ਸ਼ੈਤ ਪਤਾ ਹੋਵੇ, ਦੋ-ਤਿੰਨ ਦਿਨਾਂ ਦਾ ਇਕਬਾਲ ਆਇਆ ਹੋਇਆ ਏ। ਉਸ ਦੀ ਰੋਟੀ ਵਿਚੋਂ ਵਿਹਲ ਹੀ ਨਹੀਂ ਮਿਲਦੀ।"

"ਵੱਡੇ ਤਾਇਆ ਜੀ ਦਾ ਮੁੰਡਾ।"

"ਆਹੋ ਪੁੱਤ।"

"ਕੱਲ੍ਹ ਕੁਝ ਉਸ ਦਾ ਝੌਲਾ ਜਿਹਾ ਪਿਆ, ਜਦ ਉਹ ਤੁਹਾਡਾ ਬੂਹਾ ਲੰਘ ਰਿਹਾ ਸੀ, ਫਿਰ ਖ਼ਿਆਲ ਕੀਤਾ ਮਤੇ ਕੋਈ ਹੋਰ ਨਾ ਹੋਵੇ, ਵੇਖਿਆਂ ਵੀ ਕਈ ਵਰ੍ਹੇ ਹੋ ਗਏ ਨੇ।"

"ਆਹੋ ਪੁੱਤ ਸਾਡੇ ਘਰ ਵੀ ਤਾਂ ਉਹ ਛਿਆਂ-ਸੱਤਾਂ ਵਰ੍ਹਿਆਂ ਪਿਛੋਂ ਆਇਆ ਹੈ।" ਮਾਸੀ ਨੇ ਪੀੜ੍ਹੀ ਉਤੇ ਬੈਠਦਿਆਂ ਕਿਹਾ।

"ਤੈਨੂੰ ਕੀ ਦੱਸਾਂ ਸੁੰਦਰ ਕੌਰੇ, ਮੇਰੀ ਭੈਣ ਨੇ ਪਿਛਲੇ ਜਨਮ ਵਿਚ ਮੋਤੀ ਦਾਨ ਕੀਤੇ ਹੋਣੇ ਨੇ, ਜਿਸ ਦੇ ਘਰ ਬਾਲਾ ਜੰਮਿਆ ਈ। ਮੈਂ ਸੁਣਿਆ, ਉਸ ਦੀ ਏਨੀ ਵਾਕਬੀ ਹੋ ਗਈ ਏ, ਪਈ ਵੱਡੇ-ਵੱਡੇ ਅਬਸਰ ਉਸਨੂੰ ਮਿਲਣ ਆਉਂਦੇ ਨੇ, ਸਾਰੀ ਦਿੱਲੀ ਵਿਚ ਗਿੱਲ ਸਾਹਿਬ, ਗਿੱਲ ਸਾਹਿਬ ਹੁੰਦੀ ਫਿਰਦੀ ਏ। ਅਜੇ ਵਿਚਾਰੇ ਦੀ ਉਮਰ ਵੀ ਕੀ ਏ, ਮਸਾਂ ਮੇਰੀ ਨਾਮੀ ਨਾਲੋਂ ਪੰਜ ਵਰ੍ਹੇ ਵੱਡਾ ਤੇ ਨਾਮੀ ਅੱਸੂ ਵਿਚ ਜਾ ਕੇ ਕਿਤੇ ਵੀਹਾਂ ਵਰ੍ਹਿਆਂ ਦੀ ਹੋਣੀ ਹੈ। ਕੁੜੇ ਜੇ ਕਦੀ ਤੂੰ ਉਸ ਦੀਆਂ ਗੱਲਾਂ ਸੁਣੇ, ਤੈਨੂੰ ਪਤਾ ਲੱਗੇ, ਉਹ ਤਾਂ ਅੰਗੇਜ਼ੀ ਗੱਲਾਂ ਕਰਦਾ ਈ। ਮੈਂ ਤਾਂ ਉਸ ਦੇ ਮੂੰਹ ਵੱਲ ਵੇਖਦੀ ਹੀ ਰਹਿੰਦੀ ਹਾਂ। ਉਸ ਦਾ ਕੋਈ ਡਿਮਾਗ਼ ਏ ਪੁੱਤ, ਵਾਰੇ ਜਾਈਏ ਜੰਮਣ ਵਾਲੀ ਦੇ। ਅੱਠ ਸੌ ਪੂਰਾ ਤਨਖ਼ਾਹ ਲੈਂਦਾ ਏ। ਵੱਡੀਆਂ-ਵੱਡੀਆਂ ਜਾਗੀਰਾਂ ਵਾਲੇ ਉਸ ਪਿਛੇ ਧੀਆਂ ਦੇ ਡੋਲੇ ਲਈ ਫਿਰਦੇ ਨੇ, ਪਰ ਇਹ ਐਡਾ ਹਠੀ ਹੈ, ਵਿਆਹ ਦਾ ਨਾਂ ਹੀ ਨਹੀਂ ਲੈਂਦਾ। ਕੁੜੇ ਤੂੰ ਜਾਣਦੀ ਏਂ ਨਾ ਰਾਹੋਂ ਵਾਲੇ ਕਪਤਾਨਾਂ ਨੂੰ, ਉਨ੍ਹਾਂ ਦਾ ਵੱਡਾ ਆਪਣੀ ਪੋਤਰੀ ਲਈ ਤਰਲੇ ਕਰਦਾ ਗਿਆ ਈ, ਪਰ ਇਸ ਚੰਦਰੇ ਨੇ ਇਕੋ ਨਾਂਹ ਹੀ ਰੱਖੀ ਹੈ।"

"ਤਾਈ ਜੀ, ਥੋਰੇ ਕਿਸੇ ਸ਼ਹਿਰਨ ਵੱਲ ਉਸ ਦਾ ਧਿਆਨ ਹੋਵੇ।" ਸੁੰਦਰ ਕੌਰ ਨੇ ਗੱਲ ਟੁਕਦਿਆਂ ਕਿਹਾ।

"ਸ਼ਹਿਰਨਾਂ ਨੂੰ ਅਸਾਂ ਮੁਆਤਾ ਲਾਣਾ ਏ, ਇਹ ਤਾਂ ਨਿਰੀਆਂ ਪਾਪੇ ਚਟਣੀਆਂ ਹੁੰਦੀਆਂ ਨੇ। ਤਲੀ ਮੇਂ ਆਇਆ ਗਲੀ ਮੇਂ ਖਾਇਆ, ਨਾ ਸ਼ਰਮ ਨਾ ਹਯਾ, ਨਾ ਸਹੁਰਿਆਂ ਦੀ ਨਾ ਪੇਕਿਆਂ ਦੀ। ਪੁੱਤਰ ਤੈਨੂੰ ਕੀ ਦੱਸਾਂ, ਭਾਪਿਆਂ ਦੀਆਂ ਕੁੜੀਆਂ ਤਾਂ ਮੁੰਡੇ ਦਾ ਖਹਿੜਾ ਹੀ ਨਹੀਂ ਛੱਡਦੀਆਂ। ਨਾਲ ਬਹਿ-ਬਹਿ ਫੋਟਵਾਂ ਲੁਹਾਂਦੀਆਂ ਨੇ ਤੇ ਆਖਦੀਆਂ ਨੇ, ਗਿੱਲ ਜੀ, ਸਾਡੇ ਘਰ ਵੀ ਕਦੇ ਦਰਸ਼ਨ ਦੇਣੇ। ਲੋਹੜਾ ਪੈ ਜਾਵੇ ਇਨ੍ਹਾਂ ਸ਼ਹਿਰਨਾਂ ਨੂੰ, ਤੇ ਅੱਗ ਲੱਗੇ ਅਜਿਹੇ ਮਾਪਿਆਂ ਨੂੰ, ਜਿਨ੍ਹਾਂ ਸ਼ਰਮਾਂ ਹਯਾਵਾਂ ਵੇਚ ਖਾਧੀਆਂ ਨੇ। ਸਾਡਾ ਮੁੰਡਾ ਈ ਸਾਈਂ ਲੋਕ ਏ, ਨਹੀਂ ਤਾਂ ਇਨ੍ਹਾਂ ਭਾਪਣਾਂ ਵੱਲੋਂ ਕੋਈ ਕਸਰ ਨਹੀਂ। ਜੇ ਟਾਂਕਾ ਲੱਗਾ, ਮੈਂ ਤੈਨੂੰ ਉਹਦੀਆਂ ਸਾਰੀਆਂ ਲੱਭੀਆਂ ਫੋਟਵਾਂ ਵਖਾਵਾਂਗੀ।"

ਗੱਲਾਂ ਸੁਣਦੀ ਕੋਲ ਬੈਠੀ ਮਨੋ ਸੋਚ ਰਹੀ ਸੀ, ਮਾਵਾਂ-ਧੀਆਂ ਨੂੰ ਇਕਬਾਲ ਦਾ ਖ਼ਬਤ ਪੈ ਗਿਆ ਹੈ। ਧੀ ਆਉਂਦੀ ਹੈ ਤਾਂ ਵੀਰ ਬਾਲੇ ਦੇ ਹੀ ਗੌਣ ਗਾਉਂਦੀ ਹੈ। ਮਾਂ ਨੂੰ ਬਾਲੇ ਬਿਨਾਂ ਹੋਰ ਕੁਝ ਸੁਝਦਾ ਹੀ ਨਹੀਂ। ਵੀਰ ਬਾਲੇ ਨੂੰ ਸਾਰੀ ਦਿੱਲੀ ਸਲਾਮਾਂ ਕਰਦੀ ਹੈ। ਇਨ੍ਹਾਂ ਲਈ ਬਾਲਾ ਅਰਸ਼ੋਂ ਟੁੱਟਾ ਨਵਾਂ ਤਾਰਾ ਹੈ। ਮੇਰੀ ਭਾਬੀ ਦਾ ਵੱਡਾ ਵੀਰ ਕਪਤਾਨ ਲੱਗਾ ਹੈ, ਪਰ ਉਸ ਵਿਚਾਰੀ ਨੇ ਕਦੇ ਐਡੀਆਂ ਚੌੜਾਂ ਕਰ ਕੇ ਨਹੀਂ ਦੱਸੀਆਂ। ਦੋਵੇਂ ਮਾਵਾਂ-ਧੀਆਂ ਹੋਛੀਆਂ ਨੇ ਹੋਛੀਆਂ। ਕੱਲ੍ਹ ਲੰਘਦਾ ਵੇਖਿਆ, ਸੁੱਕੇ ਹੋਏ ਲੱਕ ਵਾਲਾ, ਜਾਨ ਤੇ ਗਿੱਲ ਸਾਹਿਬ ਵਿਚ ਲਭਦੀ ਨਹੀਂ, ਕੁੜੀਆਂ ਖ਼ਬਰੇ ਕਿਹੜੀ ਗੱਲ ਪਿੱਛੇ ਮਰਦੀਆਂ ਨੇ। ਖਰੋਚੇ ਮੂੰਹ ਉਤੇ ਖਿਲਰੀ ਦਾੜ੍ਹੀ ਇੰਜ ਲਗਦੀ ਏ ਜਿਵੇਂ ਜੁਲਾਹੇ ਦਾ ਕੁਚ ਹੋਵੇ। ਮੇਰਾ ਬਾਲਾ ਸਾਡਾ ਬਾਲਾ, ਲੋਕੀਂ ਕੰਜਰ ਪੈਸੇ ਉਤੇ ਮਰਦੇ ਨੇ, ਨਹੀਂ ਤਾਂ ਗਿੱਲ ਸਾਹਿਬ ਦੀ ਵਜਾ ਤਾਂ ਵੇਖੋ।

ਮਾਸੀ ਅਜੇ ਵੀ ਸੁੰਦਰ ਕੌਰ ਨਾਲ ਗੱਲਾਂ ਕਰੀ ਜਾਂਦੀ ਸੀ ਤੇ ਉਹ ਵਿਚਾਰੀ ਨਾਲੋ-ਨਾਲ ਹਾਂ-ਹੂੰ ਕਰਦੀ ਪਈ ਸੀ, "ਚੰਦਰੇ ਨੂੰ ਰੋਜ਼ ਸਮਝਾਨੀ ਆਂ, ਚਾਹ ਛੱਡ ਤੇ ਲੱਸੀ ਦੁੱਧ ਪੀਆ ਕਰ, ਪਰ ਔਤਰਾ ਮੰਨਦਾ ਹੀ ਨਹੀਂ। ਇਕ ਵਾਰੀ ਬੁੱਕਲ ਵਿਚ ਵੜਿਆ ਹੀ ਚਾਹ ਪੀ ਲੈਂਦਾ ਤੇ ਦੂਜੀ ਵਾਰੀ ਘੜੀ ਵੇਖ ਨਹਾਉਣ ਧੋਣ ਪਿਛੋਂ ਝੱਟ ਚਾਹ



ਪੀਣ ਬਹਿ ਜਾਂਦਾ ਹੈ। ਚਾਹ ਦੀ ਆਦਤ ਰੱਬ ਕਰ ਕੇ ਕਿਸੇ ਨੂੰ ਲੱਗ ਨਾ ਜਾਵੇ।"

"ਤਾਈ ਫਿਰ ਤੇ ਸਾਡੇ ਅਮਲੀ ਵਰਗਾ ਹੋਇਆ।"

"ਨਹੀਂ ਪੁੱਤ ਅਜਿਹੀ ਗੱਲ ਤਾਂ ਨਹੀਂ, ਜ਼ਰਾ ਪੜ੍ਹਾਈ ਕਰ ਕੇ ਚਾਹ ਬਹੁਤੀ ਪੀਣੀ ਪੈਂਦੀ ਏ। ਹੱਡਾ ਜਿਉਂਦਾ ਰਹੇ, ਬਥੇਰੀ ਤਨਖ਼ਾਹ ਲੈਂਦਾ ਹੈ, ਕਿਹੜਾ ਕੋਈ ਭੁੱਖਾ ਨੰਗਾ ਹੈ। ਲੈ ਮੈਂ ਹੁਣ ਜਾਂਦੀ ਹਾਂ, ਕਿਤੇ ਵਿਚਾਰਾ ਚਾਹ ਦੀ ਉਡੀਕ ਨਾ ਕਰਦਾ ਹੋਵੇ।"

ਜਦ ਮਾਸੀ ਘਰ ਪਹੁੰਚੀ ਤਾਂ ਉਸ ਵੇਖਿਆ, ਨਾਮੀ ਇਕਬਾਲ ਨੂੰ ਚਾਹ ਬਣਾ ਕੇ ਦੇ ਰਹੀ ਹੈ ਤੇ ਨਾਲ ਉਸ ਦੀਆਂ ਕਿਤਾਬਾਂ ਫੋਲਦੀ ਗੱਲਾਂ ਕਰਦੀ ਜਾਂਦੀ ਏ..."ਵੀਰਿਆ ਇਹ ਸ਼ਹਿਰਨਾਂ ਤੇ ਨਿਰੀਆਂ ਚਟਕੋ-ਮਟਕੋ ਹੁੰਦੀਆਂ ਨੇ, ਤੂੰ ਕਦੇ ਮਨੋ ਨੂੰ ਵੇਖੇਂ, ਤੈਨੂੰ ਸ਼ਹਿਰਨਾਂ ਭੁੱਲ ਜਾਣ। ਮੇਰੇ ਨਾਲ ਪੜ੍ਹਦੀ ਸੀ ਤੇ ਅੱਠਵੀਂ ਵਿਚੋਂ ਫਸਟ ਆਈ ਸੀ। ਉਸ ਨੂੰ ਦਸ ਰੁਪਈਏ ਇਨਾਮ ਵੀ ਮਿਲਿਆ ਸੀ। ਤੂੰ ਕੀ ਜਾਣੇਂ, ਉਸ ਦੇ ਗੁਣਾਂ ਨੂੰ। ਨਵੇਂ ਸੂਹਜ ਨਵੀਆਂ ਬੁਣਤੀਆਂ ਕੱਢਦੀ ਆ, ਵੱਡੀਆਂ-ਵੱਡੀਆਂ ਸਿਆਣੀਆਂ ਉਸ ਤੋਂ ਪੁੱਛਣ ਆਉਂਦੀਆਂ ਨੇ, ਜਦ ਕਿਸੇ ਦੇ ਘਰ ਪਾਠ ਹੁੰਦਾ ਏ ਤਾਂ ਮਨੋ ਨੂੰ ਸਾਝਰੇ ਵਾਰੀ ਦਿੱਤੀ ਜਾਂਦੀ ਏ। ਇਧਰ ਮਨੋ ਪਾਠ ਕਰਨ ਬੈਠੀ, ਉਧਰ ਪਿੰਡ "ਕੱਠਾ ਹੋਇਆ। ਬੁੱਢੇ-ਬੁੱਢੀਆਂ ਤਾਂ ਇਕ ਪਾਸੇ, ਜਵਾਨ ਮੁੰਡੇ ਜਿਨ੍ਹਾਂ ਕਦੇ ਗੁਰਦੁਆਰੇ ਵੜ ਨਹੀਂ ਡਿੱਠਾ, ਉਹ ਵੀ ਕਈ-ਕਈ ਘੰਟੇ ਮਨੋ ਦਾ ਪਾਠ ਸੁਣਦੇ ਰਹਿੰਦੇ ਨੇ। ਉਸ ਚੰਦਰੀ ਦੇ ਕੋਈ ਬੋਲ ਨੇ, ਜਦ ਗੌਂਦੀ ਏ, ਕਾਲਜਾ ਧੂ ਲੈਂਦੀ ਏ। ਬੋਲੀ ਤੇ ਵੀਰਿਆ ਉਸ ਦੇ ਮੂੰਹੋਂ ਨਵੀਂ ਤੋਂ ਨਵੀਂ ਨਿਕਲਦੀ ਏ। ਜਿੰਨੀਆਂ ਤੂੰ ਗੀਤਾਂ ਦੀਆਂ ਕਿਤਾਬਾਂ ਚੁੱਕੀ ਫਿਰਨੈ, ਉਹ ਉਸ ਸਭ ਪੁਰਾਣੀਆਂ ਕਰ ਛੱਡੀਆਂ ਨੇ।"

ਜਦ ਨਾਮੀ ਗੱਲਾਂ ਕਰ ਰਹੀ ਸੀ ਤਾਂ ਇਕਬਾਲ ਚਾਹ ਪੀਂਦਾ ਸੋਚ ਰਿਹਾ ਸੀ, "ਮਨੋ ਦੀਆਂ ਏਨੀਆਂ ਸਿਫ਼ਤਾਂ ਨਾਮੀ ਕਿਉਂ ਕਰਦੀ ਹੈ, ਉਹ ਆਮ ਕੁੜੀਆਂ ਜਿਹੀ ਕੁੜੀ ਹੈ। ਹਾਂ, ਹੈਂਕੜ ਜ਼ਰੂਰ ਬਹੁਤ ਹੈ। ਕਿਸੇ ਨੂੰ ਨੱਕ ਥੱਲੇ ਨਹੀਂ ਲਿਆਉਂਦੀ, ਅੰਨ੍ਹਿਆਂ ਵਿਚੋਂ ਕਾਣਾ ਰਾਜਾ। ਜਿਥੇ ਰੁੱਖ ਨਹੀਂ, ਉਥੇ ਰਿੰਡ ਪ੍ਰਧਾਨ ਹੈ। ਜ਼ਰਾ ਮੂੰਹ-ਮੱਥੇ ਲਗਦੀ ਹੈ, ਚਾਰ ਅੱਖਰ ਵੀ ਪੜ੍ਹ ਗਈ ਹੈ ਤੇ ਆਵਾਜ਼ ਕੁਝ ਚੰਗੀ ਸੂ, ਸਾਰਾ ਪਿੰਡ ਉਲਟਿਆ ਫਿਰਦਾ ਏ। ਕਰਨ ਵੀ ਕੀ, ਵਿਚਾਰਿਆਂ ਕਦੇ ਕੁਝ ਵੇਖਿਆ ਨਹੀਂ। ਅਜਿਹੀਆਂ ਸੈਂਕੜੇ ਮਨੋ ਦਿੱਲੀ ਦੀਆਂ ਗਲੀਆਂ ਵਿਚ ਰੁਲਦੀਆਂ ਫਿਰਦੀਆਂ ਨੇ।"

ਨਾਮੀ ਅਜੇ ਵੀ ਆਪਣੇ ਧਿਆਨ ਗੱਲਾਂ ਕਰੀ ਜਾਂਦੀ ਸੀ, "ਵੀਰਿਆ ਅੱਜ ਚੇਤ ਦੀ ਪੂਰਨਮਾਸ਼ੀ ਆ, ਵੇਖੀਂ ਮਨੋ ਕਿੰਦਾਂ ਗਿੱਧਾ ਪਾਂਦੀ ਆ। ਸਹੁੰ ਗੁਰੂ ਦੀ, ਜੇ ਤੂੰ ਉਸ ਨੂੰ ਗਿੱਧਾ ਪਾਉਂਦੀ ਨੂੰ ਵੇਖੇਂ, ਤੈਨੂੰ ਦਿੱਲੀ ਭੁੱਲ ਜਾਏ।"

"ਨਾਮੀਏ ਛੱਡ ਮਨੋ ਨੂੰ, ਤੂੰ ਜਾਹ ਮੈਂ ਹੁਣ ਪੜ੍ਹਨਾ ਏ।" ਇਹ ਸੁਣ ਮਾਸੀ ਨੂੰ ਗੁੱਸਾ ਆ ਗਿਆ ਤੇ ਉਸ ਕਿਹਾ, "ਛੱਡ ਨੀ ਕੁੜੇ, ਤੂੰ ਕੀ ਮਨੋ ਦੀ ਸਿਰ-ਖਪਾਈ ਲੈ ਬੈਠੀ ਹੈਂ? ਜਾਹ, ਜਾ ਕੇ ਕੰਮ ਕਰ, ਮੁੰਡੇ ਨੂੰ ਅਰਮਾਨ ਕਰਨ ਦੇ। ਜਦ ਵੇਖੀਏ, ਇਹ ਕੁੜੀ ਮਨੋ ਦੇ ਹੀ ਸੋਹਲੇ ਗਾਉਂਦੀ ਰਹਿੰਦੀ ਹੈ।"

ਜਦ ਮਾਸੀ ਚਲੀ ਗਈ ਤਾਂ ਇਕਬਾਲ ਫਿਰ ਸੋਚਣ ਲੱਗ ਪਿਆ, ਮਨੋ ਆਮ ਕੁੜੀ ਹੈ, ਪਰ ਉਸ ਵਿਚ ਕਸ਼ਿਸ਼ ਕੁਝ ਆਮ ਕੁੜੀਆਂ ਨਾਲੋਂ ਵੱਧ ਹੈ। ਉਸ ਨੂੰ ਯਾਦ ਆ ਗਿਆ ਜਦ ਉਹ ਆਪਣੇ ਕੋਠੇ ਉਤੇ ਖਲੋਤਾ ਪੜ੍ਹ ਰਿਹਾ ਸੀ ਤਾਂ ਉਸ ਨੇ ਮਨੋ ਦੇ ਵਿਹੜੇ ਵਿਚ ਝਾਤ ਪਾਈ। ਉਹ ਆਪਣੀ ਤਿੰਨ ਕੁ ਵਰ੍ਹਿਆਂ ਦੀ ਭਤੀਜੀ ਨਾਲ ਖੇਡਦੀ ਤੇ ਗਾਉਂਦੀ ਪਈ ਸੀ। ਉਸ ਦਾ ਸਾਰਾ ਗੌਣ ਉਹ ਸੁਣ ਨਹੀਂ ਸੀ ਸਕਿਆ, ਪਰ ਇਕ ਤੁਕ ਅਜੇ ਵੀ ਉਸ ਦੇ ਕੰਨਾਂ ਵਿਚ ਪਈ ਗੂੰਜਦੀ ਸੀ।

ਝਾਤੀਆਂ ਨਾ ਮਾਰ ਵੈਰੀਆ,
ਕਿਸੇ ਵੇਖ ਲਿਆ ਮਰ ਜਾਊਂਗੀ।

ਸਾਰਾ ਦਿਨ ਉਹ ਇਸ ਤੁਕ ਨੂੰ ਹੀ ਦੁਹਰਾਂਦਾ ਰਿਹਾ, ਉਸ ਨੂੰ ਵਾਰ ਵਾਰ ਮਨੋ ਦੀ ਬੋਲੀ ਯਾਦ ਆਉਂਦੀ। ਉਹ ਕਿਤਾਬ ਖੋਲ੍ਹਦਾ ਤਾਂ ਉਸ ਵਿਚੋਂ ਉਸ ਨੂੰ ਮਨੋ ਦਾ ਅਕਸ ਦਿਸਦਾ। ਉਹ ਸੋਚਦਾ ਕਿ ਉਸ ਦੀ ਜ਼ਿੰਦਗੀ ਵਿਚ ਕਈ ਕੁੜੀਆਂ ਆਈਆਂ ਨੇ, ਪਰ ਕੋਈ ਉਸ ਦੀ ਦਿਮਾਗੀ ਉਲਝਣ ਨਹੀਂ ਬਣੀ। ਆਖਰ ਮਨੋ ਹੈ ਕੀ? ਸਾਧਾਰਨ ਜਿਹੀ ਕੁੜੀ ਹੈ। ਜਿਉਂ-ਜਿਉਂ ਉਹ ਮਨੋ ਨੂੰ ਸਾਧਾਰਨ ਕਹਿ ਕੇ ਭੁੱਲਣ ਦਾ ਯਤਨ ਕਰਦਾ, ਤਿਉਂ ਤਿਉਂ ਉਹ ਉਸ ਦੇ ਦਿਮਾਗ ਉਤੇ ਛਾਈ ਜਾਂਦੀ।

ਉਸ ਨੂੰ ਇਹ ਵੀ ਯਾਦ ਸੀ ਕਿ ਜਦ ਉਹ ਭਾਬੀ ਸੁੰਦਰ ਕੌਰ ਨੂੰ ਮਿਲਣ ਗਿਆ ਤਾਂ ਭਾਬੀ ਨੇ ਉਸ ਦਾ ਕਿੱਡਾ ਆਦਰ ਕੀਤਾ ਸੀ, ਪਰ ਮਨੋ ਨੇ ਉਸ ਵੱਲ ਤੱਕਿਆ ਵੀ ਨਹੀਂ ਸੀ। ਕਿੱਡੀ ਹੰਕਾਰੀ ਹੋਈ ਕੁੜੀ ਹੈ। ਜਦ ਭਾਬੀ ਨੇ ਕਿਹਾ, "ਮਨਜੀਤ, ਵੀਰੇ ਨੂੰ ਦੁੱਧ ਦਾ ਗਲਾਸ ਲਿਆ ਕੇ ਪਿਲਾ, ਤਾਂ ਉਹ ਝੱਟ ਪੱਟ ਦੁੱਧ ਗਲਾਸ ਵਿਚ ਪਾ ਲਿਆਈ ਸੀ।

"ਮਨਜੀਤ ਮੈਂ ਏਨਾ ਦੁੱਧ ਨਹੀਂ ਪੀ ਸਕਦਾ।" ਉਹ ਦੁੱਧ ਦਾ ਗਲਾਸ ਫੜੀ ਖਲੋਤੀ ਰਹੀ ਤੇ ਮੂੰਹੋਂ ਕੁਝ ਨਾ ਬੋਲੀ, ਪਰ ਉਸ ਦੀਆਂ ਅੱਖਾਂ ਵਿਚ ਕਿੰਨੀ ਮੁਸਕਰਾਹਟ ਸੀ ਤੇ ਅੱਖਾਂ ਕਹਿ ਰਹੀਆਂ ਸਨ, "ਇਹ ਕੋਈ ਬਹੁਤਾ ਨਹੀਂ, ਜੱਟਾਂ ਦੇ ਪੁੱਤ ਹੋ।"

"ਕਾਕਾ ਪੀ ਵੀ ਲੈ, ਸਾਨੂੰ ਪਤਾ ਹੈ ਤੂੰ ਚਾਹ ਦਾ ਪਿਆਕ ਹੈਂ, ਪਰ ਅੱਜ ਅਸਾਂ ਤੈਨੂੰ ਦੁੱਧ ਹੀ ਪਿਆਣਾ ਏ।" ਉਧਰ ਮਨੋ ਦੀਆਂ ਅੱਖਾਂ ਕਹਿ ਰਹੀਆਂ ਸਨ, "ਚਾਹ ਪੀ-ਪੀ ਮੂੰਹ ਸੁੱਕ ਕੇ ਸਿੱਪੀ ਹੋ ਗਿਆ ਈ, ਦੁੱਧ ਪੀ ਤੇ ਨਖ਼ਰੇ ਨਾ ਕਰ।" ਇਕਬਾਲ ਨੂੰ ਯਾਦ ਸੀ, ਜਦ ਉਸ ਨੇ ਮਨੋ ਕੋਲੋਂ ਦੁੱਧ ਵਾਲਾ ਗਲਾਸ ਫੜਿਆ ਤਾਂ ਉਸ ਦੀਆਂ ਅੱਖਾਂ ਵਿਚ ਪ੍ਰਸੰਨਤਾ ਦੀ ਕਿੰਨੀ ਚਮਕ ਸੀ।

ਇਕਬਾਲ ਅਜਿਹੀਆਂ ਗੱਲਾਂ ਸੋਚਦਾ-ਸੋਚਦਾ ਮੂੰਹ ਉਤੇ ਕਿਤਾਬ ਰੱਖ ਸੌਂ ਗਿਆ। ਜਦ ਉਹ ਉਠਿਆ ਤਾਂ ਉਸ ਵੇਖਿਆ, ਡੂੰਘੀਆਂ ਤਰਕਾਲਾਂ ਪਈਆਂ ਹੋਈਆਂ ਸਨ ਤੇ ਨਾਮੀ ਉਸ ਨੂੰ ਕਹਿ ਰਹੀ ਸੀ, "ਵੀਰਿਆ ਰੋਟੀ ਜਲਦੀ ਖਾ ਲੈ, ਅੱਜ ਅਸਾਂ ਛੱਪੜ ਕੰਢੇ ਗਿੱਧਾ ਪਾਉਣ ਜਾਣਾ ਏ।"

ਉਹ ਰੋਟੀ ਖਾਂਦਾ ਸੋਚ ਰਿਹਾ ਸੀ ਕਿ ਅੱਜ ਉਸ ਨੇ ਇਕ ਸਫ਼ਾ ਵੀ ਪੜ੍ਹ ਕੇ ਨਹੀਂ ਵੇਖਿਆ, ਪਰ ਇਸ ਖ਼ਿਆਲ ਨਾਲ ਉਸ ਦੇ ਮਨ ਵਿਚੋਂ ਇਹ ਹੂਕ ਉਠ ਰਹੀ ਸੀ:

ਕਿਸੇ ਵੇਖ ਲਿਆ ਮਰ ਜਾਊਂਗੀ,
ਝਾਤੀਆਂ ਨਾ ਮਾਰ ਵੈਰੀਆ!

ਉਸ ਦਾ ਦਿਮਾਗ ਇਸ ਤਰ੍ਹਾਂ ਦਾ ਹੋ ਰਿਹਾ ਸੀ, ਜਿਵੇਂ ਕਿਸੇ ਮਣਾਂ-ਮੂੰਹੀਂ ਭਾਰ ਰੱਖ ਦਿੱਤਾ ਹੋਵੇ। ਉਸ ਨੂੰ ਹਰ ਪਾਸਿਓਂ ਬਾਰੀਕ ਜਿਹੀ ਆਵਾਜ਼ ਆ ਰਹੀ ਸੀ, ਉਹ ਆਪਣੀ ਤਬੀਅਤ ਠੀਕ ਕਰਨ ਵਾਸਤੇ ਬਾਹਰ ਨਿਕਲ ਗਿਆ।

ਚੌਦਵੀਂ ਦਾ ਚੰਨ ਪੂਰੇ ਨਿਖ਼ਾਰ ਉਤੇ ਸੀ। ਪੱਕੀਆਂ ਫ਼ਸਲਾਂ ਵਿਚੋਂ ਮਿੱਠੀ-ਮਿੱਠੀ ਖ਼ੁਸ਼ਬੋ ਆਉਂਦੀ ਪਈ ਸੀ। ਚੰਨ ਦਾ ਅਕਸ ਛੱਪੜ ਵਿਚੋਂ ਦੋਹਰਾ ਹੋ-ਹੋ ਪੈਂਦਾ ਸੀ। ਜਿਉਂ ਜਿਉਂ ਇਕਬਾਲ ਦੇ ਮੂੰਹ ਨੂੰ ਠੰਢੀ ਹਵਾ ਲਗਦੀ, ਉਸ ਦੇ ਮਨ ਨੂੰ ਸ਼ਾਂਤੀ ਆਉਂਦੀ। ਉਹ ਸਿਰੋਂ ਪੱਗ ਲਾਹ, ਟਾਹਲੀਆਂ ਦੇ ਸਾਏ ਥੱਲੇ ਖਲੋ ਗਿਆ। ਜਦ ਉਸ ਸੱਜੇ ਪਾਸੇ ਧਿਆਨ ਕੀਤਾ ਤਾਂ ਉਸ ਨੂੰ ਪਤਾ ਲੱਗਾ, ਸਾਰੇ ਪਿੰਡ ਦੀਆਂ ਜਨਾਨੀਆਂ 'ਕੱਠੀਆਂ ਹੋਈਆਂ ਸਨ ਤੇ ਜ਼ੋਰ ਜ਼ੋਰ ਨਾਲ ਤਾੜੀਆਂ ਮਾਰ ਰਹੀਆਂ ਸਨ।

ਪੈਰਾਂ ਦੀ ਘੁਮਕਾਰ ਤੇ ਰੌਲੇ ਵਿਚ ਉਸ ਤੋਂ ਕੋਈ ਆਵਾਜ਼ ਪਛਾਤੀ ਨਾ ਗਈ। ਉਹ ਕਈ ਵਾਰੀ ਆਪਣਾ ਸਾਹ ਘੁੱਟ-ਘੁੱਟ ਆਵਾਜ਼ਾਂ ਦੀ ਪਛਾਣ ਕਰਦਾ, ਪਰ ਉਸ ਨੂੰ ਪਤਾ ਕੁਝ ਨਾ ਲੱਗਦਾ।

ਏਨੇ ਚਿਰ ਵਿਚ ਇਕ ਵਾਰ ਫਿਰ ਰੌਲਾ ਪੈ ਗਿਆ ਤੇ ਵਿਚੋਂ ਇਕ ਨੇ ਕਿਹਾ, "ਨੀ ਪਿੜ ਜ਼ਰਾ ਖੁੱਲ੍ਹਾ ਕਰ ਦਿਓ, ਮਨੋ ਆ ਗਈ ਏ। ਗਿੱਧੇ ਦਾ ਸਵਾਦ ਹੁਣ ਆਉਣਾ ਏ।"

"ਨਾ ਬੀਬੀ ਮੈਂ ਨਹੀਂ ਗਿੱਧਾ ਪਾ ਸਕਦੀ, ਮੇਰਾ ਅੱਜ ਸਿਰ ਦੁਖਦਾ ਏ।"

"ਲੈ ਪੁੱਤ, ਮੈਂ ਅੱਜ ਵਰ੍ਹਿਆਂ ਪਿੱਛੋਂ ਆਈ ਹਾਂ, ਤਾਂ ਤੇਰਾ ਸਿਰ ਦੁਖਣ ਲੱਗ ਪਿਆ ਹੈ। ਕੋਈ ਨਵੀਂ ਬੋਲੀ ਪਾਵੀਂ," ਮਾਈ ਸਾਹਬ ਕੌਰ ਨੇ ਆਪਣੀ ਡੰਗੋਰੀ ਨੂੰ ਖੱਬੇ ਹੱਥ ਵਿਚ ਫੜਦਿਆਂ ਕਿਹਾ।

ਪਿੜ ਖੁੱਲ੍ਹਾ ਹੋ ਗਿਆ। ਮਨੋ ਨੂੰ ਸਾਰੀਆਂ ਨੇ ਧੱਕ ਕੇ ਅੱਗੇ ਕੀਤਾ, ਤਾੜੀਆਂ ਦੀ ਤਾਲ ਇਕ ਸੁਰ ਹੋ ਗਈ ਤੇ ਸਭ ਦੇ ਸਾਹ ਘੁੱਟੇ ਗਏ। ਮਨੋ ਨੇ ਆਪਣੀ ਚੁੰਨੀ ਸਿੱਧੀ ਕੀਤੀ ਤੇ ਬੋਲੀ ਪਈ:

ਬਾਰੀਂ ਵਰ੍ਹੀਂ ਖੱਟਣ ਗਿਆ,
ਤੇ ਖਟ ਕੇ ਲਿਆਂਦੇ ਮਣਕੇ।
ਵੇ ਬਾਰੀ ਵਿਚ ਦੁੱਧ ਰਿੜਕਾਂ,
ਦੁੱਧ ਪੀ ਜਾ ਭੂਆ ਦਾ ਪੁੱਤ ਬਣ ਕੇ।

ਬੋਲੀ ਦੇ ਨਾਲ ਹੀ ਮਨੋ ਦੋਹਰੀ ਹੋ ਗਈ ਤੇ ਉਸ ਨੇ ਸਾਰੇ ਪਿੜ ਦਾ ਗੇੜਾ ਦੋ ਵਾਰੀ ਲਾਇਆ। ਜਵਾਨ ਤਾਂ ਇਕ ਪਾਸੇ, ਮਾਈ ਸਾਹਿਬ ਕੌਰ ਨੂੰ ਵੀ ਇੰਜ ਜਾਪਿਆ, ਜਿਵੇਂ ਉਸ ਦੇ ਮੂੰਹ ਉਤੋਂ ਸਾਰੀਆਂ ਝੁਰੜੀਆਂ ਗਾਇਬ ਹੋ ਗਈਆਂ ਨੇ, ਤੇ ਉਹ ਵੀਹਾਂ ਵਰ੍ਹਿਆਂ ਦੀ ਹੋ ਗਈ ਹੋਵੇ। ਉਹ ਸੋਚ ਰਹੀ ਸੀ, "ਵਾਹ ਵੇ ਫੌਜੀਆ ਚੰਦਰਿਆ, ਜਿਹਾ ਇਕ ਵਾਰੀ ਗਿਓਂ ਫੇਰ ਨਾ ਆਇਓਂ, ਸਾਰੀ ਉਮਰ ਤੇਰਾ ਰਾਹ ਹੀ ਤੱਕਦੀ ਰਹੀ।"

"ਬੀਬੀ ਭੈਣ ਇਕ ਬੋਲੀ ਹੋਰ ਪਾ।" ਨਾਮੀ ਮਨੋ ਨੂੰ ਕਹਿ ਰਹੀ ਸੀ। ਇਕ ਵਾਰੀ ਤਾੜੀਆਂ ਦਾ ਫਿਰ ਜ਼ੋਰ ਹੋਇਆ ਤੇ ਮਨੋ ਨੇ ਆਪਣੀ ਚੁੰਨੀ

(ਬਾਕੀ ਸਫ਼ਾ 31 ਉਤੇ)

# ਜ਼ਾਲਮ, ਜ਼ੁਲਮ ਅਤੇ ਮਜ਼ਲੂਮ

*ਪ੍ਰੋ. ਹਰਪਾਲ ਸਿੰਘ ਪੰਨੂ ਦੇ ਲੇਖ 'ਪੰਜਾਬ ਟਾਈਮਜ਼' ਦੇ ਪਾਠਕ ਅਕਸਰ ਇਨ੍ਹਾਂ ਪੰਨਿਆਂ 'ਤੇ ਪੜ੍ਹਦੇ ਰਹਿੰਦੇ ਹਨ। ਪ੍ਰੋ. ਪੰਨੂ ਦੀ ਸਿਫਤ ਇਹ ਹੈ ਕਿ ਉਹ ਪਾਠਕ ਨੂੰ ਆਪਣੀ ਉਂਗਲ ਨਾਲ ਅਜਿਹਾ ਲਾਉਂਦੇ ਹਨ ਕਿ ਪਾਠਕ ਕਿਸੇ ਖਿੱਚ ਦਾ ਬੱਧਾ ਆਪਣੇ-ਆਪ ਨਾਲ ਤੁਰਿਆ ਜਾਂਦਾ ਹੈ। ਹੱਥਲਾ ਲੇਖ ਉਨ੍ਹਾਂ ਨੇ 18ਵੀਂ ਸਦੀ ਦੇ ਇਤਾਲਵੀ ਲੇਖਕ ਅਲਫਾਇਰੀ ਦੀ ਪੁਸਤਕ 'ਆਫ਼ ਟਿਰਅਨਿ' (ਜ਼ੁਲਮ ਬਾਰੇ) ਨੂੰ ਆਧਾਰ ਬਣਾ ਕੇ ਲਿਖਿਆ ਹੈ। ਅਲਫਾਇਰੀ ਆਪਣੇ ਸਮੇਂ ਦਾ ਬੇਹੱਦ ਸਜੱਗ ਲੇਖਕ ਸੀ। ਸਮੇਂ ਦੀਆਂ ਹਕੂਮਤਾਂ ਦੀ ਗੱਲ ਕਰਦਿਆਂ ਉਸ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਇਹ ਹਕੂਮਤਾਂ ਆਮ ਲੋਕਾਂ ਨੂੰ ਸਿਵਾਏ ਆਪਣੇ ਗੁਲਾਮਾਂ ਤੋਂ ਵੱਧ ਕੁਝ ਨਹੀਂ ਸਮਝਦੀਆਂ। ਉਨ੍ਹਾਂ ਦੇ ਗੁਮਾਸ਼ਤੇ ਯਾਨਿ ਵਜ਼ੀਰ ਅਤੇ ਹੋਰ ਅਧਿਕਾਰੀ ਆਪਣੀ ਜ਼ਮੀਰ ਵੇਚ ਕੇ ਉਨ੍ਹਾਂ ਦੀ ਅਧੀਨਗੀ ਵਿਚ ਰਹਿੰਦੇ ਹਨ ਪਰ ਆਮ ਲੋਕਾਂ 'ਤੇ ਜ਼ੁਲਮ ਕਰਦੇ ਹਨ। ਮਜ਼ਲੂਮ ਲੋਕਾਂ ਦਾ ਕਸੂਰ ਇਹ ਹੈ ਕਿ ਉਹ ਇਸ ਗੁਲਾਮੀ ਨੂੰ ਆਪਣੀ ਕਿਸਮਤ ਸਮਝ ਬੈਠਦੇ ਹਨ ਅਤੇ ਇਸ ਵਿਰੁਧ ਆਵਾਜ਼ ਨਹੀਂ ਉਠਾਉਂਦੇ। ਅਲਫਾਇਰੀ ਨੇ ਆਪਣੇ ਸਮਿਆਂ ਦੀਆਂ ਹਕੂਮਤਾਂ ਵਿਚੋਂ ਜੇ ਕਿਸੇ ਦੀ ਮਾੜੀ ਜਿਹੀ ਸਿਫਤ ਕੀਤੀ ਹੈ ਤਾਂ ਉਹ ਇੰਗਲੈਂਡ ਦੀ ਜਮਹੂਰੀ ਹਕੂਮਤ ਦੀ। ਅਜ ਭਾਵੇਂ ਰਾਜੇ-ਰਜਵਾੜੇ ਨਹੀਂ ਰਹੇ ਅਤੇ ਜਮਹੂਰੀ ਹਕੂਮਤਾਂ ਕਾਇਮ ਹੋ ਚੁਕੀਆਂ ਹਨ ਪਰ ਬਹੁਤੀਆਂ ਜਮਹੂਰੀਅਤਾਂ ਦੇ ਲੋਕਾਂ ਦਾ ਹਾਲ ਉਹੋ ਜਿਹਾ ਹੀ ਹੈ। ਅਜ ਵੀ ਲੋਕ ਘੱਟ-ਵੱਧ ਉਸੇ ਤਰ੍ਹਾਂ ਹੀ ਗੁਲਾਮੀ ਹੰਢਾ ਰਹੇ ਹਨ। ਇਸ ਪੱਖੋਂ ਅਲਫਾਇਰੀ ਦੀ ਇਹ ਪੁਸਤਕ ਅਜ ਦੇ ਪ੍ਰਸੰਗ ਵਿਚ ਵੀ ਮੁੱਲਵਾਨ ਹੈ। -ਸੰਪਾਦਕ*

ਕਾਲਜ ਦੇ ਦਿਨੀਂ 1972 ਵਿਚ ਮੈਨੂੰ ਇੱਕ ਕਿਤਾਬ ਦਿਸੀ ਜਿਸ ਦਾ ਨਾਂ 'ਆਫ਼ ਟਿਰਅਨਿ' ਸੀ ਤੇ ਇਸ ਦਾ ਲੇਖਕ ਸੀ ਇਟਲੀ ਦਾ ਵਿਟੋਰੀਓ ਅਲਫਾਇਰੀ। ਇਸ ਵਿਚ ਮਨੁੱਖ ਦੇ ਉਨ੍ਹਾਂ ਉਦਾਸ ਬੇਕਿਰਕ ਸਰੋਕਾਰਾਂ ਦਾ ਵਰਣਨ ਹੈ, ਜਦੋਂ ਉਹ ਜ਼ੁਲਮ ਕਰਦਾ ਹੈ ਅਤੇ ਜ਼ੁਲਮ ਸਹਿੰਦਾ ਹੈ। ਕੁਝ ਦਿਨ ਪਹਿਲਾਂ ਲੱਭ ਕੋਈ ਹੋਰ ਕਿਤਾਬ ਰਿਹਾ ਸਾਂ, ਪਰ ਲਾਇਬ੍ਰੇਰੀ ਦੇ ਇਕ ਸ਼ੈਲਫ ਉਪਰ ਇਹ ਕਿਤਾਬ ਪਈ ਵੇਖੀ ਤਾਂ ਲੱਗਾ ਜਿਵੇਂ ਮੁੱਦਤ ਪਹਿਲਾਂ ਵਿਛੜਿਆ ਮਹਿਬੂਬ ਅਚਾਨਕ ਮਿਲ ਗਿਆ ਹੋਵੇ। ਇਹ ਕਿਤਾਬ ਫਿਰ ਪੜ੍ਹੀ ਤਾਂ ਦਿਲ ਕੀਤਾ ਕਿ ਜ਼ਰਾ ਪੰਜਾਬੀ ਪਾਠਕਾਂ ਨੂੰ ਇਸ ਦੀਆਂ ਗੱਲਾਂ ਸੁਣਾ ਕੇ ਪੁੱਛੀਏ ਕਿ 'ਅਲਫਾਇਰੀ' ਵਾਕਿਆ ਹੀ ਵੱਡਾ ਸੀ ਕਿ ਇਹ ਕੇਵਲ ਹੋਰ ਹਜ਼ਾਰਾਂ ਵਿਚੋਂ ਇਕ ਉਨ੍ਹਾਂ ਵਰਗਾ ਹੀ ਸੀ।



ਪਹਿਲੋਂ ਉਸ ਦੇ ਜੀਵਨ ਬਾਰੇ ਥੋੜ੍ਹਾ ਕੁ ਜਾਣ ਲੈਣਾ ਚਾਹੀਦਾ ਹੈ। ਫਿਰ ਉਸ ਦੀ ਇਹ ਕਿਤਾਬ ਠੀਕ ਸਮਝ ਵਿਚ ਪੈ ਜਾਵੇਗੀ।

**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਉਸ ਦਾ ਜਨਮ 17 ਜਨਵਰੀ, 1749 ਈ. ਵਿਚ ਤਕੜੇ ਠਾਠ-ਬਾਠ ਵਾਲੇ ਪਰਿਵਾਰ ਵਿਚ ਹੋਇਆ। ਠਾਠ-ਬਾਠ ਵਾਲਾ ਇਸ ਲਈ ਲਿਖਿਆ ਹੈ ਕਿਉਂਕਿ 12ਵੀਂ ਸਦੀ ਤੋਂ ਹੀ ਇਹ ਪਰਿਵਾਰ ਕਿਸੇ ਨਾ ਕਿਸੇ ਰੂਪ ਵਿਚ ਹਕੂਮਤ ਦਾ ਹਿੱਸਾ ਰਿਹਾ। ਉਸ ਨੇ ਸ਼ਾਹੀ ਪਰਿਵਾਰਾਂ ਨੂੰ ਬਹੁਤ ਨੇੜਿਓਂ ਦੇਖਿਆ, ਇਸ ਕਰ ਕੇ ਉਸ ਨੂੰ ਪਤਾ ਸੀ, ਹਕੂਮਤ ਦੀ ਕਾਰਜਸ਼ੈਲੀ ਕੀ ਹੁੰਦੀ ਹੈ, ਰਾਜ ਵਿਸਥਾਰ ਕਿਵੇਂ ਹੁੰਦੇ ਹਨ, ਸਾਜ਼ਸ਼ਾਂ ਕਿਵੇਂ ਚਲਦੀਆਂ ਹਨ ਅਤੇ ਹੁਕਮਰਾਨ ਤਾਨਾਸ਼ਾਹੀ ਵੱਲ ਕਿਵੇਂ ਵਧਦੇ ਹਨ। ਤਾਨਾਸ਼ਾਹਾਂ ਦੀਆਂ ਵਧੀਕੀਆਂ ਬਾਰੇ ਵਿਅੰਗ ਕਰਦਿਆਂ ਉਹ ਲਿਖਦਾ ਹੈ, "ਬਾਦਸ਼ਾਹ ਏਡਾ ਜ਼ਾਲਮ ਹੋ ਗਿਆ ਕਿ ਵਿਚਾਰੇ ਛੋਟੇ-ਮੋਟੇ ਜਗੀਰਦਾਰ ਆਪਣੀ ਪਰਜਾ ਉਤੇ ਨਿੱਕੇ-ਮੋਟੇ ਜ਼ੁਲਮ ਕਰਨੋਂ ਵੀ ਹਟ ਗਏ ਜਿਹੜੇ ਜ਼ੁਲਮ ਕਰਨ ਦਾ ਉਨ੍ਹਾਂ ਦਾ ਆਮ ਸੁਭਾਅ ਹੁੰਦਾ ਹੈ ਤੇ ਹੱਕ ਵੀ ਹੋਇਆ ਕਰਦਾ ਹੈ। ਬਾਦਸ਼ਾਹ ਦੇ ਜ਼ੁਲਮ ਨੇ ਸਭ ਨੂੰ ਭੈਭੀਤ ਕਰ ਦਿੱਤਾ।"

ਉਹ ਸਾਰੀ ਉਮਰ ਟਿਕ ਕੇ ਨਹੀਂ ਬੈਠਿਆ। ਸਪੇਨ ਤੋਂ ਰੂਸ ਤਕ ਅਤੇ ਇਟਲੀ ਤੋਂ ਇੰਗਲੈਂਡ ਤਕ ਲਗਾਤਾਰ ਘੁੰਮਦਾ ਫਿਰਿਆ। ਘੁੰਮਦਿਆਂ-ਘੁਮਾਦਿਆਂ ਉਹ ਪੜ੍ਹਦਾ ਤੇ ਲਿਖਦਾ ਰਿਹਾ। ਪਹਿਲੋਂ ਉਸ ਨੇ ਦੁਖਾਂਤ ਨਾਟਕ ਲਿਖੇ। ਇਨ੍ਹਾਂ ਨਾਟਕਾਂ ਵਿਚਲੀਆਂ ਦੁਖਦਾਈ ਘਟਨਾਵਾਂ ਵੀ ਵਾਸਤਵ ਵਿਚ ਮਹਿਲਾਂ ਦੀਆਂ ਕਥਾ-ਕਹਾਣੀਆਂ ਹੀ ਹਨ। ਦਹਿਸ਼ਤ ਬਾਬਤ ਜਿਹੜੀ ਉਸ ਨੇ ਕਿਤਾਬ 'ਆਫ਼ ਟਿਰਅਨਿ' 1777 ਵਿਚ ਲਿਖੀ, ਇਸ ਦਾ ਫ਼ਲਸਫ਼ਾ ਹੀ ਉਸ ਦੇ ਨਾਟਕਾਂ ਵਿਚ ਸਾਕਾਰ ਹੁੰਦਾ ਹੈ। ਇਹ ਕਿਤਾਬ ਇੱਕ ਮਹੀਨੇ ਵਿਚ ਮੁਕੰਮਲ ਕਰ ਲਈ ਸੀ, ਪਰ ਉਮਰ ਦੇ ਅਖ਼ੀਰ ਵਿਚ ਉਸ ਨੇ ਫਿਰ ਆਪ ਸੋਧ ਕੇ ਅੰਤਿਮ ਰੂਪ ਦਿੱਤਾ। ਸ਼ਬਦ ਵਾਕ ਬਣ ਗਏ, ਵਾਕ ਪਹਿਰੇ ਬਣੇ ਤੇ ਪਹਿਰੇ ਸਫ਼ਿਆਂ ਵਿਚ ਪਲਟਦੇ ਗਏ।

ਕਿਤਾਬ 'ਜ਼ੁਲਮ ਬਾਰੇ' ਰਚਣ ਦੇ ਖ਼ਤਰਿਆਂ ਤੋਂ ਉਹ ਵਾਕਫ ਸੀ। ਸਰਕਾਰ ਦਾ ਸਖ਼ਤ ਸੈਂਸਰ ਲਾਗੂ ਸੀ। ਜਿਹੜੇ ਲੇਖਕ ਸਰਕਾਰੇ-ਦਰਬਾਰੇ ਖ਼ੁਸ਼ਾਮਦ ਰਾਹੀਂ ਨਾਂ ਬਣਾ ਲੈਂਦੇ, ਉਨ੍ਹਾਂ ਉਪਰ ਖ਼ਾਸ ਮਿਹਰਬਾਨੀਆਂ ਦੀ ਬਾਰਸ਼ ਹੁੰਦੀ ਤੇ ਬਾਕੀਆਂ ਨਾਲ ਉਹੀ ਹੁੰਦਾ ਜੋ ਮੁੱਢ-ਕਦੀਮੋਂ ਹੁੰਦਾ ਆਇਆ ਹੈ। ਅਲਫਾਇਰੀ ਦੀ ਉਮਰ ਓਦੋਂ 28 ਸਾਲ ਸੀ ਜਦੋਂ ਇਹ ਕਿਤਾਬ ਲਿਖ ਕੇ ਉਸ ਨੇ ਆਪਣੀ ਜਾਇਦਾਦ ਆਪਣੀ ਭੈਣ ਦੇ ਨਾਂ ਰਜਿਸਟਰੀ ਕਰਵਾ ਕੇ ਕਿਹਾ, "ਹੁਣ ਕੋਈ ਜ਼ਾਲਮ ਮੇਰੇ ਤੋਂ ਕੀ ਖੋਹ ਸਕਦਾ ਹੈ? ਹੁਣ ਮੇਰੇ ਕੋਲ ਇੱਕ ਮੇਰਾ ਦਿਮਾਗ਼ ਹੈ ਤੇ ਦੂਜੀ ਕਲਮ। ਇਹ ਦੋਵੇਂ ਰਲ-ਮਿਲ ਕੇ ਚੱਲਣਗੇ। ਪਰ ਜਿੱਥੇ ਕਿਧਰੇ ਲੋੜ ਪਈ ਤਾਂ ਜ਼ੁਲਮ ਦੇ ਖ਼ਾਤਮੇ ਲਈ ਮੈਂ ਕਲਮ ਦੇ ਨਾਲ-ਨਾਲ ਤਲਵਾਰ ਵੀ ਉਠਾਵਾਂਗਾ। ਤਾਨਾਸ਼ਾਹੀ ਦੇ ਖ਼ਾਤਮੇ ਅਤੇ ਅਜ਼ਾਦੀ ਦੀ ਬਹਾਲੀ ਲਈ ਤਾਂ ਕੋਈ ਕੁਝ ਵੀ ਕਰ ਸਕਦਾ ਹੈ।"

ਅਠਾਰ੍ਹਾਂ ਸਾਲਾਂ ਦੀ ਉਮਰ ਤਕ ਉਹ ਕਈ ਰਾਜਿਆਂ, ਰਾਜਕੁਮਾਰਾਂ ਅਤੇ ਵਾਇਸਰਾਇ ਤਕ ਨੂੰ ਮਿਲ ਚੁੱਕਾ ਸੀ, ਲਿਖਦਾ ਹੈ, "ਮੈਂ ਮਨੁੱਖ ਨੂੰ ਮਨੁੱਖ ਹੱਥੋਂ ਅਪਮਾਨਿਤ ਹੁੰਦਾ ਵੇਖਿਆ ਹੈ...ਮੈਂ ਸੰਗਲ ਵੇਖੇ ਹਨ, ਸੰਗਲਾਂ ਦੇ ਛਣਕਾਟੇ ਸੁਣੇ ਹਨ ਤੇ ਮੈਨੂੰ ਗ਼ੁਲਾਮੀ ਦਾ ਸਿਰਨਾਂਵਾਂ ਪੂਰਾ ਪਤਾ ਹੈ। ਇਹ ਭਾਰ ਵੇਖ ਕੇ ਮੈਂ ਇਕ ਬੱਚੇ ਵਾਂਗ ਵਿਲਕ ਉਠਿਆ ਤੇ ਆਪਣੇ ਆਪ ਨੂੰ ਕਿਹਾ, "ਤੂੰ ਬਾਕੀ ਕੰਮ ਛੱਡ। ਕੇਵਲ ਜ਼ੁਲਮ ਬਾਰੇ ਲਿਖ...ਕੇਵਲ ਜ਼ਾਲਮ ਬਾਰੇ। ਸੰਸਾਰ ਦਾ ਦਮ ਘੁੱਟਦਾ ਵੇਖ ਕੇ ਮੈਂ ਸ਼ਾਂਤ ਕਿਵੇਂ ਰਹਿ ਸਕਦਾ ਸਾਂ? ਮੇਰਾ ਦਿਲ ਤਾਂ ਕਰਦਾ ਸੀ ਮੈਂ ਵੀ ਮੈਕਿਆਵਲੀ ਵਾਂਗ ਅਰਾਮ ਨਾਲ ਲਿਖਦਾ ਤੇ ਪੜ੍ਹਦਾ, ਪਰ ਮੈਨੂੰ ਅਧੀਨਗੀ ਪ੍ਰਵਾਨ ਨਹੀਂ ਸੀ, ਮੈਨੂੰ, ਜਿਸ ਦੀ ਰੂਹ ਅਨੰਤ ਤਕ ਉਡਾਰੀਆਂ ਲਾਉਂਦੀ ਸੀ, ਗ਼ੁਲਾਮੀ ਮਨਜ਼ੂਰ ਨਹੀਂ ਸੀ। ਸੋ ਬਿਖੜਾ ਪੈਂਡਾ ਠੀਕ ਸਮਝਿਆ।

ਅਲਫਾਇਰੀ ਦੀਆਂ ਲਿਖਤਾਂ ਵਿਚ ਜਾਨ ਸੀ, ਜਜ਼ਬਾ ਸੀ। ਉਹ ਏਨਾ ਹਰਮਨ-ਪਿਆਰਾ ਹੋ ਗਿਆ ਕਿ 'ਜ਼ੁਲਮ ਬਾਰੇ' ਕਿਤਾਬ ਦੀਆਂ 21 ਐਡੀਸ਼ਨਾਂ ਛਪੀਆਂ। ਵੀਆਨਾ ਦੇ ਕੌਮੀ ਕਵੀ ਪੀਤਰੋ ਨੇ ਉਸ ਕੋਲ ਸੁਨੇਹਾ ਭੇਜਿਆ ਕਿ ਮਹਿਲ ਵਿਚ ਤੇਰੀ ਥਾਂ ਹੈ। ਇੱਥੇ ਆ ਜਾਹ। ਅਲਫਾਇਰੀ ਨੇ ਜਵਾਬ ਦਿੱਤਾ, "ਜ਼ਾਲਮ ਦੇ ਘਰ ਅੰਦਰ ਪੁੱਜਣ ਸਾਰ ਰੂਹ ਗਹਿਣੇ ਪੈ ਜਾਂਦੀ ਹੈ ਭਰਾ। ਆਪਾਂ ਨੂੰ ਅਧੀਨਗੀ ਕਬੂਲ ਨਹੀਂ। ਮਹਿਲ ਵਿਚ ਤਾਂ ਕੀ ਰਹਿਣਾ, ਮੈਂ ਤੇਰੇ ਵਰਗੇ ਨਾਲ ਦੋਸਤੀ ਵੀ ਨਹੀਂ ਕਰਨੀ। ਭਾੜੇ ਦੇ ਬੰਦਿਆਂ ਨਾਲ ਆਪਣਾ ਕਾਹਦਾ ਸਰੋਕਾਰ?" ਰੂਸ ਦੀ ਮਹਾਰਾਣੀ ਕੈਥਰੀਨ ਨੇ ਉਸ ਨੂੰ ਸਤਿਕਾਰ ਪੂਰਨ ਸੱਦਾ-ਪੱਤਰ ਭੇਜਿਆ ਪਰ ਉਸ ਦਾ ਸੱਦਾ ਵੀ ਮਨਜ਼ੂਰ ਨਹੀਂ ਕੀਤਾ ਤੇ ਕਿਹਾ, "ਰੂਸ ਦੀ ਤਾਨਾਸ਼ਾਹੀ ਤਾਂ ਪਰੁਸ਼ੀਆ ਤੋਂ ਵੀ ਬਦਤਰ ਹੈ। "

1768 ਵਿਚ ਇੰਗਲੈਂਡ ਗਿਆ। ਉਸ ਨੂੰ ਜੇ ਕੋਈ ਸਰਕਾਰ ਚੰਗੀ ਲੱਗੀ, ਇੰਗਲੈਂਡ ਦੀ ਸੀ। ਇੱਥੇ ਉਸ ਨੂੰ ਲੱਗਾ ਕਿ ਮਨੁੱਖੀ ਸਖਸ਼ੀਅਤ ਦਾ ਵਿਕਾਸ ਠੀਕ ਹੋ ਰਿਹਾ ਹੈ। ਲਿਖਦਾ ਹੈ, "ਅਜੇ ਮੈਂ ਇੰਗਲੈਂਡ ਦਾ ਸੰਵਿਧਾਨ ਨਹੀਂ ਪੜ੍ਹਿਆ ਤੇ ਸਰਕਾਰ ਦੇ ਕੰਮ ਢੰਗ ਦਾ ਪੂਰਾ ਜਾਇਜ਼ਾ ਨਹੀਂ ਲਿਆ, ਪਰ ਲੋਕਾਂ ਦੇ ਚਿਹਰਿਆਂ ਉਪਰਲੀ ਰੌਣਕ ਤੇ ਆਤਮ-ਵਿਸ਼ਵਾਸ ਚੰਗੀ ਸਰਕਾਰ ਦਾ ਨਤੀਜਾ ਸਾਫ਼ ਦਿੱਸ ਰਿਹਾ ਸੀ। ਮੇਰੇ ਪਿਆਰੇ ਵਤਨ ਇਟਲੀ ਦੇ ਲੋਕਾਂ ਦੀ ਜ਼ਮੀਰ ਇਸ ਕਦਰ ਗ਼ੁਲਾਮ ਹੋ ਚੁੱਕੀ ਹੈ ਕਿ ਕਦੀ-ਕਦੀ ਮੈਂ ਸ਼ਰਮ ਦਾ ਮਾਰਿਆ ਦੱਸਦਾ ਨਹੀਂ ਹੁੰਦਾ ਕਿ ਮੈਂ ਇਟਾਲੀਅਨ ਹਾਂ। ਇੰਗਲੈਂਡ ਵਿਚ ਬੋਲਣ ਤੇ ਲਿਖਣ ਦੀ ਅਜ਼ਾਦੀ ਹੈ। ਤੁਸੀਂ ਸਰਕਾਰ ਦੀ ਆਲੋਚਨਾ ਕਰ ਸਕਦੇ ਹੋ, ਤੇ ਮੇਰੇ ਮੁਲਕ ਇਟਲੀ ਵਿਚ? ਤੌਬਾ। ਜੇ ਕੋਈ ਮੈਨੂੰ ਕਹੇ ਕਿ ਲਿਖਤ ਵਿਚ ਸੋਧ ਕਰ ਲੈ, ਮੇਰਾ ਮਰਨ ਹੋ ਜਾਂਦਾ ਹੈ ਤੇ ਜੇ ਮੂਰਖ ਸਰਕਾਰ ਅਜਿਹਾ ਕਰਨ ਲਈ ਕਹੇ...ਤੁਸੀਂ ਸਮਝ ਸਕਦੇ ਹੋ ਮੇਰੀ ਹਾਲਤ। ਮੈਨੂੰ ਬਿਗਲ ਅਤੇ ਸ਼ਾਹੀ ਨਗਾਰੇ ਕਦੀ ਚੰਗੇ ਨਹੀਂ ਲੱਗੇ।"

ਉਹ ਮੈਕਾਵਲੀ ਦੀ ਸਟੇਟ ਵਿਚ ਫ਼ੌਜੀ ਤਾਕਤ ਵਿਰੁਧ ਆਖਦਾ ਹੈ, "ਵੱਡੀ ਫ਼ੌਜ ਜ਼ਾਲਮ ਦੇ ਹੱਥ ਵਿਚਲਾ ਉਹ ਮਾਰੂ ਪਿਸਤੌਲ ਹੈ ਜਿਸ ਨਾਲ ਉਹ ਸੋਨਾ ਲੁੱਟਣ ਤੇ ਜ਼ੁਲਮ ਕਰਨ ਤੋਂ ਬਗੈਰ ਕੁਝ ਨਹੀਂ ਕਰਦਾ। ਜ਼ਿੰਮੇਵਾਰ ਲੋਕ ਸਹੀ ਤੇ ਹਿਤਕਾਰੀ ਕਨੂੰਨ ਬਣਾ ਕੇ ਮਨੁੱਖਤਾ ਦਾ ਭਲਾ ਕਰਨ ਦੇ ਸਮਰੱਥ ਹਨ। ਜੇ ਹੁਣ ਤਕ ਅਜਿਹਾ ਨਹੀਂ ਹੋ ਸਕਿਆ ਤਾਂ ਇਸ ਦਾ ਅਰਥ ਇਹ ਨਹੀਂ ਕਿ ਕਦੀ ਹੋ ਵੀ ਨਹੀਂ ਸਕੇਗਾ?



ਵਿਟੋਰੀਓ ਅਲਫਾਇਰੀ

ਦੁਖੀ ਮਨ ਨਾਲ ਆਖਦਾ ਹੈ, "ਮਾਂਟੇਕ ਅਤੇ ਕਾਰਨੀਲ ਬਹੁਤ ਸ਼ਕਤੀਵਾਨ ਲੇਖਕ ਸਨ, ਪਰ ਉਹ ਮਹਿਲ ਦੀ ਸ਼ਰਨ ਵਿਚ ਜਾ ਕੇ ਬਰਬਾਦ ਹੋ ਗਏ। ਤੁਸੀਂ ਉਨ੍ਹਾਂ ਦੀਆਂ ਲਿਖਤਾਂ ਪੜ੍ਹੋ। ਤੁਹਾਨੂੰ ਆਪੇ ਪਤਾ ਲੱਗ ਜਾਵੇਗਾ ਕਿ ਬੜੀ ਦੂਰ ਤਕ ਜਾ ਨਿਕਲਣਾ ਸੀ ਇਨ੍ਹਾਂ ਨੇ...ਪਰ ਕਲਮ ਅਚਾਨਕ ਚੱਲਦੀ ਚੱਲਦੀ ਰੁਕ ਜਾਂਦੀ ਹੈ। ਫਿਰ ਇਨ੍ਹਾਂ ਦੀ ਲਿਖਤ ਘੁੰਢ ਕੱਢ ਲੈਂਦੀ ਹੈ ਤੇ ਤਾਕਤਵਰ ਕਲਮ ਕੰਬਣ ਲੱਗਦੀ ਹੈ। ਮੈਂ ਉਹ ਸਾਰੀਆਂ ਥਾਂਵਾਂ ਸਾਫ਼ ਲੱਭ ਲੈਂਦਾ ਹਾਂ ਜਿੱਥੇ-ਜਿੱਥੇ ਮਹਿਲ ਨੇ ਇਨ੍ਹਾਂ ਨੂੰ ਘੇਰ ਲਿਆ ਸੀ। ਮਾਂਟੇਕ ਦੇ ਦਿਲ ਅੰਦਰਲਾ ਤਕੜਾ ਜਵਾਲਾਮੁਖੀ ਮਹਿਲ ਦੀਆਂ ਫੁਹਾਰਾਂ ਨੇ ਬੁਝਾਇਆ। ਮੈਂ ਸਭ ਜਾਣਦਾ ਹਾਂ ਇਹ ਗੱਲਾਂ।

"ਜ਼ਾਲਮ ਹਕੂਮਤ ਦਾ ਤੁਸੀਂ ਸਤਿਕਾਰ ਨਹੀਂ ਕਰ ਸਕਦੇ, ਨਾ ਉਸ ਨੂੰ ਪਿਆਰ ਕਰ ਸਕਦੇ ਹੋ, ਨਾ ਉਸ ਵਿਚ ਵਿਸ਼ਵਾਸ ਕਾਇਮ ਰਹਿ ਸਕਦਾ ਹੈ। ਪਿਆਰ ਸਤਿਕਾਰ ਉਸ ਨੂੰ ਕਹਿੰਦੇ ਹਨ ਜਿਹੜਾ ਮੋੜਵਾਂ ਓਨਾ ਹੀ ਮਿਲੇ ਜਿੰਨਾ ਤੁਸੀਂ ਕੀਤਾ ਹੁੰਦਾ ਹੈ। ਓਧਰੋਂ ਤਾਂ 'ਹੁਕਮ' ਜਾਰੀ ਹੁੰਦੇ ਹਨ ਤੇ ਇੱਧਰ 'ਸਹਿਮ' ਦਾ ਪਸਾਰਾ ਹੁੰਦਾ ਹੈ। ਇਸੇ ਕਰ ਕੇ ਸਰਕਾਰ ਵੱਲੋਂ ਦਿੱਤੇ ਸਨਮਾਨ ਮੈਨੂੰ ਤਕੜਾ ਫ਼ਰਾਡ ਦਿੱਸਦੇ ਹਨ।

ਹੁਕਮਰਾਨਾਂ ਵਿਚੋਂ ਅਲਫਾਇਰੀ ਨੂੰ ਜੇ ਕੋਈ ਚੰਗਾ ਲੱਗਾ ਉਹ ਸੀ ਜਾਰਜ ਵਾਸ਼ਿੰਗਟਨ, ਜਿਸ ਨੇ ਮਨੁੱਖੀ ਹੱਕਾਂ ਅਤੇ ਸਨਮਾਨਾਂ ਲਈ ਆਦਰਸ਼ਕ ਨਾਇਕ ਵਾਂਗ ਉਤਰੀ ਅਮਰੀਕਾ ਦੀ ਜੰਗ ਲੜੀ ਅਤੇ ਜਿੱਤੀ।

ਅਲਫਾਇਰੀ ਯੂਰਪ ਦਾ ਉਹ ਪਹਿਲਾ ਬੇਅੰਤ ਸ਼ਕਤੀਸ਼ਾਲੀ ਦਾਰਸ਼ਨਿਕ ਹੈ ਜਿਸ ਨੇ ਅਜ਼ਾਦੀ ਦਾ ਸਨਮਾਨ ਬਹਾਲ ਕਰਨ ਲਈ ਕਲਮ ਚੁੱਕੀ ਤਾਂ ਉਸ ਦੀਆਂ ਲਿਖਤਾਂ ਤੋਂ ਪ੍ਰੇਰਨਾ ਲੈ ਕੇ ਪਿਛਲੇਰੀਆਂ ਪੀੜ੍ਹੀਆਂ ਨੇ ਹਥਿਆਰ ਚੁੱਕੇ ਤੇ ਅਜ਼ਾਦੀ ਸੰਗਰਾਮ ਜਿੱਤੇ, ਆਖਿਆ ਕਰਦਾ ਸੀ, "ਜ਼ਾਲਮ ਹਕੂਮਤਾਂ ਤੋੜਨ ਵਾਸਤੇ ਮੈਂ ਇੱਕ ਪਵਿੱਤਰ ਸਾਜ਼ਸ਼ ਰਚ ਰਿਹਾ ਹਾਂ, ਜੋ ਕਾਮਯਾਬ ਹੋਵੇਗੀ ਹੀ ਹੋਵੇਗੀ।

ਬਰੋਫਰੀਓ ਲਿਖਦਾ ਹੈ, "ਇੱਕ ਸ਼ਾਮ ਪੀਣ ਪਿਆਣ ਦਾ ਸਿਲਸਿਲਾ ਚੱਲ ਰਿਹਾ ਸੀ। ਕਦੀ ਰਾਜੇ ਦੇ ਨਾਂ 'ਤੇ ਜਾਮ ਛਲਕਦੇ, ਕਦੀ ਪੋਪ ਦੇ ਨਾਂ 'ਤੇ। ਦਰਜਨਾਂ ਲੇਖਕਾਂ ਦਾ ਨਾਂ ਲੈ ਕੇ ਜਾਮ ਲਹਿਰਾਏ ਜਾ ਰਹੇ ਸਨ ਤਾਂ ਮੈਂ ਉਚੀ ਅਵਾਜ਼ ਵਿਚ ਕਿਹਾ, 'ਭਾਈਓ ਇੱਕ ਜਾਮ ਸਾਡੇ ਅਮਰ ਨਾਇਕ ਅਲਫਾਇਰੀ ਦੇ ਨਾਂ ਵੀ' ਤਦ ਕੇਵਲ ਇੱਕ ਹੱਥ ਉਚਾ ਉਠਿਆ, ਬੱਸ ਮੇਰਾ ਇਕੱਲੇ ਦਾ। ਕਿਸੇ ਨੇ ਉਸ ਦੇ ਨਾਂ ਤੇ ਹੁੰਗਾਰਾ ਨਹੀਂ ਭਰਿਆ। ਗੁਲਾਮ ਯੁੱਗ ਵਿਚਲੇ ਬਾਸ਼ਿੰਦਿਆਂ ਵਿਚੋਂ ਇੱਕੋ-ਇੱਕ ਅਲਫਾਇਰੀ ਸੀ ਜਿਹੜਾ ਬਾਦਸ਼ਾਹਾਂ ਵਾਂਗ ਬੋਲਿਆ ਅਤੇ ਜਿਸ ਨੇ ਲਿਖਤਾਂ ਤੇ ਵਿਖਿਆਨਾਂ ਰਾਹੀਂ ਮੁਰਦਾ ਜਿਸਮਾਂ ਨੂੰ ਹਰਕਤ ਕਰਨ ਲਾ ਦਿੱਤਾ।

ਉਹ ਇਕੱਲਾ ਲੜਿਆ ਪੂਰੇ ਯੂਰਪ ਨਾਲ।

ਵਿਚਾਰ ਅਧੀਨ ਕਿਤਾਬ ਸਮਰਪਣ ਕਰਦਾ ਹੈ, ਅਜ਼ਾਦੀ ਨੂੰ। ਇੱਕ ਪੰਨਾ ਇਸ ਸਮਰਪਣ ਉਪਰ ਹੈ, ਲਿਖਦਾ ਹੈ, "ਕਿਤਾਬਾਂ ਤਕੜੇ ਬੰਦਿਆਂ ਨੂੰ ਸਮਰਪਣ ਕੀਤੀਆਂ ਜਾਂਦੀਆਂ ਹਨ ਅਕਸਰ, ਕਿਉਂਕਿ ਬਦਲੇ ਵਿਚ ਓਥੋਂ ਸੁਖ ਸਨਮਾਨ ਮਿਲਣ ਦੀ ਸੰਭਾਵਨਾ ਹੈ। ਹੇ ਅਜ਼ਾਦੀ, ਤੇਰੇ ਤਿੜਕਦੇ ਚੰਗਿਆੜੇ ਹਰੇਕ ਮਨ ਵਿਚੋਂ ਨਹੀਂ ਬੁਝੇ। ਥੋੜ੍ਹੇ ਕੁ ਬੰਦੇ ਜਿਊਂਦੇ ਹਨ ਜਿਨ੍ਹਾਂ ਦੇ ਦਿਲਾਂ ਵਿਚ ਤੇਰੀ ਪਵਿੱਤਰ ਯਾਦ ਦਾ ਨਿੱਘ ਛੁਪਿਆ ਬੈਠਾ ਹੈ। ਮੈਂ ਆਪਣੀ ਕਿਤਾਬ ਰਾਜੇ ਜਾਂ ਰਾਜਕੁਮਾਰ ਨੂੰ ਕਿਉਂ ਅਰਪਣ ਕਰਾਂ? ਤੇਰੇ ਜੱਦੀ ਦੁਸ਼ਮਣ ਹਨ ਉਹ ਤਾਂ। ਤੈਨੂੰ ਯਾਦ ਕਰਨ ਨਾਲ ਮੇਰੀ ਕਲਮ ਲੜਖੜਾਉਂਦੀ ਨਹੀਂ। ਵਿਚਾਰ ਧੁੰਦਲੇ ਨਹੀਂ ਪੈਂਦੇ।

"ਹੇ ਪਿਆਰੀ ਅਜ਼ਾਦੀ, ਇਹ ਕਿਤਾਬ ਇਸ ਲਈ ਲਿਖ ਰਿਹਾ ਹਾਂ ਤਾਂ ਕਿ ਮੇਰੇ ਵਿਚਾਰ ਅਮਲ ਵਿਚ ਆ ਸਕਣ। ਮੈਂ, ਜੇ ਜ਼ਰੂਰਤ ਪਵੇਗੀ ਤਾਂ ਤੇਰੇ ਝੰਡੇ ਨੂੰ ਉਚਾ ਲਹਿਰਾਉਣ ਹਿਤ ਕਲਮ ਦੀ ਥਾਂ ਕੁਝ ਸਮੇਂ ਲਈ ਤਲਵਾਰ ਉਠਾਉਣ ਵਾਸਤੇ ਝਿਜਕਾਂਗਾ ਨਹੀਂ। ਮੇਰੇ ਵਿਚ ਇਹ ਸਾਹਸ ਹੈ ਕਿ ਮੈਂ ਕੇਵਲ ਤੈਨੂੰ ਕਿਤਾਬ ਸਮਰਪਣ ਕਰਾਂ। ਇਨ੍ਹਾਂ ਪੰਨਿਆਂ ਵਿਚ ਮੈਂ ਆਪਣੀ ਅਕਲ ਦੀ ਨੁਮਾਇਸ਼ ਨਹੀਂ ਲਾਵਾਗਾਂ ਕਿਉਂਕਿ ਵਿਦਵਤਾ ਮੇਰੇ ਕੋਲ ਹੈ ਹੀ ਨਹੀਂ, ਫਿਰ ਹਾਰਨ ਦਾ ਕੀ ਲਾਭ? ਮੈਂ ਕੁਝ ਕੁ ਵਿਚਾਰ ਸਾਹਮਣੇ ਰੱਖਾਂਗਾ ਜਿਹੜੇ ਮੇਰੀ ਰੂਹ ਤਕ ਨੂੰ ਕਾਂਬਾ ਛੇੜ ਦਿੰਦੇ ਹਨ। ਸਾਦੇ ਢੰਗ ਨਾਲ ਲਿਖਾਂਗਾ, ਸਾਫ਼-ਸਾਫ਼ ਗੱਲ ਕਰਾਂਗਾ, ਉਹ ਸੱਚ ਬਿਆਨ ਕਰਾਂਗਾ ਜਿਨ੍ਹਾਂ ਨੂੰ ਸਹੀ ਸਾਬਤ ਕਰਨ ਲਈ ਸਬੂਤ ਦੇਣ ਦੀ ਲੋੜ ਨਾ ਪਵੇ, ਸਗੋਂ ਦਿਲ ਆਪੇ 'ਹਾਂ' ਕਰ ਦਏ। ਇੱਕ ਲਾਟ ਜਿਹੀ ਬਚਪਨ ਤੋਂ ਮੇਰੇ ਦਿਲ ਨੂੰ ਖਾਂਦੀ ਰਹੀ, ਉਸੇ ਨੂੰ ਕਾਗਜ਼ ਉਪਰ ਉਤਾਰਾਂਗਾ, ਜਿਹੜੀ ਹੁਣ ਤਕ ਜੰਦਰਾ ਮਾਰ-ਮਾਰ ਰੱਖੀ ਸੀ।"

ਪਹਿਲੇ ਅਧਿਆਇ ਵਿਚ ਉਹ 'ਜ਼ਾਲਮ ਬਾਦਸ਼ਾਹ' ਦੀ ਪਰਿਭਾਸ਼ਾ ਦਿੰਦਾ ਹੈ, ਦੂਜੇ ਅਧਿਆਇ ਵਿਚ ਜ਼ੁਲਮ ਬਾਰੇ ਦੱਸਦਾ ਹੈ, ਤੀਜੇ ਵਿਚ ਖੌਫ਼ ਬਾਰੇ, ਖ਼ੁਦਗਰਜ਼ੀ ਬਾਰੇ, ਫਿਰ ਫ਼ੌਜ ਬਾਰੇ, ਧਰਮ ਬਾਰੇ, ਨਵੀਆਂ ਪੁਰਾਣੀਆਂ ਹਕੂਮਤਾਂ ਬਾਰੇ, ਕੁਲੀਨ ਵਰਗ ਬਾਰੇ, ਏਸ਼ੀਆ ਅਤੇ ਯੂਰਪ ਦੀਆਂ ਜਾਬਰ ਸਰਕਾਰਾਂ ਦੀ ਤੁਲਨਾ ਬਾਰੇ, ਅੱਯਾਸ਼ੀਆਂ ਬਾਰੇ, ਰਾਜੇ ਦੀਆਂ ਪਤਨੀਆਂ ਤੇ ਉਨ੍ਹਾਂ ਦੀ ਸੰਤਾਨ ਬਾਰੇ ਲਿਖਦਾ ਹੈ।

ਕਿਤਾਬ ਦੇ ਦੂਜੇ ਭਾਗ ਵਿਚ ਉਹ ਦੱਸਦਾ ਹੈ ਕਿ ਜਾਬਰ ਹਕੂਮਤ ਵਿਚ ਦਿਨ ਕਿਵੇਂ ਕੱਟਣੇ ਹਨ, ਜਿਊਂਦੇ ਕਿਵੇਂ ਰਹਿਣਾ ਹੈ, ਮਰਨਾ ਕਿਵੇਂ ਚਾਹੀਦਾ ਹੈ, ਕਿੰਨੀ ਕੁ ਹੱਦ ਤਕ ਜ਼ੁਲਮ ਝੱਲਣਾ ਹੈ, ਕਦੋਂ ਜ਼ੁਲਮ ਬੰਦ ਕਰਾਉਣ ਦਾ ਫ਼ੈਸਲਾ ਕਰਨਾ ਹੈ? ਦੱਸਦਾ ਹੈ, ਜਿਨ੍ਹਾਂ ਕੌਮਾਂ ਨੂੰ ਅਜ਼ਾਦੀ ਦਾ ਪਤਾ ਨਹੀਂ, ਕੀ ਉਨ੍ਹਾਂ ਨੂੰ ਜ਼ੁਲਮ ਨਹੀਂ ਮਿਲਣਾ ਚਾਹੀਦਾ? ਤੇ ਅਖ਼ੀਰਲਾ ਅਧਿਆਇ ਹੈ, ਆਦਰਸ਼ਕ ਸਰਕਾਰ ਕਿਹੋ ਜਿਹੀ ਹੁੰਦੀ ਹੈ? ਕਿਤਾਬ ਦੇ ਅੰਤਿਮ ਪੰਨੇ ਉਪਰ ਇੱਕ ਨਿੱਕੀ ਜਿਹੀ ਟਿੱਪਣੀ ਦਿੱਤੀ ਗਈ ਹੈ। ਇਹ ਟਿੱਪਣੀ ਜਿਸ ਨੇ ਪੂਰਾ ਪੰਨਾ ਘੇਰਿਆ ਹੁੰਦਾ ਹੈ ਇਉਂ ਹੈ:

"ਘੋਰ ਗ਼ਰੀਬੀ ਕਾਰਨ ਨਹੀਂ, ਕਿਸੇ ਵੱਡੇ ਕਾਰੋਬਾਰ ਦੀ ਘਾਟ ਕਾਰਨ ਨਹੀਂ, ਧੁੰਧਲੇ ਦੀਵਿਆਂ ਦੀ ਮੱਧਮ ਰੌਸ਼ਨੀ ਦਾ ਸੁਖ ਮਾਣਨ ਦੀ ਖ਼ੁਸ਼ਫਹਿਮੀ ਵਾਲੇ ਮੂਰਖਾਂ ਵਾਂਗ ਨਹੀਂ, ਜਿਸ ਗ਼ੁਲਾਮੀ ਅਤੇ ਦਲਿਦਰ ਵਿਚ ਢਿੱਡ-ਭਾਰ ਇਟਲੀ ਰੀਂਗ ਰਿਹਾ ਹੈ ਉਸ ਕਰ ਕੇ ਵੀ ਨਹੀਂ; ਪਿਆਰੇ ਭਾਈਓ! ਕਿਤਾਬ ਲਿਖਣ ਦਾ ਫ਼ੈਸਲਾ ਇਨ੍ਹਾਂ ਵਿਚੋਂ ਕਿਸੇ ਵੀ ਕਾਰਨ ਕਰ ਕੇ ਨਹੀਂ ਲਿਆ। ਬੋਦੀਆਂ ਹਕੂਮਤਾਂ ਨੂੰ ਨਕਾਰਨ ਦਾ ਫ਼ੈਸਲਾ ਕਰਨ ਪਿੱਛੇ ਕੋਈ ਹੋਰ ਸੀ; ਕੋਈ ਪ੍ਰਬਲ ਦੇਵਤਾ ਸੀ ਜਿਹੜਾ ਹਮੇਸ਼ ਮੇਰਾ ਸਾਥ ਦਿੰਦਾ ਰਿਹਾ, ਬਚਪਨ ਤੋਂ ਮੈਨੂੰ ਹੌਸਲਾ ਦਿੰਦਾ ਰਿਹਾ। ਹੌਲੀ-ਹੌਲੀ ਉਸ ਨੇ ਮੈਨੂੰ ਏਨਾ ਨਿਡਰ ਕਰ ਦਿੱਤਾ ਕਿ ਇੱਕ ਦਿਨ ਮੈਨੂੰ ਲੱਗਾ ਮੇਰੀ ਗਤੀ ਨਹੀਂ ਹੋਵੇਗੀ ਜੇ ਮੈਂ ਜ਼ੁਲਮੀ ਹਕੂਮਤਾਂ ਦਾ ਨਾਂਮੋ-ਨਿਸ਼ਾਨ ਮਿਟਾਉਣ ਲਈ ਕਲਮ ਚੁੱਕ ਕੇ ਕੁਝ ਪੰਨੇ ਜ਼ਖ਼ਮੀ ਨਾ ਕੀਤੇ।"

-ਵਿਟੋਰੀਓ ਅਲਫਾਇਰੀ

## ਕਿਤਾਬ ਦਾ ਮੁੱਖ ਬੰਦ

"ਬੜੇ ਕਹਿਣਗੇ ਕਿ ਅਲਫਾਇਰੀ ਨੇ ਬਹੁਤ ਬੇਰਸ ਗੱਲਾਂ ਕੇਵਲ ਜ਼ਾਲਮਾਂ ਬਾਰੇ ਲਿਖ ਮਾਰੀਆਂ। ਅਲਫਾਇਰੀ ਦੀ ਲਹੂ ਰੰਗੀ ਕਲਮ, ਜ਼ਹਿਰ ਦੀ ਦਵਾਤ ਵਿਚੋਂ ਸਿਆਹੀ ਭਰਦੀ ਸੀ, ਅਲਫਾਇਰੀ ਇੱਕੋ ਅਕਾਊ ਸੁਰ ਤਾਂ ਅਲਾਪਦਾ ਰਿਹਾ, ਪਰ ਇਹ ਸੰਗੀਤ ਕਿਸੇ ਗ਼ੁਲਾਮ ਨੂੰ ਅਜ਼ਾਦ ਤਾਂ ਕਰਾ ਨਹੀਂ ਸਕਿਆ। ਸਿਆਣੇ ਬੰਦੇ ਹੱਸਣਗੇ ਮੇਰੀ ਲਿਖਤ ਉਪਰ। ਪਰ ਜਿਹੜਾ ਪਵਿੱਤਰ ਕੰਮ ਮੇਰੀ ਰੂਹ ਨੇ ਕਰਨਾ ਚਾਹਿਆ, ਇਹ ਉਹੀ ਕਰੇਗੀ। ਕਦੀ ਨਹੀਂ ਭਟਕੇਗੀ ਇੱਧਰ-ਓਧਰ। ਮੈਨੂੰ ਪਤਾ ਹੈ ਮੇਰਾ ਹੁਨਰ ਕਮਜ਼ੋਰ ਹੈ ਤੇ ਜ਼ਾਲਮ ਹਕੂਮਤਾਂ ਤਕੜੀਆਂ ਹਨ। ਇਮਾਨਦਾਰ ਮਨੁੱਖ ਜੰਮਣਗੇ ਤਾਂ ਦੇਖਣਾ ਮੇਰੇ ਸ਼ਬਦ ਹਵਾ ਵਿਚ ਸੱਜੇ-ਖੱਬੇ ਭਟਕਣਗੇ ਨਹੀਂ। ਆਉਣਗੇ ਅਜਿਹੇ ਬੰਦੇ ਜਿਨ੍ਹਾਂ ਨੂੰ ਪਤਾ ਹੈ ਅਜ਼ਾਦੀ ਕਿੰਨੀ ਪਿਆਰੀ ਹੈ ਤੇ ਜੀਵਨ ਦਾ ਕਿੰਨਾ ਜ਼ਰੂਰੀ ਹਿੱਸਾ ਹੈ।"

ਕੌਣ ਹੁੰਦਾ ਹੈ ਜ਼ਾਲਮ? "ਬੰਦਿਆਂ ਜਾਂ ਘਟਨਾਵਾਂ ਦੇ ਨਾਂ ਉਨ੍ਹਾਂ ਦੀ ਪਰਿਭਾਸ਼ਾ ਨਹੀਂ ਬਣਦੀ ਕਿਉਂਕਿ ਨਾਂ ਬਦਲਦੇ ਨਹੀਂ, ਬੰਦੇ ਤੇ ਘਟਨਾਵਾਂ ਵੀ ਸਮੇਂ ਅਤੇ ਸਥਾਨ ਅਨੁਸਾਰ ਬਦਲਦੇ ਰਹਿੰਦੇ ਹਨ। ਸੋ ਅਸੀਂ ਨਾਂਵਾਂ ਪਿੱਛੇ ਨਹੀਂ ਜਾਵਾਂਗੇ, ਅਸੀਂ ਤਾਂ ਮਨੁੱਖੀ ਸੁਭਾਅ ਦੀ ਕਹਾਣੀ ਛੇੜਾਂਗੇ।"

"ਆਮ ਆਦਮੀ 'ਜ਼ਾਲਮ' ਨਹੀਂ ਹੁੰਦਾ, ਹੋਣਾ ਚਾਹੇ ਤਦ ਵੀ ਨਹੀਂ, ਕਿਉਂਕਿ ਉਸ ਨੂੰ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮਾਜ ਕੁੱਟ ਦਿੰਦਾ ਹੈ ਜਾਂ ਫਿਰ ਕਾਨੂੰਨ ਉਸ ਨੂੰ ਆਪਣੇ ਸ਼ਿਕੰਜੇ ਵਿਚ ਜਕੜ ਲੈਂਦਾ ਹੈ। ਜ਼ਾਲਮ ਸ਼ਬਦ ਦਾ ਵਧੇਰੇ ਸਬੰਧ ਰਾਜਿਆਂ ਨਾਲ ਜੁੜਦਾ ਹੈ। ਰਾਜਾ

*(ਬਾਕੀ ਅਗਲੇ ਸਫੇ 'ਤੇ)*

(ਨਾਂ ਕੋਈ ਰੱਖ ਲਵੋ ਜਾਂ ਕੇਵਲ 'ਸਰਕਾਰ' ਆਖ ਲਵੋ) ਜਦੋਂ ਕਿਸੇ ਅੱਗੇ ਜਵਾਬਦੇਹ ਨਾ ਰਹੇ, ਤਦ ਉਸ ਵਰਗਾ 'ਅੱਤਵਾਦੀ' ਕੋਈ ਨਹੀਂ ਹੁੰਦਾ। ਪੁਰਾਣੇ ਯੂਨਾਨੀਆਂ ਨੇ ਸਭ ਰਾਜਿਆਂ ਨੂੰ 'ਜਾਬਰ' ਕਿਹਾ ਸੀ, ਇਸ ਕਰ ਕੇ ਮੈਂ ਆਖਦਾ ਹਾਂ ਕਿ 'ਮਰਦ' ਅਖਵਾਉਣ ਦੇ ਹੱਕਦਾਰ ਯੂਨਾਨੀ ਹੀ ਹਨ। ਸੋ ਜਾਬਰ ਦੀ ਪਰਿਭਾਸ਼ਾ ਇਹ ਹੋਈ, "ਉਹ ਸਭ ਬੰਦੇ, ਨਵੀਨ ਜਾਂ ਪੁਰਾਤਨ, ਧੱਕੇ ਨਾਲ਼ ਜਾਂ ਧੋਖੇ ਨਾਲ਼, ਇੱਥੋਂ ਤਕ ਕਿ ਚਲੋ ਬੇਸ਼ੱਕ ਪਰਜਾ ਦੀ ਸਹਿਮਤੀ ਨਾਲ਼, ਸੱਤਾ ਵਿਚ ਆ ਗਏ ਤੇ ਫਿਰ ਆਪਣੇ ਆਪ ਨੂੰ ਕਨੂੰਨ ਤੋਂ ਉਪਰ ਸਮਝਣ ਲੱਗ ਪਏ, 'ਜਾਬਰ' ਅਤੇ 'ਜ਼ਾਲਮ' ਹਨ।"

ਅਲਫਾਇਰੀ ਲਿਖਦਾ ਹੈ, ਜੇ ਭੂਤਕਾਲ ਦਾ ਟਾਈਟਸ ਜਾਂ ਟਰਾਜਨ ਜਾਬਰ ਸੀ ਤਾਂ ਸਾਡੇ ਅੱਜ ਦੇ ਨੀਰੋ, ਤਿਬੇਰੀਅਸ ਤੇ ਫਿਲਿਪ ਦੂਜਾ ਜਾਂ ਹੈਨਰੀ ਅਠਵਾਂ ਕੀ ਹੈ? ਧੰਨ ਹੈ ਸਾਡੀ ਪਰਜਾ, ਪੁਰਾਣੇ ਵੇਲ਼ੇ ਦੇ ਜ਼ੁਲਮਾਂ ਦੀਆਂ ਕਹਾਣੀਆਂ ਯਾਦ ਰੱਖਦੀ ਹੈ, ਪਰ ਵਰਤਮਾਨ ਜ਼ੁਲਮ ਬਰਦਾਸ਼ਤ ਕਰੀ ਜਾਂਦੀ ਹੈ। ਜਾਬਰ ਹਕੂਮਤ ਅਧੀਨ ਰਹਿੰਦੀ ਪਰਜਾ ਆਪਣੇ ਆਪ ਨੂੰ ਧੋਖਾ ਦੇਣਾ ਸਹਿਜੇ ਹੀ ਸਿੱਖ ਲੈਂਦੀ ਹੈ।

"ਮੈਂ ਹਰੇਕ ਉਸ ਸਰਕਾਰ ਨੂੰ, ਜਿਹੜੀ ਪਿਤਾ-ਪੁਰਖੀ ਹੋਵੇ ਭਾਵੇਂ ਲੋਕਾਂ ਦੀ ਚੁਣੀ ਹੋਈ, 'ਜਾਬਰ' ਕਹਾਂਗਾ ਜਿਹੜੀ ਮਨਮਰਜ਼ੀ ਨਾਲ਼ ਕਿਸੇ ਬੰਦੇ ਤੋਂ ਉਸ ਦੀ ਜਾਨ, ਜਾਇਦਾਦ ਜਾਂ ਉਸ ਦਾ ਸਨਮਾਨ ਖੋਹ ਲਵੇ।"

"ਕੀ ਤੁਸੀਂ ਸੋਚ ਸਕਦੇ ਹੋ ਕਿ ਇਹੋ ਜਿਹੀ ਸਰਕਾਰ ਦੀ ਕਦਰ ਵੀ ਲੋਕ ਕਰ ਸਕਦੇ ਹਨ? ਹਾਂ ਕਰਦੇ ਹਨ। ਜੇ ਲੋਕਾਂ ਨੂੰ ਪਤਾ ਹੈ ਕਿ ਸਾਡੀ ਹਰ ਸ਼ੈਅ ਬਿਨਾਂ ਕਾਰਨ ਦੱਸੇ ਖੋਹੀ ਜਾ ਸਕਦੀ ਹੈ, ਉਹ ਸਮਝਦੇ ਹਨ ਕਿ ਜੋ ਬਾਕੀ ਕੁਝ ਆਪਣੇ ਕੋਲ਼ ਬਚਿਆ ਹੈ, ਇਹ ਸਰਕਾਰ ਦੀ ਮਿਹਰਬਾਨੀ ਹੈ ਜੇ ਖੁੱਸਿਆ ਨਹੀਂ। ਹੱਥ ਉਪਰ ਰੱਖੀ ਰੋਟੀ ਜੇ ਖਾਧੀ ਗਈ ਤਾਂ ਧੰਨ ਹੈ ਸਾਡੀ ਸਰਕਾਰ, ਇਹ ਰੋਟੀ ਖੋਹੀ ਵੀ ਜਾ ਸਕਦੀ ਹੈ। ਸੋ ਜੋ ਕੁਝ ਖੁੱਸਿਆ ਨਹੀਂ, ਉਹ ਬਾਦਸ਼ਾਹ ਵੱਲੋਂ ਦਿੱਤਾ ਗਿਆ 'ਤੋਹਫ਼ਾ' ਸਮਝ ਕੇ ਪਰਜਾ ਰਾਜੇ ਦੇ ਗੁਣ ਗਾਉਂਦੀ ਹੈ।"

ਉਹ ਹੋਰ ਲਿਖਦਾ ਹੈ, ਅਜ਼ਾਦੀ ਉਹ ਨਹੀਂ ਹੁੰਦੀ ਜਿਸ ਵਾਸਤੇ ਲਾਈਸੈਂਸ ਲੈਣਾ ਪਵੇ। ਅਜ਼ਾਦੀ ਲੀਜ਼ ਉਤੇ ਵੀ ਨਹੀਂ ਦਿੱਤੀ ਜਾਇਆ ਕਰਦੀ ਕਦੀ। ਮੈਂ ਦੂਰ-ਦੂਰ ਘੁੰਮਿਆ। ਯੂਰਪ ਦੇ ਹਰ ਕਿਸੇ ਹਿੱਸੇ ਵਿਚ ਵੱਸਦੇ ਲੋਕਾਂ ਦੇ ਚਿਹਰਿਆਂ ਉਪਰ ਮੈਂ ਗੁਲਾਮੀ ਦੇ ਦਾਗ਼ ਸਾਫ਼ ਵੇਖੇ। ਜਾਬਰ ਸਰਕਾਰਾਂ ਜੇ ਸਮਝ ਰਹੀਆਂ ਹਨ ਕਿ ਸਮੇਂ ਦਾ ਪਹੀਆ ਰੁਕ ਗਿਆ ਹੈ, ਤਾਂ ਉਹ ਗ਼ਲਤਫ਼ਹਿਮੀ ਵਿਚ ਹਨ। ਉਨ੍ਹਾਂ ਦੀ ਖ਼ੁਸ਼ੀ ਥੋੜ੍ਹਚਿਰੀ ਹੈ। ਹਰੇਕ ਭਲੇ ਮਨੁੱਖ ਨੂੰ ਮੇਰੀ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਤਬਦੀਲੀ ਅਟੱਲ ਹੈ। ਤੁਸੀਂ ਛੇਤੀ ਹੀ ਆਪਣੀਆਂ ਅੱਖਾਂ ਨਾਲ਼ ਵੇਖੋਗੇ ਕਿ ਕੌਮਾਂਤਰੀ ਗ਼ੁਲਾਮੀ, ਅਜ਼ਾਦੀ ਵਿਚ ਬਦਲ ਜਾਵੇਗੀ। ਮੇਰਾ ਇਹ ਚੱਟਾਨ ਵਰਗਾ ਪੱਕਾ ਵਿਸ਼ਵਾਸ ਹੈ। ਮਨੁੱਖ ਗ਼ੁਲਾਮ ਨਹੀਂ ਰਹੇਗਾ। ਰਹਿ ਹੀ ਨਹੀਂ ਸਕਦਾ। ਜੇ ਉਹ ਮਨੁੱਖ ਹੈ ਤਾਂ ਅਜ਼ਾਦ ਹੋਵੇਗਾ, ਤੇ ਜੇ ਪਸ਼ੂ ਹੈ, ਤਾਂ ਇੱਕ ਦਿਨ ਮਨੁੱਖ ਬਣੇਗਾ। ਹੋਣੀ ਅਟੱਲ ਹੈ।

ਸੁਣੋ, ਕੋਈ ਵੀ ਸਰਕਾਰ, ਜਿਸ ਦੀ ਜ਼ਿੰਮੇਵਾਰੀ ਕਾਨੂੰਨ ਲਾਗੂ ਕਰਨ ਦੀ ਹੁੰਦੀ ਹੈ, ਜੇ ਕਾਨੂੰਨ ਮਨਮਰਜ਼ੀ ਨਾਲ਼ ਬਣਾਏ ਜਾਂ ਤੋੜੇ, ਮਰਜ਼ੀ ਨਾਲ਼ ਕਾਨੂੰਨ ਦੀ ਆਪਣੀ ਹੀ ਵਿਆਖਿਆ ਸਹੀ ਸਮਝੇ, ਜਾਂ ਕਾਨੂੰਨ ਨੂੰ ਨਜ਼ਰ-ਅੰਦਾਜ਼ ਕਰੇ, ਜਾਂ ਸੰਵਿਧਾਨ ਨੂੰ ਸਸਪੈਂਡ ਕਰ ਦਏ ਤੇ ਸਰਕਾਰ ਨੂੰ ਪਤਾ ਹੋਵੇ ਕਿ ਅਜਿਹਾ ਕਰਨ ਸਦਕਾ ਹੁਕਮਰਾਨਾਂ ਨੂੰ ਕੋਈ ਸਜ਼ਾ ਨਹੀਂ ਹੋਵੇਗੀ, ਤਦ ਇਸੇ ਨੂੰ 'ਜਬਰ' ਅਤੇ 'ਜ਼ੁਲਮ' ਕਿਹਾ ਜਾਂਦਾ ਹੈ। ਤਾਨਾਸ਼ਾਹ ਹੋਵੇ ਜਾਂ ਗਣਤੰਤਰ, ਇੱਕ ਹੋਵੇ ਜਾਂ ਅਨੇਕ, ਜੋ ਕਾਨੂੰਨ ਨਾਲ਼ ਉਪਰ ਦੱਸਿਆ ਖਿਲਵਾੜ ਕਰਦਾ ਹੈ, ਉਹ 'ਜ਼ਾਲਮ' ਹੈ ਤੇ ਜਿਹੜੀ ਪਰਜਾ ਉਸ ਦਾ ਜ਼ੁਲਮ ਬਰਦਾਸ਼ਤ ਕਰਦੀ ਹੈ, ਉਹ 'ਗ਼ੁਲਾਮ' ਹੈ। ਹਕੂਮਤ ਦੇਸੀ ਹੋਵੇ ਜਾਂ ਵਿਦੇਸ਼ੀ, ਸਾਰਿਆਂ ਉਪਰ ਇਹੋ ਪਰਿਭਾਸ਼ਾ ਲਾਗੂ ਹੁੰਦੀ ਹੈ।

ਕਾਨੂੰਨ ਕੀ ਹੁੰਦਾ ਹੈ? ਕਾਨੂੰਨ ਇੱਕ ਪ੍ਰਕਾਰ ਦਾ ਸੌਦਾ ਹੈ, ਜਿਸ ਉਪਰ ਪਰਜਾ ਅਤੇ ਹਕੂਮਤ ਦੇ ਦਸਤਖ਼ਤ ਹੁੰਦੇ ਹਨ। ਸੌਦਾ ਇਹ ਹੈ ਕਿ ਪਰਜਾ ਦਾ ਮਾਨ-ਸਨਮਾਨ, ਜਾਨ, ਮਾਲ ਸੁਰੱਖਿਅਤ ਰਹੇਗਾ ਤੇ ਬਦਲੇ ਵਿਚ ਪਰਜਾ ਰਾਜੇ ਦਾ ਮਾਨ-ਸਨਮਾਨ ਕਾਇਮ ਰੱਖੇਗੀ। ਇਹ ਸਮਾਜ ਦਾ ਉਹ ਅਹਿਦਨਾਮਾ ਹੈ ਜਿਹੜਾ ਇੱਕ ਪਾਸੜ ਨਹੀਂ ਚੱਲ ਸਕਦਾ। ਪਰਜਾ ਓਨੀ ਹੀ ਸਨਮਾਨ ਦੀ ਹੱਕਦਾਰ ਰਹੇਗੀ ਜਿੰਨਾ ਰਾਜਾ। ਕੁਝ ਮੂਰਖ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਦੇਸ਼ ਦਾ ਸੰਵਿਧਾਨ ਬੜਾ ਚੰਗਾ ਹੈ। ਪਿਆ ਹੋਵੇ ਚੰਗਾ। ਜੇ ਚੰਗਿਆਈ ਲਾਗੂ ਨਹੀਂ ਹੋਵੇਗੀ ਤਾਂ ਕੀ ਕਰੋਗੇ ਉਸ ਦਾ ਫਿਰ? ਕਾਨੂੰਨ ਕੋਈ ਖਾਣ ਦੀ ਚੀਜ਼ ਨਹੀਂ। ਖਾਣੀ ਤਾਂ ਰੋਟੀ ਹੈ, ਪਰ ਕਾਨੂੰਨ ਜੇ ਸਹੀ ਢੰਗ ਨਾਲ਼ ਲਾਗੂ ਨਾ ਹੋਇਆ ਤਾਂ ਖ਼ੁਰਾਕ ਹਰਾਮ ਹੋ ਜਾਂਦੀ ਹੈ। ਸਭ ਤੋਂ ਭੈੜੀ ਜ਼ਾਲਮ ਸਰਕਾਰ ਉਹ ਹੈ, ਜੋ ਪਰਜਾ ਨੂੰ ਜਵਾਬ ਦੇਣਾ ਮੁਨਾਸਬ ਨਾ ਸਮਝੇ। ਇਕੱਲਾ ਨਿਰੰਕੁਸ਼ ਜਾਬਰ ਤਾਨਾਸ਼ਾਹ ਵਧੀਕ ਖ਼ਤਰਨਾਕ ਹੁੰਦਾ ਹੈ। ਜਿਸ ਨੂੰ ਅਸੀਂ 'ਗਣਤੰਤਰ' ਨਾਂ ਦੇ ਰੱਖਿਆ ਹੈ, ਉਸ 'ਚ ਬਹੁਗਿਣਤੀ ਵਿਚ ਜਾਬਰ ਹੁੰਦੇ ਹਨ, ਇਸ ਵਿਚ ਜ਼ੁਲਮ ਖਿੰਡ-ਪੁੰਡ ਜਾਂਦਾ ਹੈ। ਬਦਲਾਖੋਰੀ ਦੀ ਸੰਭਾਵਨਾ ਜੇ ਮਿਟਦੀ ਨਹੀਂ ਤਾਂ ਘਟਦੀ ਤਾਂ ਹੈ ਹੀ। ਪਰਜਾਤੰਤਰਾਂ ਵਿਚ ਕਦੀ-ਕਦੀ ਸੁਤੰਤਰਤਾ ਦਾ ਝਲਕਾਰਾ ਦਿਖਾਈ ਪੈਂਦਾ ਹੈ। ਲੋਕ ਭ੍ਰਿਸ਼ਟ, ਮੂਰਖ ਅਤੇ ਗ਼ੁਲਾਮ ਬਣ ਜਾਣ, ਤਦ ਥੋੜ੍ਹੇ ਕੁ ਝਲਕਾਰੇ ਨਾਲ਼ ਵੀ ਸੰਤੁਸ਼ਟ ਹੋ ਜਾਂਦੇ ਹਨ। ਜਦੋਂ ਇਹ ਕਿਤਾਬ ਲਿਖੀ ਜਾ ਰਹੀ ਸੀ, ਮੈਂ ਵੇਖਿਆ ਓਦੋਂ ਫ਼ਰਾਂਸ ਅਨੰਤ ਭ੍ਰਿਸ਼ਟਾਚਾਰ ਦੀ ਗੂੜ੍ਹੀ ਨੀਂਦ ਵਿਚ ਸੁੱਤਾ ਪਿਆ ਸੀ।"

ਅਲਫਾਇਰੀ ਦਾ ਕਥਨ ਹੈ, "ਪੁਰਾਣੇ ਵੇਲ਼ਿਆਂ ਵਿਚ ਰੋਮਨਾਂ ਨੇ 'ਭੈ' ਨਾਂ ਦੀ ਦੇਵੀ ਦਾ ਇੱਕ ਮੰਦਰ (ਟੈਂਪਲ ਆਫ਼ ਫੀਅਰ) ਖੜ੍ਹਾ ਕਰ ਕੇ ਓਥੇ ਬਲੀ ਦੇਣੀ ਸ਼ੁਰੂ ਕੀਤੀ ਸੀ ਤਾਂ ਕਿ ਇਹ ਦੇਵੀ, ਡਰ ਤੇ ਖ਼ੌਫ਼ ਸਾਡੇ ਨੇੜੇ ਨਾ ਆਉਣ ਦੇਵੇ। ਅਜੋਕੀਆਂ ਅਦਾਲਤਾਂ ਮੈਨੂੰ ਪੁਰਾਣੇ ਮੰਦਰ ਲੱਗਦੇ ਹਨ। ਮੰਦਰ ਦਾ ਨਾਂ ਹੈ ਮਹਿਲ, ਜਿਹੜੀ ਮੂਰਤੀ ਸਥਾਪਤ ਕੀਤੀ ਉਸ ਦਾ ਨਾਂ ਰੱਖਿਆ-ਰਾਜਾ। ਦਰਬਾਨ, ਅਫ਼ਸਰ, ਜੱਜ ਇਸ ਦੀ ਪੁਜਾਰੀ ਸ਼੍ਰੇਣੀ ਹੈ ਤੇ ਇਹ ਪੁਜਾਰੀ ਪਤਾ ਹੈ, ਕੀ ਬਲੀ ਚੜ੍ਹਾਉਂਦੇ ਹਨ? ਸਾਡੀ ਸੁਤੰਤਰਤਾ, ਨੇਕੀ, ਖਰਾ ਸਨਮਾਨ, ਸਾਡਾ ਆਪਣਾ ਪਿਆਰਾ ਅਤਿ ਸੋਹਣਾ ਤੇ ਸੂਖ਼ਮ ਆਪਾ ਹਰ ਰੋਜ਼ ਇੱਥੇ ਕੁਰਬਾਨ ਹੁੰਦੇ ਹਨ।

ਵਿਦਵਾਨ ਮਾਂਟੇਕ ਆਖਦਾ ਹੈ ਕਿ ਬਾਦਸ਼ਾਹਤ ਦੀ ਨੀਂਹ ਅਤੇ ਸਿਖਰਲਾ ਝੰਡਾ ਸ੍ਵੈਮਾਣ ਵਿਚੋਂ ਉਪਜਦਾ ਹੈ। ਮੈ ਇਹ ਗੱਲ ਨਹੀਂ ਮੰਨਦਾ। ਬਾਦਸ਼ਾਹਤ ਦੀ ਨੀਂਹ ਖ਼ੌਫ਼ ਉਪਰ ਟਿਕਦੀ ਹੈ ਤੇ ਉਸ ਦਾ ਪਰਚਮ ਖ਼ੌਫ਼ਨਾਕ ਹੁੰਦਾ ਹੈ। ਹਰ ਮਨੁੱਖ ਕਿਸੇ ਨਾ ਕਿਸੇ ਵਜ੍ਹਾ ਕਰ ਕੇ ਦੁਖੀ ਹੁੰਦਾ ਹੈ। ਪਰ ਸਰਕਾਰ ਜਿਹੜੀ ਬਣਾਈ ਭਲਾ ਕਰਨ ਲਈ ਸੀ, ਜੇ ਉਹ ਵੀ ਦੁਖੀ ਕਰਨ ਲੱਗੇ, ਤਦ ਜਾਂ ਤਾਂ ਆਦਮੀ ਏਨੇ ਭੈਭੀਤ ਹੋ ਜਾਂਦੇ ਹਨ ਕਿ ਉਹ ਰਾਜੇ ਨੂੰ 'ਰੱਬ ਤੋਂ ਵੀ ਵੱਡਾ' ਕਹਿਣ ਲੱਗਦੇ ਹਨ, ਜਾਂ ਫਿਰ ਸਰਕਾਰ ਦੇ ਆਤੰਕ ਤੋਂ ਏਨੇ ਨਿਡਰ ਹੋ ਜਾਂਦੇ ਹਨ ਕਿ ਹਕੂਮਤਾਂ ਪਲ਼ਟ ਦਿੰਦੇ ਹਨ। ਇੱਕੋ ਸਮੇਂ, ਇੱਕੋ ਦੇਸ਼ ਵਿਚ, ਇੱਕੋ ਧਰਮ ਵਾਲ਼ੇ ਲੋਕਾਂ ਦਾ ਇੱਕ ਹਿੱਸਾ ਰਾਜੇ ਦੀ ਬੰਦਗੀ ਕਰਦਾ ਹੈ, ਦੂਜਾ ਬਗ਼ਾਵਤ ਕਰਦਾ ਹੈ। ਰਾਜਾ ਖ਼ੁਦ ਭੈ-ਮੁਕਤ ਨਹੀਂ ਹੁੰਦਾ। ਜੇ ਤਾਕਤ ਨੇ ਉਸ ਨੂੰ ਪੂਰਾ ਮੂਰਖ ਕਰ ਦਿੱਤਾ ਹੈ, ਫਿਰ ਕਹਾਣੀ ਹੋਰ ਹੈ, ਪਰ ਬੇਲਗਾਮ ਹੁਕਮਰਾਨ ਨੂੰ ਆਪਣੀਆਂ ਕਰਤੂਤਾਂ ਦਾ ਪਤਾ ਹੁੰਦਾ ਹੈ, ਇਸ ਲਈ ਉਹ ਜਾਣਦਾ ਹੈ ਕਿ ਅਣਗਿਣਤ ਦਿਲਾਂ ਵਿਚ ਬਦਲਾਖੋਰੀ ਦੀ ਅੱਗ ਸੁਲਗਦੀ-ਸੁਲਗਦੀ ਭੜਕ ਵੀ ਸਕਦੀ ਹੈ। ਭੜਕਣੀ ਹੀ ਹੈ ਇੱਕ ਦਿਨ। ਲੋਕ ਡਰਦੇ ਹਨ, ਉਨ੍ਹਾਂ ਕੋਲ ਇੱਕ ਜਾਨ ਬਚੀ ਹੈ ਕੇਵਲ, ਕਿਤੇ ਇਹ ਵੀ ਨਾ ਖੁੱਸ ਜਾਵੇ। ਰਾਜਾ ਡਰਦਾ ਹੈ ਕਿ ਉਸ ਕੋਲ ਸਭ ਕੁਝ ਹੈ, ਕਿਤੇ ਇਹ ਖੁੱਸ ਨਾ ਜਾਵੇ।

ਤਦ ਕਦੀ-ਕਦੀ ਇਸ ਡਰ ਵਿਚ ਉਹ ਕੁਝ ਰਿਆਇਤਾਂ ਦਿੰਦਾ ਹੈ। ਡਰਦੇ ਮਾਰੇ ਲੋਕ ਵਗਾਰਾਂ ਕਰਦੇ ਹਨ, ਅਧਨੰਗੇ ਰਹੀ ਜਾਂਦੇ ਹਨ। ਹਕੂਮਤ ਉਨ੍ਹਾਂ ਦੇ ਘਰਾਂ ਵਿਚੋਂ ਜਵਾਨ ਮੁੰਡੇ ਘੜੀਸ ਕੇ, ਹੱਥਾਂ ਵਿਚ ਹਥਿਆਰ ਫੜਾ ਕੇ ਗੁਆਂਢੀ ਦੇਸ਼ ਉਪਰ ਹੱਲਾ ਕਰਵਾਉਂਦੀ ਹੈ। ਜਿਸ ਦੇਸ਼ ਨਾਲ਼ ਉਹ ਲੜਨ ਗਏ ਹਨ, ਉਹ ਉਨ੍ਹਾਂ ਦਾ ਦੁਸ਼ਮਣ ਨਹੀਂ, ਦੁਸ਼ਮਣ ਤਾਂ ਆਪਣੀ ਹਕੂਮਤ ਹੈ। ਲੋਕ ਵੇਖਦੇ ਹਨ ਕਿ ਇਨਸਾਫ਼ ਖ਼ਰੀਦਿਆ-ਵੇਚਿਆ ਜਾ ਸਕਦਾ ਹੈ, ਨੇਕੀ ਰੁਲ਼ਦੀ ਫਿਰਦੀ ਹੈ, ਗ਼ਰੀਬੀ ਅਤੇ ਵਿਭਚਾਰ ਫ਼ੈਲ ਰਿਹਾ ਹੈ, ਮੁਖ਼ਬਰ ਸਨਮਾਨਿਤ ਹੋ ਰਹੇ ਹਨ, ਬਦੀ ਉਚ ਰੁਤਬਿਆਂ ਉਪਰ ਸੁਸ਼ੋਭਿਤ ਹੈ, ਇਮਾਨਦਾਰੀ ਅਤੇ ਸੱਚਾਈ ਨੂੰ ਅਪਰਾਧੀ ਠਹਿਰਾ ਕੇ ਫਾਹੇ ਲਾਇਆ ਜਾਂਦਾ ਹੈ, ਜਾਇਦਾਦਾਂ ਕੁਰਕ ਕੀਤੀਆਂ ਜਾਂਦੀਆਂ ਹਨ ਤਾਂ ਆਤੰਕ ਫ਼ੈਲਦਾ ਹੈ। ਸਟੇਟ ਵਿਰੁਧ ਕੀਤਾ ਇੱਕ ਕਥਨ ਵੀ ਅਪਰਾਧ ਹੈ, ਕੋਈ ਐਕਸ਼ਨ ਕਰਨਾ ਤਾਂ ਦੂਰ ਦੀ ਗੱਲ।

ਕੁਝ ਲੋਕ ਸੋਚਦੇ ਵੀ ਹਨ ਕਿ ਹਕੂਮਤ ਵਿਰੁਧ ਬੋਲਣ ਦੀ ਬਜਾਏ ਕਾਰਨਾਮੇ ਹੀ ਕਰਨੇ ਚਾਹੀਦੇ ਹਨ। ਇਸ ਦਾ ਨਤੀਜਾ ਇਹ ਨਿਕਲ਼ਦਾ ਹੈ ਕਿ ਨਾ ਕੋਈ ਕੁਸਕਦਾ ਹੈ, ਨਾ ਕਾਰਨਾਮਾ ਹੁੰਦਾ ਹੈ। ਅਸੀਂ ਸਭ ਚੰਗੇ ਜਾਂ ਮਾੜੇ, ਵਿਦਵਾਨ ਤੇ ਜਾਹਲ, ਸਿਆਣੇ ਤੇ ਕਮਲੇ, ਯੋਧੇ ਤੇ ਬੁਜ਼ਦਿਲ, ਕੋਈ ਘੱਟ ਕੋਈ ਵੱਧ, ਸਾਰਿਆਂ ਨੂੰ ਕਾਂਬਾ ਛਿੜ ਜਾਂਦਾ ਹੈ। ਇਹ ਦਹਿਸ਼ਤ ਮਨੁੱਖਾਂ ਨੂੰ ਹਕੂਮਤ ਨਾਲ਼ ਜੋੜੀ ਰੱਖਦੀ ਹੈ।

ਅਜਿਹੀ ਹਕੂਮਤ ਭ੍ਰਿਸ਼ਟ ਬੰਦਿਆਂ ਨੂੰ ਜੱਜ ਨਿਯੁਕਤ ਕਰਦੀ ਹੈ, ਇਮਾਨਦਾਰ ਜੱਜਾਂ ਨੂੰ ਭ੍ਰਿਸ਼ਟ ਕਰਦੀ ਹੈ ਕਿਉਂਕਿ ਜੇ ਜੱਜ ਇਮਾਨਦਾਰ ਰਹਿਣ ਦਿੱਤੇ ਤਾਂ ਉਹ ਪਰਜਾ ਦੀ ਸ਼ਿਕਾਇਤ ਉਪਰ ਹਕੂਮਤ ਨੂੰ ਵੀ ਸਜ਼ਾ ਦੇ ਸਕਦੇ ਹਨ। ਹਕੂਮਤ ਹੈ ਹੀ ਭ੍ਰਿਸ਼ਟ, ਤਾਂ ਸਜ਼ਾਯਾਫ਼ਤਾ ਕਿਉਂ ਹੋਵੇ? ਭ੍ਰਿਸ਼ਟ ਦੇਸ਼ ਵਿਚ ਸਭ ਤੋਂ ਵੱਡਾ ਸਨਮਾਨਯੋਗ ਬੰਦਾ ਉਹੀ ਹੋਵੇਗਾ ਜਿਹੜਾ ਸਭ ਤੋਂ ਵਧੀਕ ਭ੍ਰਿਸ਼ਟ ਹੈ। ਹਰੇਕ ਜਾਬਰ, ਇਨਸਾਫ਼ ਦਾ ਨਾਂ ਸੁਣ ਕੇ ਕੰਬ ਜਾਂਦਾ ਹੈ, ਇਮਾਨਦਾਰ ਬੰਦਾ ਉਸ ਨੂੰ ਲੱਗਦਾ ਹੈ ਧਰੋਹ ਕਮਾਏਗਾ, ਸਾਜ਼ਿਸ਼ ਰਚੇਗਾ। ਸੱਚ ਸੁਣ ਕੇ ਉਸ ਨੂੰ ਕ੍ਰੋਧ ਚੜ੍ਹ ਜਾਂਦਾ ਹੈ। ਉਹ ਸਾਰਾ ਕਾਰਜਭਾਰ ਉਨ੍ਹਾਂ ਬੰਦਿਆਂ ਨੂੰ ਸੰਭਾਲ਼ੇਗਾ ਜਿਹੜੇ ਉਸ ਦੇ ਵਿਸ਼ਵਾਸਪਾਤਰ ਹਨ, ਜੇ ਭ੍ਰਿਸ਼ਟ ਹਨ ਤਾਂ ਕੀ ਹੋਇਆ? ਲੁੱਟਾਂ-ਖੋਹਾਂ ਤੇ ਬਲਾਤਕਾਰਾਂ ਵਿਚ ਇਹ ਵਿਸ਼ਵਾਸਪਾਤਰ ਕੋਈ ਹੱਦ ਬੰਨਾ ਨਹੀਂ ਵੇਖਦੇ।

> ***ਜ਼ਾਲਮ ਹਕੂਮਤ ਦਾ ਤੁਸੀਂ ਸਤਿਕਾਰ ਨਹੀਂ ਕਰ ਸਕਦੇ, ਨਾ ਉਸ ਨੂੰ ਪਿਆਰ ਕਰ ਸਕਦੇ ਹੋ, ਨਾ ਉਸ ਵਿਚ ਵਿਸ਼ਵਾਸ ਕਾਇਮ ਰਹਿ ਸਕਦਾ ਹੈ। ਪਿਆਰ ਸਤਿਕਾਰ ਉਸ ਨੂੰ ਕਹਿੰਦੇ ਹਨ ਜਿਹੜਾ ਮੋੜਵਾਂ ਓਨਾ ਹੀ ਮਿਲ਼ੇ ਜਿੰਨਾ ਤੁਸੀਂ ਕੀਤਾ ਹੁੰਦਾ ਹੈ। ਓਧਰੋਂ ਤਾਂ 'ਹੁਕਮ' ਜਾਰੀ ਹੁੰਦੇ ਹਨ ਤੇ ਇੱਧਰ 'ਸਹਿਮ' ਦਾ ਪਸਾਰਾ ਹੁੰਦਾ ਹੈ। ਇਸੇ ਕਰ ਕੇ ਸਰਕਾਰ ਵੱਲੋਂ ਦਿੱਤੇ ਸਨਮਾਨ ਮੈਨੂੰ ਤਕੜਾ ਫ਼ਰਾਡ ਦਿੱਸਦੇ ਹਨ।***

ਭਲਾ ਤੇ ਇਮਾਨਦਾਰ ਬੰਦਾ ਤਾਂ ਬਾਦਸ਼ਾਹ ਦੇ ਲਾਗੇ ਨਹੀਂ ਲੱਗਦਾ, ਕਿਉਂਕਿ ਨੇਕੀ ਬੜੀ ਜਲਦੀ ਜ਼ਖ਼ਮੀ ਹੁੰਦੀ ਹੈ। ਬਦ-ਇਖ਼ਲਾਕ ਲੋਕ ਉਸ ਦੇ ਦੁਆਲ਼ੇ ਝੁਰਮਟ ਪਾਈ ਰੱਖਦੇ ਹਨ। ਇਨ੍ਹਾਂ ਲੋਕਾਂ ਵਿਚੋਂ ਦੀ ਰਾਜੇ ਨੇ ਪਰਜਾ ਵੇਖਣੀ ਹੈ। ਸੋ ਇਹੀ ਉਸ ਦੇ ਕੰਨ ਹਨ, ਇਹੀ ਅੱਖਾਂ। ਕਦੀ=ਕਦੀ ਕੋਈ ਇਮਾਨਦਾਰ ਰਾਜਾ ਵੀ ਜੇ ਪਰਜਾ ਨੂੰ ਮਿਲ਼ ਜਾਵੇ, ਤਦ ਵੀ ਭ੍ਰਿਸ਼ਟ ਬੰਦੇ ਤੁਰੰਤ ਇਮਾਨਦਾਰੀ ਦਾ ਲਿਬਾਸ ਪਹਿਨ ਲੈਂਦੇ ਹਨ। ਹੌਲ਼ੀ-ਹੌਲ਼ੀ ਰਾਜਾ ਉਨ੍ਹਾਂ ਉਪਰ ਨਿਰਭਰ ਹੋ ਜਾਂਦਾ ਹੈ। ਵੈਸੇ ਵੀ ਇਮਾਨਦਾਰ ਤੇ ਭਲੇ ਬੰਦੇ ਨਾਲੋਂ ਭ੍ਰਿਸ਼ਟ ਬੰਦਾ ਵਧੀਕ ਗਤੀਸ਼ੀਲ, ਚੇਤੰਨ ਤੇ ਕਾਰਜਸ਼ੀਲ ਹੁੰਦਾ ਹੈ। ਹਕੂਮਤਾਂ ਲਈ ਅਜਿਹੇ ਬੰਦੇ ਰੱਬ ਬਣ ਕੇ ਬਹੁੜਦੇ ਹਨ। ਚੰਗੀ ਸਰਕਾਰ ਵਿਚ ਵੀ ਲੋਕ ਡਰਦੇ ਹਨ, ਪਰ ਬੰਦਿਆਂ ਤੋਂ ਨਹੀਂ, ਕਾਨੂੰਨ ਤੋਂ ਡਰਦੇ ਹਨ। ਚੰਗੀ ਸਰਕਾਰ ਦਾ ਕਾਨੂੰਨ ਦਿਲ ਵਿਚ ਡਰ ਤਾਂ ਪੈਦਾ ਕਰਦਾ ਹੈ, ਨਫ਼ਰਤ ਪੈਦਾ ਨਹੀਂ ਕਰਦਾ। ਜ਼ਾਲਮ ਸਰਕਾਰ ਦੇ ਹਰ ਅਮਲ ਵਿਚ ਘ੍ਰਿਣਾ ਦੇ ਅੰਸ਼ ਮਿਲ਼ੇ ਹੁੰਦੇ ਹਨ।

ਇੱਥੇ ਸਵਾਲ ਹੈ ਕਿ ਜ਼ਾਲਮ ਹਕੂਮਤ ਵਾਸਤੇ ਵੀ ਸਰਹੱਦਾਂ 'ਤੇ ਲੋਕ ਬਹਾਦਰੀ ਨਾਲ ਜਾਨਾਂ ਕਿਉਂ ਨਿਛਾਵਰ ਕਰ ਦਿੰਦੇ ਹਨ? ਇਸ ਦਾ ਉਤਰ ਹੈ ਕਿ ਬੁਜ਼ਦਿਲੀ ਅਕਸਰ ਬਹਾਦਰੀ ਦਾ ਲਿਬਾਸ ਪਹਿਨ ਲੈਂਦੀ ਹੈ। ਨਾ ਲੜਨਾ ਚਾਹੁਣ ਵਾਲ਼ਾ ਸਿਪਾਹੀ, ਸਾਹਮਣੇ ਦੁਸ਼ਮਣ ਹਮਲਾਵਰ ਨੂੰ ਵੇਖ ਕੇ ਰੋਹ ਵਿਚ ਆ ਜਾਂਦਾ ਹੈ। ਇਹ ਆਮ ਮਨੁੱਖੀ ਸੁਭਾਅ ਹੈ। ਦੂਜਾ ਇਹ ਕਿ ਜੰਗੀ ਭਗੌੜੇ ਨੂੰ ਤਾਂ ਉਸ ਦੀ ਆਪਣੀ ਸੈਨਾ ਵੀ ਜਿਊਂਦਾ ਨਹੀਂ ਛੱਡਦੀ। ਸਾਹਮਣੇ ਦੁਸ਼ਮਣ ਹੈ, ਉਸ ਨਾਲ਼ ਲੜਨਾ, ਜਿੱਤਣਾ ਜਾਂ ਮਰਨਾ ਸਨਮਾਨਯੋਗ ਹੈ; ਪਿੱਛੇ ਆਪਣੀ ਫ਼ੌਜ ਹੈ ਹਥਿਆਰਬੰਦ, ਉਸ ਹੱਥੋਂ ਵੀ ਮੌਤ ਹੋਵੇਗੀ ਪਰ ਅਪਮਾਨਿਤ ਮੌਤ। ਜੇ ਨਤੀਜਾ ਮੌਤ ਹੈ ਤਾਂ ਸਨਮਾਨਯੋਗ ਮੌਤ ਕਿਉਂ ਨਾ ਮਰੀਏ? ਬੁਜ਼ਦਿਲ ਸਿਪਾਹੀ ਦਾ ਵੀ ਇਹੀ ਤਰਕ ਹੋਵੇਗਾ। ਦੇਸ਼ ਪਿਆਰ ਕਿੱਥੇ ਹੈ ਇੱਥੇ?

ਆਮ ਆਦਮੀ ਏਨਾ ਬੁਜ਼ਦਿਲ ਨਹੀਂ ਹੁੰਦਾ ਜਿੰਨੇ ਦਰਬਾਰ ਵਿਚਲੇ ਅਫ਼ਸਰ। ਇਹ ਅਫ਼ਸਰ ਆਪਣੀ ਬੁਜ਼ਦਿਲੀ ਨੂੰ ਕਦੀ ਹੁਕਮਰਾਨ ਨਾਲ਼ ਪਿਆਰ ਦਾ ਨਾਂ ਦਿੰਦੇ ਹਨ, ਕਦੀ ਸਤਿਕਾਰ ਤੇ ਕਦੀ ਵਫ਼ਾਦਾਰੀ ਦਾ ਨਾਂ। ਸੁਤੰਤਰ ਮਨੁੱਖ ਤਾਂ ਰਾਜੇ ਦੇ ਸਾਹਮਣੇ ਆਉਣ ਲਈ ਤਿਆਰ ਨਹੀਂ, ਕਿਉਂਕਿ ਉਸ ਦੀ ਅਣਖ ਜ਼ਖ਼ਮੀ ਹੋ ਸਕਦੀ ਹੈ। ਮਹਿਲਾਂ ਅੰਦਰ ਸਿਰੇ ਦੇ ਬੁਜ਼ਦਿਲ ਸਿਰ ਝੁਕਾਈ, ਹੱਥ ਬੰਨ੍ਹੀ, ਤਾਬਿਆਦਾਰੀ ਵਿਚ ਲੀਨ ਹਨ, ਪਰ ਬਾਹਰ ਆ ਕੇ ਹੋਰਾਂ ਉਪਰ ਉਹ ਖ਼ੂਬ ਰੋਹਬਦਾਬ ਪਾਉਂਦੇ ਹਨ।

ਹੁਕਮਰਾਨ ਇਕੱਲਾ ਹੈ, ਪਰਜਾ ਬਹੁਗਿਣਤੀ ਵਿਚ ਹੈ, ਸੋ ਉਸ ਦੇ ਹਿਤ ਬਹੁਗਿਣਤੀ ਦੇ ਹਿਤਾਂ ਨਾਲ਼ ਟਕਰਾਉਣਗੇ। ਹਕੂਮਤ ਨੂੰ ਉਹ ਬੰਦੇ ਚਾਹੀਦੇ ਹਨ ਜਿਹੜੇ ਰਾਜੇ ਦੀ ਹਮਾਇਤ ਵਿਚ ਬਹੁਗਿਣਤੀ ਦੇ ਖ਼ਿਲਾਫ਼ ਹੋਣ। ਅਜਿਹੇ ਬੰਦਿਆਂ ਨੂੰ ਇਨਾਮ ਮਿਲ਼ਦੇ ਹਨ। ਜਿਹੜਾ ਬੰਦਾ ਬਹੁਤਿਆਂ ਦਾ ਭਲਾ ਕਰਨ ਲਈ ਯਤਨਸ਼ੀਲ ਹੋਵੇ, ਹਕੂਮਤਾਂ ਉਸ ਨੂੰ ਸਜ਼ਾਵਾਂ ਦੇਣਗੀਆਂ। ਇੱਕ ਇਮਾਨਦਾਰ ਬੰਦਾ ਵੀਹਾਂ ਬੇਈਮਾਨਾਂ ਦੀ ਨੀਂਦ ਹਰਾਮ ਕਰੇਗਾ, ਫਿਰ ਉਸ ਨੂੰ ਖ਼ਾਹ-ਮਖ਼ਾਹ ਕਿਉਂ ਬਰਦਾਸ਼ਤ ਕੀਤਾ ਜਾਵੇ? ਹਕੂਮਤਾਂ ਮੂਰਖ ਨਹੀਂ ਹਨ ਭਾਈ!

ਮੈਂ ਜ਼ਾਲਮ ਰਾਜੇ ਨੂੰ ਆਪਣੀ ਪਰਜਾ ਕਤਲ ਕਰਦਿਆਂ ਵੇਖਿਆ ਹੈ, ਪੂਰੇ ਸ਼ਹਿਰ ਨੂੰ ਅੱਗ ਲਾ ਕੇ ਸੁਆਹ ਦਾ ਢੇਰ ਬਣਾਉਂਦਿਆਂ ਵੇਖਿਆ ਹੈ ਤੇ ਫਿਰ ਇਹ ਵੀ ਵੇਖਿਆ ਹੈ ਕਿ ਉਹ ਪਾਦਰੀ ਕੋਲ਼ ਪ੍ਰਾਸ਼ਚਿਤ ਕਰਨ ਗਿਆ ਤੇ ਪਾਦਰੀ ਨੇ ਉਸ ਦੇ ਅਪਰਾਧ ਮਾਫ਼ ਕਰ ਦਿੱਤੇ। ਮੈਂ ਨਹੀਂ ਵੇਖਿਆ ਕੈਥੋਲਿਕ ਮਤ ਨੇ ਕਿਸੇ ਬੰਦੇ ਨੂੰ ਸੁਤੰਤਰ ਰਹਿਣ ਦਿੱਤਾ ਹੋਵੇ। ਰਾਜਿਆਂ ਨੇ ਆਪਣੀਆਂ ਪਤਨੀਆਂ, ਭਰਾ, ਭੈਣ ਤੇ ਮਾਪੇ ਕਤਲ ਕੀਤੇ। ਨਿਰਸੰਦੇਹ, ਖ਼ੁਦ ਵੀ ਪਿੱਛੋਂ ਤਲਵਾਰ ਦੀ ਭੇਟ ਚੜ੍ਹ ਗਏ, ਕਿਉਂਕਿ ਉਨ੍ਹਾਂ ਦੀ ਕਿਸਮਤ ਇਹੋ ਸੀ, ਪਰ ਇਹ ਦੱਸੋ ਕਿਸੇ ਪੁਜਾਰੀ ਤੋਂ ਲੈ ਕੇ ਪੋਪ ਤਕ ਕਿਸੇ ਨੇ ਉਨ੍ਹਾਂ ਨੂੰ ਲਾਹਨਤ ਪਾਈ ਜਾਂ ਉਨ੍ਹਾਂ ਵਿਰੁੱਧ ਫ਼ਤਵਾ ਦਿੱਤਾ? ਚੋਰ ਅਤੇ ਕੁੱਤੀ ਹਮੇਸ਼ਾਂ ਰਲ਼ੇ ਰਹੇ।

ਮਾਣ-ਸਨਮਾਨ ਕੀ ਹੁੰਦਾ ਹੈ ਭਲਾ? ਇਸ ਦੀ ਪਰਿਭਾਸ਼ਾ ਹੈ ਤਾਂ ਔਖੀ ਪਰ ਕੁਝ ਕੁ ਠੀਕ ਇਹ ਹੈ, "ਮਨੁੱਖ ਦੀ ਤੀਬਰ ਲੋਚਾ ਅਤੇ ਹੱਕ, ਕਿ ਵੱਧ ਤੋਂ ਵੱਧ ਗਿਣਤੀ ਵਿਚ ਲੋਕ ਉਸ ਨੂੰ ਦਿਲੋਂ ਪਿਆਰ ਕਰਨ।" ਧਿਆਨ ਨਾਲ਼ ਕਦੀ ਵੇਖਣਾ ਕਿ ਕੀ ਕਿਸੇ ਹਕੂਮਤ ਵੱਲੋਂ ਦਿੱਤਾ ਸਨਮਾਨ ਚਿਰ ਸਥਾਈ ਹੋ ਸਕਿਆ ਹੈ? ਲੋਕ ਨੇਕੀ ਨੂੰ, ਉਦਾਰਤਾ ਤੇ ਇਮਾਨਦਾਰੀ ਨੂੰ ਪਿਆਰ ਕਰਦੇ ਹਨ। ਇਹੀ ਕਾਰਨ ਹੈ ਕਿ ਸਦੀਆਂ ਤਕ ਮਾਣ-ਸਨਮਾਨ ਉਨ੍ਹਾਂ ਯੋਧਿਆਂ ਨੂੰ ਮਿਲ਼ਿਆ ਹੈ, ਜਿਹੜੇ ਹਕੂਮਤ ਦੇ ਪੱਖ ਦੀ ਥਾਂ ਹਕੂਮਤ ਦੇ ਵਿਰੁੱਧ ਲੜੇ, ਜ਼ਲੀਲ ਹੋਏ, ਬਰਬਾਦ ਹੋਏ ਤੇ ਮਰ ਗਏ। ਸਨਮਾਨ ਦੇ ਹੱਕਦਾਰ ਸਹੀ ਮਨੁੱਖ ਇਹੀ ਹਨ।

ਇਸ ਪਰਿਭਾਸ਼ਾ ਪੱਖੋਂ ਪੁਰਾਤਨ ਯੂਨਾਨੀ ਅਤੇ ਰੋਮਨ ਨਾਗਰਿਕ ਸਨਮਾਨਯੋਗ ਸਨ ਤੇ ਅੱਜ ਸਾਰੇ ਯੂਰਪ ਵਿਚ ਇਹ ਵਡਿੱਤਣ ਕੇਵਲ ਅੰਗਰੇਜ਼ਾਂ ਕੋਲ਼ ਹੈ, ਜਿਹੜੇ ਆਪਣੀ ਹਕੂਮਤ ਦੀਆਂ ਗ਼ਲਤੀਆਂ ਕਾਰਨ ਉਸ ਨੂੰ ਝਿੜਕ ਦਿੰਦੇ ਹਨ। ਲੋਕਤੰਤਰ ਵਿਚ ਵੀ ਜ਼ੁਲਮ ਹੁੰਦਾ ਹੈ ਤੇ ਹਥਿਆਰ ਵੀ ਉਹੀ ਹਨ-ਤਾਨਾਸ਼ਾਹਾਂ ਵਾਲ਼ੇ ਪਰ ਇੱਥੇ ਇੱਕ ਤਾਂ ਤਾਕਤ ਵੰਡੀ ਹੋਈ ਹੁੰਦੀ ਹੈ ਤੇ ਦੂਜੇ ਕੇਵਲ ਇੱਕ ਖ਼ਾਸ ਸਮੇਂ ਲਈ ਸਰਕਾਰ ਬਣਦੀ ਹੈ, ਇਸ ਕਰ ਕੇ ਜ਼ੁਲਮ ਦੀ ਮਾਤਰਾ ਘੱਟ ਜਾਂਦੀ ਹੈ।

ਜ਼ਾਲਮ ਰਾਜੇ ਦੀ ਪਰਜਾ ਦੇ ਅਮੀਰ-ਗ਼ਰੀਬ ਸਾਰੇ ਵਿਆਹ ਕਰਵਾਉਂਦੇ ਹਨ। ਅਮੀਰਾਂ ਦੀ ਤਾਂ ਕਹਾਣੀ ਸਮਝ ਵਿਚ ਆਉਂਦੀ ਹੈ ਕਿ ਉਨ੍ਹਾਂ ਦੀ ਨਾਜਾਇਜ਼ ਜਾਇਦਾਦ ਐਰ-ਗ਼ੈਰ ਸੰਭਾਲਣਗੇ, ਇਸ ਲਈ ਵਿਆਹ ਕਰਵਾਓ। ਪਰ ਗ਼ਰੀਬ ਅਜਿਹਾ ਕਿਉਂ ਕਰਦੇ ਹਨ? ਗ਼ਰੀਬ ਕਿਉਂ ਹੋਰ ਗ਼ਰੀਬ ਅਤੇ ਗ਼ੁਲਾਮ ਪੈਦਾ ਕਰਨ ਹਿਤ ਵਿਆਹ ਕਰਵਾਉਂਦੇ ਹਨ? ਇਸ ਦਾ ਸਿੱਧਾ ਉਤਰ ਇਹੀ ਲੱਗਦਾ ਹੈ ਕਿ ਗ਼ਰੀਬ ਅਤੇ ਗ਼ੁਲਾਮ ਦੀ ਅਕਲ ਪੂਰੀ ਤਰ੍ਹਾਂ ਨਕਾਰੀ ਹੋ ਚੁੱਕੀ ਹੈ। ਉਸ ਨੂੰ ਪਤਾ ਹੀ ਨਹੀਂ ਹੁੰਦਾ ਕੀ ਕਰਨਾ ਹੈ ਕੀ ਨਹੀਂ ਕਰਨਾ। ਪਰ ਕੁਦਰਤ ਦੀ ਸ਼ਾਇਦ ਕੋਈ ਹੋਰ ਮਨਸ਼ਾ ਹੋਵੇ। ਕੁਦਰਤ ਹਰੇਕ ਜ਼ਾਲਮ ਹਕੂਮਤ ਤੋਂ ਉਪਰ ਹੈ, ਇਸ ਕਰ ਕੇ ਕੁਦਰਤ ਗ਼ਰੀਬਾਂ ਤੇ ਗ਼ੁਲਾਮਾਂ ਤੋਂ ਸ਼ਾਇਦ ਕੋਈ ਕੰਮ ਲੈਣ ਦੀ ਇਛੁੱਕ ਹੋਵੇ, ਸ਼ਾਇਦ ਕੁਦਰਤ ਗ਼ਰੀਬਾਂ ਦੇ ਬੱਚਿਆਂ ਰਾਹੀਂ ਨੇਕੀ ਕਰਵਾਏ ਤੇ ਸੁਤੰਤਰਤਾ ਤੋਂ ਵੱਡੀ ਨੇਕੀ ਹੋਰ ਕੋਈ ਨਹੀਂ। ਕਦੀ ਕਦੀ ਗ਼ਰੀਬਾਂ ਅਤੇ ਗ਼ੁਲਾਮਾਂ ਨੂੰ ਇਨ੍ਹਾਂ ਗੱਲਾਂ ਦੀ ਸਮਝ ਪੈ ਜਾਂਦੀ ਹੈ, ਤਾਂ ਵੀ ਮੈਂ ਹਿਸਾਬੀ ਤਕੜਾ ਹਾਂ। ਮੈਨੂੰ ਪਤਾ ਨਹੀਂ ਲੱਗਦਾ ਗ਼ੁਲਾਮ ਕਿਉਂ ਵਿਆਹ ਕਰਵਾ ਲੈਂਦੇ ਹਨ। ਗ਼ੁਲਾਮ ਦੀ ਇਹ ਇੱਛਾ ਤਾਂ ਠੀਕ ਹੈ ਕਿ ਪਤਨੀ ਦੇ ਰੂਪ ਵਿਚ ਉਸ ਦਾ ਸਾਥੀ ਅਜਿਹਾ ਹੋਣਾ ਚਾਹੀਦਾ ਹੈ ਜਿਸ ਨੂੰ ਮੌਤ ਤੋਂ ਇਲਾਵਾ ਕੋਈ ਖੋਹ ਨਾ ਸਕੇ, ਪਰ ਗ਼ੁਲਾਮ ਨੂੰ ਇਹ ਜਾਣਕਾਰੀ ਵੀ ਹੋਣੀ ਚਾਹੀਦੀ ਹੈ ਕਿ ਨਾਜਾਇਜ਼ ਢੰਗਾਂ ਨਾਲ਼ ਹਕੂਮਤ ਉਸ ਦੀ ਪਤਨੀ ਨੂੰ ਬੇਵਫ਼ਾ ਵੀ ਕਰ ਸਕਦੀ ਹੈ, ਖੋਹ ਵੀ ਸਕਦੀ ਹੈ, ਬਲਾਤਕਾਰ ਵੀ ਕਰ ਸਕਦੀ ਹੈ। ਸਪੇਨ ਵਿਚ ਇਕ ਬਲਾਤਕਾਰ ਹੋਇਆ ਸੀ ਤੇ ਸਪੇਨ ਉਪਰ ਇਸੇ ਘਟਨਾ ਸਦਕਾ ਵਿਦੇਸ਼ੀ ਰਾਜ ਕਾਇਮ ਹੋ ਗਿਆ ਸੀ।

ਅਮੀਰਾਂ ਅਤੇ ਅਫ਼ਸਰਾਂ ਦੀਆਂ ਔਰਤਾਂ ਨਾਲ਼ ਬਲਾਤਕਾਰ ਨਹੀਂ ਹੋਇਆ ਕਰਦੇ। ਓਥੇ ਸਭ ਕੁਝ ਸਹਿਮਤੀ ਨਾਲ਼ ਹੋ ਜਾਂਦਾ ਹੈ। ਇਹ, ਜਿਸ ਨੂੰ ਅਸੀਂ ਸਭ ਤੋਂ ਵੱਡੀ ਬੇਇੱਜ਼ਤੀ ਸਮਝਦੇ ਹਾਂ, ਅਫ਼ਸਰ ਇਸ ਨੂੰ ਆਪਣੀ ਸ਼ਾਨ ਸਮਝਦੇ ਹਨ। ਮੈਂ ਤੁਹਾਨੂੰ ਜਿਹੜੀ ਗੱਲ ਦੱਸ ਰਿਹਾ ਹਾਂ, ਤੁਸੀਂ ਹੱਸੋਗੇ ਇਹ ਸੁਣ ਕੇ, ਜੇ ਬਾਦਸ਼ਾਹ ਕਿਸੇ ਮਤਹਿਤ ਦੀ ਔਰਤ ਨਾਲ਼ ਕੋਈ ਖੁੱਲ੍ਹ ਲੈ ਲਵੇ ਤੇ ਉਹ ਮਤਹਿਤ ਇਸ ਗੱਲ ਦਾ ਬੁਰਾ ਮਨਾਵੇ ਤੇ ਬਦਲਾ ਲੈਣ ਦੀ ਸੋਚੇ, ਬਾਦਸ਼ਾਹ ਨੂੰ ਨੀਵਾਂ ਵਿਖਾਉਣ ਦਾ ਯਤਨ ਕਰੇ ਤਾਂ ਸਿਆਣੇ ਲੋਕ ਉਸ ਨੂੰ ਸਿੱਧਰਾ, ਗੱਦਾਰ ਤੇ ਪਾਗਲ ਕਰਾਰ ਦੇਣਗੇ, ਕਿਉਂਕਿ ਸਿਆਣੇ ਲੋਕਾਂ ਨੂੰ ਪਤਾ ਹੈ ਕਿ ਉਸ ਨੂੰ ਬਾਦਸ਼ਾਹ ਨੇ ਜੋ ਅੱਯਾਸ਼ੀਆਂ ਕਰਨ ਦੇ ਅਧਿਕਾਰ ਦੇ ਰੱਖੇ ਸਨ, ਉਹ ਇਸ ਕਰ ਕੇ ਥੋੜ੍ਹੇ ਸਨ ਕਿ ਇਹ ਬੰਦਾ ਬਾਕੀਆਂ ਤੋਂ ਉਤਮ ਸੀ? ਬਥੇਰੇ ਉਸ ਤੋਂ ਵਧੀਆ ਬੰਦੇ ਅਫ਼ਸਰੀ ਤੋਂ ਵੰਚਿਤ ਕੀਤੇ ਗਏ ਸਨ, ਜੋ ਉਸ ਅਹੁਦੇ ਲਈ ਵੱਧ ਯੋਗ ਸਨ। ਫਿਰ ਤਿਲਮਿਲ਼ਾਣ ਦੀ ਥਾਂ ਕਿੱਥੇ ਰਹੀ? ਉਂਜ ਜਿਹੜੀਆਂ ਗੱਲਾਂ ਮੈਂ ਲਿਖ ਰਿਹਾ ਹਾਂ, ਇਨ੍ਹਾਂ ਬਾਰੇ ਸੋਚਦਿਆਂ ਤੇ ਲਿਖਦਿਆਂ ਮੈਨੂੰ ਕਾਂਬਾ ਛਿੜ ਰਿਹਾ ਹੈ।

1803 ਵਿਚ ਜਦੋਂ ਅਲਫਾਇਰੀ ਦੀ ਮੌਤ ਹੋਈ, ਉਦੋਂ ਤਕ ਉਹ ਵੀਹ ਦੁਖਾਂਤ ਨਾਟਕ, ਛੇ ਸੁਖਾਂਤ, ਪੰਜ ਦਾਰਸ਼ਨਿਕ ਕਿਤਾਬਾਂ, ਕੁਝ ਕਵਿਤਾਵਾਂ, ਸ੍ਵੈ-ਜੀਵਨੀ ਅਤੇ ਯੂਨਾਨੀ ਲਾਤੀਨੀ ਭਾਸ਼ਾਵਾਂ ਵਿਚੋਂ ਕੁਝ ਚੰਗੀਆਂ ਰਚਨਾਵਾਂ ਅਨੁਵਾਦ ਕਰ ਚੁੱਕਾ ਸੀ। ਉਸ ਨੇ ਸਟਾਲਬਰ ਦੀ ਰਾਜਕੁਮਾਰੀ ਲਾਊਜ਼ੀ ਨਾਲ਼ ਇਸ਼ਕ ਕੀਤਾ, ਪਰ ਵਿਆਹ ਨਹੀਂ ਕਰਵਾਇਆ। ਉਸ ਨੂੰ ਸਾਂਤਾ-ਕਰੋਚੇ ਗਿਰਜੇ ਵਿਚ ਦਫ਼ਨਾਇਆ ਗਿਆ। ਇਹ ਗਿਰਜਾ ਇਟਲੀ ਦਾ ਸਭ ਤੋਂ ਪ੍ਰਸਿੱਧ ਗਿਰਜ਼ਾ ਹੈ। ਮਾਈਕਲ ਐਂਜਲੋ ਅਤੇ ਮੈਕਿਆਵਲੀ ਵੀ ਇੱਥੇ ਦਫ਼ਨਾਏ ਗਏ ਸਨ। ਇਸ ਲੇਖਕ ਦੀ ਯਾਦਗਰ ਕੈਨੋਵਾ ਨੇ ਬਣਾਈ।

ਅਲਫਾਇਰੀ ਦੀ ਯਾਦਗਰ ਵਿਚ ਵਿਖਾਇਆ ਗਿਆ ਹੈ ਕਿ ਇਟਲੀ ਉਸ ਪਿੱਛੋਂ ਕਿੰਨਾ ਉਦਾਸ ਹੈ। ਜਿਸ ਕੁੜੀ ਨੇ ਉਦਾਸ ਇਟਲੀ ਦੇ ਬੁੱਤ ਵਜੋਂ ਮਾਡਲ ਬਣਨ ਦੀ ਪੇਸ਼ਕਸ਼ ਕੀਤੀ, ਉਹ ਅਲਬਾਨੀਆਂ ਦੀ ਰਾਜਕੁਮਾਰੀ ਸੀ। ਜਿਸ ਅਲਫਾਇਰੀ ਨੇ ਰਾਜਿਆਂ ਅਤੇ ਰਾਜਕੁਮਾਰਾਂ ਦੇ ਡਟ ਕੇ ਖ਼ਿਲਾਫ਼ ਲਿਖਿਆ ਤੇ ਗ਼ੁਲਾਮ ਪਰਜਾ ਨੂੰ ਰੱਜ ਕੇ ਕੋਸਿਆ, ਫਟਕਾਰਿਆ, ਉਸ ਨੂੰ ਰਾਜਿਆਂ ਨੇ ਅਤੇ ਪਰਜਾ ਨੇ ਰੱਜ ਕੇ ਪਿਆਰ ਕੀਤਾ। ਆਪ ਲਿਖਦਾ ਹੈ, "ਮੇਰੇ ਜਿਹੇ ਘੱਟ ਮਿਲ਼ਣਗੇ।"

---

# ਇਹ ਪਿੰਡ ਹੈ

ਵਲ੍ਹੈਟ ਇਕ ਹੋਰ ਬੋਲੀ ਪਾਈ:

ਜੇ ਮੁੰਡਿਆਂ ਤੂੰ ਨੱਚਦੀ ਵੇਖਣਾ,  
ਕੜੀਆਂ ਲਿਆ ਦੇ ਭੈਣ ਦੀਆਂ  
ਚੁਬਾਰੇ ਮੰਜੀ ਡਾਹ ਲੈ, ਧਮਕਾਂ ਪੈਣਗੀਆਂ।

ਮਨੋ ਬੋਲੀ ਦੇ ਨਾਲ ਦੋਹਰੀ ਹੋ ਗਈ ਤੇ ਗਿੱਧਾ ਪਾਉਂਦੀ ਦੇ ਸੱਜਰੇ ਧੋਤੇ ਕੇਸ ਖੁੱਲ੍ਹ ਗਏ। ਕੇਸ ਉਹਦੇ ਦੁਆਲੇ ਹੋ, ਉਹਦੀਆਂ ਬਾਹਵਾਂ ਵਿਚੋਂ ਉਚੇ ਹੋ ਹੋ ਲੰਘਦੇ।

ਗਿੱਧਾ ਖਤਮ ਹੋਣ ਵਿਚ ਹੀ ਨਹੀਂ ਸੀ ਆਉਂਦਾ, ਨਵੀਆਂ ਨਵੀਆਂ ਬੋਲੀਆਂ ਪਾਈਆਂ ਜਾਂਦੀਆਂ। ਇਕਬਾਲ ਸੋਚ ਰਿਹਾ ਸੀ, ਸ਼ਹਿਰੀ ਜ਼ਿੰਦਗੀ ਵਿਚ ਕਿੰਨਾ ਓਪਰਾਪਨ ਹੈ, ਅਸਲੀਅਤ ਲੁਕਾ ਉਸ ਉਤੇ ਵਰਕ ਚੜ੍ਹਾ ਚੜ੍ਹਾ ਪੇਸ਼ ਕੀਤੀ ਜਾਂਦੀ ਹੈ। ਹਰ ਥਾਂ ਧੋਖੇ ਦੇਣ ਦੇ ਜਤਨ ਕੀਤੇ ਜਾਂਦੇ ਨੇ, ਤੇ ਪਿੰਡ ਵਿਚ ਜੀਵਨ ਦਾ ਅਸਲੀ ਰੂਪ ਮਿਲਦਾ ਹੈ, ਜਿਥੇ ਮਨੋ ਵਰਗੇ ਧੜਕਦੇ ਦਿਲ ਕੁਦਰਤ ਦੀ ਗੋਦ ਵਿਚ ਪਲਦੇ ਨੇ। ਮਨੋ ਮਨੋ ਹੈ, ਤੂੰ ਨਾਮੀਏ ਸੱਚ ਆਖਿਆ ਸੀ। ਜਦ ਉਹ ਅੱਗੇ ਵਧਿਆ ਤਾਂ ਉਸ ਵੇਖਿਆ, ਸਭ ਜਨਾਨੀਆਂ ਘਰਾਂ ਨੂੰ ਜਾ ਰਹੀਆਂ ਨੇ ਤੇ ਸਭ ਤੋਂ ਪਿਛੋਂ ਕੁਝ ਫਾਸਲੇ 'ਤੇ ਨਾਮੀ ਤੇ ਮਨੋ ਕਿੰਗੜੀ ਪਾਈ ਜਾ ਰਹੀਆਂ ਸਨ। ਪਤਾ ਨਹੀਂ, ਇਕਬਾਲ ਦੇ ਸੋਚਾਂ ਭਰੇ ਦਿਮਾਗ ਨੂੰ ਕੀ ਹੋਇਆ, ਤੇ ਉਹ ਭੱਜ ਕੇ ਉਨ੍ਹਾਂ ਨਾਲ ਜਾ ਰਲਿਆ। ਉਸ ਜਾਂਦਿਆਂ ਹੀ ਮਨੋ ਦਾ ਹੱਥ ਫੜ ਲਿਆ, ਇਸ ਤੋਂ ਪਹਿਲਾਂ ਕਿ ਉਹ ਕੋਈ ਗੱਲ ਕਰਦਾ, ਮਨੋ ਨੇ ਖਿੱਚ ਕੇ ਚੁਪੇੜ ਉਸ ਦੇ ਮੂੰਹ ਉਤੇ ਮਾਰੀ ਤੇ ਕਿਹਾ, "ਇਹ ਪਿੰਡ ਹੈ, ਸ਼ਹਿਰ ਨਹੀਂ।"

ਇਕਬਾਲ ਠਠੰਬਰ ਗਿਆ ਤੇ ਉਸ ਦੇ ਮੂੰਹੋਂ ਇੰਨਾ ਹੀ ਨਿਕਲਿਆ, "ਮਨਜੀਤ, ਤੂੰ ਗਲਤ ਸਮਝੀ ਹੈਂ।"

ਅਗਲੇ ਦਿਨ ਇਕਬਾਲ ਪਿੰਡੋਂ ਚਲਾ ਗਿਆ ਤੇ ਫਿਰ ਕਦੇ ਪਿੰਡ ਨਾ ਆਇਆ। ਉਸ ਦਿਨ ਪਿੱਛੋਂ ਨਾ ਮਨੋ ਕਦੇ ਪਾਠ ਕਰਨ ਬੈਠੀ, ਤੇ ਨਾ ਉਸ ਦੇ ਮੂੰਹ ਉਤੇ ਕਿਸੇ ਪਹਿਲੇ ਵਰਗੀ ਮੁਸਕਰਾਹਟ ਹੀ ਵੇਖੀ।

# ਪੰਜਾਬੀਆਂ ਦੇ ਮਿਲਵਰਤਨ ਦਾ ਮਸਲਾ

**ਦੁਖਦੀ ਰਗ**

**ਹਾਕਮ ਸਿੰਘ**
ਫੋਨ: 916-682-3317

ਪੰਜਾਬੀ ਧਰਮ ਦੇ ਆਧਾਰ 'ਤੇ ਦੋ ਦੇਸ਼ਾਂ ਅਤੇ ਆਪਸ ਵਿਚ ਵੰਡੇ ਹੋਏ ਹਨ ਅਤੇ ਇਕ ਦੂਜੇ ਨਾਲ ਵਿਰੋਧਤਾ ਦਾ ਪ੍ਰਗਟਾਵਾ ਕਰਦੇ ਰਹਿੰਦੇ ਹਨ। ਧਾਰਮਿਕ ਵਖਰੇਵਾਂ ਪੰਜਾਬੀਆਂ ਦੀ ਸਭਿਆਚਾਰਕ ਸਾਂਝੀਵਾਲਤਾ, ਭਾਸ਼ਾਈ ਏਕਤਾ ਅਤੇ ਕੌਮੀ ਭਾਵਨਾ ਨੂੰ ਮਾਰ ਮੁਕਾਉਣ ਲਈ ਯਤਨਸ਼ੀਲ ਹੈ। ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਨੂੰ ਲੈ ਕੇ ਪਰਵਾਸੀ ਪੰਜਾਬੀ ਵੀ ਅਕਸਰ ਭਾਵੁਕ ਹੋ ਜਾਂਦੇ ਹਨ ਅਤੇ ਮਿਲਵਰਤਨ ਤੋਂ ਮੂੰਹ ਮੋੜ ਲੈਂਦੇ ਹਨ। ਕੁਝ ਤਅੱਸਬੀ ਪੁਜਾਰੀਆਂ ਅਤੇ ਮੌਲਾਣਿਆਂ ਦਾ ਝੂਠਾ ਪ੍ਰਚਾਰ, ਫੌਜੀਆਂ ਦੀ ਪ੍ਰੋਫੈਸ਼ਨਲ ਈਰਖਾ ਅਤੇ ਘਟੀਆ ਸਿਆਸਤਦਾਨਾਂ ਦਾ ਵਤੀਰਾ ਪੰਜਾਬੀਆਂ ਦੇ ਮਿਲਵਰਤਣ ਵਿਚ ਰੁਕਾਵਟ ਬਣੇ ਹੋਏ ਹਨ। ਪੰਜਾਬੀਆਂ ਵਿਚ ਪਏ ਪਾੜੇ ਨੂੰ ਘਟਾਉਣ ਜਾਂ ਮਿਟਾਉਣ ਲਈ ਕੋਈ ਕਾਰਗਰ ਉਦਮ ਨਹੀਂ ਹੋ ਰਿਹਾ ਹੈ। ਇਹ ਸਥਿਤੀ ਵੰਡੀ ਹੋਈ ਪੰਜਾਬੀ ਕੌਮ ਦੇ ਭਵਿੱਖ ਲਈ ਚਿੰਤਾਜਨਕ ਹੈ।

ਵੀਹਵੀਂ ਸ਼ਤਾਬਦੀ ਦੇ ਅਰੰਭ ਵਿਚ ਸਾਰੇ ਪੰਜਾਬੀ ਰਲ-ਮਿਲ ਕੇ ਸ਼ਾਂਤੀ ਨਾਲ ਰਹਿੰਦੇ ਸਨ ਅਤੇ ਲਾਹੌਰ ਪੰਜਾਬੀ ਸਭਿਆਚਾਰ ਦੀ ਗੌਰਵਤਾ ਦਾ ਲਾਸਾਨੀ ਨਮੂਨਾ ਸੀ। ਦਿੱਲੀ ਤੋਂ ਪਿਸ਼ਾਵਰ ਤੱਕ ਪੰਜਾਬੀ ਕੌਮ ਦਾ ਬੋਲ ਬਾਲਾ ਸੀ। ਅੰਗਰੇਜ਼ਾਂ ਨੇ ਪੰਜਾਬ ਨੂੰ ਕਾਬੂ ਵਿਚ ਰੱਖਣ ਲਈ 'ਪੰਜਾਬ ਸਕੂਲ ਆਫ ਐਡਮਨਿਸਟ੍ਰੇਸ਼ਨ' ਨਾਂ ਦਾ ਸਖਤ ਪ੍ਰਬੰਧਕੀ ਢੰਗ ਅਪਨਾਇਆ ਹੋਇਆ ਸੀ। ਹਿੰਦੋਸਤਾਨ ਦੇ ਬਹੁਤੇ ਰਾਜਸੀ ਆਗੂਆਂ ਲਈ ਪੰਜਾਬ ਅਨੋਖਾ, ਪ੍ਰਭਾਵਸ਼ਾਲੀ ਅਤੇ ਅਬੋਧ ਖੇਤਰ ਸੀ ਪਰ ਕੁਝ ਪੰਜਾਬ ਵਿਰੋਧੀ ਸ਼ਕਤੀਆਂ ਪੰਜਾਬ ਦਾ ਨੁਕਸਾਨ ਕਰਨ ਲਈ ਯਤਨਸ਼ੀਲ ਸਨ। ਉਨ੍ਹਾਂ ਸ਼ਕਤੀਆਂ ਨੇ ਹੀ ਸਾਜ਼ਿਸ਼ ਰਚ ਕੇ ਪਹਿਲੋਂ ਪੰਜਾਬੀਆਂ ਨੂੰ ਧਰਮ ਦੇ ਨਾਂ 'ਤੇ ਵੰਡ ਦਿੱਤਾ ਅਤੇ 1947 ਵਿਚ ਧਾਰਮਿਕ ਜਨੂਨੀਆਂ ਨੂੰ ਭੜਕਾ ਕੇ ਵਹਿਸ਼ੀਆਨਾ ਢੰਗ ਨਾਲ ਪੰਜਾਬ ਦੇ ਟੁਕੜੇ ਕਰ ਛੱਡੇ। ਸੱਤਰ ਸਾਲ ਦੇ ਲੰਮੇ ਅਰਸੇ ਵਿਚ ਵੀ ਪੰਜਾਬੀ ਉਸ ਸਾਜ਼ਿਸ਼ ਦੇ ਮਾਰੂ ਪ੍ਰਭਾਵ ਤੋਂ ਛੁਟਕਾਰਾ ਨਹੀਂ ਪਾ ਸਕੇ ਹਨ ਅਤੇ ਮਿਲਵਰਤਨ ਤੋਂ ਸੰਕੋਚ ਕਰਦੇ ਰਹਿੰਦੇ ਹਨ। ਪੰਜਾਬੀਆਂ ਦੀ ਆਪਸੀ ਕੜਵਾਹਟ ਨੂੰ ਮਿਟਾਉਣ ਦੀ ਅਸਮਰਥਾ ਉਨ੍ਹਾਂ ਦੀ ਅਮੁੱਕ ਹਾਰ ਅਤੇ ਸਾਜ਼ਿਸ਼ੀਆਂ ਦੀ ਜਿੱਤ ਦੀ ਪ੍ਰਤੀਕ ਹੈ। ਉਸ ਸਾਜ਼ਿਸ਼ ਪਿਛੇ ਕੌਣ ਸੀ? ਇਹ ਭੇਦ ਜਾਣਨ ਦਾ ਯਤਨ ਕਰਦੇ ਹਾਂ।

1935 ਦੇ ਐਕਟ ਨੇ ਸੰਕੇਤ ਕਰ ਦਿੱਤਾ ਸੀ ਕਿ ਹਿੰਦੋਸਤਾਨ ਛੇਤੀ ਹੀ ਆਜ਼ਾਦ ਹੋ ਜਾਵੇਗਾ ਅਤੇ ਆਜ਼ਾਦ ਹਿੰਦੋਸਤਾਨ ਦੇ ਰਾਜ ਵਿਚ ਤਿੰਨ ਸ਼ਕਤੀਆਂ ਦੀ ਪ੍ਰਭਾਵਸ਼ਾਲੀ ਭੂਮਿਕਾ ਰਹੇਗੀ। ਉਹ ਤਿੰਨ ਸ਼ਕਤੀਆਂ ਸਨ: (1) ਪੰਜਾਬ, ਜਿਸ ਦੀ ਹਿੰਦੋਸਤਾਨੀ ਫੌਜ ਵਿਚ ਬਹੁ-ਗਿਣਤੀ ਅਤੇ ਸਰਦਾਰੀ ਸੀ, ਅਤੇ ਜਿਸ ਨੇ ਆਜ਼ਾਦੀ ਦੇ ਸੰਘਰਸ਼ ਵਿਚ ਭਾਰੀ ਯੋਗਦਾਨ ਪਾਇਆ ਸੀ; (2) ਬੰਗਾਲ, ਜਿਸ ਦਾ ਉਤਰੀ ਹਿੰਦੋਸਤਾਨ ਦੇ ਸੂਬਿਆਂ ਦੇ ਪ੍ਰਬੰਧ, ਸਿਖਿਆ ਅਤੇ ਪੇਸ਼ਿਆਂ ਵਿਚ ਅਹਿਮ ਸਥਾਨ ਸੀ, ਤੇ ਜੋ ਆਜ਼ਾਦੀ ਦੀ ਇਨਕਲਾਬੀ ਲਹਿਰ ਦਾ ਮੋਢੀ ਸੀ; ਅਤੇ (3) ਇੰਡੀਅਨ ਨੈਸ਼ਨਲ ਕਾਂਗਰਸ, ਜਿਸ ਦੇ ਦੋ ਵੱਡੇ ਆਗੂ- ਮਹਾਤਮਾ ਗਾਂਧੀ ਅਤੇ ਪੰਡਿਤ ਨਹਿਰੂ, ਹਿੰਦੋਸਤਾਨ ਦੇ ਲੋਕਾਂ ਵਿਚ ਆਜ਼ਾਦੀ ਦੀਆਂ ਭਾਵਨਾਵਾਂ ਉਤੇਜਿਤ ਕਰਨ ਵਿਚ ਕਾਫੀ ਸਫਲ ਸਨ। ਮਹਾਤਮਾ ਗਾਂਧੀ ਨੂੰ ਪੰਜਾਬ ਅਤੇ ਬੰਗਾਲ ਦੀ ਸ਼ਕਤੀ ਦਾ ਸਹੀ ਅਨੁਮਾਨ ਸੀ ਅਤੇ ਉਸ ਨੂੰ ਇਨ੍ਹਾਂ ਦੋ ਸੂਬਿਆਂ ਵਿਚ ਮੁਸਲਮਾਨਾਂ ਦੀ ਭਾਰੀ ਗਿਣਤੀ ਦੇ ਸਿਆਸੀ ਪਰਿਣਾਮਾਂ ਦਾ ਵੀ ਗਿਆਨ ਸੀ। ਪੰਡਿਤ ਨਹਿਰੂ ਦੀ ਧਾਰਮਿਕ ਗਿਣਤੀਆਂ-ਮਿਣਤੀਆਂ ਵਿਚ ਦਿਲਚਸਪੀ ਨਹੀਂ ਸੀ।

ਹਿੰਦੋਸਤਾਨ ਦੇ ਦ੍ਰਾਵੜ ਭਾਸ਼ੀ ਦੱਖਣੀ ਸੂਬਿਆਂ ਦੀ ਉਤਰੀ ਹਿੰਦੋਸਤਾਨ ਦੀ ਸਿਆਸਤ ਵਿਚ ਬਹੁਤੀ ਦਿਲਚਸਪੀ ਨਹੀਂ ਸੀ ਪਰ ਮੱਧ-ਭਾਰਤ ਵਿਚ ਇਕ ਐਸੀ ਕੌਮ ਸੀ ਜੋ ਹਿੰਦੋਸਤਾਨ ਦੇ ਰਾਜ ਉਪਰ ਆਪਣਾ ਜਮਾਂਦਰੂ ਹੱਕ ਸਮਝਦੀ ਸੀ, ਉਹ ਸੀ ਮਰਾਠਾ ਕੌਮ। ਮਰਾਠੇ ਪਾਨੀਪਤ ਦੀ ਤੀਜੀ ਲੜਾਈ ਵਿਚ ਹਾਰਨ ਤੋਂ ਪਹਿਲੋਂ ਸਾਰੇ ਹਿੰਦੋਸਤਾਨ 'ਤੇ ਮੁਗਲ ਰਾਜ ਦੀ ਥਾਂ ਆਪਣੇ ਧਾਰਮਿਕ ਵਿਸ਼ਵਾਸ 'ਤੇ ਆਧਾਰਿਤ ਹਿੰਦੂ ਰਾਜ ਸਥਾਪਤ ਕਰਨ ਲਈ ਯਤਨਸ਼ੀਲ ਸਨ। ਅਹਿਮਦ ਸ਼ਾਹ ਅਬਦਾਲੀ ਤੋਂ ਹਾਰਨ ਮਗਰੋਂ ਮਰਾਠੇ ਨਿਰਾਸ਼ ਹੋ ਗਏ ਸਨ ਪਰ ਉਨ੍ਹਾਂ ਦੀ ਹਿੰਦੋਸਤਾਨ 'ਤੇ ਆਪਣਾ ਹਿੰਦੂ ਰਾਜ ਸਥਾਪਤ ਕਰਨ ਦੀ ਇੱਛਾ ਬਰਕਰਾਰ ਰਹੀ ਸੀ ਜਿਸ ਨੂੰ ਵੀਰ ਸਾਵਰਕਰ ਨੇ ਸਿਆਸੀ ਪਾਰਟੀ ਬਣਾ ਕੇ ਪਰਗਟ ਕੀਤਾ ਸੀ। ਰਾਸ਼ਟਰੀ ਸੋਇਮ-ਸੇਵਕ ਸੰਘ ਦੀ ਸਥਾਪਨਾ ਵੀ ਇਸੇ ਅਭਿਲਾਸ਼ਾ ਦਾ ਪ੍ਰਗਟਾਵਾ ਸੀ। ਵੀਰ ਸਾਵਰਕਰ ਆਪਣੀ ਰਾਜਸੀ ਇੱਛਾ ਦੀ ਪ੍ਰਾਪਤੀ ਲਈ ਉਤਰੀ ਤੇ ਦੱਖਣੀ ਭਾਰਤ ਦੇ ਵਸਨੀਕਾਂ ਦਾ ਸਹਿਯੋਗ ਪ੍ਰਾਪਤ ਨਾ ਕਰ ਸਕਿਆ ਅਤੇ ਇਕ ਮਹੱਤਵਹੀਣ ਸਿਆਸੀ ਸੰਗਠਨ ਦਾ ਨੇਤਾ ਬਣ ਕੇ ਰਹਿ ਗਿਆ। ਵੀਰ ਸਾਵਰਕਰ ਦਾ ਉਦਮ ਅਸਲ ਵਿਚ ਮੱਧ-ਭਾਰਤ ਦੇ ਉਤਰੀ ਭਾਰਤ ਤੇ ਸਿਆਸੀ ਪ੍ਰਭੁਤਾ ਜਮਾਉਣ ਦੇ ਯਤਨਾਂ ਦਾ ਭਾਗ ਸੀ।

ਮਰਾਠਿਆਂ ਦਾ ਬੰਬਈ ਪ੍ਰੈਜ਼ੀਡੈਂਸੀ ਵਿਚ ਜ਼ੋਰ ਸੀ। ਬੰਬਈ ਪ੍ਰੈਜ਼ੀਡੈਂਸੀ ਵਿਚ ਗੁਜਰਾਤੀ ਮਰਾਠਿਆਂ ਦੇ ਛੋਟੇ ਭਾਈਵਾਲ ਅਤੇ ਉਨ੍ਹਾਂ ਦੇ ਸਿਆਸੀ ਮਨੋਰਥ ਦੇ ਹਮਾਇਤੀ ਸਨ ਪਰ ਸਿਆਸਤ ਦੇ ਖੇਤਰ ਵਿਚ ਗੁਜਰਾਤੀ ਆਗੂ ਮਰਾਠਿਆਂ ਨਾਲੋਂ ਵਧੇਰੇ ਸਮਝਦਾਰ ਸਨ। ਉਨ੍ਹਾਂ ਵਿਚ ਸਿਆਸੀ ਸੰਭਾਵਨਾ ਦੀ ਸੂਝ ਅਤੇ ਵਿਰੋਧੀਆਂ ਦੀ ਨਿਸ਼ਾਨਦੇਹੀ ਕਰਨ ਦੀ ਯੋਗਤਾ ਸੀ। ਮਹਾਤਮਾ ਗਾਂਧੀ ਦੂਰ-ਅੰਦੇਸ਼ ਨੇਤਾ ਸੀ ਅਤੇ ਹਿੰਦੋਸਤਾਨ ਦੀ ਸਿਆਸੀ ਉਲਝਣ ਦੀ ਹਕੀਕਤ ਨੂੰ ਸਮਝਦਾ ਸੀ। ਉਹ ਜਾਣਦਾ ਸੀ ਕਿ ਪੰਜਾਬ ਅਤੇ ਬੰਗਾਲ ਦੀ ਸ਼ਕਤੀ ਮੱਧ-ਭਾਰਤੀਆਂ ਦੀ ਉਤਰੀ ਹਿੰਦੋਸਤਾਨ ਤੇ ਸਿਆਸੀ ਪ੍ਰਭੁਤਾ ਦੀ ਇੱਛਾ ਨੂੰ ਸਫਲ ਨਹੀਂ ਹੋਣ ਦੇਵੇਗੀ। ਮੱਧ-ਭਾਰਤੀ ਆਗੂਆਂ ਨੇ ਸਾਜ਼ਿਸ਼ ਰਚ ਕੇ ਪੰਜਾਬ ਦੀ ਫੌਜੀ ਅਤੇ ਸਿਆਸੀ ਸ਼ਕਤੀ ਨੂੰ ਖੇਰੂੰ-ਖੇਰੂੰ ਕਰਨ ਅਤੇ ਪੰਜਾਬੀਆਂ ਨੂੰ ਆਪਸ ਵਿਚ ਲੜਾ ਕੇ ਉਜਾੜਨ ਦੀ ਵਿਉਂਤ ਬਣਾਈ। ਪੰਜਾਬੀ ਕੌਮ ਦੀ ਏਕਤਾ ਭੰਗ ਕਰਨ ਦੀ ਪਹਿਲ ਲਾਲਾ ਲਾਜਪਤ ਰਾਏ ਨੇ 1909 ਵਿਚ ਪੰਜਾਬ ਹਿੰਦੂ ਸਭਾ ਅਤੇ ਦਯਾਨੰਦ ਗੁਜਰਾਤੀ ਨੇ ਆਰੀਆ ਸਮਾਜ ਦੀ ਸਥਾਪਨਾ ਨਾਲ ਕੀਤੀ। ਮਹਾਤਮਾ ਗਾਂਧੀ ਪੰਜਾਬ ਅਤੇ ਬੰਗਾਲ ਦੀਆਂ ਇਨਕਲਾਬੀ ਗਤੀਵਿਧੀਆਂ ਦਾ ਸਖਤ ਵਿਰੋਧ ਕਰਦਾ ਰਿਹਾ। ਅੰਗਰੇਜ਼ਾਂ ਨੇ 1909 ਦੇ ਮੋਰਲੇ-ਮਿੰਟੋ ਰਿਫਾਰਮ ਵਿਚ ਫਿਰਕੂ ਸਿਆਸਤ ਦੀ ਨੀਂਹ ਰੱਖ ਦਿੱਤੀ ਸੀ ਅਤੇ ਉਹ ਆਪਣੇ ਰਾਜ ਦੀ ਮਜ਼ਬੂਤੀ ਲਈ ਹਿੰਦੋਸਤਾਨੀਆਂ ਵਿਚ ਵੰਡੀਆਂ ਪਾਉਣ ਲਈ ਯਤਨਸ਼ੀਲ ਸਨ ਪਰ ਅੰਗਰੇਜ਼ਾਂ ਦੀ ਪੰਜਾਬ ਅਤੇ ਬੰਗਾਲ ਨੂੰ ਟੁਕੜੇ-ਟੁਕੜੇ ਕਰ ਕੇ ਉਜਾੜਨ ਦੀ ਯੋਜਨਾ ਦਾ ਕੋਈ ਸੰਕੇਤ ਨਹੀਂ ਮਿਲਦਾ।

ਮੁਸਲਮਾਨਾਂ ਦੇ ਸਭਿਆਚਾਰਕ ਅਤੇ ਸਿਆਸੀ ਅਧਿਕਾਰਾਂ ਦੀ ਰਖਿਆ ਲਈ 1906 ਵਿਚ ਸਰ ਸਯੱਦ ਅਹਿਮਦ ਨੇ 'ਆਲ ਇੰਡੀਆ ਮੁਸਲਿਮ ਲੀਗ' ਸਥਾਪਤ ਕੀਤੀ ਸੀ। ਮੁਸਲਿਮ ਲੀਗ ਨੂੰ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਪ੍ਰਾਪਤ ਹੋ ਗਈ। ਜਿਨਾਹ ਕਾਂਗਰਸ ਦਾ ਆਗੂ ਸੀ ਅਤੇ ਕਾਂਗਰਸ ਦੇ ਇਸਲਾਮ ਵਿਰੋਧੀ ਵਤੀਰੇ ਤੋਂ ਨਿਰਾਸ਼ ਹੋ ਕੇ ਮੁਸਲਿਮ ਲੀਗ ਵਿਚ ਸ਼ਾਮਲ ਹੋ ਗਿਆ ਸੀ। ਉਸ ਦੀ ਅਗਵਾਈ ਹੇਠ ਮੁਸਲਿਮ ਲੀਗ ਇਕ ਪ੍ਰਭਾਵਸ਼ਾਲੀ ਸਿਆਸੀ ਪਾਰਟੀ ਬਣ ਗਈ। ਪੰਜਾਬ ਵਿਚ ਮੁਹੰਮਦ ਇਕਬਾਲ ਵੀ ਹਿੰਦੂ ਕਟੜਪੰਥੀ ਤੋਂ ਤੰਗ ਆ ਕੇ ਮੁਸਲਿਮ ਲੀਗ ਦਾ ਸਮਰਥਕ ਬਣ ਗਿਆ। 1940 ਵਿਚ ਮੁਸਲਿਮ ਲੀਗ ਨੇ ਵੱਖਰੇ ਪਾਕਿਸਤਾਨ ਦੀ ਮੰਗ ਰੱਖ ਦਿੱਤੀ। ਸੀ. ਰਾਜਗੋਪਾਲਾਚਾਰੀ ਨੇ ਕਾਂਗਰਸ ਨੂੰ ਸਲਾਹ ਦਿੱਤੀ ਕਿ ਉਹ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਸਵੀਕਾਰ ਕਰ ਲਵੇ ਪਰ ਗਾਂਧੀ ਅਤੇ ਕਾਂਗਰਸ ਦੇ ਹੋਰ ਆਗੂ ਉਸ ਦੀ ਸਲਾਹ ਨਾਲ ਸਹਿਮਤ ਨਾ ਹੋਏ।

ਕਾਂਗਰਸ ਪਾਰਟੀ ਧਰਮ ਨਿਰਪੱਖਤਾ ਅਤੇ ਸਾਰੇ ਹਿੰਦੋਸਤਾਨ ਦੀ ਸਿਆਸੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਦੀ ਸੀ। ਹਿੰਦੋਸਤਾਨ ਬਹੁ-ਕੌਮੀ ਦੇਸ਼ ਸੀ ਪਰ ਕਾਂਗਰਸ ਦੀ ਸੋਚ ਅਤੇ ਸਭਿਆਚਾਰ 'ਤੇ ਮੱਧ-ਭਾਰਤੀ ਹਿੰਦੂ ਧਾਰਮਿਕ ਵਿਚਾਰਧਾਰਾ ਦਾ ਪ੍ਰਬਲ ਪ੍ਰਭਾਵ ਸੀ। ਬੰਗਾਲੀ, ਪੰਜਾਬੀ ਅਤੇ ਹੋਰ ਬਹੁਤ ਸਾਰੀਆਂ ਕੌਮਾਂ ਮੱਧ ਭਾਰਤ ਦੀ ਸਿਆਸੀ ਅਗਵਾਈ ਨੂੰ ਪ੍ਰਵਾਨ ਨਹੀਂ ਕਰਦੀਆਂ ਸਨ। ਮੁਸਲਮਾਨ ਕਾਂਗਰਸ ਪਾਰਟੀ ਦੇ ਵਿਹਾਰ ਤੋਂ ਸੰਤੁਸ਼ਟ ਨਹੀਂ ਸਨ। ਪੰਜਾਬ ਅਤੇ ਸਿੰਧ ਵਿਚ ਕਾਂਗਰਸ ਦਾ ਬਹੁਤ ਘੱਟ ਪ੍ਰਭਾਵ ਸੀ ਅਤੇ ਗਾਂਧੀ ਨੂੰ ਕਾਂਗਰਸ ਵਿਚ ਸੁਭਾਸ਼ ਚੰਦਰ ਬੋਸ ਦੀ ਅਗਵਾਈ ਪ੍ਰਵਾਨ ਨਹੀਂ ਸੀ ਪਰ ਕਾਂਗਰਸ ਆਪਣੇ ਉਦੇਸ਼ ਦੀ ਕਲਪਿਤ ਸੁਹਿਰਦਤਾ ਦੇ ਗੁਣ ਗਾਉਂਦੀ ਰਹਿੰਦੀ ਸੀ। ਉਹ ਮੁਸਲਿਮ ਲੀਗ ਦੀ ਪਾਕਿਸਤਨ ਦੀ ਮੰਗ ਨੂੰ ਦੇਸ਼ ਵਿਰੋਧੀ ਗਰਦਾਨ ਕੇ ਵਿਚਾਰਨ ਅਤੇ ਗੱਲਬਾਤ ਦੁਆਰਾ ਨਜਿੱਠਣ ਲਈ ਰਾਜ਼ੀ ਨਹੀਂ ਸੀ।


ਵਾਹਗਾ ਬਾਰਡਰ

ਕਾਂਗਰਸ ਪਾਰਟੀ ਮੁਸਲਿਮ ਲੀਗ ਨੂੰ ਹਿੰਦੋਸਤਾਨ ਦੀ ਵੰਡ ਅਤੇ ਖੂਨ-ਖਰਾਬੇ ਲਈ ਜ਼ਿਮੇਵਾਰ ਠਹਿਰਾਉਂਦੀ ਹੈ, ਜੋ ਸਹੀ ਨਹੀਂ ਹੈ। ਖੂਨ-ਖਰਾਬੇ ਲਈ ਕਾਂਗਰਸ ਬਰਾਬਰ ਦੀ ਦੋਸ਼ੀ ਹੈ। ਅੰਗਰੇਜ਼ਾਂ ਨੇ ਹਿੰਦੋਸਤਾਨ ਨੂੰ ਆਜ਼ਾਦ ਕਰਨ ਦਾ ਪ੍ਰਸਤਾਵ ਰੱਖਿਆ ਸੀ। ਕਾਂਗਰਸ ਅਤੇ ਮੁਸਲਿਮ ਲੀਗ- ਦੋਵੇਂ ਹੀ ਆਪੋ-ਆਪਣੇ ਢੰਗ ਨਾਲ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਲਈ ਬਰਾਬਰ ਦੇ ਉਮੀਦਵਾਰ ਸਨ। ਉਨ੍ਹਾਂ ਦੀ ਹਿੰਦੋਸਤਾਨੀ ਲੋਕਾਂ ਪ੍ਰਤੀ ਜ਼ਿਮੇਵਾਰੀ ਬਣਦੀ ਸੀ ਕਿ ਉਹ ਆਪਸ ਵਿਚ ਰਲ-ਮਿਲ ਕੇ ਸ਼ਾਂਤ-ਮਈ ਢੰਗ ਨਾਲ ਦੇਸ਼ ਦੀ ਆਜ਼ਾਦੀ ਅਤੇ ਵੰਡ ਬਾਰੇ ਨਿਭਣਯੋਗ ਸਮਝੌਤਾ ਕਰਨ ਪਰ ਕਾਂਗਰਸ ਦੇ ਆਗੂਆਂ ਨੇ ਮੁਸਲਿਮ ਲੀਗ ਦੇ ਆਗੂਆਂ ਨਾਲ ਬੈਠ ਕੇ ਵਿਚਾਰ ਕਰਨ ਦੀ ਥਾਂ ਉਨ੍ਹਾਂ ਦੀ ਮੰਗ ਨੂੰ ਠੁਕਰਾਉਣ ਦੀ ਨੀਤੀ ਅਪਨਾ ਲਈ। ਕਾਂਗਰਸ ਦੇ ਆਗੂ ਭਲੀ ਪ੍ਰਕਾਰ ਜਾਣਦੇ ਸਨ ਕਿ ਮੁਸਲਿਮ ਲੀਗ ਦੇ ਅਨੁਯਾਈ ਪੰਜਾਬ, ਸਿੰਧ ਅਤੇ ਬੰਗਾਲ ਵਿਚ ਆਪਣਾ ਆਜ਼ਾਦ ਰਾਜ ਕਾਇਮ ਕਰਨ ਲਈ ਕਤਲੋ-ਗ਼ਾਰਤ ਕਰਨਗੇ ਕਿਉਂਕਿ ਆਜ਼ਾਦੀ ਦੇ ਸੰਘਰਸ਼ ਵਿਚ ਐਸਾ ਕਰਨਾ ਕੋਈ ਅਨੋਖੀ ਗੱਲ ਨਹੀਂ ਹੁੰਦਾ। ਕਾਂਗਰਸ ਦੇ ਆਗੂ ਆਪਣੀ ਤਰਕਹੀਣ ਜ਼ਿੱਦ 'ਤੇ ਅੜੇ ਰਹੇ ਅਤੇ ਆਪਣੀ ਜ਼ਿੱਦ ਪੂਰੀ ਕਰਨ ਲਈ ਉਨ੍ਹਾਂ ਨੇ ਪੰਜਾਬ ਅਤੇ ਬੰਗਾਲ ਦੇ ਲੋਕਾਂ ਦੀ ਸਲਾਮਤੀ ਦੀ ਪਰਵਾਹ ਨਾ ਕਰਦਿਆਂ ਉਨ੍ਹਾਂ ਦੀ ਆਹੂਤੀ ਦੇ ਦਿੱਤੀ। ਜੇਕਰ ਕਾਂਗਰਸ ਮੁਸਲਿਮ ਲੀਗ ਦੀ ਮੰਗ ਮੰਨ ਕੇ ਆਪਸੀ ਗੱਲਬਾਤ ਰਾਹੀਂ ਦੋਹਾਂ ਦੇਸ਼ਾਂ ਦੀ ਹੱਦਬੰਦੀ ਤੈਅ ਕਰ ਲੈਂਦੀ ਤਾਂ ਦੇਸ਼ ਦੀ ਸ਼ਾਤ-ਮਈ ਢੰਗ ਨਾਲ ਆਜ਼ਾਦ ਹੋ ਜਾਣ ਦੀ ਸੰਭਾਵਨਾ ਸੀ ਅਤੇ ਹੋ ਸਕਦਾ ਹੈ ਕਿ ਪਾਕਿਸਤਾਨ ਵੀ ਭਾਰਤ ਜੈਸਾ ਹੀ ਧਰਮ ਨਿਰਪੱਖ ਦੇਸ਼ ਬਣ ਜਾਂਦਾ। ਦੋਵੇਂ ਦੇਸ਼ਾਂ ਵਿਚ ਸ਼ਾਂਤੀ ਹੋਣ ਨਾਲ ਪ੍ਰਭਾਵਸ਼ਾਲੀ ਆਰਥਿਕ ਅਤੇ ਸਮਾਜਿਕ ਉਨਤੀ ਲਈ ਵੀ ਹਾਲਾਤ ਪੈਦਾ ਹੋ ਜਾਣੇ ਸਨ।

ਕਾਂਗਰਸ ਪਾਰਟੀ ਭਾਵੇਂ ਧਰਮ ਨਿਰਪੱਖ ਹੋਣ ਦਾ ਦਾਅਵਾ ਕਰਦੀ ਹੈ ਪਰ ਅਸਲ ਵਿਚ ਉਸ ਨੇ ਮੱਧ-ਭਾਰਤੀ ਸਿਆਸੀ ਆਗੂਆਂ ਦੀ ਧਾਰਮਿਕ ਵਿਚਾਰਧਾਰਾ ਅਪਨਾਈ ਰੱਖੀ ਹੈ। ਉਹ ਗੈਰ-ਹਿੰਦੂਆਂ ਨਾਲ ਵਿਤਕਰਾ ਕਰਦੀ ਹੈ। ਉਸ ਦੇ ਰਾਜ ਪ੍ਰਬੰਧ ਵਿਚ ਫਿਰਕੂ ਦੰਗੇ ਹੁੰਦੇ ਰਹਿੰਦੇ ਹਨ। ਪੰਜਾਬ ਵਿਚ ਉਹ ਆਰੀਆ ਸਮਾਜੀਆਂ ਅਤੇ ਲਾਲਾ ਲਾਜਪਤ ਰਾਏ ਦੇ ਹਿੰਦੂ ਏਜੰਡੇ ਦਾ ਸਮਰਥਨ ਅਤੇ ਸਿੱਖਾਂ ਨਾਲ ਸ਼ੱਰੇਆਮ ਧੱਕਾ ਕਰਦੀ ਰਹੀ ਹੈ। 1984 ਵਿਚ ਸਿੱਖਾਂ ਦੇ ਕਤਲੇਆਮ ਨੇ ਉਸ ਦੀ ਧਰਮ ਨਿਰਪੱਖਤਾ ਦੇ ਦਿਖਾਵੇ ਦਾ ਪਾਜ ਖੋਲ੍ਹ ਦਿੱਤਾ ਹੈ। ਸਿੱਖ ਆਗੂ ਵੀ ਆਪਣੇ ਅਤੀਤ ਤੋਂ ਉਪਰ ਉਠ ਕੇ ਆਧੁਨਿਕ ਸਿਆਸੀ ਵਿਚਾਰਧਾਰਾ ਅਪਨਾਉਣ ਯੋਗ ਨਹੀਂ ਬਣ ਸਕੇ ਅਤੇ ਧਾਰਮਿਕ ਰੂੜ੍ਹੀਵਾਦ ਦਾ ਸ਼ਿਕਾਰ ਹੋਏ ਰਹੇ। ਜਦੋਂ ਵਿਕਸਿਤ ਦੇਸ਼ ਧਰਮ ਨੂੰ ਸਿਆਸਤ ਤੋਂ ਅਲਗ ਕਰ ਰਹੇ ਸਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਪਸ਼ਟ ਉਪਦੇਸ਼ ਦੇ ਰਹੀ ਸੀ ਕਿ ਧਰਮ ਦਾ ਰਾਜਨੀਤੀ ਨਾਲ ਕੋਈ ਸਬੰਧ ਨਹੀਂ, ਸਿੱਖ ਆਗੂ ਸਿੱਖ ਧਰਮ ਨੂੰ ਆਪਣੀ ਸਿਆਸਤ ਦਾ ਆਧਾਰ ਬਣਾ ਰਹੇ ਸਨ। ਸਿੱਖ ਆਗੂ ਤੇ ਰਾਜ ਸ਼ਕਤੀ ਦੀ ਵਾਸਤਵਿਕਤਾ ਨੂੰ ਵੀ ਸਮਝਣਯੋਗ ਨਾ ਹੋ ਸਕੇ ਅਤੇ ਵਿਰੋਧੀਆਂ ਦੀਆਂ ਸਿਆਸੀ ਚਾਲਾਂ ਦਾ ਸ਼ਿਕਾਰ ਹੁੰਦੇ ਰਹੇ।

ਪਾਕਿਸਤਾਨੀ ਪੰਜਾਬ ਦੀ ਆਰਥਿਕ ਅਤੇ ਸਭਿਆਚਾਰਕ ਸਾਂਝ ਭਾਰਤੀ ਪੰਜਾਬ ਨਾਲ ਹੈ ਪਰ ਭਾਰਤ ਨਾਲ ਦੁਸ਼ਮਣੀ ਅਤੇ ਅਰਬ ਦੇਸ਼ਾਂ ਨਾਲ ਧਾਰਮਿਕ ਸਮਾਨਤਾ ਹੋਣ ਕਾਰਨ ਉਸ ਦਾ ਰੁਝਾਨ ਪੱਛਮ ਵਲ ਰਿਹਾ ਹੈ। ਉਸ ਦੇ ਰਾਜ ਪ੍ਰਬੰਧ ਵਿਚ ਫੌਜ ਦਾ ਗਲਬਾ ਹੋਣ ਕਾਰਨ ਸਮਾਜਿਕ ਜੀਵਨ ਵਿਚ ਵੀ ਲੋੜੀਂਦਾ ਸੁਧਾਰ ਨਹੀਂ ਆ ਸਕਿਆ ਹੈ, ਅਤੇ ਬਾਹਰੀ ਪੱਛਮੀ ਸ਼ਕਤੀਆਂ ਨੇ ਆਪਣੇ ਹਿੱਤ ਲਈ ਧਾਰਮਿਕ ਕੱਟੜਵਾਦੀ ਸ਼ਕਤੀਆਂ ਨੂੰ ਬੜ੍ਹਾਵਾ ਦੇ ਕੇ ਸਾਰੇ ਪਾਕਿਸਤਾਨ ਵਿਚ ਰਾਜਸੀ ਅਸਥਿਰਤਾ ਦਾ ਵਾਤਾਵਰਣ ਪੈਦਾ ਕਰ ਦਿੱਤਾ ਹੈ। ਭਾਰਤੀ ਪੰਜਾਬ ਭਾਰਤ ਸਰਕਾਰ ਦੀ ਨੀਤੀ ਵਿਰੁਧ ਪਾਕਿਸਤਾਨੀ ਪੰਜਾਬ ਨਾਲ ਸਹਿਯੋਗ ਕਰਨ ਦੇ ਸਮਰਥ ਨਹੀਂ ਹੈ। ਇਨ੍ਹਾਂ ਹਾਲਤਾਂ ਵਿਚ ਦੋਵੇਂ ਪੰਜਾਬ ਆਪਣੀ ਆਰਥਿਕ ਅਤੇ ਸਭਿਆਚਾਰਕ ਸਾਂਝ ਨੂੰ ਵਿਕਸਿਤ ਕਰਨ ਵਿਚ ਅਸਮਰਥ ਰਹੇ ਹਨ।

ਆਮ ਪੰਜਾਬੀ ਅਤੇ ਵਪਾਰੀ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿਚ ਸਹਿਯੋਗ ਵਧਾਉਣ ਦੇ ਹਾਮੀ ਹਨ। ਕਈ ਪੰਜਾਬੀ ਕਲਾਕਾਰ ਅਤੇ ਸਾਹਿਤਕਾਰ ਆਪਣੀ ਕਲਾ ਅਤੇ ਰਚਨਾਵਾਂ ਰਾਹੀਂ ਸਾਰੇ ਪੰਜਾਬੀਆਂ ਨੂੰ ਮਿਲਵਰਤਨ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਬਹੁਤੇ ਪਰਵਾਸੀ ਪੰਜਾਬੀ ਵੀ ਸਾਰੇ ਪੰਜਾਬੀਆਂ ਵਿਚ ਮਿਲਵਰਤਨ ਦੇ ਮੁੱਦਈ ਅਤੇ ਸਮੁੱਚੇ ਪੰਜਾਬ ਵਿਚ ਆਰਥਿਕ ਉਨਤੀ, ਖੁਸ਼ਹਾਲੀ ਅਤੇ ਸ਼ਾਂਤੀ ਦੇ ਚਾਹਵਾਨ ਹਨ।

## ਗਜ਼ਲ

ਤੂੰ ਜੋ ਸੀਟੀ ਮਾਰੀ ਹੈ।
ਲੱਗੀ ਮੈਨੂੰ ਪਿਆਰੀ ਹੈ।
ਨੱਚਾਂਗੇ ਅਤੇ ਗਾਵਾਂਗੇ,
ਛੁੱਟੀ ਅਜ ਸਰਕਾਰੀ ਹੈ।
ਲੈ ਚਲ ਜਿੱਥੇ ਮਰਜ਼ੀ ਤੂੰ,
ਕੀਤੀ ਫੁੱਲ ਤਿਆਰੀ ਹੈ।
ਮਿਲ ਜੇ ਮਨਭਾਉਂਦਾ ਹੋਟਲ,
ਕਰਨੀ ਹੁਣ ਸਰਦਾਰੀ ਹੈ।
ਮੌਜ ਬਹਾਰਾਂ ਲੁੱਟਾਂਗੇ।
ਲੁਟਦਾ ਹਰ ਸੰਸਾਰੀ ਹੈ।
ਜੇਬ ਭਰੀ ਹੈ ਮਾਇਆ ਦੀ,
ਸਮਝਣ ਲੋਕ ਵਪਾਰੀ ਹੈ।
ਮੁੜ ਆਉਣਾ ਹੈ ਆਥਣ ਨੂੰ,
'ਲੋਟੇ' ਸੋਚ ਕਰਾਰੀ ਹੈ।

*-ਸੁਖਵਿੰਦਰ ਸਿੰਘ ਲੋਟੇ*
*ਫੋਨ: 91-94177-73277*

# ਦਿਲ 'ਚ ਗੂੰਜਦੀ ਰਹੇਗੀ ਬਿੰਦਰਖੀਏ ਦੀ ਯਾਦ

*(ਸਫਾ 25 ਦੀ ਬਾਕੀ)*

ਉਹ ਓਦਰ ਜਿਹਾ ਗਿਆ।

ਇਹ ਕਹਿਣਾ ਔਖਾ ਤਾਂ ਮੇਰੇ ਲਈ ਵੀ ਬਹੁਤ ਐ, ਪਰ ਪੈਂਤੀ ਵਾਰ ਖੂਨ ਦਾਨ ਕਰ ਕੇ ਪੰਜਾਬ ਸਰਕਾਰ ਤੋਂ ਸ਼ਹੀਦ ਭਗਤ ਸਿੰਘ ਇਨਾਮ ਲੈਣਾ ਵਾਲਾ, ਘੁਲਦਾ ਰਿਹਾ ਸੁਰਜੀਤ ਜਦੋਂ ਤੁਰਿਆ ਤਾਂ ਹੱਡੀਆਂ ਦੀ ਮੁੱਠ ਵੀ ਨਹੀਂ ਸੀ। ਨਸ਼ੇ ਖਾ ਗਏ ਸਨ ਅਤੇ ਉਹ ਦਿਮਾਗੋਂ ਉਖੜ ਰਿਹਾ ਸੀ। ਸਾਲ 1999 ਵਿਚ ਇਕ ਮਿੱਤਰ ਦੇ ਵਿਆਹ 'ਤੇ ਉਹਨੂੰ ਬੁੱਕ ਕਰਵਾ ਕੇ ਮੈਂ ਆ ਵੀ ਵਕਤ ਸਿਰ ਗਿਆ, ਪ੍ਰੋਗਰਾਮ ਵੀ ਅਨਮੋਲ ਪੈਲੇਸ ਬੰਗਿਆ ਵਿਚ ਛੇਤੀ ਸ਼ੁਰੂ ਹੋ ਗਿਆ, ਪਰ ਉਹ ਅੱਧ ਵਿਚੋਂ ਬਾਥਰੂਮ ਦੇ ਬਹਾਨੇ ਖਿਸਕ ਗਿਆ। ਕਿਸੇ ਨੂੰ ਪਤਾ ਹੀ ਨਾ ਲੱਗਾ, ਤੇ ਇੱਦਾਂ ਉਹ ਅਕਸਰ ਕਰਨ ਲੱਗ ਪਿਆ ਸੀ। ਸੁਣਨ ਵਿਚ ਹੀ ਨਹੀਂ, ਹੁਣ ਤਾਂ ਐਨ ਪਤਾ ਲਗਣ ਲੱਗ ਪਿਆ ਸੀ ਕਿ ਉਹ ਅਫ਼ੀਮ ਦੀ ਡਲੀ ਗਰਮ ਦੁੱਧ ਵਿਚ ਪਾ ਕੇ 'ਕਾਫ਼ੀ' ਵਾਂਗ ਸਟੇਜ 'ਤੇ ਪੀਣ ਲੱਗਾ ਸੀ।

ਇਹ ਗੱਲ ਪੱਕੀ ਆ ਕਿ ਉਹ ਸੰਗਾਊ ਸੀ, ਨਿਰਾ ਕੁੜੀਆਂ ਵਰਗਾ। ਉਚਿਆਂ ਤੇ ਵੱਡਿਆਂ ਤੋਂ ਉਹ ਸੰਗਦਾ ਸੀ ਤੇ ਦੇਸੀ ਲੁੱਡੀਆਂ ਪਾਉਂਦਾ, ਢੋਲੇ ਲਾਉਂਦਾ ਪੀਣ ਕਿਉਂ ਲੱਗ ਪਿਆ ਸੀ? ਰੱਬ ਹੀ ਜਾਣੇ, ਪਰ ਪਿਆਰ ਦੀਆਂ ਤੰਦਾਂ ਦੇ ਤਾਣਿਆਂ ਨੇ ਵਿਆਹ ਤੋਂ ਪਿਛੋਂ ਵੀ ਕਦੇ ਕਦੇ ਖਿੱਚੋਤਾਣ ਪਾਈ ਰੱਖੀ। ਖੈਰ! ਜਿਵੇਂ ਉਪਰ ਕਿਹੈ, ਕਲਾਕਾਰ ਇਸ਼ਕ ਮਜ਼ਾਜੀ ਹੁੰਦੇ ਨਹੀਂ, ਹੋ ਜਾਂਦੇ ਹਨ।

ਪ੍ਰਿਤਪਾਲ ਦੇ ਉਹ ਮਾਮੇ ਦਾ ਮੁੰਡਾ ਸੀ, ਉਹ ਦੱਸੇ ਕਿ ਕੈਨੇਡਾ ਆਇਆ ਤਾਂ ਉਨ੍ਹੀਂ ਦਿਨੀਂ 'ਇੰਡੋ-ਕੈਨੇਡੀਅਨ ਟਾਈਮਜ਼' ਦੇ ਬਾਨੀ ਸੰਪਾਦਕ ਤਾਰਾ ਸਿੰਘ ਹੇਅਰ ਦਾ ਕਤਲ ਹੋ ਗਿਆ ਸੀ। ਉਹਨੂੰ ਅਫ਼ਸੋਸ ਕਰਨ ਲਈ ਕਿਹਾ ਤਾਂ ਉਹ ਮੰਨ ਤਾਂ ਗਿਆ, ਪਰ ਇਸ ਸ਼ਰਤ 'ਤੇ ਕਿ ਮੁੜਦੀ ਵਾਰੀ ਪੂਰੀ ਬੋਤਲ ਲੈ ਕੇ ਦਿਓਗੇ। ਉਥੇ ਉਹ ਬੋਲਿਆ ਕੁਝ ਨਹੀਂ। ਹੂੰ-ਹਾਂ ਕਰੀ ਜਾਵੇ, 'ਚਲੋ ਚਲੀਏ' ਕਿਉਂਕਿ ਉਦੋਂ ਉਹ ਸਾਰੇ ਦਾ ਸਾਰਾ ਬੋਤਲ ਵਿਚ ਡੁੱਬ ਗਿਆ ਸੀ। ਰੁਪਿੰਦਰ (ਤਾਰਾ ਸਿੰਘ ਹੇਅਰ ਦੀ ਧੀ) ਨੇ ਕਿਹਾ ਵੀ, ਇਹ ਤਾਂ ਬੋਲਦਾ ਹੀ ਨਹੀਂ, ਗਾਉਂਦਾ ਕੀ ਹੋਵੇਗਾ! ਅਸਲ ਵਿਚ ਪੈਗ ਉਹਨੂੰ ਵਿਆਕੁਲ ਕਰ ਰਿਹਾ ਸੀ। ਸਾਲ 2000 ਵਿਚ ਮੈਂ 'ਲਿਸ਼ਕਾਰਾ' ਪੇਸ਼ ਕਰ ਕੇ ਜਲੰਧਰ ਦੂਰਦਰਸ਼ਨ ਤੋਂ ਪਰਤ ਰਿਹਾ ਸਾਂ ਕਿ ਲੱਕੀ ਢਾਬੇ 'ਤੇ ਰੁਕੇ। ਉਹ ਗੱਡੀ ਵਿਚ ਬੈਠ ਕੇ ਤੁਰਨ ਹੀ ਲੱਗਾ ਸੀ। ਕਰਤਾਰਪੁਰ ਵੱਲੋਂ ਪ੍ਰੋਗਰਾਮ ਕਰ ਕੇ ਆ ਰਿਹਾ ਸੀ, ਮੈਨੂੰ ਵੇਖ ਕੇ ਉਤਰ ਆਇਆ। ਬੋਤਲ ਹੱਥ ਵਿਚ ਸੀ। ਆਂਹਦੈ, ਅੱਜ ਦੋ ਪੈਗ 'ਕੱਠੇ ਪੀ। ਪੈਗ ਪੀ ਤਾਂ ਮੈਂ ਲਏ, ਪਰ ਦੁੱਖ ਹੈ ਕਿ ਜਿਉਂਦੇ ਜੀਅ ਇਹ ਸਾਡੀ ਆਖਰੀ ਮੁਲਾਕਾਤ ਸੀ।

ਕਹਿੰਦੇ ਨੇ ਗਾਇਕੀ ਵਿਚ ਮੁਕੱਦਰ ਵੀ ਭਿੜਦੇ ਨੇ। ਗੁੱਸਾ ਭਾਵੇਂ ਲੱਗੇ, ਪਰ ਸੱਚ ਕਹਿ ਦਿਆਂਗਾ ਕਿ ਸੁਰਜੀਤ ਬਿੰਦਰਖੀਏ ਦੇ ਜਾਣ ਪਿਛੋਂ ਗੀਤਕਾਰ ਬਣ ਕੇ ਜਿਹੜੀ ਚੜ੍ਹਾਈ ਸ਼ਮਸ਼ੇਰ ਸੰਧੂ ਦੀ ਸੀ, ਉਹ ਨਹੀਂ ਰਹੀ, ਤੇ ਨਾ ਹੀ ਸੰਗੀਤਕਾਰ ਅਤੁਲ ਸ਼ਰਮਾ ਦੀ ਹੁਣ ਤੂਤੀ ਬੋਲਦੀ ਹੈ। ਸੁਰਜੀਤ ਦੇ ਬੇਟੇ ਗਿਤਾਜ ਨੂੰ ਸ਼ਮਸ਼ੇਰ ਨੇ ਗਾਉਣ ਲਾਇਆ, ਗੱਲ ਤੁਰੀ, ਪਰ ਸ਼ਮਸ਼ੇਰ ਦੇ ਇਸ ਦਾਅਵੇ ਕਿ 'ਭਤੀਜੇ ਵਿਚੋਂ ਯਾਰ ਬੁਲਾ ਦਿਆਂਗੇ' ਨੂੰ ਬੂਰ ਪਿਆ ਕਿਉਂ ਨਹੀਂ? ਇਹ ਸ਼ਮਸ਼ੇਰ ਹੀ ਜਾਣੇ, ਜਾਂ ਪ੍ਰੀਤ ਜਾਂ ਫਿਰ ਗਿਤਾਜ। ਬੇਟੀ ਮਿਨਾਜ ਅੱਜ ਕੱਲ੍ਹ ਸਰੀ ਪੜ੍ਹਾਈ ਕਰ ਰਹੀ ਹੈ।

ਚਰਨਜੀਤ ਅਹੂਜਾ ਨੇ ਮੈਨੂੰ ਬਹੁਤ ਵਾਰੀ ਕਿਹਾ, ਲਿਆ ਬਿੰਦਰਖੀਏ ਨੂੰ; ਗੀਤ ਵੀ ਸ਼ਮਸ਼ੇਰ ਦੇ ਹੀ ਪਾ ਲਵਾਂਗੇ, ਇਕ ਵਾਰ ਆਪਣੇ ਹੱਥੀਂ ਤਾਂ ਰਿਕਾਰਡ ਕਰ ਕੇ ਵੇਖ ਲਵਾਂ...ਪਰ ਗੱਲ ਬਣ ਨਾ ਸਕੀ। ਭਲਵਾਨ ਸੁੱਚਾ ਸਿੰਘ ਤੇ ਗਾਇਕ ਸੁਰਜੀਤ ਦਾ ਬਿੰਦਰਖ ਉਦਾਸ ਹੈ। ਸਰਕਾਰ ਨੇ ਯਾਦਾਂ ਨਹੀਂ ਬਣਾਈਆਂ ਤੇ ਮਾਂ ਗੁਰਬਚਨ ਕੌਰ ਦੇ ਜਾਣ ਪਿਛੋਂ ਘਰ ਨੂੰ ਰੋਪੜੀ ਜਿੰਦਾ ਲੱਗ ਗਿਆ ਹੈ, ਕਿਉਂਕਿ ਪ੍ਰੀਤ ਬੱਚਿਆਂ ਨਾਲ ਮੁਹਾਲੀ ਰਹਿ ਰਹੀ ਹੈ।

...ਤੇ ਇਹ ਅੰਕੜਾ ਰਹੇਗਾ ਹੀ ਕਿ ਉਚੀ ਪਿੱਚ ਦੇ ਦੋ ਗਾਇਕ ਸਾਡੇ ਵੇਲਿਆਂ ਵਿਚ ਹੋਏ ਸਨ। ਇਨ੍ਹਾਂ ਵਿਚੋਂ ਕੁਲਦੀਪ ਮਾਣਕ 'ਟਿੱਲੇ ਤੋਂ ਸੂਰਤ' ਨਾਲ ਬਾਘਿਓਂ ਪਾਰ ਅਤੇ ਬਿੰਦਰਖੀਆ 'ਦੁੱਪਟਾ ਤੇਰਾ ਸੱਤ ਰੰਗ ਦਾ' ਨਾਲ ਬੀ.ਬੀ.ਸੀ. 'ਤੇ ਮੋਹਰੀ ਰਿਹਾ ਹੈ।

ਸਤਿਯੁਗੀ ਬੰਦੇ-2



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

# ਚੱਲ ਭਾਈ ਵਲੀ ਖਾਂ, ਸੰਕਟ ਦੂਰ ਕਰ!

ਸਿਆਣਿਆਂ ਨੇ ਸੱਚ ਕਿਹਾ ਹੈ ਕਿ ਬੰਦੇ ਨੂੰ ਅਤੀਤ ਹਮੇਸ਼ਾਂ ਚੰਗਾ ਲਗਦਾ ਹੈ ਕਿਉਂਕਿ ਬੰਦਾ ਆਪਣੇ ਵਰਤਮਾਨ ਤੋਂ ਅਕਸਰ ਅਸੰਤੁਸ਼ਟ ਹੁੰਦਾ ਹੈ। ਅਜੋਕੇ ਸਮੇਂ ਇਹ ਗੱਲ, ਖਾਸ ਕਰਕੇ ਮਨੁੱਖੀ ਰਿਸ਼ਤਿਆਂ ਦੇ ਮਾਮਲੇ ਵਿਚ ਹੈ ਵੀ ਸੋਲਾਂ ਆਨੇ ਸੱਚ। ਪੈਸਾ ਅਤੇ ਪਦਾਰਥਵਾਦ ਇੰਨਾ ਹਾਵੀ ਹੋ ਚੁਕਾ ਹੈ ਕਿ ਭੇਦ-ਭਾਵ ਅਤੇ ਲੋਭ-ਲਾਲਚ ਤੋਂ ਨਿਰਲੇਪ ਭਾਈਚਾਰਕ ਰਿਸ਼ਤੇ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਏ ਹਨ। ਅਜਿਹੇ ਰਿਸ਼ਤੇ ਨਿਭਾਉਣ ਵਾਲੇ 'ਸਤਿਯੁਗੀ' ਬੰਦੇ ਲੋਕ ਮਨਾਂ ਦੀ ਸਦੀਵੀ ਯਾਦ ਬਣ ਗਏ ਹਨ। ਵਡੇਰੀ ਉਮਰ ਦੇ ਲੋਕ ਜਦੋਂ ਉਨ੍ਹਾਂ ਨੂੰ ਚੇਤੇ ਕਰਦੇ ਹਨ ਤਾਂ ਉਨ੍ਹਾਂ ਉਪਰ ਜਿਵੇਂ ਕੋਈ ਇਲਾਹੀ ਵਿਸਮਾਦ ਛਾ ਜਾਂਦਾ ਹੈ। ਗਲਪਕਾਰ ਤੇ ਪੱਤਰਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਯੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਉਨ੍ਹਾਂ ਭਲੇ ਵੇਲਿਆਂ ਨੂੰ ਚੇਤੇ ਕੀਤਾ ਹੈ। ਇਸ ਲੜੀ ਦੇ ਕੁਝ ਲੇਖ ਅਸੀਂ ਕੁਝ ਸਮਾਂ ਪਹਿਲਾਂ ਛਾਪ ਚੁਕੇ ਹਾਂ। -ਸੰਪਾਦਕ

ਮੇਰੇ ਬਚਪਨ ਵੇਲੇ ਪਿੰਡਾਂ ਵਿਚ ਗਊਆਂ ਦੇ ਵੱਗ ਛਿੜਦੇ ਸਨ। ਉਸ ਜ਼ਮਾਨੇ ਵਿਚ ਪੇਂਡੂ ਘਰਾਂ ਵਿਚ ਤੰਦਰੁਸਤੀ ਦਾ ਮੁੱਖ ਅਧਾਰ ਦੁੱਧ, ਦਹੀਂ, ਮਖਣੀ ਤੇ ਘਿਓ ਹੀ ਸੀ। ਕੋਲੈਸਟਰੋਲ, ਜੋ ਹੁਣ, ਕੀ ਪੇਂਡੂ ਤੇ ਕੀ ਸ਼ਹਿਰੀ, ਹਰ ਬੰਦੇ ਦੀਆਂ ਲਹੂ-ਨਾੜੀਆਂ ਵਿਚ ਵੜੀ ਬੈਠੀ ਹੈ, ਸ਼ਹਿਰਾਂ ਵਿਚ ਤਾਂ ਭਾਵੇਂ ਮਾੜਾ-ਮੋਟਾ ਪ੍ਰਵੇਸ਼ ਕਰ ਚੁੱਕੀ ਹੋਵੇ, ਪਿੰਡਾਂ ਦੇ ਲੋਕਾਂ ਦੀ ਸਖ਼ਤ ਮਿਹਨਤ-ਮੁਸ਼ੱਕਤ ਤੇ ਸਰਗਰਮ ਰਹਿਤਲ ਤੋਂ ਡਰਦੀ ਫਿਰਨੀ ਦੇ ਅੰਦਰ ਨਹੀਂ ਸੀ ਆਉਂਦੀ। ਜਿਸ ਉਮਰ ਵਿਚ ਬੰਦੇ ਨੂੰ ਹੁਣ ਡਾਕਟਰ ਅਣਚੋਪੜੀ ਰੋਟੀ ਖਾਣ ਲਾ ਦਿੰਦੇ ਹਨ, ਉਸ ਉਮਰੇ ਹਰ ਪੇਂਡੂ ਬਜ਼ੁਰਗ ਆਪਣੇ ਪਰਿਵਾਰ ਨੂੰ ਆਖਦਾ, "ਬਈ ਸਿਆਲ ਆ ਗਿਆ। ਮੈਨੂੰ ਤਾਂ ਵੇਲੇ-ਸਿਰ ਪੰਜੀਰੀ ਘਿਓ ਵਿਚ ਅਲਸੀ, ਮੇਥੇ, ਜਮਾਇਣ ਤੇ ਹੋਰ ਸਭ ਸਮਗਰੀ ਪਾ ਕੇ ਪਿੰਨੀਆਂ ਬਣਾ ਦਿਓ।" ਉਹ ਗਰਮ ਗਰਮ ਅਣਘਾਲੇ ਦੁੱਧ ਨਾਲ ਪਿੰਨੀ ਛਕਦਾ ਤਾਂ 'ਬਲੌਕੇਜ' ਹੋਣ ਦੀ ਥਾਂ ਨਾੜਾਂ ਵਿਚ ਲਹੂ ਖੇਤ ਵਾਲੇ ਹਲਟ ਦੇ ਪਾਣੀ ਵਾਂਗ ਬੇਰੋਕ ਵਗ ਤੁਰਦਾ!

ਘਰ ਘਰ ਮੱਝਾਂ-ਗਊਆਂ ਹੁੰਦੀਆਂ ਸਨ। ਆਮ ਕਰਕੇ ਵੱਗ ਮੱਝਾਂ ਦੇ ਨਹੀਂ, ਗਊਆਂ ਦੇ ਹੀ ਛਿੜਦੇ। ਸ਼ਾਇਦ ਇਹਦਾ ਕਾਰਨ ਤੁਰਨ-ਫਿਰਨ ਦੇ ਪੱਖੋਂ ਗਊਆਂ ਦੇ ਮੁਕਾਬਲੇ ਮੱਝਾਂ ਦਾ ਬਹੁਤ ਸੁਸਤ ਚਾਲ ਵਾਲੀਆਂ ਹੋਣਾ ਸੀ। ਗਊਆਂ ਏਨੀਆਂ ਚੁਸਤ ਹੁੰਦੀਆਂ ਕਿ ਉਨ੍ਹਾਂ ਨੂੰ ਤਾਂ ਲਲਕਾਰੇ ਮਾਰ ਕੇ ਤੇ ਡਾਂਗ ਦਿਖਾ ਕੇ ਮੱਠੀ ਕਰਨਾ ਪੈਂਦਾ।

ਪਿੰਡ ਦੇ ਬਾਹਰ ਕੋਈ ਖੁੱਲ੍ਹੀ ਥਾਂ ਗਊਆਂ ਇਕੱਠੀਆਂ ਕਰਨ ਲਈ ਮਿਥ ਲਈ ਜਾਂਦੀ। ਸਵੇਰੇ ਹੀ ਲੋਕ ਆਪਣੀਆਂ ਗਊਆਂ ਉਥੇ ਛੱਡ ਆਉਂਦੇ। ਰੋਜ਼ ਦੀ ਆਦਤ ਪਈ ਹੋਣ ਕਰਕੇ ਗਊਆਂ ਬਿਨਾਂ ਕਿਸੇ ਸੰਗਲ-ਰੱਸੇ ਤੋਂ ਆਰਾਮ ਨਾਲ ਖਲੋਤੀਆਂ ਰਹਿੰਦੀਆਂ। ਕੋਈ ਨਾ ਕੋਈ ਬੰਦਾ ਪੁੰਨ ਦਾ ਕੰਮ ਸਮਝ ਕੇ ਪਹਾੜੀ ਲੂਣ, ਜਿਸ ਨੂੰ ਉਹਦੀਆਂ ਸਭ ਖਾਣਾਂ ਪਾਕਿਸਤਾਨ ਦੇ ਇਲਾਕੇ ਵਿਚ ਹੋਣ ਕਾਰਨ ਹੁਣ ਪਾਕਿਸਤਾਨੀ ਲੂਣ ਕਿਹਾ ਜਾਂਦਾ ਹੈ, ਦਾ ਵੱਡਾ ਸਾਰਾ ਡਲਾ ਉਥੇ ਇਕ ਪਾਸੇ ਕਿਸੇ ਪਿੱਪਲ-ਬੋਹੜ ਦੀ ਜੜ ਕੋਲ ਰੱਖ ਦਿੰਦਾ। ਇਸ ਲੂਣ ਦੇ 12-15 ਸੇਰ ਦੇ ਡਲੇ ਮਿਲਣੇ ਆਮ ਗੱਲ ਸੀ। ਕੋਈ ਗਊ ਆਉਂਦੀ ਤੇ ਡਲੇ ਉਤੇ ਲੰਮੀ ਜੀਭ ਮਾਰ ਕੇ ਵਾਪਸ ਜਾ ਖਲੋਂਦੀ। ਕਹਿੰਦੇ ਸਨ, ਲੂਣ ਚੱਟਣ ਨਾਲ ਉਨ੍ਹਾਂ ਦਾ ਹਾਜ਼ਮਾ ਠੀਕ ਰਹਿੰਦਾ ਹੈ।

ਜਦੋਂ ਵਾਗੀ ਨੂੰ ਲਗਦਾ ਸਭ ਗਊਆਂ ਆ ਗਈਆਂ ਹਨ, ਉਹ ਉਨ੍ਹਾਂ ਨੂੰ ਤੋਰ ਲੈਂਦਾ। ਹੁਣ ਵਾਂਗ ਇੰਚ-ਇੰਚ ਭੋਇੰ ਉਦੋਂ ਵਾਹੀ ਹੇਠ ਨਹੀਂ ਸੀ ਆਈ। ਹਰੇਕ ਪਿੰਡ ਵਿਚ ਭੋਇੰ ਦੇ ਨਿੱਜੀ ਜਾਂ ਸਾਂਝੇ ਕਈ ਟੋਟੇ ਕੁਦਰਤੀ ਰੂਪ ਵਿਚ ਘਾਹ-ਬੂਟ ਦੇ ਭਰੇ ਹੋਏ ਹੁੰਦੇ। ਇਹਦੇ ਨਾਲ ਹੀ ਡੰਗਰਾਂ ਦੇ ਤੁਰਨ-ਫਿਰਨ ਤੇ ਮੂੰਹ ਮਾਰਨ ਵਾਸਤੇ ਅਗਲੀ ਫ਼ਸਲ ਬੀਜਣ ਖਾਤਰ ਖਾਲੀ ਛੱਡੇ ਹੋਏ ਖੇਤ ਹੁੰਦੇ। ਵਾਗੀ ਅਜਿਹੇ ਥਾਂਈਂ ਉਨ੍ਹਾਂ ਨੂੰ ਚਾਰਦਾ ਪਿਛਲੇ ਪਹਿਰ ਤੱਕ ਲਈ ਫਿਰਦਾ। ਮੁੜਨ ਦਾ ਵੇਲਾ ਹੋਇਆ ਦੇਖ ਉਹ ਉਨ੍ਹਾਂ ਨੂੰ ਪਿੰਡ ਦੇ ਰਾਹ ਪਾ ਲੈਂਦਾ ਤੇ ਘਰੋ-ਘਰ ਪਹੁੰਚਦੀਆਂ ਕਰ ਦਿੰਦਾ। ਸਗੋਂ ਵਾਗੀ ਨੇ ਉਨ੍ਹਾਂ ਨੂੰ ਘਰ ਕੀ ਪੁਜਦੀਆਂ ਕਰਨਾ ਸੀ, ਪਿੰਡ ਦੇ ਨੇੜੇ ਆ ਕੇ ਉਹ ਵਾਗੀ ਦੀ ਡਾਂਗ ਤੇ ਲਲਕਾਰ ਭੁੱਲ ਕੇ ਆਪ ਹੀ ਘਰ ਵੱਲ ਭੱਜ ਲੈਂਦੀਆਂ। ਖਾਸ ਕਰ ਘਰ ਰੱਖੇ ਵੱਛੇ-ਵੱਛੀ ਵਾਲੀ ਗਾਂ ਦਾ ਭੱਜਣਾ ਤਾਂ ਮਸ਼ਹੂਰ ਸੀ। ਜੇ ਕੋਈ ਬੰਦਾ ਕਾਹਲੀ-ਕਾਹਲੀ ਘਰ ਨੂੰ ਜਾ ਰਿਹਾ ਹੁੰਦਾ, ਕੋਈ ਨਾ ਕੋਈ ਟਿੱਚਰ ਕਰਦਾ, "ਕੀ ਗੱਲ? ਖ਼ੈਰ ਹੈ, ਵੱਗ ਵਾਲੀ ਗਾਂ ਵਾਂਗੂੰ ਘਰ ਨੂੰ ਭੱਜਿਆ ਜਾਨੈਂ?"

ਪਿੰਡਾਂ ਵਿਚ ਘੜੀਆਂ-ਘੰਟੇ ਆਮ ਨਹੀਂ ਸਨ ਹੁੰਦੇ। ਘੜੀ ਜਾਂ ਤਾਂ ਪੈਨਸ਼ਨੀਏ ਫ਼ੌਜੀਆਂ ਕੋਲ ਹੁੰਦੀ ਜਾਂ ਫੇਰ ਮੀਰਾਬ ਕੋਲ ਜੋ ਪਿੰਡ ਦਾ ਹੀ ਕੋਈ ਬੰਦਾ ਹੁੰਦਾ ਅਤੇ ਘੱਟ-ਵੱਧ ਜ਼ਮੀਨ ਦੇ ਹਿਸਾਬ ਨਾਲ ਕਿਸਾਨਾਂ ਨੂੰ ਨਹਿਰੀ ਪਾਣੀ ਦੀ ਵੰਡ ਕਰਦਾ। ਆਮ ਕਰਕੇ ਸਮਾਂ ਕਿਸੇ ਨਾ ਕਿਸੇ ਘਟਨਾ ਨਾਲ ਜੋੜ ਕੇ ਦੱਸਿਆ ਜਾਂਦਾ। ਜਿਸ ਵੇਲੇ ਵੱਗ ਪਿੰਡ ਮੁੜਦਾ, ਉਹਨੂੰ ਵੱਗਾਂ ਵੇਲਾ ਆਖਦੇ। ਕੋਈ ਕੁੱਕੜ ਦੀ ਪਹਿਲੀ-ਦੂਜੀ ਬਾਂਗ ਦਾ ਵੇਲਾ ਹੁੰਦਾ। ਕੋਈ ਚਿੜੀਆਂ ਦੇ ਚੂਕਣ ਦਾ ਵੇਲਾ ਹੁੰਦਾ ਜਿਸ ਦਾ ਜ਼ਿਕਰ ਆਪਣੇ ਵਾਰਿਸ ਸ਼ਾਹ ਨੇ ਕੀਤਾ ਹੈ। ਇਉਂ ਹੀ ਤੌਤੀਆਂ ਵੇਲਾ, ਭੱਠੀਆਂ ਵੇਲਾ, ਦੀਵੇ-ਬੱਤੀ ਦਾ ਵੇਲਾ ਤੇ ਹੋਰ ਵੇਲੇ ਹੁੰਦੇ।

ਸਮਾਜਕ-ਸਭਿਆਚਾਰਕ ਪੱਖੋਂ ਚੇਤੇ ਰੱਖਣ ਵਾਲੀ ਇਕ ਅਹਿਮ ਤੇ ਦਿਲਚਸਪ ਗੱਲ ਇਹ ਹੈ ਕਿ ਵਾਗੀ ਆਮ ਕਰਕੇ ਮੁਸਲਮਾਨ ਭਰਾ ਹੀ ਹੁੰਦੇ ਅਤੇ ਉਹ ਵੱਗ ਦੀਆਂ ਗਊਆਂ ਨੂੰ ਬੜੇ ਪਿਆਰ ਨਾਲ ਰੋਹੀਆਂ-ਬਨਿਆਂ ਵਿਚ ਫੇਰ-ਚਾਰ ਕੇ ਲਿਆਉਂਦੇ। ਭਾਵੇਂ ਏਨੇ ਡੰਗਰਾਂ ਨੂੰ ਕਾਬੂ ਵਿਚ ਰੱਖਣ ਤੇ ਕਿਸਾਨਾਂ ਦੀਆਂ ਪੈਲੀਆਂ ਵਿਚ ਵੜਨੋਂ ਰੋਕਣ ਵਾਸਤੇ ਉਨ੍ਹਾਂ ਕੋਲ ਡਾਂਗ ਹੁੰਦੀ, ਉਹ ਵਾਹ ਲਗਦੀ ਗਊਆਂ ਉਤੇ ਇਹਦੀ ਵਰਤੋਂ ਨਹੀਂ ਸਨ ਕਰਦੇ। ਪਸ਼ੂ ਵੀ ਉਨ੍ਹਾਂ ਦੀ ਲਲਕਾਰ ਤੇ ਝਾੜ-ਝੰਬ ਨੂੰ ਹੀ ਸਮਝ ਜਾਂਦੇ ਸਨ।

ਸਾਡੇ ਪਿੰਡ ਨਿੱਕਾ ਵਾਗੀ ਹੁੰਦਾ ਸੀ। ਉਹਦਾ ਘਰ ਥੋੜ੍ਹਾ ਜਿਹਾ ਹਟਵਾਂ ਸਾਡੇ ਘਰ ਦੇ ਲਗਭਗ ਸਾਹਮਣੇ ਹੀ ਸੀ। ਉਹਦੀ ਮਾਂ, ਹਾਤੋ ਅੰਮਾ, ਬਹੁਤ ਸਿਆਣੀ ਤੇ ਅਨੁਭਵੀ ਦਾਈ ਸੀ। ਮੈਂ ਤੇ ਮੇਰੇ ਹਾਣੀ ਅਤੇ ਸਾਥੋਂ ਪਹਿਲੇ ਤੇ ਪਿਛਲੇ ਅਨੇਕ ਕੁੜੀਆਂ-ਮੁੰਡੇ ਉਹਦੀ ਦਾਈਗੀਰੀ ਨੇ ਹੀ ਇਸ ਸੰਸਾਰ ਵਿਚ ਲਿਆਂਦੇ ਸਨ।

ਹਰੇਕ ਵਾਗੀ ਨੂੰ ਗਊ ਸੁਆਉਣ ਦਾ ਤਜਰਬਾ ਹੋ ਜਾਣਾ ਕੁਦਰਤੀ ਸੀ। ਦਰਜਨਾਂ ਗਊਆਂ ਵਿਚੋਂ ਕਦੀ ਨਾ ਕਦੀ ਵੱਗ ਵਿਚ ਗਈ ਕਿਸੇ ਗਊ ਦੇ ਵੱਛਰੂ ਪੈਦਾ ਹੋ ਹੀ ਜਾਂਦਾ। ਇਹ ਕਾਰਜ ਵਾਗੀ ਹੀ ਨਿਭਾਉਂਦੇ। ਜਦੋਂ ਵੱਗ ਪਿੰਡ ਮੁੜਦਾ, ਨਵਾਂ ਜੰਮਿਆ ਵੱਛੀ-ਵੱਛਾ ਬੜੇ ਲਾਡ ਨਾਲ ਵਾਗੀ ਨੇ ਮੋਢੇ ਚੁੱਕਿਆ ਹੁੰਦਾ। ਘਰ ਵਾਲੇ ਖ਼ੁਸ਼ ਹੋ ਕੇ ਆਪਣੀ ਇੱਛਾ ਅਨੁਸਾਰ ਉਹਨੂੰ ਗੁੜ, ਆਟਾ, ਖੱਦਰ-ਖੇਸ ਤੇ ਰੁਪਈਆ-ਧੇਲੀ ਦੇ ਦਿੰਦੇ। ਕਈ ਵਾਰ ਵੱਛਰੂ ਆਪਣੇ ਹੀ ਨਾੜੂਏ ਵਿਚ ਉਲਝਿਆ ਹੋਇਆ ਹੁੰਦਾ। ਬਹੁਤੇ ਵਾਗੀ ਪੁਸ਼ਤ-ਦਰ-ਪੁਸ਼ਤ ਦੀ ਸਿਖਲਾਈ ਅਤੇ ਅਭਿਆਸ ਸਦਕਾ ਅਜਿਹੀ ਹਾਲਤ ਨਾਲ ਸਿੱਝਣ ਦੇ ਸਮਰੱਥ ਵੀ ਹੋ ਜਾਂਦੇ। ਉਹ ਸਹਿਜੇ-ਸਹਿਜੇ ਵੱਛਰੂ ਦੁਆਲਿਓਂ ਨਾੜੂਆ ਲਾਹੁੰਦੇ ਤੇ ਗਾਂ-ਵੱਛੇ ਦੋਵਾਂ ਦੀ ਜਾਨ ਬਚਾ ਲੈਂਦੇ।

ਇਕ ਦਿਨ ਨਿੱਕੇ ਵਾਗੀ ਤੋਂ ਤੁਰੀ ਗੱਲ ਇਕ ਅਜਿਹੇ ਵਾਗੀ ਤੱਕ ਪੁੱਜ ਗਈ ਜਿਸ ਬਾਰੇ ਜਾਣ ਕੇ ਮੈਂ ਜਿੰਨਾ ਹੈਰਾਨ ਉਦੋਂ ਹੋਇਆ ਸੀ, ਓਨਾ ਹੀ ਅੱਜ ਵੀ ਹਾਂ। ਤੇ ਉਸ ਸਾਹਮਣੇ ਜਿੰਨਾ ਸਿਰ ਉਦੋਂ ਝੁਕਿਆ ਸੀ, ਅੱਜ ਵੀ ਓਨਾ ਹੀ ਝੁਕਦਾ ਹੈ। ਇਹ ਪਿੰਡ ਬੀਲ੍ਹਾ ਦਾ ਵਾਗੀ ਵਲੀ ਖਾਂ ਸੀ। ਨਹਿਰ ਸਰਹੰਦ ਦੇ ਕਿਨਾਰੇ ਸ਼ਹਿਣੇ ਤੋਂ ਉਤਾਂਹ ਦੇ ਇਸ ਪਿੰਡ ਵਿਚ ਮੇਰਾ ਵੱਡਾ ਭਾਈ ਵਿਆਹਿਆ ਹੋਇਆ ਸੀ ਅਤੇ ਵਲੀ ਖਾਂ ਦੀ ਇਹ ਅਨੋਖੀ ਕਹਾਣੀ ਮੇਰੀ ਭਾਬੀ ਨੇ ਸੁਣਾਈ ਸੀ।

ਵਾਗੀ ਹੋਣ ਕਰਕੇ ਉਹਨੂੰ ਵੱਛੀਆਂ-ਵੱਛੇ ਇਸ ਦੁਨੀਆਂ ਵਿਚ ਲਿਆਉਣ ਦਾ ਲੰਮਾ ਅਨੁਭਵ ਸੀ। ਸੁਭਾਵਿਕ ਸੀ ਕਿ ਇਸ ਵਿਚ ਜਨਮ ਸਮੇਂ ਨਾੜੂਏ ਵਿਚ ਉਲਝੇ ਵੱਛੀਆਂ-ਵੱਛੇ ਵੀ ਸਾਮਲ ਸਨ। ਮਨੁੱਖ ਅਤੇ ਪਸ਼ੂਆਂ ਦੀ ਸਰੀਰਕ ਬਣਤਰ ਤਾਂ ਆਖ਼ਰ ਇਕੋ ਹੀ ਹੈ। ਜਿਹੋ ਜਿਹੇ ਉਲਝੇਵੇਂ ਦੀ ਗੱਲ ਅਸੀਂ ਗਊਆਂ ਦੀ ਕੀਤੀ ਹੈ, ਕੁਦਰਤੀ ਸੀ, ਇਹੋ ਜਿਹੇ ਉਲਝੇਵੇਂ ਜੱਚਗੀ ਵੇਲੇ ਇਸਤਰੀਆਂ ਨੂੰ ਵੀ ਪੈ ਜਾਂਦੇ ਹਨ। ਹੁਣ ਅਜਿਹੀਆਂ ਮੁਸ਼ਕਿਲਾਂ ਵੇਲੇ ਸਹਾਈ ਹੋਣ ਲਈ ਉਚੀ ਤੋਂ ਉਚੀ ਸਿੱਖਲਾਈ ਅਤੇ ਯੋਗਤਾ ਵਾਲੀਆਂ ਗਾਇਨਾਕਾਲੋਜਿਸਟ ਡਾਕਟਰ ਹਨ। ਨੇੜੇ ਨੇੜੇ ਸਰਕਾਰੀ ਜਾਂ ਨਿੱਜੀ ਹਸਪਤਾਲ ਹਨ। ਪਿੰਡਾਂ ਨੂੰ ਉਨ੍ਹਾਂ ਨਾਲ ਜੋੜਨ ਵਾਸਤੇ ਸੜਕਾਂ ਹਨ ਅਤੇ ਮਰੀਜ਼ ਨੂੰ ਲੈ ਕੇ ਜਾਣ ਲਈ ਕਾਰਾਂ ਤੇ ਐਂਬੂਲੈਂਸਾਂ ਹਨ। ਜਿਸ ਜ਼ਮਾਨੇ ਦੀ ਗੱਲ ਮੈਂ ਕਰਨ ਲੱਗਿਆ ਹਾਂ, ਦੂਰ ਦੂਰ ਤੱਕ ਗਾਇਨਾਕਾਲੋਜਿਸਟ ਤਾਂ ਕੀ, ਸਧਾਰਨ ਡਾਕਟਰ ਵੀ ਨਹੀਂ ਸਨ ਹੁੰਦੇ। ਨਾ ਸੜਕਾਂ ਸਨ ਤੇ ਨਾ ਗੱਡੀਆਂ। ਮੈਨੂੰ ਵਿਗੜੀ ਹੋਈ ਬੀਮਾਰੀ ਵਾਲੇ ਮਰੀਜ਼ ਬਲਦ ਜੁੜੇ ਗੱਡਿਆਂ ਵਿਚ ਮੰਜਾ ਰੱਖ ਕੇ ਸ਼ਹਿਰ ਲਿਜਾਏ ਜਾਂਦੇ ਹੀ ਚੇਤੇ ਹਨ। ਇਕ ਵਾਰ ਭਾਣਾ ਕੀ ਵਰਤਿਆ, ਵਲੀ ਖਾਂ ਦੇ ਆਪਣਿਆਂ ਵਿਚ ਜ਼ਹਿਮਤ ਡਿੱਗੀ ਇਕ ਇਸਤਰੀ ਉਲਝ ਗਈ। ਜਿਵੇਂ ਮੈਂ ਦੱਸਿਆ ਹੈ, ਨੇੜੇ ਪਹੁੰਚ ਵਿਚ ਨਾ ਕੋਈ ਸ਼ਹਿਰ, ਨਾ ਹਸਪਤਾਲ ਤੇ ਨਾ ਡਾਕਟਰ। ਜ਼ਿੰਦਗੀ ਤੇ ਮੌਤ ਵਿਚਕਾਰ ਝੂਲਦੇ ਮਾਂ ਤੇ ਬੱਚਾ ਕਿਸੇ ਸਮੇਂ ਵੀ ਮੌਤ ਵੱਲ ਤਿਲ੍ਹਕ ਸਕਦੇ ਸਨ। ਬੇਵਸੀ ਤੇ ਬੇਚੈਨੀ ਵਿਚ ਹੱਥ ਮਲਦੇ ਘਰਵਾਲਿਆਂ ਨੇ ਕਿਹਾ, "ਵਲੀ, ਤੈਨੂੰ ਗਊਆਂ ਦਾ ਪਤਾ ਹੈ। ਤੂੰ ਹੀ ਦੇਖ ਭਾਈ, ਕਰ ਕੋਈ ਹੀਲਾ। ਕੀ ਪਤਾ ਅੱਲਾ ਨੇ ਇਨ੍ਹਾਂ ਦੋਵਾਂ ਦੀ ਜ਼ਿੰਦਗੀ ਤੇਰੇ ਹੱਥੋਂ ਬਚਣੀ ਹੀ ਲਿਖੀ ਹੋਈ ਹੋਵੇ!"

ਪਹਿਲਾਂ ਵਲੀ ਦਾ ਝਿਜਕਣਾ ਸੁਭਾਵਿਕ ਸੀ। ਫੇਰ ਉਹਨੇ ਮਨ ਪੱਕਾ ਕੀਤਾ ਅਤੇ ਅੱਲਾ ਦੀ ਮਿਹਰ ਨਾਲ ਉਹਦੇ ਸਦਕਾ ਮਾਂ ਨੇ ਨਰਕੀ ਕਸ਼ਟ ਵਿਚੋਂ ਨਿੱਕਲ ਕੇ ਸੁਖ ਦਾ ਸਾਹ ਲਿਆ ਅਤੇ ਬੱਚੇ ਨੇ ਓਪਰੀ ਦੁਨੀਆਂ ਵਿਚ ਆ ਕੇ ਪਹਿਲੀ ਚੀਕ ਮਾਰੀ! ਸਭ ਨੇ ਖ਼ੁਸ਼ ਹੋ ਕੇ ਕਿਹਾ, "ਵਾਹ ਬਈ ਵਲੀ, ਵਾਹ! ਤੇਰੀਆਂ ਉਂਗਲਾਂ ਵਿਚ ਤਾਂ ਅੱਲਾ ਨੇ ਜ਼ਿੰਦਗੀ ਦੇਣ ਵਾਲੀ ਬਰਕਤ ਬਖ਼ਸ਼ੀ ਹੈ!"

ਗੱਲ ਹੈ ਹੀ ਫੈਲਣ ਵਾਲੀ ਸੀ, ਦੂਰ-ਨੇੜੇ ਫੈਲ ਗਈ। ਜਦੋਂ ਕੋਈ ਬਹੂ-ਬੇਟੀ ਉਲਝ ਜਾਂਦੀ, ਬੇਵੱਸ ਘਰ ਵਾਲੇ ਬੇਨਤੀ ਕਰਦੇ, "ਚੱਲ ਭਾਈ ਵਲੀ ਖਾਂ, ਸੰਕਟ ਦੂਰ ਕਰ!" ਅਜਿਹੇ ਵੇਲੇ ਉਹ ਅੱਖਾਂ ਉਤੇ ਪੱਟੀ ਬੰਨ੍ਹਾਉਂਦਾ ਤੇ ਆਖਦਾ, "ਮੈਨੂੰ ਮੰਜੇ ਕੋਲ ਲੈ ਚੱਲੋ।" ਫੇਰ ਉਹ ਜੱਚਾ ਨੂੰ ਆਖਦਾ, "ਧੀਏ, ਮੈਂ ਵੀ ਪਿਛਲੇ ਜਨਮ ਕੋਈ ਗੁਨਾਹ ਕੀਤਾ ਹੈ ਜੋ ਅੱਜ ਆਪਣੀ ਹੀ ਬੇਟੀ ਦੇ ਸਰੀਰ ਨੂੰ ਛੂਹਣਾ ਪੈ ਰਿਹਾ ਹੈ। ਤੇ ਤੂੰ ਵੀ ਪਿਛਲੇ ਜਨਮ ਕੋਈ ਗੁਨਾਹ ਕੀਤਾ ਹੈ ਜੋ ਤੈਨੂੰ ਆਪਣੇ ਅੱਬਾ ਸਮਾਨ ਵਲੀ ਤੋਂ ਸਰੀਰ ਨੂੰ ਹੱਥ ਲੁਆਉਣਾ ਪੈ ਰਿਹਾ ਹੈ। ਰੱਬ ਆਪਣਾ ਦੋਵਾਂ ਦਾ ਗੁਨਾਹ ਬਖ਼ਸ਼ੇ!" ਉਹ ਮਾਹਿਰ ਗਾਇਨਾਕਾਲੋਜਿਸਟ ਵਾਂਗ ਬੱਚੇ ਦੁਆਲਿਓਂ ਹੌਲੀ ਹੌਲੀ ਨਾੜੂਆ ਉਤਾਰਦਾ ਤੇ ਉਹਨੂੰ ਇਸ ਸੰਸਾਰ ਵਿਚ ਲੈ ਆਉਂਦਾ। ਬੱਚੇ ਨੂੰ ਦਾਈ ਦੇ ਹੱਥ ਸੌਂਪ ਕੇ ਉਹ ਉਥੇ ਹੀ ਗੋਡਣੀਏਂ ਹੁੰਦਾ, ਦੋਵੇਂ ਹੱਥ ਦੁਆ ਵਿਚ ਉਚੇ ਚੁਕਦਾ ਅਤੇ ਆਖਦਾ, "ਇਸ ਨਿੱਕੀ ਜਿਹੀ ਜਾਨ ਨੂੰ ਦੁਨੀਆਂ ਵਿਚ ਸਹੀ-ਸਲਾਮਤ ਲਿਆਉਣ ਦਾ ਸਬਾਬ ਦੇਖਦਿਆਂ ਇਹਦੀ ਮਾਂ ਦੇ ਅੰਗ ਛੂਹਣ ਦਾ ਮੇਰਾ ਗੁਨਾਹ ਮਾਫ਼ ਕਰੀਂ, ਮੇਰੇ ਅੱਲਾ!"

ਇਉਂ ਕਿੰਨੀਆਂ ਹੀ ਇਸਤਰੀਆਂ ਦੀਆਂ ਜਾਨਾਂ ਉਸ ਹੱਥੋਂ ਬਚੀਆਂ ਅਤੇ ਕਿੰਨੀਆਂ ਹੀ ਨਵੀਆਂ ਜਾਨਾਂ ਉਸ ਸਦਕਾ ਇਸ ਦੁਨੀਆਂ ਵਿਚ ਆ ਸਕੀਆਂ! ਦੇਸ ਦੀ ਵੰਡ ਵੇਲੇ ਜਦੋਂ ਪੰਜਾਬੀ ਆਪਣੇ ਹੀ ਕਹਿਰ ਦੇ ਸ਼ਿਕਾਰ ਹੋਏ, ਵਲੀ ਦੀ ਇਹੋ ਜੀਵਨ-ਦਾਤੀ ਸਿਫ਼ਤ ਉਹਦੀ ਤੇ ਉਹਦੇ ਪਰਿਵਾਰ ਦੀ ਢਾਲ ਬਣੀ। ਪਤਾ ਲੱਗਾ ਹੈ, ਉਹ ਸੰਤਾਲੀ ਦੇ ਘੱਲੂਘਾਰੇ ਤੋਂ ਪੰਦਰਾਂ-ਵੀਹ ਸਾਲ ਮਗਰੋਂ ਤੱਕ ਜਿਉਂਦਾ ਰਿਹਾ। ਉਹਦਾ ਪਰਿਵਾਰ ਅੱਜ ਵੀ ਬੀਲ੍ਹੇ ਹੀ ਰਹਿੰਦਾ ਹੈ।

---

# ਦੱਖਣੀ ਅਮਰੀਕਾ ਦੇ ਸਿੱਖ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਵੀਹ ਕੁ ਸਾਲ ਪਹਿਲਾਂ ਬੱਸ ਵਿਚ ਕੈਲੀਫੋਰਨੀਆ ਜਾਂਦਿਆਂ ਮੈਨੂੰ ਇਕ ਯੁਵਤੀ ਮਿਲ ਗਈ। ਉਹ ਚਿਹਰੇ-ਮੁਹਰੇ ਤੋਂ ਪੰਜਾਬਣ ਸੀ ਪਰ ਹੈ ਸੀ ਅਮਰੀਕਨ। ਉਸ ਨੇ ਦੱਸਿਆ ਕਿ ਉਸ ਦਾ ਨਾਨਾ ਇੰਡੇ ਸਿੰਘ ਸਿੱਖ ਸੀ ਤੇ ਨਾਨੀ ਮੈਕਸੀਕਨ। ਮੇਰੇ ਕਹਿਣ 'ਤੇ ਉਸ ਨੇ ਮੇਰੀ ਡਾਇਰੀ ਵਿਚ ਆਪਣਾ ਤੇ ਨਾਨੇ ਦਾ ਨਾਂ ਲਿਖਿਆ ਜੋ ਕ੍ਰਮਵਾਰ ਜੈਨੇਲ ਲੁਇਸ ਤੇ ਇੰਦਰ ਸਿੰਘ ਸੀ। ਉਹ ਆਪਣੇ ਟਿਕਾਣੇ ਉਤੇ ਬੱਸੋਂ ਉਤਰ ਗਈ।

ਮੈਂ ਸੈਨ ਡੀਆਗੋ ਪਹੁੰਚ ਕੇ ਆਪਣੇ ਮੇਜ਼ਬਾਨ ਨੂੰ ਕਿਹਾ ਕਿ ਮੈਨੂੰ ਮੈਕਸੀਕੋ ਵਿਖਾ ਲਿਆਵੇ। ਉਹਨੇ ਕਿਸੇ ਟੋਗਾ ਸਿੰਘ ਦੀ ਘਰ ਵਾਲੀ ਬਚਨ ਕੌਰ ਨੂੰ ਟੈਲੀਫੋਨ ਕੀਤਾ ਤਾਂ ਉਸ ਨੇ ਦੱਸਿਆ, ਮੌਸਮ ਖਰਾਬ ਹੋਣ ਕਾਰਨ ਅਸੀਂ ਉਸੇ ਦਿਨ ਨਹੀਂ ਸੀ ਮੁੜ ਸਕਦੇ। ਮੈਂ ਅਗਲੇ ਦਿਨ ਵਾਲੀ ਉਡਾਣ ਦੀ ਟਿਕਟ ਲੈ ਰੱਖੀ ਸੀ।

ਮੈਂ ਬਚਨ ਕੌਰ ਨਾਲ ਟੈਲੀਫੋਨ ਤੇ ਹੀ ਗੱਲਾਂ ਕੀਤੀਆਂ। ਪਤਾ ਲੱਗਿਆ ਕਿ ਉਸ ਦੇ ਪਤੀ ਦਾ ਨਾਂ ਤੇਗ ਸਿੰਘ ਤੇ ਉਹ ਉਹਦੇ ਨਾਲੋਂ 25 ਸਾਲ ਵੱਡਾ ਹੋਣ ਕਾਰਨ ਚਲਾਣਾ ਕਰ ਚੁੱਕਾ ਸੀ।

ਬੀਬੀ ਦੇ ਦੱਸਣ ਅਨੁਸਾਰ ਐਲ ਸੈਂਟਰੋ ਪਹੁੰਚਣ ਵਾਲੇ ਪੰਜਾਬੀ ਕਿਸਾਨ 1909 ਤੋਂ 1913 ਤੱਕ ਆਉਂਦੇ ਰਹੇ। ਏਥੇ ਉਹ ਖੇਤਾਂ ਵਿਚ ਕੰਮ ਕਰਦੇ ਸਨ ਪਰ ਉਨ੍ਹਾਂ ਨੂੰ ਜ਼ਮੀਨ ਖਰੀਦਣ ਦਾ ਹੱਕ ਨਹੀਂ ਸੀ। ਜ਼ਮੀਨ ਖਰੀਦਣ ਦੇ ਲਾਲਚ ਵਿਚ ਉਨ੍ਹਾਂ ਚੋਂ ਬਹੁਤਿਆਂ ਨੇ ਉਥੋਂ ਦੀਆਂ ਮੈਕਸੀਕਨਾਂ ਨਾਲ ਵਿਆਹ ਕਰਵਾ ਲਏ ਸਨ। ਵਿਆਹ ਕਰਵਾਉਣ ਤਕ ਉਹ ਬਿਰਧ ਹੋ ਜਾਂਦੇ ਤੇ ਉਨ੍ਹਾਂ ਵਿਚੋਂ ਕਈਆਂ ਨੂੰ ਮੁੜ ਦੇਸ ਜਾਣਾ ਨਸੀਬ ਨਹੀਂ ਹੋਇਆ। ਉਹ ਬੜੇ ਭੈੜੇ ਸਮੇਂ ਸਨ। ਸਥਾਨਕ ਲੋਕ ਪੰਜਾਬੀਆਂ ਨਾਲ ਈਰਖਾ ਵੀ ਕਰਦੇ ਸਨ।

ਉਥੋਂ ਦੇ ਲੋਕਾਂ ਬਾਰੇ ਜਾਣਨ ਲਈ ਐਲ ਸੈਂਟਰੋ ਦੀ ਫੇਰੀ ਜ਼ਰੂਰੀ ਸੀ। ਓਥੋਂ ਦੇ ਗੁਰਦੁਆਰੇ ਤੇ ਪਿੰਡਾਂ ਦੀ। ਓਥੋਂ ਦੇ ਖੇਤਾਂ ਤੇ ਪੰਚਾਇਤ ਘਰਾਂ ਦੀ। ਮੌਸਮ ਦੀ ਖਰਾਬੀ ਨੇ ਮੇਰੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ ਸੀ। ਮੈਨੂੰ ਇਸ ਦਾ ਝੋਰਾ ਵੀ ਸੀ।

ਹੁਣ ਇਹ ਝੋਰਾ ਕਿਸੇ ਹੱਦ ਤੱਕ ਸਵਰਨ ਸਿੰਘ ਕਾਹਲੋਂ ਦੀ ਅੰਗਰੇਜ਼ੀ ਪੁਸਤਕ 'ਸਿੱਖਸ ਇਨ ਲੈਟਿਨ ਅਮੈਰੀਕਾ' ਨੇ ਦੂਰ ਕਰ ਦਿੱਤਾ ਹੈ। ਇਸ ਵਿਚ ਮੈਕਸੀਕੋ ਵਿਚ ਰਹਿੰਦੇ ਸਿੱਖਾਂ ਬਾਰੇ ਵੀ ਇਕ ਕਾਂਡ ਹੈ। ਉਸ ਨੇ ਅਰਜਨਟਾਈਨਾ, ਬਰਤਾਨਵੀ ਹਾਂਡੁਰਸ, ਬੋਲੀਵੀਆ, ਬਰਾਜ਼ੀਲ, ਕਿਊਬਾ, ਪਨਾਮਾ ਤੇ ਇਕੂਆਡੋਰ ਦੇ ਸਿੱਖਾਂ ਬਾਰੇ ਵੀ ਖੂਬ ਜਾਣਕਾਰੀ ਦਿੱਤੀ ਹੈ। ਜਿੱਥੇ ਮੈਕਸੀਕੋ ਵਾਲੇ ਕਾਂਡ ਨੇ ਮੈਨੂੰ ਐਲ ਸੈਂਟਰੋ ਦੀ ਬਚਨ ਕੌਰ ਚੇਤੇ ਕਰਵਾ ਦਿੱਤੀ, ਇਕੂਆਡੋਰ ਦੇ ਸਿੱਖਾਂ ਬਾਰੇ ਪੜ੍ਹਦਿਆਂ ਮੈਨੂੰ ਪੰਜਾਬ ਦੇ ਕਾਲੇ ਦੌਰ ਦੇ ਉਹ ਖਾਲਿਸਤਾਨੀ ਚੇਤੇ ਕਰਵਾ ਦਿੱਤੇ ਹਨ ਜਿਨ੍ਹਾਂ ਨੇ ਇਕੂਆਡੋਰ ਦੇ ਕਿਸੇ ਸਥਾਨ ਉਤੇ ਖਾਲਿਸਤਾਨੀ ਝੰਡਾ ਝੁਲਾ ਰਖਿਆ ਸੀ।

ਕਾਹਲੋਂ ਦਾ ਦਸਤਾਵੇਜ਼ ਸਿੱਕੇਬੰਦ ਹੈ। ਉਸ ਨੇ ਦੁਰੇਡੇ ਵਸਦੇ ਸਿੱਖਾਂ ਦੇ ਰਿਵਾਜਾਂ ਤੇ ਰਹਿਣ-ਸਹਿਣ ਬਾਰੇ ਹੀ ਨਹੀਂ ਉਨ੍ਹਾਂ ਦੇ ਧੁਰ ਅੰਦਰ ਵਸੀ ਹੋਈ ਸਿੱਖ ਸ਼ਕਤੀ ਬਾਰੇ ਵੀ ਲਿਖਿਆ ਹੈ। ਇਹ ਸ਼ਕਤੀ ਉਨ੍ਹਾਂ ਨੂੰ ਨਵੀਆਂ ਥਾਂਵਾਂ ਦੇ ਜੰਗਲਾਂ ਤੇ ਛੰਭਾਂ ਵਿਚ ਖੇਤੀ ਕਰਨ ਦੇ ਯੋਗ ਹੀ ਨਹੀਂ ਉਨ੍ਹਾਂ ਦੇ ਮਨਾਂ ਨੂੰ ਜਿੱਤਣ ਦੇ ਯੋਗ ਵੀ ਬਣਾਉਂਦੀ ਰਹੀ ਹੈ। ਪੁਸਤਕ ਵਿਚ ਉਨ੍ਹਾਂ ਦੇ ਉਦਮੀ, ਸਿਰੜੀ ਤੇ ਈਮਾਨਦਾਰ ਸੁਭਾਅ ਬਾਰੇ ਖੂਬ ਟਿਪਣੀਆਂ ਹਨ।

ਇਹ ਲੋਕ ਕਿਵੇਂ ਸਰਹੱਦਾਂ ਉਤੇ ਲਗੀਆਂ ਕੰਡਿਆਲੀਆਂ ਵਾੜਾਂ ਟਪ ਕੇ ਅਤੇ ਅਜਿਹੇ ਜਹਾਜ਼ਾਂ ਚੜ੍ਹ ਕੇ ਗਏ ਜਿਹੜੇ ਡੁੱਬਦੇ ਵੀ ਰਹੇ ਹਨ। ਅਜਿਹੀਆਂ ਥਾਂਵਾਂ ਉਤੇ ਜਿੱਥੇ ਉਨ੍ਹਾਂ ਨੂੰ ਆਪਣੇ ਵੰਸ਼ ਜਾਤੀ ਜਾਂ ਗੋਤ ਦਾ ਕੋਈ ਵੀ ਜੀਅ 20-30 ਮੀਲ ਤੱਕ ਨਹੀਂ ਸੀ ਦਿਸਦਾ। ਉਨ੍ਹਾਂ ਵਿਚੋਂ ਕਈਆਂ ਨੂੰ ਇਹ ਵੀ ਨਹੀਂ ਪਤਾ ਕਿ ਧਰਮ ਤੇ ਜਾਤ ਕੀ ਹੁੰਦੀ ਹੈ। ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦੇ ਨਾਂਵਾਂ ਤੇ ਉਨ੍ਹਾਂ ਦੇ ਸਟੋਰਾਂ ਜਾਂ ਡਿਸਕੋ ਸੈਂਟਰਾਂ ਉਤੇ 'ਸਿੰਘ ਜਾਂ ਖਾਲਸਾ' ਕਿਉਂ ਲਿਖਿਆ ਗਿਆ ਹੈ। ਜੇ ਉਨ੍ਹਾਂ ਨੂੰ ਛਡ ਦੇਈਏ ਜਿਹੜੇ ਯੋਗੀ ਭਜਨ ਦੇ ਖੋਲ੍ਹੇ ਯੋਗਾ ਸੈਂਟਰਾਂ ਦੇ ਪ੍ਰਭਾਵ ਅਧੀਨ ਰਾਮਰਤਨ ਸਿੰਘ, ਸਤਿਗੁਰੂ ਸਿੰਘ ਜਾਂ ਗੁਰਦਾਸ ਸਿੰਘ ਬਣੇ ਉਨ੍ਹਾਂ ਦਾ ਕੋਈ ਅੰਤ ਨਹੀਂ ਜਿਹੜੇ ਬਤਨ ਸਿੰਘ ਤੋਂ ਬੂਟੋਨ ਸਿੰਘ, ਜਾਂ ਤਰਲੋਕ ਸਿੰਘ ਤੋਂ ਟੋਲੋਕ ਸਿੰਘ, ਚੰਨਣ ਤੋਂ ਚੈਨੋਨ ਸਿੰਘ ਤੇ ਰਾਮ ਸਿੰਘ ਤੋਂ ਰੋਮ ਸਿੰਘ ਹੋ ਚੁੱਕੇ ਹਨ। ਕੁਝ ਏਸੇ ਤਰ੍ਹਾਂ ਜਿਵੇਂ ਬਚਨ ਕੌਰ ਦਾ ਪਤੀ ਤੇਗ ਸਿੰਘ ਤੋਂ ਟੋਗਾ ਸਿੰਘ ਹੋ ਗਿਆ ਸੀ ਤੇ ਲੁਇਸ ਦਾ ਨਾਨਾ ਇੰਦਰ ਸਿੰਘ ਤੋਂ ਇੰਡੇ ਸਿੰਘ।

ਇਥੇ ਗੈਰ ਪੰਜਾਬੀ ਮਾਂਵਾਂ ਦੇ ਪੁਤ ਜੌਰਜ ਸਿੰਘ, ਫਿਲਿਪ ਸਿੰਘ ਤੇ ਡਗਲਸ ਸਿੰਘ ਹਨ। ਇਹ ਵੀ ਕਿ ਨਾਂਵਾਂ ਨਾਲ ਸਿੰਘ ਲਾਉਣ ਦੀ ਪ੍ਰਥਾ ਮਰਦਾਂ ਵਿਚ ਤਾਂ ਹੈ ਪਰ ਮਹਿਲਾਵਾਂ ਵਿਚ ਉਕਾ ਹੀ ਨਹੀਂ। ਉਹ ਲੀਐਂਡਰਾਂ, ਕੋਰੀਨਾ, ਜ਼ੋਰੀਨਾ ਤੇ ਏਂਗੀਨਾ ਹੀ ਰਹਿੰਦੀਆਂ ਹਨ। ਉਨ੍ਹਾਂ ਦੇ ਨਾਂ ਨਾਲ ਕੌਰ ਨਹੀਂ ਲਗਦਾ। ਪਰ ਉਹ ਵੀ ਪੁੱਤਰ ਦੇ ਨਾਂ ਨਾਲ ਸਿੰਘ ਲਾਉਣਾ ਨਹੀਂ ਭੁੱਲਦੀਆਂ।

ਕਾਹਲੋਂ ਦੀ ਪੁਸਤਕ ਵਿਚ ਸੌ ਤੋਂ ਵਧ ਤਸਵੀਰਾਂ ਹਨ। ਇਨ੍ਹਾਂ ਵਿਚ ਪਤਿਤ ਸਿੱਖ ਬਹੁਤੇ ਹਨ, ਜਿਨ੍ਹਾਂ ਦੇ ਗੋਤ ਭੁੱਲਰ, ਗਿੱਲ, ਸੰਧੂ, ਧਾਲੀਵਾਲ ਹਨ। ਇਕ ਤਸਵੀਰ ਅਰਜਨਟਾਈਨਾ ਦੇ ਰੋਜ਼ਾਰੀਓ ਸਥਿਤ ਗੁਰਦੁਆਰੇ ਦੀ ਹੈ ਜਿਸ ਵਿਚ ਗੁਰਸਿੱਖ ਲਾੜਾ ਤਿੰਨ ਫੁਟੀ ਕਿਰਪਾਨ ਨਾਲ ਚੌਕੜੀ ਮਾਰ ਕੇ ਲਾੜੀ ਤੋਂ ਬਿਨਾ ਹੀ ਬੈਠਾ ਹੈ। ਉਸ ਦੀ ਹੋਣ ਵਾਲੀ ਵਹੁਟੀ ਨੇ ਉਸ ਨੂੰ ਸਿੱਧੀ ਗਿਰਜਾ ਘਰ ਹੀ ਮਿਲਣਾ ਹੈ ਜਿੱਥੇ ਸ਼ਾਦੀ ਦੀ ਪਾਰਟੀ ਵਿਚ ਮੌਜ ਮੇਲਾ ਹੋਣਾ ਹੈ। ਕੁਲ ਮਿਲਾ ਕੇ ਇਹ ਪੁਸਤਕ ਸਿੱਖੀ ਭਾਵਨਾ ਵਾਲੀ ਹੈ ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੋਂ ਯੋਗੀ ਭਜਨ ਵਰਗਾ ਸੁਹਾਗਾ ਵਰਤਣ ਦੀ ਆਸ ਰਖਦੀ ਹੈ। ਪੜ੍ਹਨ ਤੇ ਮਾਣਨ ਵਾਲੀ।

ਨਾਬਾਲਗ ਵੀ ਬਾਲਗਾਂ ਵਾਲੀ ਸਜ਼ਾ ਭੁਗਤਣਗੇ: ਕੇਂਦਰੀ ਕੈਬੀਨਟ ਨੇ 16 ਤੋਂ 18 ਸਾਲ ਦੇ ਨਾਬਾਲਗਾਂ ਵਲੋਂ ਕੀਤੇ ਜਾਣ ਵਾਲੇ ਕਤਲ, ਡਕੈਤੀ, ਬਲਾਤਕਾਰ ਅਤੇ ਉਧਾਲਿਆਂ ਵਰਗੇ ਗੰਭੀਰ ਅਪਰਾਧ ਕੀਤੇ ਜਾਣ ਦੀ ਸੂਰਤ ਵਿਚ ਉਨ੍ਹਾਂ ਵਿਰੁਧ ਬਾਲਗਾਂ ਵਾਂਗ ਮੁਕਦਮੇ ਚਲਾਏ ਜਾਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕੁਝ ਲੋੜੀਂਦੀਆਂ ਸ਼ਰਤਾਂ ਦੇ ਬਾਵਜੂਦ ਅੱਗੇ ਤੋਂ ਅਜਿਹੇ ਅਪਰਾਧੀਆਂ ਨੂੰ ਬਾਲਗਾਂ ਵਾਲੀਆਂ ਸਜ਼ਾਵਾਂ ਭੁਗਤਣੀਆਂ ਪੈਣਗੀਆਂ। ਕੈਬੀਨਟ ਦੇ ਇਸ ਫੈਸਲੇ ਦਾ ਭਰਵਾਂ ਸਵਾਗਤ ਹੋਣਾ ਚਾਹੀਦਾ ਹੈ ਤੇ ਆਸ ਹੈ ਕਿ ਸੰਸਦ ਤੋਂ ਇਸ ਨੂੰ ਲੋੜੀਂਦੀ ਮਨਜ਼ੂਰੀ ਮਿਲ ਜਾਵੇਗੀ।

**ਅੰਤਿਕਾ:** (ਹਾਫ਼ਿਜ਼ ਜਲੰਧਰੀ)
ਜਿਸ ਨੇ ਇਸ ਦੌਰ ਕੇ
ਇਨਸਾਂ ਕੀਏ ਹੈਂ ਪੈਦਾ,
ਵੁਹੀ ਮੇਰਾ ਭੀ ਖੁਦਾ ਹੋ
ਮੁਝੇ ਮਨਜ਼ੂਰ ਨਹੀਂ।



# ਸਿਆਣੀ ਸਵਰਾ

ਆਪਣੀ ਅਦਾਕਾਰੀ ਨਾਲ ਦਰਸ਼ਕਾਂ ਅਤੇ ਆਲੋਚਕਾਂ ਦਾ ਇਕੋ ਜਿਹਾ ਧਿਆਨ ਖਿੱਚਣ ਵਾਲੀ ਕੁੜੀ ਸਵਰਾ ਭਾਸਕਰ ਪਾਕਿਸਤਾਨ ਦਾ ਗੇੜਾ ਮਾਰ ਕੇ ਆਈ ਹੈ। ਉਹ ਉਥੇ ਆਪਣੀ ਨਵੀਂ ਫਿਲਮ ਦੀ ਤਿਆਰੀ ਖਾਤਰ ਗਈ ਸੀ। ਇਸ ਫਿਲਮ ਵਿਚ ਉਸ ਦਾ ਕਿਰਦਾਰ ਪਾਕਿਸਤਾਨੀ ਪਿਛੋਕੜ ਵਾਲਾ ਹੈ ਅਤੇ ਸਵਰਾ ਚਾਹੁੰਦੀ ਸੀ ਕਿ ਉਹ ਪਾਕਿਸਤਾਨ ਦੇ ਮਾਹੌਲ ਨੂੰ ਉਥੇ ਜਾ ਕੇ ਵੇਖੇ ਅਤੇ ਸਮਝੇ। ਉਥੇ ਉਹ ਕਈ ਅਹਿਮ ਸ਼ਖਸੀਅਤਾਂ ਨੂੰ ਮਿਲੀ। ਇਹੀ ਨਹੀਂ, ਉਹਨੇ ਇਸਲਾਮਾਬਾਦ ਵਿਚ ਹੋਏ ਤਿੰਨ ਰੋਜ਼ਾ ਸੰਗੀਤ ਮੇਲੇ ਵਿਚ ਵੀ ਸ਼ਿਰਕਤ ਕੀਤੀ। ਕਾਇਦੇ-ਆਜ਼ਮ ਯੂਨੀਵਰਸਿਟੀ ਵਿਚ ਉਹਨੇ ਤਕਰੀਰ ਵੀ ਕੀਤੀ। ਉਥੇ ਉਸ ਨੂੰ ਮਾਨਵ ਵਿਗਿਆਨ ਵਿਭਾਗ ਨੇ ਸੱਦਿਆ ਸੀ। ਇਸ ਤੋਂ ਇਲਾਵਾ ਉਸ ਨੇ ਪਾਕਿਸਤਾਨੀ ਅਦਾਕਾਰ ਨੌਮਨ ਇਜਾਜ਼ ਦੇ ਕਾਮੇਡੀ ਸ਼ੋਅ ਵਿਚ ਵੀ ਹਾਜ਼ਰੀ ਲੁਆਈ।

ਪਾਕਿਸਤਾਨ ਦੌਰੇ ਬਾਰੇ ਪੁੱਛਣ 'ਤੇ ਸਵਰਾ ਭਾਸਕਰ ਦੱਸਦੀ ਹੈ ਕਿ ਉਹ ਆਪਣੇ ਕਿਰਦਾਰ ਨੂੰ ਹਕੀਕਤ ਨਾਲ ਜੋੜਨ ਖਾਤਰ ਹੀ ਪਾਕਿਸਤਾਨ ਦਾ ਗੇੜਾ ਲਾ ਕੇ ਆਈ ਹੈ। ਆਪਣੀਆਂ ਪਹਿਲੀਆਂ ਫਿਲਮਾਂ ਵਿਚ ਵੀ ਸਵਰਾ ਇੰਨੀ ਹੀ ਮਿਹਨਤ ਕਰਦੀ ਰਹੀ ਹੈ। 'ਤਨੂ ਵੈੱਡਸ ਮਨੂ' ਵਿਚ ਉਸ ਦਾ ਰੋਲ ਭਾਵੇਂ ਮੁਕਾਬਲਤਨ ਛੋਟਾ ਸੀ, ਪਰ ਉਸ ਨੇ ਆਪਣੀ ਅਦਾਕਾਰੀ ਦੇ ਸਿਰ 'ਤੇ ਫਿਲਮ ਵਿਚ ਆਪਣੀ ਭਰਪੂਰ ਲੁਆਈ। ਹੁਣ ਉਹ ਆਪਣੀ ਨਵੀਂ ਫਿਲਮ 'ਪ੍ਰੇਮ ਰਤਨ ਧਨ ਪਾਇਓ' ਦੀ ਸ਼ੂਟਿੰਗ ਵਿਚ ਰੁੱਝੀ ਹੋਈ ਹੈ। ਇਹ ਫਿਲਮ ਨਵੰਬਰ ਵਿਚ ਰਿਲੀਜ਼ ਹੋਣੀ ਹੈ ਅਤੇ ਇਸ ਦੇ ਮੁੱਖ ਕਲਾਕਾਰ ਸਲਮਾਨ ਖਾਨ ਅਤੇ ਸੋਨਮ ਕਪੂਰ ਹਨ। ਸਵਰਾ ਦੀ ਜੋੜੀ ਅਦਾਕਾਰ ਨੀਲ ਨਿਤਿਨ ਮੁਕੇਸ਼ ਨਾਲ ਬਣਾਈ ਗਈ ਹੈ। ਇਸ ਤੋਂ ਪਹਿਲਾਂ ਸਵਰਾ ਦੀ ਫਿਲਮ 'ਐਕਸ' ਚਰਚਾ ਵਿਚ ਰਹੀ। ਇਹ ਫਿਲਮ 11 ਫਿਲਮਸਾਜ਼ਾਂ ਨੇ ਮਿਲ ਕੇ ਬਣਾਈ ਹੈ ਅਤੇ ਇਹ ਫਿਲਮ ਆਪਣੇ ਆਪ ਵਿਚ ਨਵਾਂ ਅਤੇ ਵੱਖਰਾ ਤਜਰਬਾ ਹੈ। ਇਸ ਫਿਲਮ ਦੇ 11 ਹਿੱਸੇ ਹਨ। ਹਰ ਹਿੱਸਾ ਇਕ ਫਿਲਮਸਾਜ਼ ਦੀ ਡਾਇਰੈਕਸ਼ਨ ਹੇਠ ਤਿਆਰ ਕੀਤਾ ਗਿਆ ਹੈ। ਉਂਝ ਇਨ੍ਹਾਂ 11 ਹਿੱਸਿਆਂ ਦੀ ਕਹਾਣੀ ਵੱਖਰੀ ਵੱਖਰੀ ਨਹੀਂ, ਸਗੋਂ ਇਹ 11 ਹਿੱਸੇ ਇਕ ਕਹਾਣੀ ਵਿਚ ਹੀ ਪਰੋਏ ਹੋਏ ਹਨ। ਇਸ ਫਿਲਮ ਵਿਚ ਮੁੱਖ ਕਿਰਦਾਰ ਰਜਿਤ ਸ਼ਰਮਾ ਨੇ ਨਿਭਾਇਆ ਹੈ।



# ਕਲਾ ਦਾ ਦਰਿਆ

## ਅਦੀਲ ਹੁਸੈਨ



ਅਦੀਲ ਹੁਸੈਨ ਪਾਕਿਸਤਾਨ ਦਾ ਪ੍ਰਤਿਭਾਸ਼ਾਲੀ ਕਲਾਕਾਰ ਹੈ। ਉਹ ਅਦਾਕਾਰ ਤਾਂ ਹੈ ਹੀ, ਫੋਟੋਗ੍ਰਾਫਰ ਵੀ ਅਤੇ ਫਿਲਮਸਾਜ਼ ਵੀ। ਪਾਕਿਸਤਾਨੀ ਟੀ.ਵੀ. ਚੈਨਲਾਂ 'ਤੇ ਕਈ ਚੰਗੇ ਲੜੀਵਾਰਾਂ ਤੋਂ ਬਾਅਦ ਹੁਣ 2015 ਵਿਚ ਉਹ ਫਿਲਮ 'ਹੋ ਮਨ ਹਾਂ' ਵਿਚ ਨਜ਼ਰ ਆਵੇਗਾ। ਇਸ ਫਿਲਮ ਦੀ ਹੀਰੋਇਨ ਮਹੀਰਾ ਖ਼ਾਨ ਹੈ ਅਤੇ ਇਹ ਫਿਲਮ ਫਿਲਮਸਾਜ਼ ਅਸੀਮ ਰਜ਼ਾ ਵੱਲੋਂ ਬਣਾਈ ਜਾ ਰਹੀ ਹੈ। ਅਸੀਮ ਰਜ਼ਾ ਦੀ ਵੀ ਇਹ ਪਲੇਠੀ ਫਿਲਮ ਹੈ। ਉਂਝ ਉਹ ਹੁਣ ਤੱਕ ਕਈ ਮਸ਼ਹੂਰ ਇਸ਼ਤਿਹਾਰੀ ਫਿਲਮਾਂ ਬਣਾ ਕੇ ਨਾਮਣਾ ਖੱਟ ਚੁੱਕਾ ਹੈ। ਅਦੀਲ ਹੁਸੈਨ ਦੀ ਸਹਿਜ ਅਦਾਕਾਰੀ ਦੇਖ ਕੇ ਹੀ ਉਸ ਨੇ ਅਦੀਲ ਨੂੰ ਆਪਣੀ ਫਿਲਮ ਲਈ ਸਾਈਨ ਕੀਤਾ ਹੈ। ਪਹਿਲਾਂ-ਪਹਿਲ ਅਦੀਲ ਨੇ ਸਭ ਦਾ ਧਿਆਨ ਉਦੋਂ ਖਿੱਚਿਆ ਸੀ ਜਦੋਂ 'ਕਾਰਾ ਫਿਲਮ ਮੇਲੇ' ਵਿਚ ਟੈਲੀ ਫਿਲਮ 'ਦੁਨੀਆਂ ਗੋਲ ਹੈ' ਦਿਖਾਈ ਗਈ ਸੀ। ਇਸ ਤੋਂ ਬਾਅਦ ਉਸ ਨੇ ਕਾਰ ਦੇ ਇਸ਼ਤਿਹਾਰ ਬਾਰੇ ਫਿਲਮ 'ਕਾਰ ਟੂ ਕਾਰ' ਖੁਦ ਬਣਾਈ। ਪਿੱਛੋਂ ਉਸ ਲਈ ਟੈਲੀਵਿਜ਼ਨ ਦਾ ਰਾਹ ਮੋਕਲਾ ਹੋ ਗਿਆ। 'ਦਮ' ਟੀ.ਵੀ. ਲੜੀਵਾਰ ਨੇ ਸਫ਼ਲਤਾ ਦੇ ਝੰਡੇ ਗੱਡ ਦਿੱਤੇ। ਇਹ ਲੜੀਵਾਰ 2010 ਵਿਚ ਨਸ਼ਰ ਹੋਇਆ ਸੀ ਅਤੇ ਇਸ ਵਿਚ ਸਨਮ ਬਲੋਚ, ਅਮੀਨਾ ਸ਼ੇਖ, ਨਿਮਰਾ ਬੁੱਚਾ, ਸਨਮ ਸਈਦ ਉਸ ਦੀਆਂ ਸਾਥੀ ਕਲਾਕਾਰ ਸਨ। ਇਸ ਤੋਂ ਬਾਅਦ ਉਸ ਨੇ ਮੁੜ ਕੇ ਪਿੱਛੇ ਨਹੀਂ ਦੇਖਿਆ ਅਤੇ 'ਮੇਰਾ ਨਸੀਬ', 'ਮੋਰਾ ਪੀਆ', 'ਜੀਆ ਨਾ ਜਾਏ', 'ਸਿਲਵਟੇਂ', 'ਸ਼ੱਕ', 'ਮੁਹੱਬਤ ਸਬ ਕਾ ਸਿਤਾਰਾ ਹੈ' ਵਰਗੇ ਲੜੀਵਾਰਾਂ ਵਿਚ ਕੰਮ ਕੀਤਾ। ਅਦੀਲ ਦੱਸਦਾ ਹੈ ਕਿ ਪਹਿਲਾਂ ਪਹਿਲ ਉਸ ਦਾ ਇਰਾਦਾ ਨਹੀਂ ਸੀ ਕਿ ਅਦਾਕਾਰੀ ਨੂੰ ਕਰੀਅਰ ਬਣਾਇਆ ਜਾਵੇ। ਉਸ ਦੇ ਘਰਵਾਲੇ ਤਾਂ ਚਾਹੁੰਦੇ ਸਨ ਕਿ ਉਹ ਵਿਦੇਸ਼ ਵਿਚ ਪੜ੍ਹੇ ਅਤੇ ਵਧੀਆ ਨੌਕਰੀ ਕਰੇ। ਅਦਾਕਾਰੀ ਵਾਲਾ ਸ਼ੌਕ ਤਾਂ ਨੌਕਰੀ ਕਰਦਿਆਂ ਵੀ ਪੂਰਾ ਕੀਤਾ ਜਾ ਸਕਦਾ ਸੀ, ਪਰ ਫਿਲਮ 'ਦੁਨੀਆਂ ਗੋਲ ਹੈ' ਤੋਂ ਬਾਅਦ ਉਸ ਨੇ ਸੁਚੇਤ ਰੂਪ ਵਿਚ ਅਦਾਕਾਰੀ ਨੂੰ ਕਰੀਅਰ ਬਣਾ ਲਿਆ ਅਤੇ ਸਫ਼ਲਤਾ ਹਾਸਲ ਕੀਤੀ। ਆਪਣੀ ਸਫ਼ਲਤਾ ਨੂੰ ਉਹਨੇ ਸਿਰ ਉਤੇ ਨਹੀਂ ਚੜ੍ਹਨ ਦਿੱਤਾ। 'ਦਮ' ਲੜੀਵਾਰ ਵਿਚ ਨਿਭਾਏ ਜੁਨੈਦ ਦਾ ਕਿਰਦਾਰ ਉਸ ਨੂੰ ਬਹੁਤ ਪਸੰਦ ਆਇਆ ਸੀ। ਇਹ ਕਿਰਦਾਰ ਉਸ ਨੇ ਨਿਭਾਇਆ ਵੀ ਪੂਰੀ ਰੂਹ ਨਾਲ ਸੀ। ਉਂਝ ਤਾਂ ਉਸ ਦੀ ਆਪਣੇ ਸਾਰੇ ਸਹਿਯੋਗੀ ਅਦਾਕਾਰਾਂ ਨਾਲ ਖੂਬ ਬਣਦੀ ਹੈ ਪਰ ਅਮੀਨਾ ਸ਼ੇਖ ਦੇ ਪੁਰ-ਖਲੂਸ ਸੁਭਾਅ ਤੋਂ ਉਹ ਬਹੁਤ ਪ੍ਰਭਾਵਤ ਹੈ। ਅਦੀਲ ਮੁਤਾਬਕ ਉਸ ਨੂੰ ਅਮੀਨਾ ਨਾਲ ਕੰਮ ਕਰਨਾ ਚੰਗਾ ਲੱਗਦਾ ਹੈ। ਦੋਹਾਂ ਨੇ ਕਈ ਲੜੀਵਾਰਾਂ ਵਿਚ ਇਕੱਠਿਆ ਕੰਮ ਕੀਤਾ ਹੈ। ਸਾਇਰਾ ਯੂਸਫ਼ ਅਤੇ ਮੀਰਾ ਸੇਠੀ ਨੂੰ ਬਹੁਤ ਚੰਗੀਆਂ ਅਦਾਕਾਰਾ ਤਸੱਵਰ ਕਰਦਾ ਹੈ। ਇਹ ਦੋਵੇਂ ਭਾਵੇਂ ਉਸ ਤੋਂ ਬਾਅਦ ਇਸ ਖੇਤਰ ਵਿਚ ਆਈਆਂ, ਪਰ ਅਦੀਲ ਦਾ ਆਖਣਾ ਹੈ ਕਿ ਉਸ ਨੇ ਇਨ੍ਹਾਂ ਤੋਂ ਵੀ ਬਹੁਤ ਕੁਝ ਸਿੱਖਿਆ ਹੈ।







ਅਦੀਲ ਹੁਸੈਨ ਦੀਆਂ ਦੋ ਤਸਵੀਰਾਂ (ਉਪਰ ਤੇ ਐਨ ਖੱਬੇ) ਅਤੇ ਮਹੀਰਾ ਖਾਨ (ਖੱਬੇ) ਜਿਸ ਨਾਲ ਅਦੀਲ ਦੀ ਪਹਿਲੀ ਫਿਲਮ ਆ ਰਹੀ ਹੈ।

# ਓਮ ਪੁਰੀ ਦਾ ਪੂਰਾ ਸੱਚ

ਮਸ਼ਹੂਰ ਅਦਾਕਾਰ ਓਮ ਪੁਰੀ ਦੀ ਨਵੀਂ ਫਿਲਮ 'ਜੈ ਓ ਡੈਮੋਕਰੇਸੀ' ਹੁਣੇ ਹੁਣੇ ਰਿਲੀਜ਼ ਹੋਈ ਹੈ। ਇਸ ਕਮੈਡੀ ਫਿਲਮ ਵਿਚ ਭਾਰਤ ਦੇ 'ਜਮਹੂਰੀ ਢਾਂਚੇ' ਉਤੇ ਤਿੱਖੀਆਂ ਚੋਟਾਂ ਕੀਤੀਆਂ ਗਈਆਂ ਹਨ। ਇਸ ਫਿਲਮ ਦੇ ਪਟਕਥਾ ਲੇਖਕ ਅਤੇ ਡਾਇਰੈਕਟਰ ਰਣਜੀਤ ਕਪੂਰ ਹਨ ਅਤੇ ਇਸ ਫਿਲਮ ਵਿਚ ਓਮ ਪੁਰੀ ਤੋਂ ਇਲਾਵਾ ਅਨੂ ਕਪੂਰ, ਸਤੀਸ਼ ਕੌਸ਼ਿਕ, ਸੀਮਾ ਬਿਸਵਾਸ, ਬੈਂਜਾਮਿਨ ਗਿਲਾਨੀ ਵਰਗੇ ਅਦਾਕਾਰਾਂ ਨੇ ਕਿਰਦਾਰ ਨਿਭਾਏ ਹਨ। ਓਮ ਪੁਰੀ ਨੇ ਕਿਹਾ ਹੈ ਕਿ ਇਸ ਫਿਲਮ ਵਿਚ ਭਾਰਤੀ ਜਮਹੂਰੀਅਤ ਦੇ ਕਈ ਪੱਖ ਉਜਾਗਰ ਕੀਤੇ ਗਏ ਹਨ। ਨਾਲ ਹੀ ਉਹ ਦੱਸਦਾ ਹੈ ਕਿ ਉਹ ਆਉਂਦੇ ਸਮੇਂ ਵਿਚ ਆਪਣੀ ਸਵੈ-ਜੀਵਨੀ ਛਪਾਉਣ ਬਾਰੇ ਸੋਚ ਰਿਹਾ ਹੈ। ਯਾਦ ਰਹੇ ਕਿ ਓਮ ਪੁਰੀ ਦੀ ਪਤਨੀ ਨੰਦਿਤਾ ਪੁਰੀ ਨੇ ਉਸ ਦੀ ਜੀਵਨੀ 'ਅਨਲਾਈਕਲੀ ਹੀਰੋ ਓਮ ਪੁਰੀ' ਲਿਖੀ ਸੀ। ਓਮ ਪੁਰੀ ਮੁਤਾਬਕ ਇਸ ਕਿਤਾਬ ਵਿਚ ਵਧੇਰੇ ਚਰਚਾ ਉਨ੍ਹਾਂ ਦੋਹਾਂ ਦੇ ਰਿਸ਼ਤਿਆਂ ਬਾਰੇ ਹੀ ਸੀ, ਪਰ ਉਸ ਦੀ ਸਵੈ-ਜੀਵਨੀ ਵਿਚ ਉਹ ਆਪਣੀ ਜ਼ਿੰਦਗੀ ਪੂਰਾ ਸੱਚ ਬਿਆਨ ਕਰ ਰਿਹਾ ਹੈ। ਓਮ ਪੁਰੀ ਦਾ ਕਹਿਣਾ ਹੈ ਕਿ ਉਹ ਇਹ ਸਵੈ-ਜੀਵਨੀ ਖੁਦ ਨਹੀਂ ਲਿਖੇਗਾ, ਸਗੋਂ ਕਿਸੇ ਲਿਖਕ ਦੀ ਮਦਦ ਨਾਲ ਉਸ ਨੂੰ ਲਿਖਵਾਏਗਾ। ਉਹ ਦੱਸਦਾ ਹੈ ਕਿ ਅਦਾਕਾਰੀ ਦੀ ਦੁਨੀਆਂ ਨੇ ਉਸ ਨੂੰ ਬੜਾ ਕੁਝ ਦਿਤਾ ਹੈ। ਉਹ ਪੰਜਾਬ ਦੇ ਛੋਟੇ ਜਿਹੇ ਕਸਬੇ ਸਨੌਰ (ਪਟਿਆਲਾ) ਤੋਂ ਉਠ ਕੇ ਦੁਨੀਆਂ ਦੇ ਮਹਾਂ ਨਗਰਾਂ ਤੱਕ ਪਹੁੰਚ ਗਿਆ। ਆਪਣੀ ਪਤਨੀ ਨਾਲ ਝਗੜੇ ਬਾਰੇ ਉਹ ਪੂਰੀ ਸਾਫ਼ਗੋਈ ਨਾਲ ਕਹਿੰਦਾ ਹੈ, "ਹਰ ਘਰ ਵਿਚ ਮਾੜੇ ਮੋਟੇ ਲੜਾਈ ਝਗੜੇ ਤਾਂ ਚਲਦੇ ਹੀ ਰਹਿੰਦੇ ਹਨ। ਇਸ ਗੱਡੀ ਨੂੰ ਲੀਹ ਉਤੇ ਪਾਈ ਰੱਖਣ ਲਈ ਬੰਦੇ ਨੂੰ ਬੜਾ ਕੁਝ ਕਰਨਾ ਅਤੇ ਜਰਨਾ ਪੈਂਦਾ ਹੈ।"




ਨੰਦਿਤਾ ਪੁਰੀ ਵੱਲੋਂ ਲਿਖੀ ਕਿਤਾਬ 'ਅਨਲਾਈਕਲੀ ਹੀਰੋ: ਓਮ ਪੁਰੀ'।




FROM SERIOUS ISSUES
TO NON-STOP COMEDY,
DISH HAS IT ALL.
jus punjabi
Ajj Da Mudda
aapka colors
Comedy Nights
With Kapil
Punjabi Mega Pack
$24.99/mo
Punjab
TASHAN
PTC PUNJABI
jus punjabi
AND MORE.
StarPlusHD
SONY
ZEE TV HD
aapka colors
WILLOW HD
Life OK
AND MORE.
3 MONTHS
FREE
APPLIES TO THE 4TH, 5TH AND 6TH MONTHS
Hindi Elite Pack $34.99/mo
EVERYDAY PRICE
All offers require 24-month commitment and credit qualification.
Monthly fees apply based on number of rooms.
FREE • 100+ Bollywood Movies On Demand
• Professional Installation in up to 6 rooms
LIMITED-TIME OFFER.
ORDER NOW!
1-888-621-5401
MUST MENTION OFFER CODE AT TIME OF ORDER
SAVE 3
Cannot be combined with other Offer Codes
dish
International programming requires additional $10/mo International Basic package or any America's Top package.
Important Terms and Conditions: International 4th, 5th, and 6th Months Free: Valid for activation and installation of qualifying DISH service. Requires subscription to a qualifying American or DishLATINO package in addition to a qualifying International package. For the 4th, 5th, and 6th months you will receive a monthly credit equal to the cost of the selected package. You will be responsible for any monthly or upfront costs beyond the value of the credit. Promotional Offers: Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offer ends 6/10/15.
© 2015 DISH Network L.L.C. All rights reserved.
5401-Q2R1-PUNJABI PRINT_APRIL

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 27 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist


**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**



1643 Orleans Dr.,
San Jose, CA 95122
Updated 3 bedrooms
2 full bath, Separate
family room, 2 car garage
1283 sq ft living area
Asking: $559000



240 Lloyd Ave.
Fremont, CA 94536
Fully Updated
4 Bedrooms, 2.5 Bathrooms
2 Car Garage
Area: 1880 sq ft
Asking: $849,000




2506 Dry Creek Way
Stockton, CA 95206
4 Bedrooms, 2.5 Bathrooms
2 Car Garage
Area:1485 Sq. Ft.
Lot: 5,000 Sq. Ft.
Asking: $219,000




32535 Karen Ct.
Union City, CA 94587
Fully updated
4 Bedrooms, 2 Full Bath
2 Car Garage, 1463 sq ft
Award winning school
Asking: $710,000




824 Gilchrist Dr. #4
San Jose, CA 95133
2 bedrooms, 1 bath
Parking: 231 sq ft
Area: 903 sq ft
Lot: 1483 sq ft
Asking: $325,000

### JUST SOLD

1. 3268 Jonathen Ave., Stockton, CA 95206
2. 2535 Karen Ct. Union City, CA 94587
3. 1884 Daytona Dr., San Jose, CA 95122
4. 2506 Dry Creek Way Stockton, CA 95206
5. 1820 Oakley Ct., Stockton, CA 95206
6. 32469 Monterey Dr., Union City 94587
7. 129 Orchard Park Pl., Hayward, CA 94544
8. 31305 Meadowbrook Ave., Hayward, CA 94544
9. 6560 Rochelle Ave., Newark, CA 94560

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



**Jaswinder Gill** M.Sc (PAU)
CA BRE# 00966763
Broker/Owner/Notary

Grand Master Award Winner
2012, 2013 & 2014

Commercial Unit
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
DHMS, Loan Broker
@ 510-207-9067
CA BRE Lic.#01180969
NMLS# 352095